*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 12, ਅੰਕ-6, ਜੂਨ 2022 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


## ਨਾਟਕ ਸਮਾਗਮ 19 ਜੂਨ ਨੂੰ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.) ਵਲੋਂ ਸੋਹਨ ਮਾਨ ਯਾਦਗਾਰੀ 11ਵਾਂ ਸਲਾਨਾ ਅਗਾਂਹਵਧੂ ਸਭਿਆਚਾਰਕ ਨਾਟਕ ਸਮਾਗਮ 19 ਜੂਨ 2022 ਦਿਨ ਐਤਵਾਰ ਨੂੰ ਸ਼ਾਮ 4.00 ਵਜੇ ਤੋਂ 7.00 ਵਜੇ ਤੱਕ ਕਰਵਾਇਆ ਜਾ ਰਿਹਾ ਹੈ।

ਦੇਖੋ : ਸ.ਫ਼ਾ 40 'ਤੇ

## ਪੁਸਤਕ ਮੇਲਾ 12 ਜੂਨ ਨੂੰ

ਇਕ ਰੋਜ਼ਾ ਪੁਸਤਕ ਮੇਲਾ 12 ਜੂਨ 2022 ਨੂੰ ਨੂੰ ਗਰੀਨ ਪਲਾਜ਼ਾ (ਡਾ. ਭੁੱਲਰ) ਵਿਖੇ ਸਵੇਰੇ 10 ਵਜੇ ਤੋਂ ਸ਼ਾਮ ਵਜੇ ਤੱਕ (ਟੈੱਲਸ/ਕੂਡੋ ਸਟੋਰ ਦੇ ਮੂਹਰੇ ਵਰਾਂਡੇ ਵਿਚ)

ਦੇਖੋ ਸ.ਫ਼ਾ 10 'ਤੇ

# ਓਂਟਾਰੀਓ ਸੂਬੇ ਦਾ ਬਜਟ ਅਤੇ ਮੌਜੂਦਾ ਚੋਣ ਵਿਗੁਲ

-ਡਾ: ਹਰਦੀਪ ਸਿੰਘ ਅਟਵਾਲ-

ਓਂਟਾਰੀਓ ਪਰੋਵਿੰਸ ਦੀਆਂ ਵੋਟਾਂ ਤੋਂ ਐਨ ਪਹਿਲਾਂ ਪਰੋਵਿੰਸ ਦੀ ਸੱਤਾਧਾਰੀ ਕੰਜਰਵੇਟਿਵ ਪੀ ਸੀ ਡੱਗ ਫੋਰਡ ਸਰਕਾਰ ਨੇ ਨਵੇਂ ਸਾਲ 2022-23 ਲਈ ਬਜਟ ਵੀ ਪੇਸ਼ ਕਰ ਦਿੱਤਾ ਹੈ। ਸੂਬੇ ਵਿੱਚ ਨਿੱਤ ਵਰਤੋਂ ਦੀਆਂ ਜ਼ਰੂਰੀ ਵਸਤਾਂ, ਗੈਸ ਆਦਿ ਦੀ ਮਹਿੰਗਾਈ ਨਾਲ ਲੋਕਾਂ ਦਾ ਤਰ੍ਹਾਹ ਨਿਕਲਿਆ ਪਿਆ। ਗੈਸ ਸਟੇਸ਼ਨਾਂ ਦੇ ਬਾਹਰ ਗੈਸ ਕੀਮਤਾਂ ਦੇ ਬੋਰਡ ਨਿੱਤ ਦਿਹਾੜੀ ਵਧ ਰਹੇ ਵੇਖੇ ਜਾ ਸਕਦੇ ਹਨ, ਨਿੱਤ ਵਰਤੋਂ ਦੀਆਂ ਅਤੇ ਖੁਰਾਕ ਵਸਤਾਂ ਦੀਆਂ ਕੀਮਤਾਂ ਦੇਖ ਦੇਖ ਲੋਕਾਂ ਦੇ ਸਾਹ ਸੁੱਕਦੇ ਜਾ ਰਹੇ ਹਨ। ਲੋਕਾਂ ਦੇ ਰਹਿਣ ਲਈ ਕਿਰਾਏ ਅਤੇ ਮਕਾਨਾਂ ਦੀ ਦੀਆਂ ਕੀਮਤਾਂ ਵੀ ਕਾਬੂ ਤੋਂ ਬਾਹਰ ਹੋ ਰਹੀਆਂ ਹਨ, ਘਰਾਂ ਦੀ ਮੋਰਟਗੇਜ਼ ਦੇ ਵਿਆਜ਼ ਲਗਾਤਾਰ ਵੱਧ ਰਹੇ ਹਨ, ਮਹਿੰਗਾਈ ਨੂੰ ਠੱਲ ਪਾਉਣ ਦੇ ਫੋਕੇ ਸਰਕਾਰੀ ਧਰਵਾਸਾਂ ਤੇ ਵੀ ਕੋਈ ਭਰੋਸਾ ਨਹੀਂ ਰਿਹਾ। ਇਦ੍ਹਾਂ ਦੇ ਸਮੇਂ ਵਿੱਚ ਸੂਬਾ ਡੱਗ ਫੋਰਡ ਦੀ ਸਰਕਾਰ ਵੱਲੋਂ ਸਾਲ 2022-23 ਲਈ ਪੇਸ਼ ਕੀਤਾ ਜਾ ਰਿਹਾ, ਵਿਕਾਸ ਦਾ ਰੋਡ ਮੈਪ ਵਾਲਾ ਬਜ਼ਟ ਕਿਸੇ ਕਾਗਜੀ ਸ਼ੇਰ ਨਾਲੋਂ ਘੱਟ ਨਹੀਂ ਲਗਦਾ। ਜੇ ਇਹੀ ਸਰਕਾਰ ਦੁਬਾਰਾ ਸੱਤਾ ਵਿੱਚ ਆਈ ਤਾਂ, ਇਸ ਵਿੱਚ ਪਿਛਲੇ ਸਾਲ ਨਾਲੋਂ 11 ਬਿਲਿਅਨ ਡਾਲਰ ਵੱਧ ਖਰਚਣ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਇਸ ਨੂੰ "ਏ ਪਲੈਨ ਟੂ ਬਿਲਡ" ਦਾ ਨਾਮ ਦਿੱਤਾ ਗਿਆ ਹੈ, ਮਤਲਬ 'ਉਸਾਰੀ ਦੀ ਯੋਜਨਾ'। ਜਿਸ ਸਰਕਾਰ ਨੇ ਪੂਰੇ ਕਾਰਜਕਾਲ ਦੌਰਾਨ ਨਿੱਜੀਕਰਨ, ਸੇਵਾਵਾਂ ਦੀ ਕਟੌਤੀ ਦੀਆਂ ਨੀਤੀ ਲਾਗੂ ਕੀਤੀ ਪਰ ਹੁਣ ਇਸ ਬਜਟ ਰਾਹੀਂ ਉਸੇ ਸਰਕਾਰ ਤੋਂ ਬਹੁਤ ਸਾਰੇ ਨਵੇਂ ਪਲੈਨ ਸੁਨਣ ਨੂੰ ਮਿਲ ਸਕਦੇ ਹਨ। ਨਵੇਂ ਸਕੂਲ, ਹਸਪਤਾਲ, ਯੂਨਵਿਰਸਟੀਆਂ, ਸੜਕਾਂ, ਪੁੱਲ ਆਦਿ। ਪੰਜ ਸਾਲ ਦੇ ਰਾਜ ਵਿੱਚ ਤਾਂ ਸਰਕਾਰ ਨੇ ਪਰੋਵਿੰਸ ਦੇ ਵਿੱਚ ਗਿਰ ਰਹੇ ਹੈਲਥ, ਸਿੱਖਿਆ ਦੇ ਪੱਧਰ ਨੂੰ ਵੱਧ ਬਜਟ ਰਾਹੀਂ ਸੰਭਾਲਣ ਦੀ ਬਜਾਏ ਨਿੱਜਕਿਰਨ ਦਾ ਰਾਹ ਫੜ ਰੱਖਿਆ ਤੇ ਹੁਣ ਵੋਟਾਂ ਵੇਲੇ ਉਸਾਰੀ ਦਾ ਬਜਟ ਹਾਸੋਹੀਣਾ ਲੱਗਦਾ ਹੈ।




ਇਸ ਬਜਟ ਤੋਂ ਬਾਅਦ ਜੇ ਇਹ ਸਰਕਾਰ ਦੁਬਾਰਾ ਸੱਤਾ ਵਿੱਚ ਆਈ ਤਾਂ ਇਸ ਦੇ ਮੁਤਾਬਿਕ ਹੋਰ ਪ੍ਰੋਜੈਕਟਾਂ ਦੇ ਨਾਲ ਨਾਲ ਟੋਰਾਂਟੋ ਦੇ ਵੈਸਟ ਏਰੀਏ ਵਿੱਚ ਹਾਈਵੇ 413 ਬਣਾਇਆ ਜਾਵੇਗਾ। ਸਰਕਾਰ ਨੇ ਸਾਲ 2022-23 ਵਿੱਚ ਇਸ ਬਜਟ ਵਿੱਚ ਸੜਕਾਂ, ਪੁਲਾਂ, ਬਿਲਿਡਗਾਂ ਉੱਪਰ 20 ਬਿਲਿਅਨ ਡਾਲਰ ਖਰਚ ਕਰਨ ਦਾ ਪ੍ਰਬੰਧ ਕੀਤਾ ਹੈ, ਜੋਕਿ ਪਿਛਲੇ ਸਾਲ ਨਾਲੋਂ 18% ਦਾ ਵਾਧਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਵੱਡੇ ਕਾਰੋਬਾਰ ਅਤੇ ਛੋਟੇ ਬਿਜ਼ਨਸਾਂ ਲਈ ਮਦਦ ਲਈ ਵੀ ਇਸ ਬਜਟ ਵਿੱਚ ਰਕਮ ਦੀ ਪ੍ਰੋਪੋਜਲ ਰੱਖੀ ਹੈ। ਜਦਕਿ ਬਜਟ ਦਾ ਮੁੱਖ ਉਦੇਸ਼ ਆਮ ਲੋਕਾਂ ਲਈ ਪਬਲਿਕ ਸੇਵਾਂਵਾ ਦਾ ਪ੍ਰਬੰਧ ਕਰਨਾ ਦੱਸਿਆ ਗਿਆ ਹੈ, ਪਰ ਇਸ ਮਾਮਲੇ ਵਿੱਚ ਇਸ ਵਿੱਚ ਕੁਝ ਖਾਸ ਦਿਖਾਈ ਨਹੀਂ ਦਿੰਦਾ। ਬਜਟ ਮੁਤਾਬਿਕ ਅਗਲੇ ਤਿੰਨ ਸਾਲਾਂ ਵਿੱਚ ਸਰਕਾਰੀ ਖਰਚਿਆਂ ਲਈ 5.1% ਦੀ ਦਰ ਨਾਲ ਵਾਧਾ ਪੇਸ਼ ਕੀਤਾ ਗਿਆ ਹੈ, ਜੋਕਿ ਲਗਾਤਾਰ ਵਧ ਰਹੀ ਮਹਿੰਗਾਈ, ਆਬਾਦੀ ਅਤੇ ਸੀਨੀਅਰ ਵਸੋਂ ਦਿਆਂ ਸਹੂਲਤਾਂ ਲਈ ਕਾਫੀ ਨਹੀਂ ਲਗ ਰਿਹਾ।

ਸਾਲ ਦਰ ਸਾਲ ਮਹਿੰਗਾਈ ਛਾਲਾਂ ਮਾਰਦੀ ਵਧਦੀ ਹੋਈ, ਪਿਛਲੇ ਮਹੀਨੇ 7% ਦਰ ਤੇ ਪਹੁੰਚਣ ਕਾਰਣ ਪਬਲਿਕ ਸੈਕਟਰ ਦੇ ਔਪਰੇਟਿੰਗ ਖਰਚੇ ਵਿੱਚ ਵੀ ਅਥਾਹ ਵਾਧਾ ਹੋਇਆ, ਜਿਸ ਕਰਕੇ ਇਹ ਵਧਿਆ ਬਜਟ ਵੀ ਇਸ ਦੀ ਭਰਪਾਈ ਲਈ ਕਾਫੀ ਨਹੀਂ ਲੱਗਦਾ। ਨਤੀਜਾ, ਲੋਕਾਂ ਲਈ ਪਬਲਿਕ ਸੇਵਾਵਾਂ ਜਿਵੇਂ ਕਿ ਹਸਪਤਾਲ ਮਸ਼ੀਨਾਂ, ਸਕੂਲਾਂ ਦਾ ਹੀਟੀਂਗ, ਸਰਕਾਰੀ ਗੱਡੀਆਂ ਚਲਾਉਣ ਲਈ ਗੈਸ ਦੇ ਖਰਚੇ ਲਈ ਮੌਜੂਦਾ ਤੰਗੀ ਪੂਰੀ ਨਹੀਂ ਹੋ ਸਕੇਗੀ।

ਇਸੇ ਤਰ੍ਹਾਂ ਸਿਹਤ ਸੇਵਾਵਾਂ ਲਈ ਇਸ ਬਜਟ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਔਸਤਨ 3.3% ਦਾ ਵਾਧਾ ਵਿਖਾਈ ਦਿੰਦਾ ਹੈ ਜੋਕਿ ਵਧਦੀ ਮਹਿੰਗਾਈ ਵਿੱਚ ਕਾਫੀ ਨਹੀਂ ਹੈ ਅਤੇ ਲੋਕਾਂ ਲਈ ਮਾੜੀਆਂ ਨਾ-ਕਾਫੀ ਸਿਹਤ

(ਬਾਕੀ ਸ.ਫ਼ਾ 11 'ਤੇ)





Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS MULTIPLE LISTING SERVICE
urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • ਕਾਰ ਇੰਸ਼ੋਰੈਂਸ
• Home Insurance • ਹੋਮ ਇੰਸ਼ੋਰੈਂਸ
• Life Insurance • ਲਾਈਫ ਇੰਸ਼ੋਰੈਂਸ
• Critical illness • ਕਰਿਟੀਕਲ ਇਲਨੈਸ ਇੰਸ਼ੋਰੈਂਸ
• Disability Insurance • ਡਿਸਅਬਿਲਿਟੀ ਇੰਸ਼ੋਰੈਂਸ
• Car Loans • ਕਾਰ ਲੋਨ
• Business Insurance • ਬਿਜਨਸ ਇੰਸ਼ੋਰੈਂਸ
SAVE UPTO 30%
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# ਭਾਰਤੀ ਸਿਹਤ ਸੇਵਾਵਾਂ ਦੀ ਵਿਗੜ ਰਹੀ ਸਿਹਤ



ਡੰਗ ਅਤੇ ਚੋਭਾਂ

ਗੁਰਮੀਤ ਸਿੰਘ ਪਲਾਹੀ
98158-02070



ਵੱਧਦੀ ਜਨਸੰਖਿਆ, ਗਰੀਬੀ ਅਤੇ ਸਿਹਤ ਖੇਤਰ ਦੇ ਕਮਜ਼ੋਰ ਢਾਂਚੇ ਦੇ ਕਾਰਨ ਭਾਰਤ ਦੇਸ਼ ਨੂੰ ਕਈ ਪੱਛੜੇ ਦੇਸ਼ਾਂ ਤੋਂ ਵੀ ਜਿਆਦਾ ਸਮੱਸਿਆਵਾਂ ਝੱਲਣੀਆਂ ਪੈ ਰਹੀਆਂ ਹਨ। ਕੋਵਿਡ-19 ਸਮੇਂ ਦੇਸ਼ ਦੀਆਂ ਸਿਹਤ ਸੇਵਾਵਾਂ ਜਿਵੇਂ ਬੁਰੀ ਤਰ੍ਹਾਂ ਚਰਮਰਾ ਗਈਆਂ ਇਹ ਇੱਕ ਉਦਾਹਰਣ ਹੈ। ਭਾਰਤੀ ਸਿਹਤ ਸੇਵਾਵਾਂ ਉਤੇ ਦੁਨੀਆਂ ਭਰ ਵਿੱਚ ਉਦੋਂ ਹੋ-ਹੱਲਾ ਮੱਚ ਗਿਆ ਜਦੋ ਵਿਸ਼ਵ ਸਿਹਤ ਸੰਗਠਨ ਤੋਂ ਇੱਕ ਰਿਪੋਰਟ ਆਈ, ਜੋ ਕਹਿੰਦੀ ਹੈ ਕਿ ਭਾਰਤ ਸਰਕਾਰ ਕੋਵਿਡ-19 ਨਾਲ ਹੋ ਰਹੀਆਂ ਮੌਤਾਂ ਦੇ ਅੰਕੜੇ ਲੁਕਾ-ਛੁਪਾ ਰਹੀ ਹੈ ਅਤੇ ਮੌਤਾਂ ਦੇ ਅਸਲੀ ਅੰਕੜੇ ਰਿਪੋਰਟ ਕੀਤੀਆਂ ਮੌਤਾਂ ਤੋਂ ਦਸ ਗੁਣਾ ਹਨ।

ਸਿਹਤ ਸੇਵਾਵਾਂ ਨਾਲ ਜੁੜੇ ਹਰੇਕ ਪੈਮਾਨੇ ਉਤੇ ਅਸੀਂ ਦੁਨੀਆਂ ਦੇ ਅਤਿ ਪੱਛੜੇ ਦੇਸ਼ਾਂ ਦੀ ਕਤਾਰ ਵਿਚ ਖੜੇ ਦਿਖਾਈ ਦੇ ਰਹੇ ਹਾਂ। ਭਾਰਤ ਵਿਚ ਜਨਮ ਸਮੇਂ ਹੋਣ ਵਾਲੇ ਛੋਟੇ ਬੱਚਿਆਂ ਦੀਆਂ ਪ੍ਰਤੀ ਹਜ਼ਾਰ ਵਿੱਚ ਮੌਤਾਂ ਦੀ ਗਿਣਤੀ 52 ਹੈ ਜਦਕਿ ਭੁੱਖਮਰੀ ਦੀ ਕਤਾਰ ਵਿੱਚ ਖੜੇ ਦੇਸ਼ ਸ੍ਰੀਲੰਕਾ ਦੇ ਲੋਕਾਂ 'ਚ ਇਹ ਗਿਣਤੀ 51 ਹੈ। ਗਰੀਬ ਦੇਸ਼ ਨੇਪਾਲ ਚ ਇਹ ਗਿਣਤੀ 38 ਹੈ। ਜਦਕਿ ਭੂਟਾਨ ਵਿੱਚ 41 ਅਤੇ ਛੋਟੇ ਜਿਹੇ ਦੇਸ਼ ਮਾਲਦੀਪ ਚ ਇਹ ਗਿਣਤੀ 20 ਹੈ। ਇਸ ਤਰਾਂ ਵਿਕਸਤ ਦੇਸ਼ਾਂ ਵਿਚ ਪ੍ਰਤੀ ਹਜ਼ਾਰ ਲੋਕਾਂ ਲਈ ਹਸਪਤਾਲਾਂ ਵਿੱਚ ਬਿਸਤਰਿਆਂ ਦੀ ਗਿਣਤੀ 23 ਹੈ ਜਦਕਿ ਭਾਰਤ ਵਿਚ ਪ੍ਰਤੀ ਹਜ਼ਾਰ ਪਿੱਛੇ 0.7 ਹੀ ਹੈ। ਜਦਕਿ ਭਾਰਤ ਦੇ ਗੁਆਂਢੀ ਦੇਸ਼ ਚੀਨ ਚ ਇਹ ਅੰਕੜਾ 3.8 ਅਤੇ ਸ਼੍ਰੀਲੰਕਾ ਵਿੱਚ 2.6 ਹੈ।

ਪਿਛਲੀ ਲੱਗਭਗ ਪੌਣੀ ਸਦੀ ਚ ਬੇਹਤਰ ਸਿਹਤ ਸੇਵਾਵਾਂ ਦੇਣ ਦੇ ਨਾਂਅ ਉੱਤੇ ਭਾਰਤ 'ਚ ਪ੍ਰਾਈਵੇਟ ਸਿਹਤ ਸੁਵਿਧਾ ਉਦਯੋਗ ਵਧ ਫੁਲ ਰਿਹਾ ਹੈ। ਇਹ ਉਦਯੋਗ ਦੇਸ਼ ਵਿਚ ਚੱਲ ਰਹੀਆਂ ਜਨ ਸਿਹਤ ਸੇਵਾਵਾਂ ਨੂੰ ਮਿੱਧਕੇ ਅੱਗੇ ਵਧਣ ਦਾ ਕੰਮ ਕਰ ਰਿਹਾ ਹੈ। ਵੱਡੇ-ਵੱਡੇ ਮਹਿੰਗੇ ਨਿੱਜੀ ਹਸਪਤਾਲ ਖੜੇ ਹੋ ਗਏ ਹਨ। ਪਰ ਦੂਜੇ ਪਾਸੇ ਤਹਿਸੀਲ ਅਤੇ ਬਲਾਕ ਪੱਧਰ ਉੱਤੇ ਜੋ ਸਰਕਾਰੀ ਹਸਪਤਾਲ ਹੈ, ਉੱਥੇ ਨਾ ਸਪੈਸ਼ਲਿਸਟ ਡਾਕਟਰ ਹਨ, ਨਾ ਸਿਹਤ ਕਰਮਚਾਰੀ ਹਨ ਅਤੇ ਨਾ ਹੀ ਹੋਰ ਜ਼ਰੂਰੀ ਸਿਹਤ ਸਹੂਲਤਾਂ ਹਨ। ਉਂਜ ਦਵਾਈਆਂ ਵੀ ਇਹੋ ਜਿਹੀਆਂ ਮਿਲਦੀਆਂ ਹਨ, ਜੋ ਮਰੀਜ਼ ਨੂੰ ਠੀਕ ਕਰਨ ਦੀ ਵਿਜਾਏ ਹੋਰ ਬੀਮਾਰੀਆਂ ਪੈਦਾ ਕਰਦੀਆਂ ਹਨ। ਦੂਜੀ ਗੱਲ ਇਹ ਵੀ ਹੈ ਕਿ ਪਿੰਡਾਂ ਵਿੱਚ ਐਲੋਪੈਥੀ ਹਸਪਤਾਲਾਂ ਤੋਂ ਇਲਾਵਾ ਚੱਲਣ ਵਾਲੇ ਹੋਮਿਓਪੈਥੀ, ਯੂਨਾਨੀ ਅਯੁਰਵੈਦਿਕ, ਕੁਦਰਤੀ ਚਿਕਤਸਾ ਅਤੇ ਯੋਗ ਜਿਹੀਆਂ ਕਾਰਗਰ ਚਿਕਿੱਤਸਾਵਾਂ ਵਾਲੇ ਸਰਕਾਰੀ ਹਸਪਤਾਲਾਂ ਦੀ ਵੀ ਵੱਡੀ ਕਮੀ ਹੈ। ਇੱਥੋਂ ਤੱਕ ਕਿ ਪੇਂਡੂ ਖੇਤਰਾਂ ਦੇ ਸਿਹਤ ਕੇਂਦਰਾਂ ਅਤੇ ਉਨ੍ਹਾਂ ਸਿਹਤ ਕੇਂਦਰਾਂ ਨੂੰ ਨਾ ਵਿਸਥਾਰ ਦੇਣ ਦਾ ਕੋਈ ਯਤਨ ਹੋ ਰਿਹਾ ਹੇ ਅਤੇ ਨਾ ਹੀ ਇਹਨਾਂ ਦੀਆਂ ਖਾਮੀਆਂ ਦੂਰ ਕੀਤੀਆਂ ਜਾਂਦੀਆ ਹਨ। ਸਿੱਟੇ ਵਜੋਂ ਇਹਨਾ ਸਿਹਤ ਕੇਂਦਰਾਂ ਵਿੱਚ ਗਰੀਬ ਆਦਮੀ ਦਾ ਇਲਾਜ ਵੀ ਹੋ ਨਹੀਂ ਸਕਦਾ।

ਪਿਛਲੇ ਬਜ਼ਟ ਸਮੇਂ ਇਹ ਤਹਿ ਕੀਤਾ ਗਿਆ ਸੀ ਕਿ ਭਾਰਤ ਸਰਕਾਰ ਆਮ ਆਦਮੀ ਲਈ ਬਣਾਈ ਸਿਹਤ ਬੀਮਾ ਯੋਜਨਾ, ਆਯੂਸ਼ਮਾਨ ਯੋਜਨਾ ਦਾ ਵਿਸਥਾਰ ਕਰੇਗੀ ਅਤੇ 40 ਕਰੋੜ ਹੋਰ ਲੋਕਾਂ ਨੂੰ ਇਸ ਸਕੀਮ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਤਰ੍ਹਾਂ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਇਸ ਨਾਲ ਦੇਸ਼ ਦੀ ਅਬਾਦੀ ਦੇ ਵੱਡੇ ਹਿੱਸੇ ਨੂੰ ਸਕੀਮ ਦਾ ਫ਼ਾਇਦਾ ਹੋਏਗਾ ਲੇਕਿਨ ਸਵਾਲ ਇਹ ਹੈ ਕਿ ਕੀ ਇਸ ਯੋਜਨਾ ਦੇ ਵਿਸਥਾਰ ਨਾਲ ਆਮ ਆਦਮੀ ਦੀਆਂ ਸਿਹਤ ਸਬੰਧੀ ਪ੍ਰੇਸ਼ਾਨੀਆਂ ਦੂਰ ਹੋਣਗੀਆਂ ਜਾਂ ਘੱਟ ਜਾਣਗੀਆਂ?

ਧਿਆਨਯੋਗ ਹੈ ਕਿ 50 ਕਰੋੜ ਲੋਕ ਆਯੂਸ਼ਮਾਨ ਯੋਜਨਾ ਦੇ ਦਾਇਰੇ 'ਚ ਹਨ, ਭਾਵ ਕਿਹਾ ਜਾ ਰਿਹਾ ਹੈ ਕਿ ਦਸ ਕਰੋੜ ਚੌਹੱਤਰ ਲੱਖ ਪਰਿਵਾਰ ਇਸ ਯੋਜਨਾ ਦਾ ਲਾਭ ਲੈ ਰਹੇ ਹਨ ਅਤੇ ਪ੍ਰਤੀ ਸਾਲ ਪੰਜ ਲੱਖ ਰੁਪਏ ਦੀ ਬੀਮਾ ਸੁਰੱਖਿਆ ਇਹਨਾ ਨੂੰ ਮਿਲੀ ਹੋਈ ਹੈ। ਪਰ ਇਹ ਯੋਜਨਾ, ਭਾਰਤ ਦੀਆਂ ਹੋਰ ਬਹੁ ਚਰਚਿਤ ਯੋਜਨਾਵਾਂ ਵਾਂਗਰ ਵੱਡੇ ਘਪਲਿਆਂ ਦਾ ਸ਼ਿਕਾਰ ਹੋ ਚੁੱਕੀ ਹੈ। ਪ੍ਰਾਈਵੇਟ ਹਸਪਤਾਲ ਵਾਲੇ ਇਸ ਯੋਜਨਾ ਤਹਿਤ ਮਰੀਜ਼ ਦਾਖ਼ਲ ਕਰਦੇ ਹਨ, ਵੱਡੇ ਬਿੱਲ ਬਨਾਉਂਦੇ ਹਨ ਅਤੇ ਸਰਕਾਰ ਨੂੰ ਚੂਨਾ ਲਗਾਉਂਦੇ ਹਨ।

ਆਯੂਸ਼ਮਾਨ ਭਾਰਤ ਬਾਰੇ ਕਿਹਾ ਜਾਂਦਾ ਹੈ ਕਿ ਇਹ ਯੋਜਨਾ ਦੁਨੀਆ ਦੀ ਸਭ ਤੋਂ ਵੱਡੀ ਸਿਹਤ ਸੁਰੱਖਿਆ ਯੋਜਨਾ ਹੈ। ਪਰ 2018-19 'ਚ ਇਹ ਯੋਜਨਾ ਅਧੀਨ 2000 ਕਰੋੜ ਬਜ਼ਟ 'ਚ ਰੱਖੇ ਗਏ। ਜਿਵੇਂ ਕਿ ਕਿਹਾ ਜਾ ਰਿਹਾ ਹੈ ਕਿ ਇਹ ਸਿਹਤ ਬੀਮਾ ਯੋਜਨਾ ਦੇਸ਼ ਦੇ 50 ਕਰੋੜ ਲੋਕਾਂ ਜਾਂ 10,000 ਪਰਿਵਾਰਾਂ ਲਈ ਹੈ, ਇਸ ਅਨੁਸਾਰ ਪ੍ਰਤੀ ਪਰਿਵਾਰ 1000 ਰੁਪਏ ਜਾਂ ਪ੍ਰਤੀ ਵਿਅਕਤੀ 200 ਰੁਪਏ ਇੱਕ ਸਾਲ 'ਚ ਮਿਲਣ ਦਾ ਪ੍ਰਾਵਾਧਾਨ ਹੈ। ਪਰ ਕੀ ਇੱਕ ਪਰਿਵਾਰ ਉਤੇ ਸਿਹਤ ਸੁਰੱਖਿਆ, ਜਾਂ ਬੀਮਾਰੀਆਂ ਤੇ ਖ਼ਰਚਾ ਸਿਰਫ਼ 1000 ਰੁਪਏ ਹੀ ਆਉਂਦਾ ਹੈ? ਅਸਲ ਵਿੱਚ ਆਯੂਸ਼ਮਾਨ ਯੋਜਨਾ 'ਚ ਵਾਧੇ ਦੀਆਂ ਗੱਲਾਂ "ਅੱਗਾ ਦੌੜ, ਪਿੱਛਾ ਚੌੜ" ਵਾਲੀਆਂ ਹਨ ਅਤੇ ਆਪਣੀ ਵੋਟ ਬੈਂਕ ਵਧਾਉਣ ਲਈ ਇੱਕ ਵੱਡਾ ਪਰਪੰਚ ਹਨ।

ਨੈਸਨਲ ਹੈਲਥ ਅਥਾਰਿਟੀ (ਐਨ.ਐਚ.ਏ.) ਦੇ ਮੁਤਾਬਿਕ ਆਯੂਸ਼ਮਾਨ ਭਾਰਤ ਅਤੇ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਨੂੰ ਨਵੇਂ ਕਦਮ ਨਾਲ ਵਿਸਥਾਰ ਮਿਲੇਗਾ । ਲੇਕਿਨ ਸਵਾਲ ਇਹ ਹੈ ਕਿ ਸਮਾਜ ਵਿੱਚ ਵਧਦੀ ਨਾ ਬਰਾਬਰੀ ਅਤੇ ਗਰੀਬਾਂ ਦੀ ਗਿਣਤੀ ਦੀ ਹਿਸਾਬ ਨਾਲ , ਕੀ ਮੌਜੂਦਾ ਕੇਂਦਰ ਅਤੇ ਸੂਬਾ ਪੱਧਰੀ ਸਿਹਤ ਸੇਵਾਵਾਂ ਜਨ ਸਿਹਤ ਦਾ ਮਿਖਿਆ ਟੀਚਾ ਹਾਸਲ ਕਰ ਸਕੇਗਾ? ਆਯੂਸਮਾਨ ਭਾਰਤ ਸਕੀਮ ਸਮਾਜ ਦੇ 40 ਫ਼ੀਸਦੀ ਲੋਕਾਂ ਨੂੰ ਸਿਹਤ ਸੁਰੱਖਿਆ ਦੇਣ ਦੀ ਗੱਲ ਕਰਦੀ ਹੈ। ਅੰਕੜਿਆਂ ਮੁਤਾਬਕ ਸੂਬਿਆਂ ਦੀਆਂ ਹੋਰ ਯੋਜਨਾਵਾਂ , ਸਮਾਜਿਕ ਸੁਰੱਖਿਆ ਯੋਜਨਾਵਾਂ ਅਤੇ ਨਿੱਜੀ ਬੀਮਾ ਯੋਜਨਾਵਾਂ ਨੂੰ ਵੀ ਜੇ ਜੋੜ ਲਿਆ ਜਾਵੇ ਤਾਂ ਵੀ ਇਹ 70 ਫ਼ੀਸਦੀ ਤੋਂ ਵੱਧ ਨਹੀਂ ਬਣਦਾ, ਜੋ ਸਿਹਤ ਸੁੱਖਿਆ ਯੋਜਨਾਵਾਂ ਦੇ ਘੇਰੇ ਚ ਆਉਂਦੀਆਂ ਹਨ। ਭਾਵ 30 ਫ਼ੀਸਦੀ ਫਿਰ ਵੀ ਇਹਨਾ ਯੋਜਨਾਵਾਂ ਤੋਂ ਵੰਚਿਤ ਹਨ । ਜਿਸ ਤਰ੍ਹਾਂ ਲੋਕ ਦਿਨ ਪ੍ਰਤੀ ਨਵੀਆਂ ਤੇ ਪੁਰਾਣੀਆਂ ਬੀਮਾਰੀਆਂ ਦੀ ਲਪੇਟ ਚ ਆਕੇ ਪ੍ਰੇਸਾਨ ਹੋ ਰਹੇ ਹਨ, ਕੀ ਇਹ ਸਿਹਤ ਨੀਤੀ ਇਹਨਾ ਲੋਕਾਂ ਨੂੰ ਆਪਣੇ ਕਲਾਵੇ ਚ ਲੈਣ ਦੇ ਯੋਗ ਹੈ?

ਸਿਹਤ ਖੇਤਰ ਦਾ ਮੌਜੂਦਾ ਢਾਂਚਾ ਉਹਨਾ ਵਿਅਕਤੀਆਂ ਤੱਕ ਸਿਹਤ ਸਹੂਲਤਾਂ ਪਹੁੰਚਾਉਣ ਦੇ ਸਮਰੱਥ ਨਹੀਂ ਹੈ ਜੋ ਸਿਹਤ ਮਸਲਿਆਂ ਪ੍ਰਤੀ ਜਾਗਰੂਕ ਨਹੀਂ ਹੈ । ਅਸਲ ਵਿੱਚ ਸਿਹਤ ਸੇਵਾਵਾਂ ਦੇ ਢਾਂਚੇ, ਧਨ ਦੀ ਉਪਲੱਬਧਤਾ ਈਮਾਨਦਾਰੀ ਨਾਲ ਵਰਤੋਂ ਅਤੇ ਜਨ ਜਾਗਰੂਕਤਾ ਤਿੰਨ ਪੱਧਰਾਂ ਉਤੇ ਵੱਡੇ ਪ੍ਰਸ਼ਨ ਉੱਠ ਰਹੇ ਹਨ।

ਦੇਸ਼ ਵਿੱਚ ਡਾਕਟਰਾਂ ਦੀ ਕਮੀ ਹੈ। ਦੇਸ਼ 'ਚ ਡਾਕਟਰੀ ਸਿੱਖਿਆ ਮਹਿੰਗੀ ਹੈ। ਸਿੱਟੇ ਵਜੋਂ ਸਸਤੀ ਸਿੱਖਿਆ ਪ੍ਰਾਪਤੀ ਲਈ ਵਿਦਿਆਰਥੀ ਯੂਕਰੇਨ, ਰੂਸ ਆਦਿ ਦੇਸ਼ਾਂ 'ਚ ਜਾਂਦੇ ਹਨ। ਭਾਰਤ ਵਿੱਚ ਪ੍ਰਤੀ ਇੱਕ ਹਜ਼ਾਰ ਪਿੱਛੇ ਡਾਕਟਰਾਂ ਦੀ ਗਿਣਤੀ 0.7 ਹੈ ਜਦਕਿ ਵਿਸ਼ਵ ਪੱਧਰੀ ਔਸਤ 1.3 ਹੈ। ਦੇਸ਼ ਵਿੱਚ ਚਾਰ ਲੱਖ ਡਾਕਟਰਾਂ, ਲਗਭਗ 40 ਲੱਖ ਨਰਸਾਂ ਦੀ ਘਾਟ ਹੈ। ਇਸ ਤੋਂ ਵੀ ਅਗਲੀ ਗੱਲ ਇਹ ਹੈ ਕਿ ਭਾਰਤ 'ਚ ਸਿਹਤ ਸੇਵਾਵਾਂ ਨਿੱਜੀ ਖੇਤਰ ਵਿੱਚ 70 ਫ਼ੀਸਦੀ ਹਨ, ਜਦਕਿ ਵਿਸ਼ਵ ਪੱਧਰੀ ਔਸਤ 38 ਫ਼ੀਸਦੀ ਹੈ।

"ਸਰਕਾਰੇ ਹਿੰਦ" ਅਤੇ ਸੂਬਾ ਸਰਕਾਰਾਂ ਦੇ ਇਹ ਦਾਅਵੇ ਹਨ ਕਿ ਭਾਰਤ 'ਚ ਸਿਹਤ ਸੇਵਾਵਾਂ ਨਿਰੰਤਰ ਸੁਧਰ ਰਹੀਆਂ ਹਨ। ਪਰ ਅੰਕੜਿਆਂ 'ਚ ਹਕੀਕਤ ਇਹ ਹੈ ਕਿ ਦੇਸ਼ ਦੇ 86 ਫ਼ੀਸਦੀ ਲੋਕਾਂ ਨੂੰ ਆਪਣੀ ਜੇਬ ਵਿਚੋਂ ਹੀ ਸਿਹਤ ਸਜੂਲਤਾਂ ਪ੍ਰਾਪਤ ਕਰਨ ਲਈ ਖ਼ਰਚ ਕਰਨਾ ਪੈਂਦਾ ਹੈ ਅਤੇ ਇਹ ਕਿਸੇ ਤੋਂ ਲੁਕਿਆ ਨਹੀਂ ਹੈ ਕਿ ਗੈਰ-ਸਰਕਾਰੀ ਹਸਪਤਾਲ ਮਨਮਰਜ਼ੀ ਦੇ ਖ਼ਰਚੇ, ਮਰੀਜ਼ਾਂ ਤੋਂ ਬਿਹਤਰ ਇਲਾਜ ਦੇ ਨਾ ਉਤੇ ਵਸੂਲਦੇ ਹਨ। ਕਰੋਨਾ ਕਾਲ 'ਚ ਇਹਨਾ ਹਸਪਤਾਲਾਂ ਅਤੇ ਦਵਾਈਆਂ ਵਾਲੀ ਕੰਪਨੀਆਂ ਨੇ ਚੰਮ ਦੀਆਂ ਚਲਾਈਆਂ ਅਤੇ ਮਰੀਜ਼ਾਂ ਦੀ ਸ਼ਰੇਆਮ ਲੁੱਟ ਕੀਤੀ ਅਤੇ ਸਰਕਾਰ ਚੁੱਪ ਚਾਪ ਤਮਾਸ਼ਾ ਵੇਖਦੀ ਰਹੀ। ਇਸ ਤੋਂ ਵੀ ਸ਼ਰਮਨਾਕ ਗੱਲ ਇਹ ਕਿ ਸਰਕਾਰੀ ਅਣਗਿਹਲੀ ਅਤੇ ਬੇਰੁਖ਼ੀ ਕਾਰਨ ਉਹ ਮਰੀਜ਼ ਮਰ ਗਏ ਜਿਹਨਾ ਪੱਲੇ ਧੇਲਾ ਨਹੀਂ ਸੀ ਅਤੇ ਉਹ ਬਚ ਗਏ ਜਿਹਨਾ ਦੀ ਜੇਬ 'ਚ ਚਾਰ ਛਿੱਲੜ ਸਨ। ਕੋਈ ਛੋਟੀ ਗੱਲ ਨਹੀਂ ਹੈ ਕਿ ਕਰੋਨਾ ਦੇ ਭਿਆਨਕ ਦੌਰ 'ਚ ਆਕਸੀਜਨ ਅਤੇ ਦਵਾਈਆਂ ਦੀ ਘਾਟ ਨਾਲ ਹਸਪਤਾਲਾਂ ਦੇ ਦਰਵਾਜਿਆਂ 'ਚ ਲੋਕ ਦਮ ਤੋੜ ਗਏ। ਗੰਗਾ ਵਿੱਚ ਉਹਨਾ ਲੋਕਾਂ ਦੀਆਂ ਲਾਸ਼ਾਂ ਦੇ ਦ੍ਰਿਸ਼ ਹੁਣ ਵੀ ਭੁਲਾਉਣੇ ਔਖੇ ਹਨ ਅਤੇ ਨਾ ਹੀ ਭੁੱਲਣ ਯੋਗ ਹਨ ਗੰਗਾ ਦੇ ਕਿਨਾਰੇ ਉਹ ਰੇਤਲੀਆਂ ਕਬਰਾਂ , ਜਿਥੇ ਮੁਰਦਾ ਸਰੀਰ ਸੁੱਟ ਦਿੱਤੇ ਗਏ ਸਨ।

ਦੇਸ਼ ਦੇ ਸਿਹਤ ਬਜ਼ਟ ਵਿੱਚ ਹਰ ਸਾਲ ਕਈ ਸਾਲਾਂ ਤੋਂ ਵਾਧਾ ਕੀਤਾ ਜਾ ਰਿਹਾ ਹੈ। ਪਰ ਇਹ ਸਮਝਣਾ ਔਖਾ ਹੈ ਕਿ ਇਨ੍ਹਾਂ ਖ਼ਰਚ ਕਰਨ ਦੇ ਬਾਵਜੂਦ ਵੀ ਸਾਡੇ ਦੇਸ਼ ਵਿੱਚ ਜਨ ਸਿਹਤ ਸੇਵਾਵਾਂ ਦੇ ਹਾਲਾਤ ਬਿਹਤਰ ਨਹੀਂ ਹੋ ਰਹੇ। ਜਨਸਿਹਤ ਸੇਵਾਵਾਂ ਦਾ ਅਰਥ ਤਾਂ ਇਹ ਹੈ ਕਿ ਸਿਹਤ ਸੇਵਾਵਾਂ ਦੇਸ਼ ਦੇ ਹਰ ਉਸ ਨਾਗਰਿਕ ਨੂੰ ਮਿਲਣ ਜੋ ਇਸ ਤੋਂ ਵਿਰਵਾ ਹੈ। ਸਰਕਾਰੀ ਸੰਸਥਾਵਾਂ 'ਚ ਮਿਲਣ ਵਾਲੀਆਂ ਸੁਵਿਧਾਵਾਂ ਹਰ ਨਾਗਰਿਕ ਦੇ ਪੱਲੇ ਪੈਣ ਬਿਨ੍ਹਾਂ ਕਿਸੇ ਭੇਦ ਭਾਵ ਦੇ। ਉਹਨਾ ਨਾਲ ਸਰਕਾਰੀ ਹਸਪਤਾਲਾਂ, ਸੰਸਥਾਵਾਂ ਵਿੱਚ ਇਕੋ ਜਿਹਾ ਨਿੱਘਾ ਵਰਤਾਰਾ ਹੋਵੇ, ਜਿਹੋ ਜਿਹਾ ਵਰਤਾਰਾ ਮਰੀਜ਼ ਨੂੰ ਨਿੱਜੀ ਹਸਪਤਾਲਾਂ 'ਚ ਮਿਲਦਾ ਹੈ ਭਾਵ ਬਿਹਤਰ ਦੇਖਭਾਲ, ਰੋਗੀ ਨਾਲ ਸਹਿਜ ਬੋਲਚਾਲ ਅਤੇ ਪੂਰੀਆਂ ਸਹੂਲਤਾਂ। ਪਰ ਦੇਸ਼ ਹਾਲੀ ਤੱਕ ਮੁਢਲੀਆਂ ਸਿਹਤ ਸਹੂਲਤਾਂ ਦੇਣ ਦੇ ਯੋਗ ਵੀ ਨਹੀਂ ਹੋ ਸਕਿਆ। ਇਹ ਸਿਹਤ ਸਹੂਲਤਾਂ ਤਾਂ ਗਿਣੇ-ਚੁਣੇ ਕੁਝ ਸਰਕਾਰੀ ਸ਼ਹਿਰਾਂ ਦੇ ਵੱਡੇ ਹਸਪਤਾਲਾਂ ਜਾਂ ਪੰਜ ਤਾਰਾ, ਤਿੰਨ ਤਾਰਾ ਨਿੱਜੀ ਹਸਪਤਾਲਾਂ 'ਚ ਹੀ ਵੱਡੇ ਲੋਕਾਂ ਲਈ ਉਪਲੱਬਧ ਹਨ, ਜਿਥੇ ਇਲਾਜ ਕਰਨ ਦਾ ਸੁਪਨਾ ਸਮਾਜ ਦੇ ਹੇਠਲੇ ਪਾਇਦਾਨ ਤੇ ਖੜੇ ਵਿਅਕਤੀ ਵਲੋਂ ਲਿਆ ਹੀ ਨਹੀਂ ਜਾ ਸਕਦਾ।






**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr
(Punjab)
946-347-4342
atoozed@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਪਾਕਿਸਤਾਨ ਦਾ ਸੰਕਟਗ੍ਰਸਤ ਭਵਿੱਖ

**ਨਰਭਿੰਦਰ ਸਿੰਘ**
**93544-30211**



ਪਾਕਿਸਤਾਨ ਗੰਭੀਰ ਆਰਥਿਕ ਸੰਕਟ 'ਚੋਂ ਲੰਘ ਰਿਹਾ ਹੈ ਅਤੇ ਲਾਜ਼ਮੀ ਸੀ ਤੇ ਹੈ। ਸੋ ਇਸ ਸੰਕਟ ਦਾ ਇਜ਼ਹਾਰ ਰਾਜਨੀਤਕ ਸੰਕਟ ਦੇ ਰੂਪ ਵਿਚ ਸਾਹਮਣੇ ਆਉਣਾ ਲਾਜ਼ਮੀ ਸੀ। ਪਿਛਲੇ ਦਿਨੀਂ ਕ੍ਰਿਕਟ ਦੇ ਮਹਾਂਰਥੀ ਦੀ ਪ੍ਰਧਾਨ ਮੰਤਰੀ ਦੀ ਕੁਰਸੀ ਤੋਂ ਬੇਦਖਲੀ ਕਰ ਨਾਟਕੀ ਸਾਰ ਤੱਤ ਇਹੋ ਹੀ ਸੀ। ਇਮਰਾਨ ਖਾਂ ਆਪਣੇ ਪੰਜ ਸਾਲ ਵੀ ਪੂਰੇ ਨਹੀਂ ਕਰ ਸਕਿਆ। ਵੈਸੇ ਵੀ ਪਾਕਿਸਤਾਨ ਦੇ ਕਿਸੇ ਪ੍ਰਧਾਨ ਮੰਤਰੀ ਵਲੋਂ ਪੰਜ ਸਾਲ ਪੂਰੇ ਕਰਨਾ ਖਾਲਾ ਜੀ ਦਾ ਵਾੜਾ ਨਹੀਂ।

ਇਮਰਾਨ ਖਾਂ ਖਿਲਾਫ਼ ਪਹਿਲਾਂ ਬੇਭਰੋਸਗੀ ਦਾ ਮਤਾ 6 ਮਾਰਚ 2021 ਨੂੰ ਹੀ ਆ ਗਿਆ ਸੀ ਜਦੋਂ ਉਹਦੀ ਸਰਕਾਰ ਨੇ ਤਿੰਨ ਸਾਲ ਪੂਰੇ ਕੀਤੇ ਸਨ ਪਰ ਇਹ ਰੱਦ ਹੋ ਗਿਆ ਕਿਉਂਕਿ 342 ਮੈਂਬਰਾਂ ਦੀ ਕੌਮੀ ਅਸੈਂਬਲੀ 'ਚੋਂ 176 ਮੈਂਬਰ ਇਮਰਾਨ ਨਾਲ ਸਨ ਪਰ ਇਸ ਸਾਲ 8 ਮਾਰਚ 2022 ਨੂੰ ਲਿਆਂਦੇ ਬੇਭਰੋਸਗੀ ਦੇ ਮਤੇ ਵੇਲੇ ਹਾਲਤ ਉਹ ਨਹੀਂ ਸਨ। ਖ਼ੁਦ ਇਮਰਾਨ ਦੀ ਪਾਰਟੀ ਦੇ ਅੰਦਰੋਂ ਹੀ ਕੁਝ ਮੈਂਬਰਾਂ ਨੇ ਬਾਗੀ ਸੁਰਾਂ ਅਲਾਪ ਦਿੱਤੀਆਂ ਸਨ। ਇਸੇ ਲਈ ਇਮਰਾਨ ਨੇ ਦੂਸਰਾ ਰਾਹ ਕੱਢਿਆ ਕਿ ਬੇਭਰੋਸਗੀ ਦੇ ਮਤੇ ਨੂੰ ਸਪੀਕਰ ਵਲੋਂ ਹੀ ਰੱਦ ਕਰਵਾ ਦਿੱਤਾ ਅਤੇ ਨਾਲ ਹੀ ਅਸੈਂਬਲੀ ਭੰਗ ਕਰਕੇ ਮੁੜ ਚੋਣਾਂ ਦਾ ਐਲਾਨ ਕਰ ਦਿੱਤਾ। ਅਗਲਿਆਂ ਨੇ ਕਾਨੂੰਨ ਦੀ ਰਾਹ ਫੜੀ ਅਤੇ ਸੁਪਰੀਮ ਕੋਰਟ ਨੇ ਇਮਰਾਨ ਖਾਨ ਦੀ ਚਾਲ ਨੂੰ ਵਿਚੋਂ ਰੋਕ ਲਿਆ। ਅਸੈਂਬਲੀ 'ਚ ਬੇਭਰੋਸਗੀ ਦੇ ਮਤੇ ਉਤੇ ਵੋਟਿੰਗ ਕਰਾਉਣ ਦੇ ਆਦੇਸ਼ ਦਿੱਤੇ ਜਿਸ 'ਚ ਇਮਰਾਨ ਖਾਨ ਦੇ ਨਾਲ ਮਹਿਜ 142 ਮੈਂਬਰ ਹੀ ਖਲੋਤੇ ਰਹੇ। ਬਾਗੀ ਧਿਰਾਂ ਨਾਲ 191 ਮੈਂਬਰ ਆ ਗਏ। ਇਮਰਾਨ ਗੱਦੀਓਂ ਲਹਿ ਗਿਆ ਅਤੇ ਨਵਾਂ ਸਹਿਬਾਜ਼ ਸ਼ਰੀਫ਼ ਪ੍ਰਧਾਨ ਮੰਤਰੀ ਬਣ ਗਿਆ।

ਇਮਰਾਨ ਨੇ ਇਸ ਚਲਦੇ ਨਾਟਕ ਵਿਚ ਹੀ ਪਾਕਿਸਤਾਨੀ ਲੋਕਾਂ ਨੂੰ ਸੰਬੋਧਨ ਹੁੰਦਿਆਂ ਇਕ ਗੱਲ ਕਹੀ ਜਿਹੜੀ ਬੜੀ ਮਹੱਤਵਪੂਰਨ ਹੈ ਕਿ ਕੁਝ ਵਿਦੇਸ਼ੀ ਤਾਕਤਾਂ ਜਿਸ 'ਚ ਵਿਸ਼ੇਸ਼ ਅਮਰੀਕਾ ਹੈ ਉਹ ਨੂੰ ਕੁਰਸੀ ਤੋਂ ਲਾਹੁਣਾ ਚਾਹੁੰਦੀਆਂ ਹਨ। ਇਸ ਦਾ ਸਬੂਤ ਉਹਨੇ ਇਕ ਚਿੱਠੀ ਵਜੋਂ ਰੱਖਿਆ ਜੋ ਕੁਝ ਦਿਨ ਪਹਿਲਾਂ ਇਮਰਾਨ ਨੂੰ ਅਮਰੀਕਾ ਡਿਪਲੋਮੈਂਟ ਵਲੋਂ ਭੇਜੀ ਗਈ ਸੀ। ਇਹ ਹਕੀਕਤ ਜੱਗ ਜਾਹਿਰ ਹੈ ਕਿ ਅਮਰੀਕਾ ਅਤੇ ਉਹਦੀਆਂ ਏਜੰਸੀਆਂ ਉਨ੍ਹਾਂ ਸਰਕਾਰਾਂ ਵਿਰੁੱਧ ਸਾਜ਼ਿਸ਼ਾਂ ਰਚਦੀਆਂ ਰਹਿੰਦੀਆਂ ਹਨ ਜਿਹੜੀਆਂ ਅਮਰੀਕੀ ਪ੍ਰਭੂਆਂ ਦੀ ਜੀ-ਹਜ਼ੂਰੀ ਤੋਂ ਦੂਰ ਹੋਣ ਦੀ ਕੋਸ਼ਿਸ਼ ਕਰਦੀਆਂ ਹਨ ਅਤੇ ਪਾਕਿਸਤਾਨ ਬਾਰੇ ਜਗ ਜਾਹਿਰ ਹੈ ਕਿ ਪਿਛਲੇਰੇ 6-7 ਦਹਾਕਿਆਂ ਤੋਂ ਅਮਰੀਕਾ ਨੇ ਪਾਕਿਸਤਾਨ ਨੂੰ ਆਪਣੀ ਕਰੜੀ ਗ੍ਰਿਫ਼ਤ 'ਚ ਲਿਆ ਹੋਇਆ ਸੀ ਤੇ ਹੈ ਪਰ ਇਮਰਾਨ ਖਾਨ ਨਾਲ ਅਮਰੀਕਾ ਦੀ ਰਾਸ਼ੀ ਰਾਸ ਨਾ ਆਉਣ ਦੇ ਕਾਰਨ ਕੀ ਹਨ? ਇਹ ਜਾਣਨਾ ਜ਼ਰੂਰੀ ਹੈ। ਇਮਰਾਨ ਖਾਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੁਸ਼ਰਫ਼ ਜੋ ਦੇਸ਼ ਧ੍ਰੋਹ ਦੇ ਮੁਕੱਦਮੇ ਦਾ ਸਾਹਮਣਾ ਕਰਦਾ ਦੇਸ਼ੋਂ (ਪਾਕਿਸਤਾਨ) ਬਾਹਰ ਬੈਠਾ ਹੈ, ਅਮਰੀਕਾ ਦਾ ਪੱਕਾ ਹਮਾਇਤੀ ਰਿਹਾ ਹੈ। ਪਰ ਇਮਰਾਨ ਨੇ ਸ਼ੁਰੂ ਤੋਂ ਹੀ ਕਿਹਾ ਕਿ "ਉਹ ਆਜ਼ਾਦ ਵਿਦੇਸ਼ ਨੀਤੀ ਦਾ ਹਮਾਇਤੀ ਹੈ। ਉਹਦੇ ਰਾਜ ਕਾਲ 'ਚ ਪਾਕਿਸਤਾਨ ਅਮਰੀਕਾ ਵਿਰੁੱਧ ਲੜਿਆ ਹੈ ਜਿਸ ਦੇ ਸਿੱਟੇ ਵਜੋਂ ਅਮਰੀਕਾ ਨੇ ਪਾਕਿਸਤਾਨ ਉਤੇ ਕਈ ਆਰਥਿਕ ਪਾਬੰਦੀਆਂ ਵੀ ਲਾਈਆਂ ਹੋਈਆਂ ਹਨ। ਇਕ ਗੱਲ ਹੋਰ ਜੋ ਇਮਰਾਨ ਕਹਿ ਗਿਆ ਕਿ, "ਕਿਸੇ ਸਮੇਂ ਪਾਕਿਸਤਾਨ, ਦੱਖਣੀ ਕੋਰੀਆ, ਮਲੇਸ਼ੀਆ ਤੇ ਕਈ ਮਿਡਲ ਈਸਟ ਦੇ ਦੇਸ਼ਾਂ ਨਾਲੋਂ ਬਿਹਤਰ ਸੀ।" ਪਰ ਅੱਜ ਉਹ ਜਿਥੇ ਪਹੁੰਚਿਆ ਹੈ ਇਸ ਦਾ ਕਾਰਨ ਅਮਰੀਕਾ ਹੈ।"

ਇਹ ਦੱਸ ਦੇਈਏ ਕਿ ਪਾਕਿਸਤਾਨ ਦੀ 34 ਫੀਸਦੀ ਆਬਾਦੀ 240 ਰੁਪਏ ਪ੍ਰਤੀ ਦਿਨ ਤੋਂ ਘੱਟ 'ਚ ਗੁਜ਼ਾਰਾ ਕਰਦੀ ਹੈ। ਵਿਸ਼ਵ ਬੈਂਕ ਦੀ ਰਿਪੋਰਟ ਕਹਿੰਦੀ ਹੈ ਕਿ ਪਾਕਿਸਤਾਨ ਸਿਰ ਵਿਦੇਸ਼ੀ ਕਰਜ਼ਾ ਵਧਿਆ ਹੈ। ਵਿਆਪਕ ਆਰਥਿਕ ਮੰਦਹਾਲੀ ਹੈ ਅਤੇ ਮਹਿੰਗਾਈ ਦੀ ਦਰ ਸਭ ਤੋਂ ਉਚੀ ਹੈ। ਸਾਲ 2018 ਵਿਚ ਪਾਕਿਸਤਾਨ ਦੀ ਜੀ.ਡੀ.ਪੀ. 315 ਅਰਬ ਡਾਲਰ ਹੁੰਦੀ ਸੀ ਹੁਣ 2022 'ਚ 292 ਅਰਬ ਡਾਲਰ ਤੱਕ ਪਹੁੰਚ ਗਈ ਹੈ। ਭਾਵ ਘੱਟ ਗਈ ਹੈ। 2018 'ਚ ਇਕ ਅਮਰੀਕੀ ਡਾਲਰ 123 ਰੁਪਏ (ਪਾਕਿਸਤਾਨੀ ਕਰੰਸੀ) ਹੁੰਦੀ ਸੀ। ਹੁਣ 2022 ਵਿਚ ਇਕ ਡਾਲਰ 182 ਰੁਪਈਆਂ ਦੇ ਬਰਾਬਰ ਹੈ। ਫਰਵਰੀ 2022 'ਚ ਖੁਦਰਾ ਮਹਿੰਗਾਈ 12.2 ਫੀਸਦੀ ਸੀ ਅਤੇ ਥੋਕ ਮਹਿੰਗਾਈ 25.6 ਫੀਸਦੀ ਹੈ।

ਸੋ ਪਾਕਿਸਤਾਨ ਦੀ ਆਰਥਿਕਤਾ ਗਹਿਰੇ ਸੰਕਟ 'ਚ ਸੀ ਅਤੇ ਹੈ ਅਤੇ ਉਹਨੂੰ ਕੌਮਾਂਤਰੀ ਦਾਨ (ਭਾਵ ਕਰਜ਼ਾ) ਏਜੰਸੀਆਂ ਉਤੇ ਨਿਰਭਰ ਹੋਣਾ ਪੈ ਰਿਹਾ ਸੀ ਤੇ ਹੈ। ਕੌਮਾਂਤਰੀ ਮੁਦਰਾ ਫੰਡ ਨੇ 1 ਅਰਬ ਅਮਰੀਕੀ ਡਾਲਰ ਦੀ ਕਿਸ਼ਤ ਵੀ ਲੈਣੀ ਸੀ ਅਤੇ ਫਿਰ ਇਹਦੇ ਲਈ ਕਰਜ਼ਾ ਵੀ ਦੇਣਾ ਸੀ, ਪਰ ਉਹਨੇ ਕਰਜ਼ਾ ਨਹੀਂ ਦਿੱਤਾ। ਇਸ ਵੇਲੇ ਪਾਕਿਸਤਾਨ ਸਿਰ 92.3 ਅਰਬ ਡਾਲਰ ਦਾ ਕੁੱਲ ਵਿਦੇਸ਼ੀ ਕਰਜਾ ਹੈ ਅਤੇ ਮੁਦਰਾ ਕੋਸ਼ ਮੁਤਾਬਕ ਸਾਲ 2022 ਦੇ ਅਖੀਰ ਤੱਕ ਇਹ 103 ਅਰਬ ਡਾਲਰ ਤੱਕ ਪਹੁੰਚ ਜਾਵੇਗਾ। ਉਧਰ ਫਾਈਨੈਂਸ਼ਲ ਐਕਸ਼ਨ ਟਾਸਕ ਫੋਰਸ ਨੇ ਪਾਕਿਸਤਾਨ ਗ੍ਰੇਅ ਲਿਸਟ 'ਚ ਪਾ ਕੇ ਆਰਥਿਕ ਪਾਬੰਦੀਆਂ ਦੇ ਘੇਰੇ 'ਚ ਲੈ ਆਂਦਾ। ਜਿਸ ਕਰਕੇ ਪਾਕਿਸਤਾਨ ਨੂੰ ਸਾਲ 2021 ਨਿਰਯਾਤ ਵਿਚ ਹੀ 4.5 ਅਰਬ ਡਾਲਰ ਦਾ ਨੁਕਸਾਨ ਹੋਇਆ। ਹਾਲਾਂਕਿ ਸਾਲ 2009 ਤੋਂ 2019 ਦਰਮਿਆਨ ਪਾਕਿਸਤਾਨੀ ਅਰਥ ਵਿਵਸਥਾ ਦਾ 38 ਅਰਬ ਡਾਲਰ ਦਾ ਨੁਕਸਾਨ ਅਜਿਹੀਆਂ ਸ਼ਰਤਾਂ ਕਰਕੇ ਹੀ ਹੋਇਆ ਸੀ। ਫਾਈਨਾਸ਼ਲ ਟਾਸਕ ਫੋਰਸ ਦੀਆਂ 27 ਸ਼ਰਤਾਂ ਵਿਚੋਂ 26 ਸ਼ਰਤਾਂ ਨੂੰ ਪਾਕਿਸਤਾਨ ਨੇ ਸਵੀਕਾਰ ਕਰ ਲਿਆ ਸੀ। ਇਨ੍ਹਾਂ ਸ਼ਰਤਾਂ ਵਿਚ ਇਮਰਾਨ ਸਰਕਾਰ ਨੂੰ ਬਿਜਲੀ ਦੇ ਬਿੱਲ ਵਧਾਉਣ ਪੈਟਰੋਲ ਤੇ ਡੀਜ਼ਲ ਦੇ ਰੇਟ ਵਧਾਉਣ ਆਦਿ ਦੀ ਸ਼ਰਤਾਂ ਵੀ ਸੀ। ਬਿਜਲੀ ਦੇ ਰੇਟਾਂ ਵਿਚ 1.39 ਰੁਪਏ ਪ੍ਰਤੀ ਯੂਨਿਟ ਦਾ ਵਾਧਾ ਅਤੇ ਪੈਟਰੋਲ 10.49 ਰੁਪਏ ਪ੍ਰਤੀ ਲਿਟਰ, ਡੀਜ਼ਲ 'ਚ 12.44 ਰੁਪਏ ਪ੍ਰਤੀ ਲੀਟਰ ਦਾ ਵਾਧਾ ਕਰ ਦਿੱਤਾ ਅਤੇ ਪਾਕਿਸਤਾਨੀ ਵਿੱਤ ਮੰਤਰੀ ਲੰਮਾਂ ਸਮਾਂ ਵਾਸ਼ਿੰਗਟਨ ਵੀ ਬੈਠਾ ਰਿਹਾ ਪਰ ਪਾਕਿਸਤਾਨ ਨੂੰ ਕਰਜ਼ਾ ਨਹੀਂ ਮਿਲਿਆ। ਐਮ.ਐਫ. ਦਾ ਸੁਝਾਅ ਕਿ ਪਾਕਿਸਤਾਨ 600 ਅਰਬ ਰੁਪਏ ਦੇ ਨਵੇਂ ਟੈਕਸ ਲਾਵੇ।

ਇਸੇ ਦੌਰਾਨ ਇਮਰਾਨ ਖਾਨ ਚੀਨ ਗਿਆ। ਚੀਨੀ ਯਾਤਰਾ ਦੌਰਾਨ ਉਹਨੇ ਦੇਸ਼ ਨੂੰ ਆਰਥਿਕ ਸੰਕਟ 'ਚੋਂ ਕੱਢਣ ਲਈ ਚੀਨ ਪਾਸੋਂ 9 ਅਰਬ ਡਾਲਰ ਦੀ ਮੰਗ ਕੀਤੀ। ਕਿਉਂਕਿ ਪਾਕਿਸਤਾਨ ਡਿਫਾਲਟਰ ਸੀ ਉਸ ਨੇ ਜੂਨ 21 ਤੱਕ 8.6 ਅਰਬ ਡਾਲਰ ਦਾ ਕਰਜ਼ਾ ਮੋੜਨਾ ਸੀ। ਚੀਨ ਦੀ ਪਾਕਿਸਤਾਨ 'ਚ ਦਿਲਚਸਪੀ ਸੀ। ਇਹ ਚੀਨ ਪਾਕਿਸਤਾਨ ਆਰਥਿਕ ਕੋਰੀਡੋਰ ਦੇ ਨਿਰਮਾਣ ਅਤੇ ਚੀਨ ਦੇ ਆਪਣੇ ਵਪਾਰ ਦੇ ਪ੍ਰਸਾਰ ਦਾ ਮਾਮਲਾ ਹੈ। ਵੈਸੇ ਵੀ ਅਮਰੀਕਾ ਜਿਵੇਂ ਵਪਾਰ ਦੇ ਖੇਤਰ ਵਿਚ ਚੀਨ ਨੂੰ ਘੇਰਨਾ ਚਾਹੁੰਦਾ ਹੈ, ਉਸ 'ਚ ਚੀਨ ਵੀ ਸਹਿਯੋਗੀਆਂ ਦੀ ਭਾਲ 'ਚ ਕੋਸ਼ਿਸ਼ਾਂ ਜਟਾਉਂਦਾ ਰਹਿੰਦਾ ਹੈ। ਚੀਨ ਨੇ ਪਹਿਲਾਂ ਵੀ ਪਾਕਿਸਤਾਨ ਨੂੰ 18.4 ਅਰਬ ਡਾਲਰ ਦਾ ਕਰਜ਼ਾ ਦਿੱਤਾ ਹੋਇਆ ਹੈ। ਇਮਰਾਨ ਦੀ ਫੇਰੀ ਨਾਲ ਇਹ ਗੱਲ ਤਾਂ ਬਣ ਗਈ ਕਿ ਚੀਨ ਆਪਣੇ ਕਰਜ਼ੇ ਦੀ ਵਾਪਸੀ ਨੂੰ ਪਿਛੇ ਪਾਉਣ 'ਤੇ ਸਹਿਮਤ ਹੋ ਗਿਆ। ਯਾਦ ਰਹੇ ਪਾਕਿਸਤਾਨ ਸਿਰ ਕੁੱਲ ਕਰਜ਼ੇ 'ਚੋਂ ਚੀਨ ਤੋਂ ਲਏ ਕਰਜ਼ਿਆਂ ਦਾ ਹਿੱਸਾ 20 ਫੀਸਦੀ ਹੈ।

ਕੌਮਾਂਤਰੀ ਏਜੰਸੀਆਂ ਤੇ ਚੀਨ ਤੋਂ ਇਲਾਵਾ ਸਾਉਦੀ ਅਰਬ ਨੇ ਵੀ ਪਾਕਿਸਤਾਨ ਨੂੰ ਵੱਡੇ ਕਰਜ਼ੇ ਦਿੱਤੇ ਹੋਏ ਹਨ। ਇਮਰਾਨ ਨੇ ਸਾਉਦੀ ਅਰਬ ਨਾਲ ਕੀਤੇ ਸਮਝੌਤੇ ਅਨੁਸਾਰ 3 ਅਰਬ ਰੁਪਈਆ ਸਾਉਦੀ ਅਰਬ ਤੋਂ ਕਰਜ਼ਾ ਲੈਣਾ ਹੈ। ਜਿਹਦੀ ਰਾਸ਼ੀ ਪਾਕਿਸਤਾਨ ਦੇ ਕੇਂਦਰੀ ਬੈਂਕ 'ਚ ਆਉਣੀ ਸੀ। ਸਾਉਦੀ ਅਰਬ ਪਾਕਿਸਤਾਨ ਨੂੰ ਕਰਜ਼ਾ ਦੇ ਕੇ ਇਹਦੇ ਰਾਹੀਂ ਇਰਾਨ ਨੂੰ ਕਾਬੂ ਕਰਨਾ ਚਾਹੁੰਦਾ ਹੈ। ਇਰਾਨਤੇ ਸਾਉਦੀ ਅਰਬ ਦੀ ਦੁਸ਼ਮਣੀ ਜੱਗ ਜਹਿਰ ਹੈ। ਸਾਉਦੀ ਅਰਬ ਪਾਕਿਸਤਾਨ ਨਾਲ ਇਸ ਕਰਕੇ ਵੀ ਨਜ਼ਦੀਕੀ ਰੱਖਣਾ ਚਾਹੁੰਦਾ ਹੈ ਕਿਉਂਕਿ ਇਸਲਾਮਿਕ ਮੁਲਕਾਂ 'ਚੋਂ ਪਾਕਿਸਤਾਨ ਇਕੋ ਇਕ ਅਜਿਹਾ ਦੇਸ਼ ਹੈ ਜਿਹੜਾ ਪ੍ਰਮਾਣੂ ਹਥਿਆਰਾਂ ਨਾਲ ਲੈੱਸ ਹੈ। ਸਾਉਦੀ ਅਰਬ ਨੇ ਪਿਛਲੇ ਸਮੇਂ ਪਾਕਿ ਨੂੰ ਇਕ ਬਿਲੀਅਨ ਕਰਜ਼ੇ ਦੀ ਮਦਦ ਵੀ ਕੀਤੀ ਹੈ। ਹਾਲਾਂਕਿ ਉਹਨੇ ਪਹਿਲਾਂ ਵੀ ਪਾਕਿ ਤੋਂ ਤਿੰਨ ਬਿਲੀਅਨ ਕਰਜ਼ਾ ਲੈਣਾ ਹੈ। ਅਮਰੀਕਾ, ਪੱਛਮੀ ਏਸ਼ੀਆ 'ਚ ਚੀਨ ਤੇ ਇਰਾਨ ਉਤੇ ਤੇ ਰੂਸ ਦੇ ਵਧ ਰਹੇ ਪ੍ਰਭਾਵ ਤੋਂ ਚਿੰਤਤ ਹੈ ਅਤੇ ਇਸ ਲਈ ਸਾਉਦੀ ਅਰਬ ਨਾਲ ਇਕ ਕਿਸਮ ਦੇ ਸਾਂਝੇ ਮੋਰਚੇ ਦੇ ਰੂਪ ਵਿਚ ਹੀ ਕੰਮ ਕਰ ਰਿਹਾ ਸੀ।

ਪਰ ਇਮਰਾਨ ਖਾਨ ਦੀ ਸਰਕਾਰ ਨੇ ਰੂਸ ਤੇ ਚੀਨ ਵੱਲ ਵੀ ਆਪਣਾ ਹੱਥ ਪਸਾਰਿਆ। ਇਹ ਸਭ ਜਾਣਦੇ ਹਨ ਕਿ ਅਮਰੀਕਾ ਨਾ ਸਿਰਫ਼ ਕਰਜ਼ਿਆਂ ਦੇ ਰਾਹੀਂ ਹਕੂਮਤ ਵਿਚ ਦਖਲ ਅੰਦਾਜ਼ੀ ਬਣਾ ਕੇ ਰੱਖਦਾ ਹੈ ਸਗੋਂ ਉਨ੍ਹਾਂ ਦੇਸ਼ਾਂ ਦੀ ਅਰਥ ਵਿਵਸਥਾ ਅਤੇ ਸਮਾਜਿਕ ਸਰਚੰਨਾ ਨੂੰ ਵੀ ਤਬਾਹ ਕਰਨ ਦੀ ਨੀਤੀ ਉਤੇ ਚਲਦਾ ਹੈ। ਇਸੇ ਕਰਕੇ ਇਮਰਾਨ ਨੇ ਵਾਰ ਵਾਰ ਕਿਹਾ ਕਿ ਉਹਦੀ ਵਿਦੇਸ਼ ਨੀਤੀ ਕੁਝ ਅਲੱਗ ਹੈ।

ਇਕ ਹੋਰ ਨੁਕਤੇ 'ਤੇ ਵੀ ਨਿਗਾਹ ਮਾਰਨੀ ਜ਼ਰੂਰੀ ਹੈ। ਇਮਰਾਨ ਸਰਕਾਰ ਨੇ ਇਕ ਪ੍ਰਸਤਾਵ ਪਾਸ ਕੀਤਾ ਜਿਸ ਵਿਚ ਅਫਗਾਨਿਸਤਾਨ ਲਈ ਇਕ ਰਾਹਤ ਫੰਡ ਕੋਸ਼ ਬਣਾਉਣ ਦੀ ਤਜਵੀਜ਼ ਸੀ। ਪਰ ਪਾਕਿ ਦੀ ਕੇਂਦਰੀ ਬੈਂਕ ਸਟੇਟ ਬੈਂਕ ਆਫ਼ ਪਾਕਿਸਤਾਨ ਨੇ ਇਸ ਨੂੰ ਰੋਕ ਦਿੱਤਾ। ਯਾਦ ਹੋਵੇਗਾ ਜਦੋਂ 1979 'ਚ ਅਫਗਾਨਿਸਤਾਨ ਉਤੇ ਰੂਸ ਦਾ ਕਬਜ਼ਾ ਸੀ ਤਾਂ ਪਾਕਿ ਤਾਲਿਬਾਨਾਂ ਦੀ ਮਦਦ ਕਰਦਾ ਰਿਹਾ ਸੀ। ਉਦੋਂ ਅਮਰੀਕਾ ਦੀ ਵੀ ਲੋੜ ਸੀ ਤੇ ਉਹਨੇ ਪਾਕਿ ਨੂੰ ਵਰਤਿਆ, ਅਗਸਤ 2021 'ਚ ਜਦੋਂ ਅਫਗਾਨਿਸਤਾਨ ਦੀ ਸੱਤਾ ਮੁੜ ਤਾਲਿਬਾਨਾਂ ਦੇ ਹੱਥ ਆਈ ਤਾਂ ਇਮਰਾਨ ਖਾਨ ਨੇ ਇਸ ਨੂੰ ਗੁਲਾਮੀ ਦੀਆਂ ਬੇੜੀਆਂ ਟੁੱਟਣਾਂ ਕਿਹਾ। ਪਰ ਪਾਕਿ ਅਫ਼ਸਰਸ਼ਾਹੀ ਨੂੰ ਇਹ ਮਨਜ਼ੂਰ ਨਹੀਂ ਸੀ। ਵਿਰੋਧੀ ਧਿਰ ਨੇ ਵੀ ਇਸ ਨੂੰ ਮੁੱਦਾ ਬਣਾਇਆ। ਪਾਕਿ 'ਚ 14 ਲੱਖ ਅਫਗਾਨ ਸ਼ਰਨਾਰਥੀ ਹਨ

**(ਬਾਕੀ ਸਫ਼ਾ 25 'ਤੇ)**


Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਅਮਰੀਕੀ ਬੰਦੂਕ-ਸੱਭਿਆਚਾਰ ਸਰਮਾਏਦਾਰੀ ਸੱਭਿਆਚਾਰ ਦੀ ਪੈਦਾਵਾਰ



ਪਿਛਲੇ ਸਾਲ 14 ਦਸੰਬਰ ਨੂੰ ਅਮਰੀਕਾ ਦੇ ਕਨੇਕਿਟਕਟ ਰਾਜ ਦੇ ਸੈਂਡੀ ਹੁੱਕ ਪ੍ਰਾਇਮਰੀ ਸਕੂਲ ਵਿੱਚ ਇੱਕ ਵੀਹ ਸਾਲਾ ਮੁੰਡੇ ਐਡਮ ਲਾਂਜਾ ਨੇ ਸਤਾਈ ਲੋਕਾਂ ਨੂੰ ਆਪਣੀਆਂ ਗੋਲੀਆਂ ਦਾ ਨਿਸਾਨਾ ਬਣਾਇਆ ਜਿਸ ਵਿੱਚ ਛੇ ਸਾਲਾਂ ਦੇ ਆਸਪਾਸ ਦੀ ਉਮਰ ਦੇ ਵੀਹ ਬੱਚੇ ਸਾਮਲ ਸਨ। ਇਸ ਬੇਰਹਿਮ ਵਾਰਦਾਤ ਦੇ ਇੱਕ ਘੰਟੇ ਪਹਿਲਾਂ ਐਡਮ ਲਾਂਜਾ ਨੇ ਆਪਣੀ ਮਾਂ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ ਸੀ। ਅਮਰੀਕੀ ਸੁਪਨਿਆਂ ਦੇ ਸਬਜਬਾਗ ਦਿਖਾਉਣ ਵਾਲਿ?ਆ ਨੂੰ ਇਹ ਘਟਨਾ ਬੇਹੱਦ ਹੈਰਾਨੀਜਨਕ ਲੱਗੀ ਅਤੇ ਉਹ ਸਿਰ ਪਿੱਟਦੇ ਹੋਏ ਸਵਾਲ ਪੁੱਛਦੇ ਨਜਰ ਆਏ ਕਿ ਭਲਾਂ ਅਮਰੀਕਾ ਵਰਗੇ ਵਿਕਸਿਤ ਅਤੇ ਸੱਭਿਅਕ ਸਮਾਜ ਵਿੱਚ ਇਸ ਕਿਸਮ ਦੀ ਬਰਬਰਤਾ ਕਿਵੇਂ ਵਾਪਰ ਸਕਦੀ ਹੈ! ਪਰ ਅਮਰੀਕੀ ਸਮਾਜ ਦੀ ਅਸਲੀਅਤ ਜਾਣਨ ਵਾਲਿਆਂ ਦੇ ਲਈ ਇਹ ਬਰਬਰ ਘਟਨਾ ਕੋਈ ਛੋਟ ਵਜੋਂ ਹੋਣ ਵਾਲੀ ਘਟਨਾ ਨਹੀਂ ਸੀ। ਅਮਰੀਕਾ ਵਿੱਚ ਹਰ ਸਾਲ ਇਸ ਕਿਸਮ ਦੀਆਂ ਘਟਨਾਵਾਂ ਕਿਸੇ ਨਾ ਕਿਸੇ ਰਾਜ ਵਿੱਚ ਘਟਦੀਆਂ ਰਹਿੰਦੀਆਂ ਹਨ ਜਿਸ ਵਿੱਚ ਕੋਈ ਅਣਜਾਣ ਬੰਦੂਕਧਾਰੀ ਅੰਨ੍ਹੇਵਾਹ ਗੋਲੀਆਂ ਚਲਾਕੇ ਬੇਗੁਨਾਹ ਲੋਕਾਂ ਦਾ ਕਤਲੇਆਮ ਕਰ ਦਿੰਦਾ ਹੈ। ਜਦ ਵੀ ਅਜਿਹੀ ਕੋਈ ਬੇਰਹਿਮ ਘਟਨਾ ਘਟਦੀ ਹੈ ਤਾਂ ਅਮਰੀਕੀ ਰਾਸਟਰਪਤੀ ਇੱਕ ਭਾਵਕ ਭਾਸਣ ਦਿੰਦੇ ਹਨ ਅਤੇ ਭਵਿੱਖ ਵਿੱਚ ਅਜਿਹੀ ਘਟਨਾ ਨਾ ਹੋਣ ਦੇਣ ਦੀ ਸੌਂਹ ਖਾਂਦੇ ਹਨ। ਕੁਝ ਦਿਨਾਂ ਤੱਕ ਉਹ ਘਟਨਾ ਮੀਡੀਆ ਦੀਆਂ ਖਬਰਾਂ ਵਿੱਚ ਛਾਈ ਰਹਿੰਦੀ ਹੈ, ਸਾਰੇ ਬੁੱਧੀਜੀਵੀ ਅਤੇ ਮਾਹਿਰ ਕੁਝ ਨੁਸਖੇ ਸੁਝਾਉਂਦੇ ਹਨ ਅਤੇ ਫਿਰ ਹੌਲੀ-ਹੌਲੀ ਇਹ ਮਾਮਲਾ ਮੀਡੀਆ ਦੀਆਂ ਖਬਰਾਂ 'ਚੋਂ ਗਾਇਬ ਹੋ ਜਾਂਦਾ ਹੈ ਜਦ ਤੱਕ ਅਜਿਹੀ ਕੋਈ ਘਟਨਾ ਫਿਰ ਤੋਂ ਘੱਟ ਨਹੀਂ ਜਾਂਦੀ।

ਸੈਂਡੀ ਹੁੱਕ ਦੀ ਘਟਨਾ ਦੇ ਬਾਅਦ ਵੀ ਅਮਰੀਕੀ ਰਾਸਟਰਪਤੀ ਬਰਾਕ ਉਬਾਮਾ ਨੇ ਮਨੁੱਖੀ ਸੰਵੇਦਨਾਵਾਂ ਨਾਲ ਘੁਲ-ਮਿਲ ਕੇ ਇੱਕ ਬੇਹੱਦ ਭਾਵਕ ਭਾਸਣ ਦਿੱਤਾ ਅਤੇ ਖੁਦ ਉਸ ਸਕੂਲ ਦਾ ਦੌਰਾ ਕੀਤਾ, ਮਰਨ ਵਾਲਿਆਂ ਦੇ ਪਰਿਵਾਰ ਵਾਲਿਆਂ ਨਾਲ ਮਿਲ ਕੇ ਉਹਨਾਂ ਦਾ ਦੁੱਖ ਸਾਂਝਾ ਕੀਤਾ ਅਤੇ ਲਗਾਤਾਰ ਵੱਧ ਰਹੇ ਬੰਦੂਕ ਸੱਭਿਆਚਾਰ 'ਤੇ ਰੋਕ ਲਗਾਉਣ ਦੀਆਂ ਸੌਂਹਾਂ ਖਾਧੀਆਂ। ਪੂਰੇ ਸੰਸਾਰ ਦੇ ਮੀਡੀਆ ਵਿੱਚ ਉਬਾਮਾ ਦੀ ਇਸ ਭਾਵਕ ਪ੍ਰਤੀਕ੍ਰਿਆ 'ਤੇ ਉਸਦੀ ਪਿੱਠ ਥਾਪੜੀ ਗਈ। ਭਾਰਤੀ ਮੀਡੀਆ (ਖਾਸ ਕਰ ਇਲੈਕਟ੍ਰੌਨਿਕ ਮੀਡੀਆ) ਦੇ ਇੱਜਤਦਾਰ ਪੱਤਰਕਾਰ ਵੀ ਉਬਾਮਾ ਦੀ "ਮਨੁੱਖੀ ਸੰਵੇਦਨਸੀਲ ਅਗਵਾਈ ਵਾਲੀ ਯੋਗਤਾ" ਦੇ ਅੱਗੇ ਸਿਰ ਝੁਕਾਉਂਦੇ ਨਜਰ ਆਏ। ਇਹਨਾਂ ਪੱਤਰਕਾਰਾਂ ਦੀ ਅਮਰੀਕਾ ਦੇ ਪ੍ਰਤੀ ਮਾਲਕ ਭਗਤੀ ਇਸ ਗੱਲ ਤੋਂ ਜਾਹਰ ਹੁੰਦੀ ਹੈ ਕਿ ਇਹਨਾਂ ਵਿੱਚੋਂ ਕਿਸੇ ਨੇ ਵੀ ਇਹ ਪੁੱਛਣਾ ਲਾਜਮੀ ਨਹੀਂ ਸਮਝਿਆ ਕਿ ਬਰਾਕ ਉਬਾਮਾ ਦੀਆਂ ਸੰਵੇਦਨਾਵਾਂ ਉਸ ਸਮੇਂ ਕਿੱਥੇ ਹੁੰਦੀਆਂ ਹਨ ਜਦੋਂ ਉਹਨਾਂ ਦੇ ਇਸਾਰੇ 'ਤੇ ਅਮਰੀਕੀ ਫੌਜ ਇਰਾਕ, ਅਫਗਾਨਿਸਤਾਨ, ਪਾਕਿਸਤਾਨ ਅਤੇ ਹੋਰ ਥਾਵਾਂ 'ਤੇ ਆਮ ਅਬਾਦੀ 'ਤੇ ਅੰਨ੍ਹੇਵਾਹ ਹਵਾਈ ਹਮਲੇ ਕਰਦੀ ਹੈ ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਮਸੂਮ ਬੱਚਿਆਂ ਅਤੇ ਔਰਤਾਂ ਸਹਿਤ ਬੇਗੁਨਾਹ ਲੋਕ ਮਾਰੇ ਜਾਂਦੇ ਹਨ। ਕੁਝ ਪੱਤਰਕਾਰਾਂ ਨੇ ਤਾਂ ਹੀਣ-ਭਾਵਨਾ ਮਹਿਸੂਸ ਕਰਦਿਆਂ ਇੱਥੋਂ ਤੱਕ ਕਿਹਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੀ ਵੀ ਉਬਾਮਾ ਵਰਗੀ ਯੋਗਤਾ ਹੁੰਦੀ ਤਾਂ 16 ਦਸੰਬਰ ਦੀ ਗੈਂਗ-ਰੇਪ ਦੀ ਘਟਨਾ ਦੇ ਬਾਅਦ ਇੰਨੇ ਲੋਕ ਲਹਿਰ ਵਿੱਚ ਸਾਮਲ ਨਾ ਹੁੰਦੇ। ਯਾਨੀ ਅਜਿਹੀਆਂ ਲਫਾਜੀਆਂ ਨਾਲ ਹੀ ਪੀੜਤਾਂ ਨੂੰ ਨਿਆਂ ਮਿਲ ਜਾਵੇਗਾ ਅਤੇ ਅਜਿਹੀਆਂ ਘਟਨਾਵਾਂ ਵਿੱਚ ਕਮੀ ਆ ਜਾਵੇਗੀ!

ਅਮਰੀਕਾ ਵਿੱਚ, ਜਿਵੇਂ ਕਿ ਹਰ ਅਜਿਹੀ ਘਟਨਾ ਦੇ ਬਾਅਦ ਹੁੰਦਾ ਹੈ, ਸੈਂਡੀ ਹੁੱਕ ਦੀ ਘਟਨਾ ਦੇ ਬਾਅਦ ਵੀ ਇਸ ਘਟਨਾ ਦੀ ਤਹਿ ਤੱਕ ਜਾਣ ਦੀ ਬਜਾਏ ਬਹਿਸ ਕੇਵਲ ਇਸ ਗੱਲ 'ਤੇ ਕੇਂਦਰਿਤ ਰਹੀ ਕਿ ਬੰਦੂਕ-ਸਬੰਧੀ ਕਨੂੰਨਾਂ ਨੂੰ ਹੋਰ ਕਰੜਾ ਬਣਾਇਆ ਜਾਵੇ ਜਾਂ ਉਹਨਾਂ ਨੂੰ ਲਚਕੀਲਾ ਬਣਾਇਆ ਜਾਵੇ। ਇਸ ਬਹਿਸ ਵਿੱਚ ਡੈਮੋਕ੍ਰੈਟਿਕ ਪਾਰਟੀ ਨਾਲ ਹਮਦਰਦੀ ਰੱਖਣ ਵਾਲੇ ਉਦਾਰਪੰਥੀ ਪੱਖ ਦਾ ਇਹ ਕਹਿਣਾ ਹੁੰਦਾ ਹੈ ਕਿ ਅਮਰੀਕੀ ਸਮਾਜ ਵਿੱਚ ਇਸ ਕਿਸਮ ਦੀਆਂ ਘਟਨਾਵਾਂ ਇਸ ਲਈ ਵੱਧ ਰਹੀਆਂ ਹਨ ਕਿਉਂਕਿ ਉੱਥੇ ਬੰਦੂਕ ਸਬੰਧੀ ਕਨੂੰਨ ਬਹੁਤ ਲਚਕੀਲੇ ਹਨ ਜਿਸਦੇ ਕਾਰਨ ਕੋਈ ਵੀ ਨਾਗਰਿਕ ਬੜੀ ਅਸਾਨੀ ਨਾਲ ਬੰਦੂਕ ਖਰੀਦ ਸਕਦਾ ਹੈ। ਧਿਆਨ ਦੇਣ ਯੋਗ ਹੈ ਕਿ ਅਮਰੀਕਾ ਦੀ ਤੀਹ ਕਰੋੜ ਦੀ ਅਬਾਦੀ ਵਿੱਚ ਰਜਿਸਟਰ ਬੰਦੂਕਾਂ ਦੀ ਸੰਖਿਆ 31 ਕਰੋੜ ਹੈ! ਦੁਨੀਆਂ ਵਿੱਚ ਬੰਦੂਕਾਂ ਨਾਲ ਲੈਸ ਸਭ ਤੋਂ ਵੱਧ ਜਨਸੰਖਿਆ ਅਮਰੀਕਾ ਵਿੱਚ ਹੀ ਹੈ। ਇਸ ਲਈ ਉਦਾਰਪੰਥੀ ਧਿਰ ਇਹ ਤਰਕ ਪੇਸ ਕਰਦੀ ਹੈ ਕਿ ਇਸ ਖਤਰਨਾਕ ਬੰਦੂਕ ਸੱਭਿਆਚਾਰ ਨੂੰ ਨੱਥ ਪਾਉਣ ਦੇ ਲਈ ਬੰਦੂਕ ਸਬੰਧੀ ਕਨੂੰਨਾਂ ਨੂੰ ਹੋਰ ਕਰੜਾ ਬਣਾਇਆ ਜਾਣਾ ਚਾਹੀਦਾ ਹੈ, ਜਿਸ ਨਾਲ ਬੰਦੂਕ ਅਸਾਨੀ ਨਾਲ ਨਾ ਮਿਲੇ। ਇਸ ਧਿਰ ਦਾ ਇਹ ਵੀ ਕਹਿਣਾ ਹੁੰਦਾ ਹੈ ਕਿ ਅਮਰੀਕਾ ਵਿੱਚ ਨੈਸਨਲ ਰਾਇਫਲ ਅਸੋਸੀਏਸਨ ਵਰਗੀਆਂ ਬੰਦੂਕ ਲਾਬੀਆਂ 'ਤੇ ਨੱਥ ਪਾਉਣ ਦੀ ਲੋੜ ਹੈ। ਪਰ ਇਹ ਧਿਰ ਇਸ ਸੱਚਾਈ ਨੂੰ ਜਾਹਰ ਕਰਨ ਤੋਂ ਕਤਰਾਉਂਦੀ ਹੈ ਕਿ ਇਸ ਕਿਸਮ ਦੀ ਲਾਬਿੰਗ ਕੇਵਲ ਰਿਪਬਲਿਕ ਪਾਰਟੀ ਦੇ ਨਾਲ ਹੀ ਨਹੀਂ ਕੀਤੀ ਜਾਂਦੀ। ਡੈਮੋਕ੍ਰੈਟਿਕ ਪਾਰਟੀ ਇਸ ਵਿੱਚੋਂ ਕਿਸੇ ਵੀ ਢੰਗ ਨਾਲ ਪਿੱਛੇ ਨਹੀਂ ਰਹਿੰਦੀ। ਧਿਆਨ ਦੇਣ ਯੋਗ ਹੈ ਕਿ ਹਾਲ ਦੀਆਂ ਰਾਸਟਰਪਤੀ ਚੋਣਾਂ ਵਿੱਚ ਨੈਸਨਲ ਰਾਇਫਲ ਅਸੋਸੀਏਸਨ ਨੇ ਰੋਮਾਨੀ ਅਤੇ ਉਬਾਮਾ ਦੋਵਾਂ ਨੂੰ ਹੀ ਫੰਡ ਦਿੱਤਾ ਸੀ।

ਬਹਿਸ ਵਿੱਚ ਰਿਪਬਲਿਕ ਪਾਰਟੀ ਨਾਲ ਹਮਦਰਦੀ ਰੱਖਣ ਵਾਲੀ ਰੂੜੀਵਾਦੀ ਧਿਰ ਦਾ ਇਹ ਤਰਕ ਹੁੰਦਾ ਹੈ ਕਿ ਅਮਰੀਕਾ ਵਿੱਚ ਇਸ ਤਰ੍ਹਾਂ ਦੀਆਂ ਘਟਨਵਾਂ ਇਸ ਲਈ ਵੱਧ ਰਹੀਆਂ ਹਨ ਕਿਉਂਕਿ ਹਾਲੇ ਵੀ ਸਾਰੇ ਲੋਕਾਂ ਦੇ ਕੋਲ ਆਪਣੀ ਆਤਮ-ਰੱਖਿਆ ਦੇ ਲਈ ਲੋੜੀਂਦੀ ਸੰਖਿਆ ਵਿੱਚ ਸਾਟਗਨ ਅਤੇ ਰਾਇਫਲਾਂ ਨਹੀਂ ਹਨ। ਇਸ ਧਿਰ ਦਾ ਇਹ ਮੰਨਣਾ ਹੈ ਕਿ ਹਰ ਨਾਗਰਿਕ ਨੂੰ ਆਤਮ-ਰੱਖਿਆ ਦਾ ਹੱਕ ਹੈ ਅਤੇ ਕਿਉਂਕਿ ਰਾਜ ਦੁਆਰਾ ਹਰ ਨਾਗਰਿਕ ਨੂੰ ਸੁਰੱਖਿਆ ਮੁਹੱਈਆ ਕਰਾਉਣਾ ਮੁਸਕਿਲ ਹੈ, ਇਸ ਲਈ ਨਾਗਰਿਕਾਂ ਨੂੰ ਆਪਣੀ ਸੁਰੱਖਿਆ ਦੇ ਲਈ ਰਾਜ 'ਤੇ ਨਿਰਭਰ ਹੋਣ ਦੀ ਬਜਾਏ ਖੁਦ ਹੀ ਆਪਣੀ ਰੱਖਿਆ ਕਰਨੀ ਚਾਹੀਦੀ ਹੈ। ਅੰਤ ਇਸ ਧਿਰ ਦਾ ਹੱਲ ਇਹ ਹੁੰਦਾ ਹੈ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਦੇ ਲਈ ਬੰਦੂਕ-ਕਨੂੰਨਾਂ ਨੂੰ ਹੋਰ ਲਚਕੀਲਾ ਬਣਾਇਆ ਜਾਣਾ ਚਾਹੀਦਾ ਹੈ ਤਾਂ ਕਿ ਵੱਧ ਤੋਂ ਵੱਧ ਸੰਖਿਆ ਵਿੱਚ ਲੋਕਾਂ ਦੇ ਕੋਲ ਬੰਦੂਕ ਹੋਵੇ ਜਿਸ ਨਾਲ ਉਹ ਉਸ ਸਮੇਂ ਆਪਣੀ ਰੱਖਿਆ ਕਰ ਸਕਣ ਜਦ ਕੋਈ ਹਮਲਾਵਰ ਉਹਨਾਂ 'ਤੇ ਹਮਲਾ ਕਰਦਾ ਹੈ। ਆਪਣੇ ਤਰਕ ਦੇ ਸਮਰਥਨ ਵਿੱਚ ਇਹ ਧਿਰ ਆਮ ਤੌਰ 'ਤੇ ਅਮਰੀਕੀ ਸੰਵਿਧਾਨ ਦੀ ਦੂਜੀ ਸੋਧ ਦਾ ਹਵਾਲਾ ਦਿੰਦੀ ਹੈ ਜੋ ਸਾਰੇ ਨਾਗਰਿਕਾਂ ਨੂੰ ਆਤਮ ਰੱਖਿਆ ਦਾ ਹੱਕ ਪ੍ਰਦਾਨ ਕਰਦਾ ਹੈ।

ਇਸ ਧਿਰ ਦੇ ਤਰਕ ਅਸਲ ਵਿੱਚ ਸਮੱਸਿਆ ਦੇ ਮੂਲ ਕਾਰਨ ਤੱਕ ਜਾਣ ਦੀ ਬਜਾਏ ਉਸਦੇ ਲੱਛਣਾਂ 'ਤੇ ਹੀ ਗੱਲ ਕਰਦੇ ਹੋਏ ਸਮਾਂ ਖਰਾਬ ਕਰਦੇ ਹਨ। ਦੋਨਾਂ ਵਿੱਚੋਂ ਕੋਈ ਵੀ ਧਿਰ ਇਮਾਨਦਾਰੀ ਨਾਲ ਇਸ ਗੱਲ 'ਤੇ ਚਰਚਾ ਨਹੀਂ ਕਰਦੀ ਕਿ ਆਖਰ ਬੰਦੂਕ ਤਾਂ ਕਤਲ ਕਰਨ ਦਾ ਸੰਦ ਮਾਤਰ ਹੈ, ਸੰਦ ਆਪਣੇ ਆਪ ਵਿੱਚ ਕੰਮ ਨਹੀਂ ਕਰਦਾ, ਉਸਨੂੰ ਚਲਾਉਣ ਵਾਲਾ ਕੋਈ ਬੰਦਾ ਹੋਣਾ ਚਾਹੀਦੈ। ਅਸਲੀ ਸਵਾਲ ਤਾਂ ਇਹ ਹੈ ਕਿ ਅਮਰੀਕੀ ਸਮਾਜ ਵਿੱਚ ਅਜਿਹੀ ਮਾਨਸਿਕਤਾ ਵਾਲੇ ਲੋਕ ਤੇਜੀ ਨਾਲ ਵਧ-ਫੁੱਲ ਹੀ ਕਿਉਂ ਰਹੇ ਹਨ ਜਿਹਨਾਂ ਨੂੰ ਬੇਗੁਨਾਹਾਂ ਅਤੇ ਮਾਸੂਮਾਂ ਦੀ ਹੱਤਿਆ ਕਰਨ ਵਿੱਚ ਜਨੂੰਨੀ ਖੁਸੀ ਮਿਲਦੀ ਹੈ। ਇਹ ਦੋਵੇਂ ਹੀ ਧਿਰਾਂ ਇਹ ਬੁਨਿਆਦੀ ਸਵਾਲ ਨਹੀਂ ਉਠਾਉਂਦੀਆਂ ਕਿਉਂਕਿ ਜੇਕਰ ਇਮਾਨਦਾਰੀ ਨਾਲ ਇਹ ਸਵਾਲ ਉਠਾਇਆ ਜਾਵੇਗਾ ਤਾਂ ਸਮੁੱਚੇ ਸਰਮਾਏਦਾਰਾ ਢਾਂਚੇ ਅਤੇ ਉਸ ਤੋਂ ਉਪਜਣ ਵਾਲੇ ਮਨੁੱਖ ਵਿਰੋਧੀ ਸੱਭਿਆਚਾਰ ਨੂੰ ਕੱਟਹਿਰੇ ਵਿੱਚ ਰੱਖਣਾ ਹੋਵੇਗਾ ਜਿਸਦੇ ਉਹ ਖੁਦ ਅਟੁੱਟ ਅੰਗ ਹਨ।

ਅਮਰੀਕੀ ਸਮਾਜ ਵਿੱਚ ਇਸ ਕਿਸਮ ਦੀ ਮਾਨਸਿਕਤਾ ਕਿਉਂ ਵਧ-ਫੁੱਲ ਰਹੀ ਹੈ, ਇਸ ਸਵਾਲ ਦਾ ਜਵਾਬ ਜਾਣਨ ਦੇ ਲਈ ਸਾਨੂੰ ਅਮਰੀਕਾ ਵਿੱਚ ਸਰਮਾਏਦਾਰਾ ਵਿਕਾਸ ਅਤੇ ਉਸਦੇ ਨਾਲ ਅਟੁੱਟ ਰੂਪ ਨਾਲ ਜੁੜੇ ਹਿੰਸਕ ਸੱਭਿਆਚਾਰ ਦੇ ਇਤਿਹਾਸ 'ਤੇ ਇੱਕ ਨਜਰ ਮਾਰਨੀ ਪਵੇਗੀ। ਅਸਲ ਵਿੱਚ ਆਧੁਨਿਕ ਅਮਰੀਕੀ ਸਮਾਜ ਦੀ ਨੀਂਹ ਯੂਰਪੀ ਬਸਤੀਵਾਦੀਆਂ ਨੇ ਇੱਥੋਂ ਦੇ ਮੂਲ ਨਿਵਾਸੀ ਆਦਿਵਾਸੀਆਂ ਦੀ ਸਫਾਈ ਕਰਕੇ ਉਹਨਾਂ ਦੀਆਂ ਕਬਰਾਂ 'ਤੇ ਰੱਖੀ ਸੀ। ਉਸ ਤੋਂ ਬਾਅਦ ਲੱਖਾਂ ਦੀ ਸੰਖਿਆ ਵਿੱਚ ਯੂਰਪੀ ਲੋਕ ਅਮਰੀਕਾ ਦੇ ਵੱਲ ਭੱਜੇ। ਅਮਰੀਕਾ ਵਿੱਚ ਵਸ ਜਾਣ ਵਾਲੇ ਲੋਕਾਂ ਦੀ ਬਸਤੀਵਾਦੀ ਸੱਤਾ ਨਾਲ ਵਿਰੋਧਤਾਈਆਂ ਦੀ ਬਦਲੀ 1776 ਵਿੱਚ ਅਮਰੀਕੀ ਇਨਕਲਾਬ ਦੇ ਰੂਪ ਵਿੱਚ ਹੋਈ। ਪਰ ਇਨਕਲਾਬ ਦੇ ਬਾਅਦ ਸੱਤਾਧਾਰੀ ਹਾਕਮ ਜਮਾਤ ਦੇ ਵਿਰੁੱਧ ਅਫਰੀਕੀ ਕਾਲੇ ਦਾਸਾਂ ਦਾ ਘੋਲ ਵੀ ਸੁਰੂ ਹੋ ਚੁੱਕਾ ਸੀ। ਕਾਲੇ ਦਾਸਾਂ ਦੇ ਵਿਦਰੋਹਾਂ ਨਾਲ ਨਿਬੜਣ ਲਈ ਤਤਕਾਲੀ ਅਮਰੀਕੀ ਹਾਕਮ ਜਮਾਤ ਨੇ ਸੰਵਿਧਾਨ ਦੀ ਦੂਜੀ ਸੋਧ ਦਾ ਸਹਾਰਾ ਲੈਂਦੇ ਹੋਏ ਨਵੇਂ ਕਨੂੰਨ ਬਣਾਏ ਜਿਸ ਵਿੱਚ ਗੋਰੇ ਕੁਲੀਨ ਨਾਗਰਿਕਾਂ ਨੂੰ ਕਾਲੇ ਵਿਦਰੋਹੀਆਂ ਤੋਂ ਸਵੈ-ਰੱਖਿਆ ਦੇ ਲਈ ਅਸਾਨੀ ਨਾਲ ਬੰਦੂਕਾਂ ਮੁਹੱਇਆ ਕਰਾਉਣ ਦੇ ਇੰਤਜਾਮ ਸਨ। ਇਹਨਾਂ ਕਨੂੰਨਾਂ ਦਾ ਦੂਜਾ ਪੱਖ ਇਹ ਸੀ ਕਿ ਇਸ ਵਿੱਚ ਕਾਲੇ ਦਾਸਾਂ ਨੂੰ ਬੰਦੂਕਾਂ ਮਿਲਣਾ ਓਨਾ ਹੀ ਔਖਾ ਬਣਾ ਦਿੱਤਾ ਗਿਆ ਸੀ। ਯਾਨੀ ਇਹ ਕਨੂੰਨ ਇੱਕ ਪਾਸੇ ਗੋਰਿਆਂ ਨੂੰ ਹਥਿਆਰਬੰਦ ਕਰਨਾ ਨਿਸਚਿਤ ਕਰਦੇ ਸਨ ਉੱਥੇ ਦੂਜੇ ਪਾਸੇ ਕਾਲਿ?ਆਂ ਦਾ ਹਥਿਆਰ-ਰਹਿਤ ਕਰਨਾ ਵੀ ਇਹਨਾਂ ਦਾ ਉਦੇਸ ਸੀ। ਜਾਹਰਾ ਤੌਰ 'ਤੇ ਇਹਨਾਂ ਕਨੂੰਨਾਂ ਨੂੰ ਪਾਸ ਕਰਵਾਉਣ ਵਿੱਚ ਅਮਰੀਕਾ ਦੀਆਂ ਉਭਰਦੀਆਂ ਹਥਿਆਰ ਸਨੱਅਤਾਂ ਦੀ ਇੱਕ ਪ੍ਰਮੁੱਖ ਭੂਮਿਕਾ ਰਹੀ ਸੀ। ਅਮਰੀਕੀ ਖਾਨਾਜੰਗੀ ਅਤੇ ਉਸਦੇ ਬਾਅਦ ਦੇ ਦੌਰ ਨਾਲ ਬੰਦੂਕ ਅਮਰੀਕਾ ਦੇ ਸੱਭਿਆਚਾਰ ਦਾ ਅਟੁੱਟ ਅੰਗ ਬਣ ਗਈ। ਇਸਦੇ ਬਾਅਦ ਅਮਰੀਕੀ ਹਥਿਆਰ ਸਨੱਅਤ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਅਤੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਦੀ ਗਈ। ਸਰਮਾਏਦਾਰੀ ਦੇ ਢਾਂਚਾਗਤ ਸੰਕਟ ਅਤੇ ਉਸ ਦੁਆਰਾ ਜਨਮੀਆਂ ਸੰਸਾਰ ਜੰਗਾਂ ਨੇ ਇਸ ਸਨੱਅਤ ਵਿੱਚ ਚਾਰ ਚੰਦ ਲਗਾ ਦਿੱਤੇ ਅਤੇ ਇਸਦਾ ਮੁਨਾਫਾ ਆਪਣੀਆਂ ਪੁਰਾਣੀਆਂ ਸਾਰੀਆਂ ਹੱਦਾਂ ਪਾਰ ਕਰ ਗਿਆ।

ਦੂਜੀ ਸੰਸਾਰ ਜੰਗ ਦੇ ਬਾਅਦ ਯੂਰਪ ਵਿੱਚ ਭਾਰੀ ਮਾਤਰਾ ਵਿੱਚ ਬੰਦੂਕਾਂ ਅਤੇ ਹੋਰ ਹਥਿਆਰਾਂ ਦਾ ਅੰਬਾਰ ਲੱਗ ਗਿਆ ਸੀ। ਕਿਉਂਕਿ ਯੂਰਪ ਉਸ ਸਮੇਂ ਤਬਾਹ ਹੋ ਚੁੱਕਾ ਸੀ ਅਤੇ ਉੱਥੋਂ ਦੇ ਬੰਦੂਕ ਕਨੂੰਨ ਲਚਕੀਲੇ ਨਹੀਂ ਸਨ, ਇਸ ਲਈ ਖੁਸਹਾਲ ਸਰਮਾਏਦਾਰੀ ਦੇਸਾਂ ਵਿੱਚ ਅਮਰੀਕਾ ਹੀ ਇੱਕ ਅਜਿਹਾ ਦੇਸ ਬਚ ਗਿਆ ਸੀ ਜਿੱਥੇ ਉਹਨਾਂ ਬੰਦੂਕਾਂ ਨੂੰ ਵੇਚ ਕੇ ਬੇਹਿਸਾਬ ਮੁਨਾਫਾ ਕਮਾਇਆ ਜਾ ਸਕਦਾ ਸੀ। ਇਸ ਤਰ੍ਹਾਂ ਦੂਜੀ ਸੰਸਾਰ ਜੰਗ ਦੇ ਬਾਅਦ ਦੇ ਸਾਲਾਂ ਵਿੱਚ ਅਮਰੀਕੀ ਸਮਾਜ ਵਿੱਚ ਹਥਿਆਰਾਂ ਦੀਆਂ ਕੰਪਨੀਆਂ ਅਤੇ ਉਹਨਾਂ ਦੀਆਂ ਲਾਬੀਆਂ ਨੇ ਉੱਥੇ ਪਹਿਲਾਂ ਤੋਂ ਹੀ ਮੌਜੂਦ ਹਿੰਸਕ ਸੱਭਿਆਚਾਰ ਨੂੰ ਵਧਾਇਆ। ਟੀ.ਵੀ., ਅਖਬਾਰਾਂ ਅਤੇ ਰੇਡੀਓ ਵਿੱਚ ਅਜਿਹੀਆਂ ਮਸਹੂਰੀਆਂ ਦਾ ਹੜ੍ਹ ਜਿਹਾ ਆ ਗਿਆ ਜੋ ਬੰਦੂਕ ਰੱਖਣ ਨੂੰ ਸਾਨ, ਆਦਰ ਅਤੇ ਮਰਦਾਨਗੀ ਨਾਲ ਜੋੜਦੇ ਸਨ ਅਤੇ ਅਜਿਹੇ ਲੋਕਾਂ ਨੂੰ ਬੁਰੀ ਨਜਰ ਨਾਲ ਦੇਖਦੇ ਸਨ ਜੋ ਬੰਦੂਕ ਨਹੀਂ ਰੱਖਦੇ ਸਨ ਅਤੇ ਆਪਣੀ ਰੱਖਿਆ ਦੇ ਲਈ ਰਾਜ 'ਤੇ ਨਿਰਭਰ ਰਹਿੰਦੇ ਸਨ। ਉਦਾਹਰਣ ਵਜੋਂ ਇੱਕ ਮਸਹੂਰੀ ਕਹਿੰਦੀ ਸੀ, "ਮੋਰ ਫੱਨ, ਵਿਦ ਯੌਰ ਗੰਨ, ਦਿ ਯਿਅਰ ਅਰਾਉਂਡ! (ਵੱਧ ਨਜਾਰਾ, ਆਪਣੀ ਬੰਦੂਕ ਦੇ ਨਾਲ, ਪੂਰੇ ਸਾਲ!)"। ਇਸ ਸਭ ਦੇ ਨਤੀਜੇ ਵਜੋਂ ਉੱਥੋਂ ਦੇ ਸਮਾਜ ਵਿੱਚ ਬੰਦੂਕ ਰੱਖਣਾ ਅਤੇ ਬੰਦੂਕ ਚਲਾਉਣਾ ਆਮ ਗੱਲ ਹੋ ਗਈ। ਕਿਸੋਰ ਅਵਸਥਾ ਤੋਂ ਹੀ ਪਰਸ, ਕੰਘੀ, ਘੜੀ ਆਦਿ ਦੇ ਵਾਂਗ ਬੰਦੂਕ ਵੀ ਇੱਕ ਲਾਜਮੀ ਸਮਾਨ ਬਣ ਗਈ। ਇਸਦੇ ਨਾਲ ਹੀ ਨਾਲ ਹਿੰਸਾ ਦਾ ਜਸਨ ਮਨਾਉਂਦੇ ਮਨੁੱਖ ਵਿਰੋਧੀ ਵੀਡਿਓ ਗੇਮਸ, ਟੀਵੀ ਸੀਰੀਅਲ, ਫਿਲਮਾਂ ਆਦਿ ਨੇ ਅਮਰੀਕੀ ਸਮਾਜ ਵਿੱਚ ਹਿੰਸਕ ਮਾਨਸਿਕਤਾ ਨੂੰ ਪਾਲਣ-ਪੋਸਣ ਵਿੱਚ ਖਾਦ-ਪਾਣੀ ਦਾ ਕੰਮ ਕੀਤਾ। ਸਰਮਾਏਦਾਰਾ ਵਿਕਾਸ ਅਤੇ ਉਸ ਕਾਰਣ ਬੇਗਾਨਗੀ ਦੇ ਨਤੀਜਨ ਅਮਰੀਕੀ ਨੌਜਵਾਨਾਂ ਵਿੱਚ ਘੋਰ ਨਿਰਾਸਾ, ਮਯੂਸੀ, ਦੁੱਖ ਦੇ ਨਾਲ ਹੀ ਨਾਲ ਘ੍ਰਿਣਤ ਕਿਸਮ ਦੀ ਮਨੁੱਖ ਵਿਰੋਧੀ ਮਾਅਰਕੇਬਾਜ ਮਾਨਸਿਕਤਾ ਵੀ ਫੈਲੀ ਹੋਈ ਹੈ ਜਿਸਦੀ ਹੱਦ ਦਰਜੇ ਦੀ ਉਦਾਹਰਨ ਸੈਂਡੀ ਹੁੱਕ ਵਰਗੀਆਂ ਘਟਨਾਵਾਂ ਦੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਇਹੀ ਨਹੀਂ ਸਰਮਾਏਦਾਰੀ ਸੰਕਟ ਦੇ ਦੌਰ ਵਿੱਚ ਅਮਰੀਕਾ ਵਿੱਚ ਭਾਂਤ-ਭਾਂਤ ਦੇ ਨਵ-ਨਾਜੀਵਾਦੀ, ਨਵ-ਫਾਸੀਵਾਦੀ ਅਤੇ ਘੋਰ ਸੱਜੇ-ਪੰਥੀ ਸਮੂਹ ਵਧ-ਫੁੱਲ ਰਹੇ ਹਨ ਜੋ ਕਾਲਿ?ਆਂ ਦੇ ਵਿਰੁੱਧ, ਮੁਸਲਿਮਾਂ ਦੇ ਖਿ?ਲਾਫ ਅਤੇ ਪ੍ਰਵਾਸੀ ਨਾਗਰਿਕਾਂ ਦੇ ਵਿਰੁੱਧ ਨਫਰਤ ਦੀ ਜਹਿਰ ਉਗਲਦੇ ਰਹਿੰਦੇ ਹਨ ਅਤੇ ਸਰ੍ਹੇਆਮ ਹਿੰਸਾ ਦਾ ਸੱਦਾ ਦਿੰਦੇ ਰਹਿੰਦੇ ਹਨ। ਹਾਲੇ ਪਿਛਲੇ ਹੀ ਸਾਲ ਵਿਸਕਾਂਸਿਨ ਰਾਜ ਦੇ ਔਕ ਕ੍ਰੀਕ ਵਿੱਚ ਅਜਿਹੇ ਹੀ ਸਮੂਹ ਦੇ ਇੱਕ ਮੈਂਬਰ ਵੇਡ ਮਾਇਕਲ ਪੇਜ ਨੇ ਇੱਕ ਗੁਰਦੁਆਰੇ 'ਤੇ ਅੰਨ੍ਹੇਵਾਹ ਗੋਲੀਬਾਰੀ ਕਰਕੇ ਸਿੱਖਾਂ ਦਾ ਕਤਲੇਆਮ ਕੀਤਾ ਸੀ।

ਅਮਰੀਕੀ ਸਮਾਜ ਸਾਰਮਾਏਦਾਰਾ ਵਿਕਾਸ ਦੁਆਰਾ ਜਨਮੇ ਵਿਅਕਤੀਵਾਦੀ, ਸਵੈ-ਕੇਂਦਰਿਤ ਅਤੇ ਪਰਮਨੁੱਖੀ ਸਮਾਜ ਦੀ ਸਭ ਤੋਂ ਉੱਤਮ ਉਦਾਹਰਣ ਹੈ। ਇਸ ਕਿਸਮ ਦੇ ਸਮਾਜਿਕ ਵਿਕਾਸ ਦੀ ਪ੍ਰਕ੍ਰਿਆ ਵਿੱਚ ਲੋਕਾਂ ਨੂੰ ਇੱਕ ਸਮੂਹ ਦਾ ਹਿੱਸਾ ਨਾ ਦੱਸ ਕੇ ਇੱਕ ਦੂਜੇ ਤੋਂ ਅਜਾਦ ਇੱਕ ਵਿਅਕਤੀ ਦੇ ਰੂਪ ਵਿੱਚ ਦੇਖਣ ਦੀ ਆਦਤ ਪਾਈ ਜਾਂਦੀ ਹੈ। ਅਜਿਹੇ ਵਿੱਚ ਹਰ ਸਮੱਸਿਆ ਨੂੰ ਸਮੂਹਿਕ ਰੂਪ ਨਾਲ ਨਿਬੜਣ ਦੀ ਬਜਾਏ ਵਿਅਕਤੀਗਤ ਪੱਧਰ 'ਤੇ ਸੁਲਝਾਉਣ ਦੇ ਲਈ ਕਿਹਾ ਜਾਂਦਾ ਹੈ। ਆਤਮ-ਰੱਖਿਆ ਦੀ ਸਮੱਸਿਆ ਦੇ ਲਈ ਸਭ ਕੋਲ ਬੰਦੂਕ ਰੱਖਣ ਦਾ ਹੱਲ ਅਜਿਹੇ ਹੀ ਕਹੇ ਦਾ ਉਦਾਹਰਣ ਹੈ।

ਅਮਰੀਕੀ ਸਮਾਜ ਦੇ ਹਿੰਸਕ ਸੱਭਿਆਚਾਰ ਅਤੇ ਇਸ ਸੰਖੇਪ ਇਤਿਹਾਸ ਨਾਲ ਇਹ ਗੱਲ ਸਪਸਟ ਹੈ ਕਿ ਸਮੱਸਿਆ ਕਿਤੇ ਵੱਧ ਡੂੰਘੀ ਅਤੇ ਢਾਂਚਾਗਤ ਹੈ ਅਤੇ ਉਸਦੇ ਹੱਲ ਦੇ ਰੂਪ ਵਿੱਚ ਜੋ ਅਭਿਆਸ ਕੀਤੇ ਜਾ ਰਹੇ ਹਨ ਉਹ ਮੂਲ ਸਮੱਸਿਆ ਦੇ ਆਸ-ਪਾਸ ਵੀ ਨਹੀਂ ਖੜਦੇ। ਜੋ ਲੋਕ ਬੰਦੂਕ ਕਨੂੰਨਾਂ ਵਿੱਚ ਸਖਤੀ ਲਿਆਉਣ ਦੀ ਗੱਲ ਕਰਦੇ ਹਨ ਉਹ ਇਸ ਜਟਿਲ ਅਤੇ ਗੰਭੀਰ ਸਮੱਸਿਆ ਦਾ ਸਤਹੀ ਹੱਲ ਪੇਸ ਕਰਦੇ ਹਨ ਅਤੇ ਬਹੁਤ ਹੀ ਬਚਕਾਨੇ ਢੰਗ ਨਾਲ ਅਜਿਹੀਆਂ ਘਟਨਾਵਾਂ ਦੇ ਲਈ ਬੰਦੂਕ ਵਰਗੇ ਸੰਦ ਨੂੰ ਜਿੰਮੇਵਾਰ ਮੰਨਦੇ ਹਨ। ਅਜਿਹਾ ਪਹਿਲੀ ਵਾਰ ਨਹੀਂ ਹੋ ਰਿਹਾ ਜਦ ਬੰਦੂਕ ਕਨੂੰਨਾਂ ਵਿੱਚ ਸਖਤੀ ਲਿਆਉਣ ਦੇ ਅਭਿਆਸ ਕੀਤੇ ਜਾ ਰਹੇ ਹਨ। ਪਹਿਲਾਂ ਵੀ ਅਜਿਹੇ ਕੰਟਰੋਲ ਲਾਉਣ ਦੀਆਂ ਗੱਲਾਂ ਹੁੰਦੀਆਂ ਰਹੀਆਂ ਹਨ। ਕੁਝ ਕਨੂੰਨੀ ਬਦਲਾਅ ਵੀ ਹੁੰਦੇ ਰਹੇ ਹਨ, ਪਰ ਇਹਨਾਂ ਕੰਟਰੋਲਾਂ ਦਾ ਕੁੱਲ ਸਿੱਟਾ ਇਹ ਹੁੰਦਾ ਹੈ ਕਿ ਕਾਲਿ?ਆਂ ਅਤੇ ਘੱਟ ਗਿਣਤੀਆਂ ਦਾ ਨਾਜੀਕਰਨ ਹੁੰਦਾ ਹੈ ਜਦਕਿ ਕੁਲੀਨ ਗੋਰੇ ਅਮਰੀਕੀ ਧੜੱਲੇ ਨਾਲ ਬੰਦੂਕ ਲੈ ਕੇ ਘੁੰਮਦੇ ਹਨ ਅਤੇ ਉਹਨਾਂ ਵਿੱਚੋਂ ਹੀ ਕੁਝ ਲੋਕ ਸੈਂਡੀ ਹੁੱਕ ਵਰਗੇ ਖੂਨ-ਖਰਾਬੇ ਨੂੰ ਅੰਜਾਮ ਦਿੰਦੇ ਹਨ।

ਲਲਕਾਰ 'ਚ ਧੰਨਵਾਦ ਸਹਿਤ

## ਚੰਗੇ ਲੋਕਾਂ ਦੀ ਸੰਗਤ ਬਹੁਤ ਜ਼ਰੂਰੀ



ਹਰਪ੍ਰੀਤ ਸਿੰਘ ਬਰਾੜ

ਜੇਕਰ ਤੁਸੀ ਆਪਣੀ ਜਿੰਦਗੀ ਵਿਚ ਜਲਦ ਸਫਲਤਾ ਹਾਸਲ ਕਰਨੀ ਚਾਹੁੰਦੇ ਹੋ ਤਾਂ ਇਸਦਾ ਇਕ ਜ਼ਰੀਆ ਚੰਗੇ ਅਤੇ ਯੋਗ ਲੋਕਾਂ ਦੀ ਸੰਗਤ ਹੋ ਸਕਦਾ ਹੈ। ਅਸੀਂ ਜੋ ਆਲੇ ਦੁਆਲੇ ਦੇਖਦੇ ਹਾਂ,ਉਸਦਾ ਸਾਡੇ 'ਤੇ ਡੂੰਘਾ ਅਸਰ ਪੈਂਦਾ ਹੈ। ਕਈ ਵਾਰ ਅਸੀਂ ਉਹੋ ਜਿਹੇ ਹੀ ਬਣਨਾ ਲੋਚਦੇ ਹਾਂ ਜਿਵੇਂ ਕਿ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਦੇਖਦੇ ਜਾਂ ਸੁਣਦੇ ਹਾਂ। ਇਸਲਈ ਜ਼ਰੂਰੀ ਹੈ ਕਿ ਤੁਸੀਂ ਜਿਨ੍ਹਾਂ ਲੋਕਾਂ ਦੇ ਨਾਲ ਉੱਠਦੇ ਬੈਠਦੇ ਹੋ ,ਉਹ ਚੰਗੇ ਅਤੇ ਕਾਬਲ ਹੋਣ। ਇਸਦਾ ਇਕ ਕਾਰਨ ਇਹ ਵੀ ਹੈ ਕਿ ਇਨ੍ਹਾਂ ਲੋਕਾਂ ਤੋਂ ਤੁਹਾਨੂੰ ਸਹੀ ਸਮੇਂ 'ਤੇ ਬਿਹਤਰ ਸਲਾਹ ਵੀ ਮਿਲ ਸਕੇਗੀ। ਤੁਹਾਨੂੰ ਸਲਾਹ ਲੈਣ ਦੇ ਲਈ ਕਿਸੇ ਹੋਰ ਕੋਲ ਨਹੀਂ ਜਾਣਾ ਪਵੇਗਾ। ਜੇਕਰ ਇਹ ਲੋਕ ਤੁਹਾਡੇ ਦੋਸਤ ਜਾਂ ਰਿਸ਼ਤੇਦਾਰ ਹਨ ਤਾਂ ਇਸ ਤੋਂ ਚੰਗਾ ਕੁਝ ਨਹੀਂ ਹੋ ਸਕਦਾ ਹੈ।

ਇਸ ਤੋਂ ਇਲਾਵਾ ਕਿਸੇ ਵੀ ਖੇਤਰ 'ਚ ਸਫਲ ਹੋਣ ਦੇ ਲਈ ਖੁਦ ਨੂੰ ਸਿੱਖਿਅਤ ਕਰਨਾ ਲਾਜ਼ਮੀ ਹੈ। ਇਥੇ ਸਿੱਖਿਅਤ ਦਾ ਅਰਥ ਸਕੂਲ ਜਾਂ ਕਾਲਜ ਵਾਲੀ ਪੜ੍ਹਾਈ ਤੋਂ ਨਹੀਂ ਸਗੋਂ ਜੋ ਤਜ਼ੁਰਬਾ ਤੁਸੀਂ ਕੰਮ ਕਰਦੇ ਸਮ੍ਹੇ ਹਾਸਲ ਕਰਦੇ ਹੋ। ਯਾਨੀ ਕਿਸੇ ਵੀ ਖੇਤਰ ' ਜੇਕਰ ਤੁਸੀਂ ਲੰਮੇ ਸਮੇਂ ਤੱਕ ਟਿਕਣਾ ਹੈ ਤਾਂ ਉਸ ਖੇਤਰ 'ਚ ਸ਼ੁਰੂਆਤੀ ਸਿਖਲਾਈ ਲੈਣੀ ਜ਼ਰੂਰੀ ਹੁੰਦੀ ਹੈ। ਇਸ ਤੋਂ ਇਲਾਵਾ ਕਈ ਵਾਰ ਅਸੀਂ ਨਵੀਆਂ ਚੀਜਾਂ ਨੂੰ ਅਪਣਾਉਣ ਜਾਂ ਕਰਨ ਤੋਂ ਡਰਦੇ ਹਾਂ।ਇਸਦਾ ਨਤੀਜਾ ਹੁੰਦਾ ਹੈ ਕਿ ਉਸ ਕੰਮ ਨੂੰ ਅਸੀਂ ਕਦੇ ਕਰ ਹੀ ਨਹੀਂ ਪਾਉਂਦੇ ਹਾਂ। ਇਸਲਈ ਜਿੰਦਗੀ ਵਿਚ ਜਦੋਂ ਵੀ ਜੋ ਵੀ ਕੰਮ ਕਰਨ ਨੂੰ ਮਿਲੇ ਉਸ ਨੂੰ ਕਰਨਾ ਚਾਹੀਦਾ ਹੈ। ਜਿਆਦਾ ਤੋਂ ਜਿਆਦਾ ਇਹੋ ਹੋਵੇਗਾ ਕਿ ਤੁਹਾਨੂੰ ਉਮੀਦ ਮੁਤਾਬਕ ਸਫਲਤਾ ਨਹੀਂ ਮਿਲੇਗੀ ਪਰ ਇਕ ਕੀਮਤੀ ਤਜ਼ੁਰਬਾ ਜ਼ਰੂਰ ਹਾਸਲ ਹੋਵੇਗਾ।

# ਰਾਸ਼ਟਰੀ ਸਵੈਸੇਵਕ ਸੰਘ ਦਾ ਅਸਲੀ ਚਿਹਰਾ



**ਗੁਰਪ੍ਰੀਤ**

2014 ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਕੇਂਦਰ ਵਿੱਚ ਸਰਕਾਰ ਬਣਾ ਲੈਣ ਨਾਲ਼ ਭਾਰਤ ਦੇ ਵੱਡੇ ਹਿੱਸੇ ਵਿੱਚ ਫਿਰਕੂ ਫਾਸ਼ੀਵਾਦ ਦਾ ਉਭਾਰ ਹੋ ਚੁੱਕਾ ਹੈ। ਭਾਰਤ ਵਿੱਚ ਮੌਜੂਦ ਇਸ ਫਾਸੀਵਾਦੀ ਲਹਿਰ ਦਾ ਕਰਤਾ-ਧਰਤਾ ਰਾਸ਼ਟਰੀ ਸਵੈਸਵੇਕ ਸੰਘ (ਰ.ਸ.ਸ) ਹੈ। ਫਾਸੀਵਾਦ ਨਿੱਕ ਸਰਮਾਏਦਾਰੀ ਦੀ ਪਿਛਾਖੜੀ ਸਮਾਜਿਕ ਲਹਿਰ ਹੁੰਦਾ ਹੈ ਜਿਸਦਾ ਮਕਸਦ ਸੰਕਟਗ੍ਰਸਤ ਅਜਾਰੇਦਾਰ ਸਰਮਾਏਦਾਰੀ ਦੀ ਸੇਵਾ ਕਰਨਾ ਹੁੰਦਾ ਹੈ।

ਇਸ ਮਕਸਦ ਲਈ ਉਹ ਕਿਰਤੀ ਲੋਕਾਂ ਅੱਗੇ ਉਹਨਾਂ ਦੀਆਂ ਸਮੱਸਿਆਵਾਂ ਲਈ ਇੱਕ ਨਕਲੀ ਦੁਸ਼ਮਣ ਖੜ੍ਹਾ ਕਰਕੇ ਉਹਨਾਂ ਨੂੰ ਆਪਸ ਵਿੱਚ ਲੜਾਉਂਦਾ ਹੈ। ਫਾਸੀਵਾਦ ਵਿੱਚ ਸਰਮਾਏਦਾਰਾ ਸੱਤ੍ਹਾ ਆਪਣਾ ਜਮਹੂਰੀ ਮਖੌਟਾ ਲਾਹ ਕੇ ਨੰਗੀ-ਚਿੱਟੀ ਤਾਨਾਸ਼ਾਹੀ ਦਾ ਰੂਪ ਧਾਰ ਲੈਂਦੀ ਹੈ ਤੇ ਧੜੱਲੇ ਨਾਲ਼ ਅਜਾਰੇਦਾਰ ਸਰਮਾਏ ਦੇ ਪੱਖ ਵਿੱਚ ਤੇ ਲੋਕਾਂ ਉੱਪਰ ਜਬਰ ਢਾਹੁਣ ਦੀਆਂ ਨੀਤੀਆਂ ਲਾਗੂ ਕਰਦੀ ਹੈ। ਸਰਮਾਏਦਾਰੀ ਵਿੱਚ ਜਮਾਤੀ ਧਰੁਵੀਕਰਨ ਨਾਲ਼ ਜਿੱਥੇ ਅਗਾਂਹਵਧੂ ਲਹਿਰਾਂ ਦੀ ਜ਼ਮੀਨ ਤਿਆਰ ਹੁੰਦੀ ਹੈ, ਉੱਥੇ ਹੀ ਇਹ ਅਜਿਹੀਆਂ ਲਹਿਰਾਂ ਦੀ ਅਣਹੋਂਦ ਵਿੱਚ ਪਿਛਾਂਹਖਿੱਚੂ ਲਹਿਰਾਂ ਲਈ ਵੀ ਜ਼ਰਖੇਜ਼ ਭੂਮੀ ਮੁਹੱਈਆ ਕਰਵਾਉਂਦੀ ਹੈ। ਭਾਰਤੀ ਅਰਥਚਾਰੇ ਵਿੱਚ 1980ਵਿਆਂ ਤੋਂ ਨਵ-ਉਦਾਰਵਾਦੀ ਨੀਤੀਆਂ ਦੇ ਲਾਗੂ ਹੋਣ ਨਾਲ਼ ਤੇ ਮੁੜਕੇ ਸੰਕਟ ਵਿੱਚ ਫਸਣ ਨਾਲ਼ ਅਜਿਹੀ ਹੀ ਜ਼ਮੀਨ ਤਿਆਰ ਹੋਈ ਹੈ। ਉਦੋਂ ਹੀ ਇੱਕ ਫਾਸੀਵਾਦੀ ਤਾਕਤ ਦੇ ਰੂਪ ਵਿੱਚ ਰਾਸ਼ਟਰੀ ਸਵੈਸੇਵਕ ਸੰਘ ਮਜਬੂਤ ਹੋਇਆ ਹੈ। 2014 ਵਿੱਚ ਨਵ-ਉਦਾਰਵਾਦੀ ਨੀਤੀਆਂ ਨੂੰ ਪਹਿਲਾਂ ਨਾਲ਼ੋਂ ਕਿਤੇ ਵਧੇਰੇ ਤੇਜ਼ੀ ਨਾਲ਼ ਲਾਗੂ ਕਰਨ ਲਈ ਭਾਰਤ ਦੀ ਵੱਡੀ ਸਰਮਾਏਦਾਰੀ ਨੇ ਰ.ਸ.ਸ. ਦੇ ਸਿਆਸੀ ਵਿੰਗ, ਭਾਜਪਾ ਨੂੰ ਕੇਂਦਰੀ ਸੱਤ੍ਹਾ ਦੀ ਕਮਾਨ ਸੌਂਪੀ। ਉਦੋਂ ਤੋਂ ਧਰਮ ਦੇ ਨਾਮ ਉੱਪਰ ਨਫਰਤ, ਹਿੰਸਾ ਤੇ ਵੰਡੀਆਂ ਦੀ ਸਿਆਸਤ ਸਰਗਰਮ ਹੈ। ਕਸ਼ਮੀਰ ਵਿੱਚੋਂ ਧਾਰਾ 370 ਤੇ 35ਏ ਹਟਾਉਣਾ, ਅਯੁੱਧਿਆ 'ਚ ਰਾਮ ਮੰਦਰ ਦੀ ਉਸਾਰੀ, ਗਊ ਹੱਤਿਆ, ਲਵ ਜਿਹਾਦ, ਧਰਮ ਪਰਵਿਰਤ ਕਨੂੰਨ, ਨਾਗਰਿਕਤਾ ਸੋਧ ਕਨੂੰਨ, ਹਿਜਾਬ ਉੱਪਰ ਪਾਬੰਦੀ, ਮਾਸਾਹਾਰ ਉੱਪਰ ਪਾਬੰਦੀ ਤੇ ਹੁਣ ਬੁਲਡੋਜਰ ਰਾਹੀਂ ਮੁਸਲਮਾਨਾਂ ਦੇ ਘਰ ਢਾਹੁਣ ਆਦਿ ਜਿਹੇ ਮਸਲਿਆਂ ਬਹਾਨੇ ਇਹ ਫਿਰਕੂ ਸਿਆਸਤ ਕਿਸੇ ਨਾ ਕਿਸੇ ਰੂਪ ਵਿੱਚ ਸਰਗਰਮ ਹੈ। ਅੱਗੇ ਅਸੀਂ ਇਹ ਚਰਚਾ ਕਰਾਂਗੇ ਕਿ ਰ.ਸ.ਸ. ਦਾ ਇਤਿਹਾਸ ਕੀ ਹੈ, ਇਸਦਾ ਮਕਸਦ ਕੀ ਹੈ ਤੇ ਇਹ ਕਿਵੇਂ ਕੰਮ ਕਰਦਾ ਹੈ?

ਰਾਸ਼ਟਰੀ ਸਵੈਸੇਵਕ ਸੰਘ (ਰ.ਸ.ਸ.) ਦੀ ਸਥਾਪਨਾ 1925 ਵਿੱਚ ਦੁਸ਼ਹਿਰੇ ਦੇ ਦਿਨ ਨਾਗਪੁਰ ਵਿੱਚ ਹੋਈ। ਕੇਸ਼ਵ ਬਲਰਾਮ ਹੇਡਗੇਵਾਰ ਇਸਦਾ ਮੋਢੀ ਸੀ। 1937 ਵਿੱਚ ਇਟਲੀ ਜਾ ਕੇ ਮੁਸੋਲਿਨੀ ਨੂੰ ਮਿਲ਼ਣ ਵਾਲ਼ੇ ਮੁੰਜੇ ਤੋਂ ਉਹ ਪ੍ਰਭਾਵਿਤ ਸੀ। 1935 ਦਰਮਿਆਨ ਰਸਸ ਨਾਲ਼ ਨੇੜਤਾ ਰੱਖਣ ਵਾਲ਼ੇ ਅਖ਼ਬਾਰ 'ਕੇਸਰੀ' ਨੇ ਮੁਸੋਲਿਨੀ ਅਤੇ ਉਸਦੀ ਫਾਸੀਵਾਦੀ ਸੱਤ੍ਹਾ ਦੀ ਪ੍ਰਸ਼ੰਸਾ ਵਿੱਚ ਲਗਾਤਾਰ ਲੇਖ ਛਾਪੇ। ਮੁੰਜੇ ਨੇ ਹੇਡਗੇਵਾਰ ਨੂੰ ਮੁਸੋਲਿਨੀ ਦੁਆਰਾ ਨੌਜਵਾਨਾਂ ਦੇ ਦਿਮਾਗਾਂ ਵਿੱਚ ਜ਼ਹਿਰ ਘੋਲ਼ ਕੇ ਉਨ੍ਹਾਂ ਨੂੰ ਫਾਸੀਵਾਦੀ ਜਥੇਬੰਦੀ ਵਿੱਚ ਸ਼ਾਮਿਲ ਕਰਨ ਦੇ ਤੌਰ-ਤਰੀਕਿਆਂ ਬਾਰੇ ਦੱਸਿਆ।

ਹੇਡਗੇਵਾਰ ਨੇ ਉਨ੍ਹਾਂ ਤੌਰ-ਤਰੀਕਿਆਂ ਦੀ ਵਰਤੋਂ ਉਸੇ ਵੇਲ਼ੇ ਤੋਂ ਸ਼ੁਰੂ ਕਰ ਦਿੱਤੀ ਅਤੇ ਸੰਘ ਅੱਜ ਵੀ ਉਨ੍ਹਾਂ ਤਰੀਕਿਆਂ ਦੀ ਵਰਤੋਂ ਕਰਦਾ ਹੈ। ਸੰਘੀਆਂ ਨੇ ਖੁੱਲ੍ਹ ਕੇ ਜਰਮਨੀ ਤੇ ਇਟਲੀ ਵਿੱਚ ਨਾਜੀਆਂ ਦੁਆਰਾ ਯਹੂਦੀਆਂ ਦੇ ਕਤਲੇਆਮ ਦੀ ਹਮਾਇਤ ਕੀਤੀ ਤੇ ਇਹ ਮੰਨਿਆਂ ਕਿ ਆਪਣੀ ਨਸਲ ਦੀ ਸ਼ੁੱਧਤਾ ਲਈ ਜੋ ਮਹਾਨ ਕੰਮ ਹਿਟਲਰ ਨੇ ਕੀਤਾ ਹੈ ਉਹ ਸਾਨੂੰ ਭਾਰਤ ਵਿੱਚ ਵੀ ਅਪਨਾਉਣਾ ਚਾਹੀਦਾ ਹੈ। ਅਸਲ ਵਿੱਚ ਅੰਗਰੇਜਾਂ ਦੀ ਗੁਲਾਮੀ ਵੇਲੇ ਭਾਰਤ ਵਿੱਚ ਇੱਕ ਰੁੰਡ-ਮਰੁੰਡ ਕਿਸਮ ਦਾ ਸਰਮਾਏਦਾਰਾ ਵਿਕਾਸ ਸ਼ੁਰੂ ਹੋਇਆ ਜਿਸ ਨਾਲ਼ ਜਮਹੂਰੀਅਤ, ਤਰਕਸ਼ੀਲਤਾ ਵਰਗੀਆਂ ਕਦਰਾਂ ਇੱਥੋਂ ਦੇ ਸਮਾਜਿਕ ਜੀਵਨ ਦਾ ਡੂੰਘਾ ਹਿੱਸਾ ਨਾ ਬਣ ਸਕੀਆਂ ਜਿਸ ਕਾਰਨ ਅੰਧ-ਵਿਸ਼ਵਾਸ, ਫਿਰਕੂ ਜਨੂੰਨ ਤੇ ਗੈਰ-ਜਮਹੂਰੀ ਅਧਾਰ ਉੱਪਰ ਰ.ਸ.ਸ. ਵਰਗੀਆਂ ਫਿਰਕੂ ਜਥੇਬੰਦੀਆਂ ਬਣਨ ਦੀ ਕਾਫੀ ਸੰਭਾਵਨਾ ਸੀ ਤੇ ਇਸੇ ਕਾਰਨ ਇਹ ਇੱਥੇ ਜੜ੍ਹਾਂ ਜਮਾ ਸਕੀ।

ਹੇਡਗੇਵਾਰ ਤੋਂ ਬਾਅਦ ਸੰਘ ਦਾ ਦੂਜਾ ਮੁਖੀ ਮਾਧਵਰਾਓ ਸਦਾਸ਼ਿਵ ਗੋਲਵਲਕਰ ਸੀ ਜੋ 1940 ਤੋਂ 1973 ਤੱਕ ਮੁਖੀ ਰਿਹਾ। ਸੰਘ ਦੀ ਫਾਸੀਵਾਦੀ ਵਿਚਾਰਧਾਰਾ ਦੀ ਨੀਂਹ ਮਜ਼ਬੂਤ ਕਰਨ ਤੇ ਇਸਦਾ ਢਾਂਚਾ ਖੜ੍ਹਾ ਕਰਨ ਦਾ ਕੰਮ ਉਸਨੇ ਕੀਤਾ। ਉਸਦੀਆਂ ਲਿਖਤਾਂ ਵਿੱਚੋਂ ਰਾਸ਼ਟਰੀ ਸਵੈਸੇਵਕ ਸੰਘ ਦੀ ਵਿਚਾਰਧਾਰਾ ਵਧੇਰੇ ਸਪੱਸ਼ਟ ਹੁੰਦੀ ਹੈ। ਰ.ਸ.ਸ. ਦੀ ਵਿਚਾਰਧਾਰਾ ਦੇ ਮੁੱਖ ਨੁਕਤੇ ਇਹ ਹਨ-

(1) ਹਿੰਦੂਆਂ ਦੀ ਸ਼ੁੱਧਤਾ, ਉੱਤਮਤਾ ਅਤੇ ਅੰਨ੍ਹਾ ਹਿੰਦੂਤਵ ਸੰਘ ਦੀ ਵਿਚਾਰਧਾਰਾ ਦਾ ਸਭ ਤੋਂ ਬੁਨਿਆਦੀ ਨੁਕਤਾ ਹੈ।

'ਹਿੰਦੀ, ਹਿੰਦੂ, ਹਿੰਦੂਸਤਾਨ' ਸੰਘ ਦਾ ਮੁੱਖ ਨਾਹਰਾ ਹੈ। ਸੰਘ ਦਾ ਮਕਸਦ ਪੂਰੇ ਦੇਸ਼ ਨੂੰ ਇੱਕ ਹਿੰਦੂ ਕੌਮ ਵਿੱਚ ਤਬਦੀਲ ਕਰਨਾ ਹੈ ਜੋ ਹਿੰਦੂਆਂ ਦਾ ਦੇਸ਼ ਹੋਵੇਗਾ ਤੇ ਜਿਸਦੀ ਭਾਸ਼ਾ ਹਿੰਦੀ ਹੋਵੇਗੀ। ਇਸ ਤਰ੍ਹਾਂ ਇਹ ਭਾਰਤ ਵਿੱਚ ਵੱਖ-ਵੱਖ ਕੌਮਾਂ ਦੀ ਹੋਂਦ ਤੋਂ ਮੁਨਕਰ ਹੈ ਤੇ ਵੱਖ-ਵੱਖ ਕੌਮਾਂ ਤੇ ਕੌਮੀ ਭਾਸ਼ਾਵਾਂ ਨੂੰ ਕੁਚਲਦੇ ਹੋਏ ਪੂਰੀ ਤਰ੍ਹਾਂ ਕੇਂਦਰੀਕ੍ਰਿਤ ਸੱਤ੍ਹਾ ਦੀ ਹਾਮੀ ਹੈ।

(2) ਰ.ਸ.ਸ. ਮੁਤਾਬਕ ਭਾਰਤ ਹਿੰਦੂਆਂ ਦਾ ਦੇਸ਼ ਹੈ ਤੇ ਹਿੰਦੂਆਂ ਤੋਂ ਬਿਨਾਂ ਇੱਥੇ ਹੋਰ ਕਿਸੇ ਨੂੰ ਰਹਿਣ ਦਾ ਕੋਈ ਹੱਕ ਨਹੀਂ। ਮੁਸਲਮਾਨਾਂ, ਇਸਾਈਆਂ ਨੂੰ ਇਹ ਵਿਦੇਸ਼ੀ ਧਾੜਵੀ ਮੰਨਦੇ ਹਨ ਜਿਹਨਾਂ ਨੇ ਆਕੇ ਇੱਥੋਂ ਦੀ ਅਖੌਤੀ ਸੱਭਿਅਤਾ ਨੂੰ ਤਬਾਹ ਕਰ ਦਿੱਤਾ। ਸਿੱਖਾਂ ਨੂੰ ਇਹ ਆਪਣਾ ਅੰਗ ਹੀ ਮੰਨਦੇ ਹਨ। ਇਸ ਕਰਕੇ ਸੰਘ ਦੇ ਹਿੰਦੂ ਰਾਜ ਵਿੱਚ ਬਾਕੀ ਧਰਮਾਂ ਦੇ ਲੋਕਾਂ ਨੂੰ ਜਾਂ ਤਾਂ ਭਾਰਤ ਛੱਡਣਾ ਪਵੇਗਾ ਜਾਂ ਫਿਰ ਬਿਨਾ ਕਿਸੇ ਨਾਗਰਿਕ, ਜਮਹੂਰੀ ਹੱਕਾਂ ਦੇ ਹਿੰਦੂਆਂ ਦੇ ਗੁਲਾਮ ਬਣਕੇ ਦੂਜੇ ਦਰਜੇ ਦੇ ਨਾਗਰਿਕ ਦੇ ਤੌਰ 'ਤੇ ਰਹਿਣਾ ਪਵੇਗਾ। ਅਸਲ ਵਿੱਚ ਕਮਿਊਨਿਸਟ, ਮੁਸਲਮਾਨ ਤੇ ਇਸਾਈਆਂ ਨੂੰ ਉਹ ਆਪਣੇ ਸਭ ਤੋਂ ਵੱਡੇ ਦੁਸ਼ਮਣ ਮੰਨਦੇ ਹਨ। ਇਸ ਤੋਂ ਬਿਨਾਂ ਬਾਕੀ ਧਰਮਾਂ ਤੇ ਜਮਹੂਰੀ, ਤਰਕਸ਼ੀਲ ਤੇ ਅਗਾਂਹਵਧੂ ਲਹਿਰਾਂ ਨੂੰ ਵੀ ਉਹ ਰੱਜ ਕੇ ਨਫਰਤ ਕਰਦੇ ਹਨ।

(3) ਸੰਘ ਦੇ ਇਸ ਹਿੰਦੂ ਰਾਸ਼ਟਰ ਵਿੱਚ ਭਾਰਤ ਦੇ ਸਭ ਹਿੰਦੂਆਂ ਲਈ ਵੀ ਕੋਈ ਬਰਾਬਰ ਹੱਕ ਨਹੀਂ ਹਨ। ਇਹਨਾਂ ਅਨੁਸਾਰ ਮੰਨੂ ਸਿਮਰਤੀ ਵਿੱਚ ਦੱਸਿਆ ਜਾਤ-ਪਾਤੀ ਢਾਂਚਾ ਭਾਰਤੀ ਸਮਾਜ ਲਈ ਆਦਰਸ਼ਕ ਹੈ। ਸਭ ਜਾਤਾਂ ਨੂੰ ਉਹਨਾਂ ਦੇ ਹਿੱਸੇ ਆਉਂਦੇ ਕੰਮ ਕਰਨੇ ਚਾਹੀਦੇ ਹਨ। ਇਸ ਨਾਲ਼ੋਂ ਵੀ ਵੱਧ ਮੰਨੂ ਸਿਮਰਤੀ ਵਿਚਲੇ ਵਿਚਾਰ, ਜੀਵਨ ਜਾਂਚ, ਰੀਤੀ ਰਿਵਾਜ ਤੇ ਸੱਭਿਆਚਾਰ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਅਸਲ ਵਿੱਚ ਇਹ ਧਰਮ ਹੀ ਸੰਸਾਰ ਦਾ ਇੱਕੋ-ਇੱਕ ਧਰਮ ਹੈ ਜੋ ਗੈਰ-ਬਰਾਬਰੀ ਨੂੰ ਆਪਣੇ ਸਿਧਾਂਤ ਵਿੱਚ ਵੀ ਮਾਨਤਾ ਦਿੰਦਾ ਹੈ।

(4) ਸੰਘ ਜਿੰਨਾ ਗੈਰ-ਹਿੰਦੂਆਂ ਤੇ ਨੀਵੀਆਂ ਜਾਤਾਂ ਦਾ ਵਿਰੋਧੀ ਹੈ ਉਨਾ ਹੀ ਉਹ ਔਰਤ ਵਿਰੋਧੀ ਵੀ ਹੈ। ਸੰਘ ਮੁਤਾਬਕ ਔਰਤਾਂ ਦਾ ਕੰਮ ਪਤੀ ਦੀ ਸੇਵਾ ਕਰਨਾ, ਘਰ ਸੰਭਲ਼ਣਾ ਤੇ ਬੱਚੇ ਪੈਦਾ ਕਰਨਾ ਹੈ। ਘਰ ਤੋਂ ਬਾਹਰ ਦੇ ਕੰਮਾਂ ਵਿੱਚ ਨਾ ਤਾਂ ਔਰਤਾਂ ਨੂੰ ਮਰਦਾਂ ਵਾਂਗ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਤੇ ਨਾ ਹੀ ਉਹਨਾਂ ਨੂੰ ਕੋਈ ਅਜਿਹੇ ਹੱਕ ਦਿੱਤੇ ਜਾਣੇ ਚਾਹੀਦੇ ਹਨ। ਸੰਘ ਆਪਣੇ ਵਿੱਦਿਅਕ ਪ੍ਰੋਗਰਾਮ ਵਿੱਚ ਵੀ ਕੁੜੀਆਂ ਲਈ ਵੱਖਰੇ ਸਿਲੇਬਸਾਂ ਦੀ ਮੰਗ ਕਰਦਾ ਹੈ ਜਿਸ ਵਿੱਚ ਉਹਨਾਂ ਨੂੰ ਘਰ-ਬਾਰ ਸੰਭਾਲ਼ਣ ਤੇ ਪਤੀ ਦੀ 'ਸੇਵਾ' (ਗੁਲਾਮੀ) ਕਰਨ ਦੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ ਤੇ ਹੋਰ ਗਿਆਨ-ਵਿਗਿਆਨ ਦਾ ਔਰਤਾਂ ਲਈ ਕੋਈ ਮਹੱਤਵ ਨਹੀਂ। ਅੱਜ ਵੀ ਸੰਘ ਦੇ ਕੇਂਦਰੀ ਢਾਂਚੇ ਵਿੱਚ ਇੱਕ ਵੀ ਔਰਤ ਨਹੀਂ ਹੈ।

ਹਿੰਦੂ 'ਕੌਮ' ਦੇ ਇਹਨਾਂ 'ਸੱਚੇ ਬਹਾਦਰ ਸਪੂਤਾਂ' ਦੀ ਅਜ਼ਾਦੀ ਦੀ ਲੜਾਈ ਵਿੱਚ ਕੋਈ ਭੂਮਿਕਾ ਨਹੀਂ ਸੀ ਸਗੋਂ ਇਸਦੇ ਆਗੂ ਅੰਗਰੇਜਾਂ ਦੇ ਵਫਾਦਾਰ ਉੱਕੜਬੋਚ ਸਨ। ਸੰਘੀਆਂ ਦੇ ਵੀਰ ਸਾਵਰਕਰ ਤੇ ਵਾਜਪਈ ਜਿਹੇ ਚਹੇਤੇ ਸਿਆਸੀ ਆਗੂ ਜਦ ਕਦੇ ਗਲਤੀ ਨਾਲ਼ ਅੰਗਰੇਜਾਂ ਵੱਲੋਂ ਗ੍ਰਿਫਤਾਰ ਕੀਤੇ ਗਏ ਉਹ ਮੁਆਫੀਨਾਮੇ ਲਿਖਕੇ ਬਾਹਰ ਆ ਜਾਂਦੇ ਸਨ। ਭਾਜਪਾ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਈ ਨੇ ਵੀ ਇਹੀ ਕੰਮ ਕੀਤਾ ਸੀ। ਮੁਆਫੀਨਾਮਿਆਂ ਦਾ ਇਹੀ ਦੌਰ ਇਹਨਾਂ ਨੇ ਐਮਰਜੈਂਸੀ ਦੇ ਦੌਰ 'ਚ ਵੀ ਜਾਰੀ ਰੱਖਿਆ ਸੀ ਜਦੋਂ ਇਹਨਾਂ ਉਸ ਵੇਲ਼ੇ ਦਾ ਸੰਘ-ਸੰਚਾਲਕ ਇੰਦਰਾਂ ਗਾਂਧੀ ਨੂੰ ਸੰਘ 'ਤੇ ਪਾਬੰਦੀ ਨਾ ਲਾਉਣ ਦੀਆਂ ਬੇਨਤੀਆਂ ਕਰ ਰਿਹਾ ਸੀ। ਲੋਕਾਂ ਨਾਲ਼ ਗੱਦਾਰੀਆਂ ਤੇ ਅੰਗਰੇਜ਼ਾ ਦੀ ਉੱਕੜਬੋਚੀ ਦਾ ਸੰਘ ਦਾ ਕਾਲ਼ਾ ਅਤੇ ਸ਼ਰਮਨਾਕ ਇਤਿਹਾਸ ਹੈ। ਇਸ ਕਰਕੇ ਸੰਘ ਵੱਲੋਂ ਇਸ ਇਤਿਹਾਸ ਨੂੰ ਵਿਗਾੜਨ ਤੇ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸੰਘ ਦਾ ਢਾਂਚਾ ਵੀ ਹਿਟਲਰ ਤੇ ਮੁਸੋਲਿਨੀ ਦੀਆਂ ਪਾਰਟੀਆਂ ਵਾਂਗ ਪੂਰੀ ਤਰਾਂ ਫਾਸੀਵਾਦੀ ਹੈ। ਭਾਵ ਇਸ ਵਿੱਚ ਕੋਈ ਜਮਹੂਰੀਅਤ ਨਹੀਂ ਹੁੰਦੀ, ਕੋਈ ਚੋਣ ਨਹੀਂ ਹੁੰਦੀ। ਸਭ ਤੋਂ ਉੱਪਰ ਸਰਸੰਘਸੰਚਾਲਕ ਹੁੰਦਾ ਹੈ ਤੇ ਸਭ ਢਾਂਚਾ ਉਸਦੇ ਹੁਕਮਾਂ ਅਨੁਸਾਰ ਚਲਦਾ ਹੈ। ਇਸਦੀ ਚੋਣ ਨਹੀਂ ਕੀਤੀ ਜਾਂਦੀ ਸਗੋਂ ਪੁਰਾਣਾ ਸਰਸੰਘ-ਸੰਚਾਲਕ ਆਪਣਾ ਅਗਲਾ ਵਾਰਸ ਚੁਣਦਾ ਹੈ। ਸੰਘ ਦੇ ਕਾਰਕੁੰਨਾਂ ਨੂੰ ਆਪਣੇ ਤੋਂ ਉੱਪਰਲਿਆਂ ਦਾ ਹਰ ਹੁਕਮ ਅੱਖਾਂ ਮੀਚ ਕੇ ਮੰਨਣ ਲਈ ਤਿਆਰ ਕੀਤਾ ਜਾਂਦਾ ਹੈ।

ਸੰਘ ਨੇ ਸਮਾਜ ਦੇ ਵੱਖੋ-ਵੱਖਰੇ ਤਬਕਿਆਂ ਤੇ ਵੱਖੋ-ਵੱਖਰੇ ਕੰਮਾਂ ਮੁਤਾਬਕ ਅਨੇਕਾਂ ਜਥੇਬੰਦੀਆਂ ਬਣਾ ਕੇ ਆਪਣਾ ਜਾਲ ਦੇਸ਼ ਵਿੱਚ ਫੈਲਾਇਆ ਹੋਇਆ ਹੈ ਜਿਨ੍ਹਾਂ ਦੀ ਗਿਣਤੀ 200 ਦੇ ਕਰੀਬ ਹੈ। ਇਹਨਾਂ ਵਿੱਚੋਂ ਕੁੱਝ ਅਹਿਮ ਜਥੇਬੰਦੀਆਂ ਹਨ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ, ਹਿੰਦੂ ਵਾਹਿਣੀ (ਨੌਜਵਾਨ ਜਥੇਬੰਦੀ), ਦੁਰਗਾ ਵਾਹਿਣੀ (ਕੁੜੀਆਂ ਦੀ ਜਥੇਬੰਦੀ), ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਕਿਸਾਨ ਸੰਘ, ਭਾਰਤੀ ਮਜ਼ਦੂਰ ਸੰਘ, ਵਿੱਦਿਆ ਭਾਰਤੀ, ਰਾਸ਼ਟਰੀ ਸਿੱਖ ਸੰਗਤ, ਸਵਦੇਸ਼ੀ ਜਾਗਰਣ ਮੰਚ, ਸੇਵਾ ਭਾਰਤੀ, ਏਕਲ ਵਿਦਿਆਲਿਯ, ਹਿੰਦੂ ਵਿਵੇਕ ਕੇਂਦਰ, ਅਖਿਲ ਭਾਰਤੀ ਇਤਿਹਾਸ ਸੰਕਲਨ ਯੋਜਨਾ ਆਦਿ। ਇਸਦੀਆਂ ਸੰਸਾਰ ਦੇ 30 ਤੋਂ ਵਧੇਰੇ ਦੇਸ਼ਾਂ ਵਿੱਚ ਵੀ ਅਨੇਕਾਂ ਸ਼ਾਖਾਵਾਂ ਹਨ।

ਭਾਜਪਾ, ਸੰਘ ਦਾ ਸਿਆਸੀ ਵਿੰਗ ਹੈ। ਭਾਜਪਾ ਤੇ ਸੰਘ ਪੂਰੀ ਤਰ੍ਹਾਂ ਇੱਕੋ ਨਹੀਂ ਹਨ। ਭਾਜਪਾ ਸੰਘ ਦੇ ਅਧੀਨ ਹੈ ਪਰ ਸੰਘ ਭਾਜਪਾ (ਭਾਵੇਂ ਇਹਦੀ ਸਰਕਾਰ ਵੀ ਹੋਵੇ) ਅੱਗੇ ਜਰਾ ਵੀ ਜੁਆਬਦੇਹ ਨਹੀਂ ਹੈ। ਭਾਜਪਾ ਤੇ ਸੰਘ ਦੀ ਇਸ ਸਾਂਝ ਤੇ ਸੰਘ ਦੀਆਂ ਜਥੇਬੰਦੀਆਂ ਦੇ ਜਾਲ਼ ਨੂੰ ਵੇਖਦੇ ਹੋਏ ਕਿਸੇ ਥਾਂ ਭਾਜਪਾ ਦੇ ਹਾਰਨ ਨੂੰ ਸੰਘ ਦੀ ਹਾਰ, ਜਾਂ ਸੰਘ ਦਾ ਕਮਜ਼ੋਰ ਹੋਣਾ ਨਹੀਂ ਮੰਨਿਆਂ ਜਾਣਾ ਚਾਹੀਦਾ ਕਿਉਂਕਿ ਇਹ ਜਥੇਬੰਦੀਆਂ ਫੇਰ ਵੀ ਆਪਣਾ ਕੰਮ ਕਰਦੀਆਂ ਰਹਿੰਦੀਆਂ ਹਨ। ਹਾਂ, ਭਾਜਪਾ ਦੇ ਕੇਂਦਰੀ ਸੱਤ੍ਹਾ ਸਾਂਭਣ ਮਗਰੋਂ ਸੰਘੀ ਨਿੱਕਰਧਾਰੀ ਹੋਰ ਭੂਤਰੇ ਹਨ।

ਰਾਸ਼ਟਰੀ ਸਵੈਸੇਵਕ ਸੰਘ ਵੱਲੋਂ ਪਿੰਡਾਂ, ਸ਼ਹਿਰਾਂ ਵਿੱਚ ਰੋਜ਼ਨਾ ਸ਼ਾਖਾਵਾਂ ਲਗਦੀਆਂ ਹਨ ਜਿਹਨਾਂ ਵਿੱਚ ਬੱਚਿਆਂ ਤੋਂ ਲੈਕੇ ਬਜ਼ੁਰਗਾਂ ਤੱਕ ਨੂੰ ਫਿਰਕੂ ਵਿਚਾਰਧਾਰਾ ਦੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਵੇਲ਼ੇ ਇਹਨਾਂ ਸ਼ਾਖਾਵਾਂ ਦੀ ਗਿਣਤੀ 70,000 ਤੋਂ ਵੱਧ ਹੈ ਜਿਹਨਾਂ ਰਾਹੀਂ ਲੱਖਾਂ ਲੋਕ ਰੋਜ਼ਾਨਾ ਸੰਘ ਦੀ ਵਿਚਾਰਧਾਰਾ ਦੀਆਂ ਖੁਰਾਕਾਂ ਛਕਦੇ ਹਨ। ਸੰਘ ਦਾ ਆਪਣਾ ਵੱਖਰਾ ਸਿੱਖਿਆ ਤੰਤਰ ਹੈ, ਜਿਸ ਵਿੱਚ ਵਿੱਦਿਆ ਭਾਰਤੀ ਤੇ ਏਕਲ ਵਿਦਿਆਲਿਆ ਮੰਦਰੇ ਵਰਗੇ ਸਕੂਲ ਹਨ ਜਿਹਨਾਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ। ਇਹ ਸਕੂਲ ਵੀ ਬਾਲ ਮਨਾਂ ਅੰਦਰ ਸੰਘ ਦੀ ਫਿਰਕੂ ਵਿਚਾਰਧਾਰਾ ਭਰਨ ਦਾ ਕੰਮ ਕਰਦੇ ਹਨ।

ਸੱਤ੍ਹਾ ਵਿੱਚ ਆਉਣ ਤੋਂ ਬਾਅਦ ਸੰਘ ਦਾ ਪਹਿਲਾ ਕੰਮ ਵੱਖ-ਵੱਖ ਸਰਕਾਰੀ ਅਦਾਰਿਆਂ ਵਿੱਚ ਆਪਣੇ ਬੰਦੇ ਨਿਯੁਕਤ ਕਰਨਾ ਹੁੰਦਾ ਹੈ। ਅੱਜ ਸਿੱਖਿਆ, ਇਤਿਹਾਸ, ਕਲਾ, ਪ੍ਰਕਾਸ਼ਨ ਤੋਂ ਲੈਕੇ ਅਦਾਲਤਾਂ ਤੱਕ ਵਿੱਚ ਰਾਸ਼ਟਰੀ ਸਵੈਸੇਵਕ ਸੰਘ ਦੇ ਸਮਰਪਿਤ ਕਾਰਕੁੰਨ ਬੈਠੇ ਹਨ ਜੋ ਇਹਨਾਂ ਸਭ ਅਦਾਰਿਆ ਨੂੰ ਆਪਣੀ ਫਿਰਕੂ ਵਿਚਾਰਧਾਰਾ ਨੂੰ ਫੈਲਾਉਣ ਲਈ ਵਰਤਦੇ ਹਨ।

ਸੰਘ ਦਾ ਆਪਣਾ ਮਿਲਟਰੀ ਸਕੂਲ ਵੀ ਹੈ ਜਿਸਦਾ ਨਾ ਭੋਂਸਲੇ ਮਿਲਟਰੀ ਸਕੂਲ ਹੈ। ਇਹ ਸਕੂਲ ਨਾਸਿਕ ਵਿੱਚ ਹੈ। ਇਸਦੀ ਸਥਾਪਨਾ 1937 ਵਿੱਚ ਹਿੰਦੂ ਮਹਾਂਸਭਾ ਦੇ ਆਗੂ ਡਾ. ਬੀ.ਐਸ. ਮੂੰਜੇ ਨੇ ਅੰਗਰੇਜਾਂ ਦੀ ਮਦਦ ਨਾਲ਼ ਕੀਤੀ ਸੀ। ਇਸ ਸਕੂਲ ਵਿੱਚ ਲੜਾਈ ਲਈ ਸਰੀਰਕ ਸਿਖਲਾਈ ਤੋਂ ਬਿਨਾਂ ਬੰਦੂਕਾਂ, ਬੰਬ ਤੇ ਟੈਂਕ ਜਿਹੇ ਹਥਿਆਰ ਵੀ ਚਲਾਉਣੇ ਸਿਖਾਏ ਜਾਂਦੇ ਹਨ। ਇੱਥੋਂ ਟ੍ਰੇਨਿੰਗ ਹਾਸਲ ਕਰ ਚੁੱਕੇ ਹਿੰਦੂ ਅੱਤਵਾਦੀ ਮਾਲੇਗਾਉਂ ਬੰਬ ਧਮਾਕਿਆਂ, ਨੰਦੇੜ ਬੰਬ ਕਾਂਡ ਸਮੇਤ ਅਨੇਕਾਂ ਦਹਿਸ਼ਤਗਰਦ ਕਾਰਿਆਂ ਵਿੱਚ ਸ਼ਾਮਲ ਰਹਿ ਚੁੱਕੇ ਹਨ ਤੇ ਕਿੰਨੇ ਹੀ ਮਾਮਲਿਆਂ ਵਿੱਚ ਉਹਨਾਂ ਦੀ ਕੋਈ ਖ਼ਬਰ ਨਹੀਂ ਹੈ। ਬਾਬਰੀ ਮਸਜਿਦ ਕਾਂਡ, ਗੁਜਰਾਤ ਨਸਲਕੁਸ਼ੀ ਤੇ ਮੁਜੱਫਰਨਗਰ ਦੇ ਕਤਲੇਆਮ ਜਿਹੇ ਮਾਮਲਿਆਂ ਵਿੱਚ ਵੀ ਇੱਥੇ ਤਿਆਰ ਕੀਤੇ ਦਹਿਸ਼ਤਗਰਦਾਂ ਦਾ ਸ਼ਾਮਲ ਹੋਣਾ ਵੀ ਕੋਈ ਵੱਡੀ ਗੱਲ ਨਹੀਂ ਹੈ।


ਭੋਂਸਲੇ ਮਿਲਟਰੀ ਸਕੂਲ ਵਿੱਚੋਂ ਵੱਡੀ ਗਿਣਤੀ ਵਿੱਚ ਅਫਸਰ ਭਾਰਤੀ ਫੌਜ ਦੀਆਂ ਤਿੰਨਾਂ ਸ਼੍ਰੇਣੀਆਂ ਵਿੱਚ ਵੀ ਜਾਂਦੇ ਹਨ। ਇਸ ਤਰਾਂ ਇਹ ਹਿੰਦੂਤਵੀ ਦਹਿਸ਼ਤਗਰਦ ਭਾਰਤੀ ਫੌਜ ਦੇ ਇੱਕ ਹਿੱਸੇ ਨੂੰ ਵੀ ਆਪਣੇ ਅਸਰ ਅਧੀਨ ਰੱਖਦੇ ਹਨ। ਇਹ ਮਿਲਟਰੀ ਸਕੂਲ ਪੂਰੀ ਤਰਾਂ ਗੈਰ-ਕਨੂੰਨੀ ਹੈ ਪਰ ਇਸਦੀ ਸਥਾਪਨਾ ਤੋਂ 80 ਸਾਲਾਂ ਬਾਅਦ ਵੀ ਇਹ ਸਕੂਲ (ਮਿਲਟਰੀ ਕੈਂਪ) ਧੜੱਲੇ ਨਾਲ਼ ਚੱਲ ਰਿਹਾ ਹੈ। ਭਾਜਪਾ ਤੋਂ ਬਿਨਾਂ ਬਾਕੀ ਸਰਾਕਾਰਾਂ ਨੇ ਵੀ ਕਦੇ ਨਾ ਤਾਂ ਇਸਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਇਸ ਉੱਪਰ ਕੋਈ ਸਵਾਲ ਖੜਾ ਕੀਤਾ ਹੈ।


1992 'ਚ ਰੱਥ ਯਾਤਰਾ ਕੱਢਣ ਮਗਰੋਂ ਅਯੁੱਧਿਆ 'ਚ ਬਾਬਰੀ ਮਸਜਿਦ ਢਾਹੀ ਗਈ ਤੇ ਹਜ਼ਾਰਾਂ ਮੁਸਲਮਾਨ ਕਤਲ ਕੀਤੇ ਗਏ। 2002 ਵਿੱਚ ਮੋਦੀ ਦੀ ਅਗਵਾਈ ਵਿੱਚ ਗੁਜਾਰਤ ਵਿੱਚ ਲਗਾਤਾਰ 3 ਦਿਨ ਮੁਸਲਮਾਨਾਂ ਦੀ ਨਸਲਕੁਸ਼ੀ ਕੀਤੀ ਗਈ। 2013 ਵਿੱਚ ਮੁਜੱਫਰਨਗਰ (ਉੱਤਰ ਪ੍ਰਦੇਸ਼) ਵਿੱਚ ਵੀ ਮੁਸਲਮਾਨਾਂ ਦੇ ਕਤਲੇਆਮ ਦਾ ਨੰਗਾ ਨਾਚ ਖੇਡਿਆ ਗਿਆ। ਇਸ ਤੋਂ ਬਿਨਾਂ ਕਦੇ ਗਊ ਹੱਤਿਆ ਤੇ ਕਦੇ ਕਿਸੇ ਬਹਾਨੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਸੈਂਕੜੇ ਘਟਨਾਵਾਂ ਹਰ ਸਾਲ ਵਾਪਰਦੀਆਂ ਹਨ। ਸਾਲ 2018 ਵਿੱਚ ਅਜਿਹੀਆਂ 826 ਫਿਰਕੂ ਵਾਰਦਾਤਾਂ ਦਰਜ ਕੀਤੀਆਂ ਗਈਆਂ। ਇੱਥੋਂ ਅੰਦਾਜਾ ਲਾਇਆ ਜਾ ਸਕਦਾ ਹੈ ਰ.ਸ.ਸ. ਸਮਾਜ ਵਿੱਚ ਕਿੰਨੀ ਡੂੰਘੀ ਤਰ੍ਹਾਂ ਧਸ ਕੇ ਕੰਮ ਕਰ ਰਹੀ ਹੈ।

ਇਹ ਫਾਸੀਵਾਦੀ ਭਾਵੇਂ ਲੋਕਾਂ ਦੀਆਂ ਆਰਥਿਕ ਤੰਗੀਆਂ ਦਾ ਸਹਾਰਾ ਲੈਂਦੇ ਹਨ ਤੇ ਧਾਰਮਿਕ ਘੱਟਗਿਣਤੀਆਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦੇ ਕਾਰਨ ਦੱਸਦੇ ਹੋਏ ਫਿਰਕੂ ਜਨੂੰਨ ਭੜਕਾਉਂਦੇ ਹਨ। ਪਰ ਫਾਸੀਵਾਦੀ ਲਹਿਰ ਇਹਨਾਂ ਨਿੱਕ ਸਰਮਾਏਦਾਰਾ ਜਾਂ ਸਮਾਜ ਦੇ ਹੇਠਲੇ ਮੱਧਰਵਗੀ ਤਬਕਿਆਂ ਨੂੰ ਆਪਣੀ ਮੁੱਖ ਤਾਕਤ ਬਣਾਉਂਦੀ ਹੈ, ਉਹਨਾਂ ਦੀਆਂ ਆਰਥਿਕ ਸਮੱਸਿਆਵਾਂ ਨੂੰ ਵੀ ਸੱਤ੍ਹਾ ਹਾਸਲ ਕਰਨ ਤੋਂ ਬਾਅਦ ਵੀ ਹੱਲ ਨਹੀਂ ਕਰ ਸਕਦੀ। ਸੱਤ੍ਹਾ ਵਿਚਲੇ ਫਾਸੀਵਾਦ ਦਾ ਮੁੱਖ ਮਕਸਦ ਵੱਡੇ ਸਰਮਾਏ ਦੀ ਸੇਵਾ ਕਰਨਾ ਹੁੰਦਾ ਹੈ ਜਿਸ ਨਾਲ਼ ਇਹਨਾਂ ਤਬਕਿਆਂ ਦਾ ਹੋਰ ਉਜਾੜਾ ਹੀ ਹੁੰਦਾ ਹੈ। ਇਸ ਤਰ੍ਹਾਂ ਫਾਸੀਵਾਦੀ ਭਾਵੇਂ ਲੋਕਾਂ ਵਿੱਚ ਜਿੰਨਾ ਮਰਜ਼ੀ ਅੰਨ੍ਹਾ ਜਨੂੰਨ ਭੜਕਾਉਣ ਪਰ ਜ਼ਿੰਦਗੀ ਦੀਆਂ ਹਕੀਕਤਾਂ 'ਚੋਂ ਇਸ ਫਾਸੀਵਾਦੀ ਸੱਤ੍ਹਾ ਖਿਲਾਫ ਇੱਕ ਬੇਚੈਨੀ ਵੀ ਜਨਮ ਲੈਂਦੀ ਹੈ। ਇਸ ਕਰਕੇ ਲੋਕਾਂ ਦੇ ਬੁਨਿਆਦੀ ਮੰਗਾਂ-ਮਸਲੇ ਜਾਂ ਜਮਾਤੀ ਮਸਲੇ ਇੱਕ ਅਜਿਹੀ ਚੀਜ਼ ਹੈ ਜਿਸਦਾ ਇਹਨਾਂ ਫਾਸੀਵਾਦੀਆ ਕੋਲ਼ ਕੋਈ ਹੱਲ ਨਹੀਂ ਤੇ ਇਹਨਾਂ ਜਮਾਤੀ ਮਸਲਿਆਂ ਉੱਪਰ ਲੋਕਾਂ ਨੂੰ ਲਾਮਬੰਦ, ਜਥੇਬੰਦ ਤੇ ਸਿੱਖਿਅਤ ਕਰਦੇ ਹੋਏ ਇਸ ਫਾਸੀਵਾਦੀ ਵਿਚਾਰਧਾਰਾ ਦੇ ਜਨੂੰਨ ਤੋਂ ਮੁਕਤ ਕਰਵਾਇਆ ਜਾ ਸਕਦਾ ਹੈ ਤੇ ਇਹਨਾਂ ਫਾਸੀਵਾਦੀਆਂ ਨੂੰ ਹਰਾਉਣ ਦਾ ਕੰਮ ਕੀਤਾ ਜਾ ਸਕਦਾ ਹੈ। ਇਟਲੀ, ਜਰਮਨੀ, ਫਰਾਂਸ ਵਰਗੇ ਮੁਲਕਾਂ ਵਿੱਚ ਕਮਿਊਨਿਸਟਾਂ ਦੀ ਅਗਵਾਈ ਵਿੱਚ ਮਜ਼ਦੂਰ ਜਮਾਤ ਤੇ ਹੋਰ ਕਿਰਤੀ ਲੋਕਾਂ ਨੇ ਹੀ ਫਾਸੀਵਾਦੀਆਂ ਦਾ ਬੁਥਾੜ ਭੰਨਿਆ ਹੈ। ਅੱਜ ਭਾਰਤ ਵਿੱਚ ਵੀ ਇਹੋ ਤਾਕਤਾਂ ਇਹਨਾਂ ਨੂੰ ਮੁੜ ਹਰਾ ਸਕਦੀਆਂ ਹਨ, ਪਰ ਇਹਦੇ ਲਈ ਬਹੁਤ ਵੱਡੇ ਯਤਨਾਂ ਦੀ ਲੋੜ ਹੈ।

ਲਲਕਾਰ 'ਚ ਧੰਨਵਾਦ ਸਹਿਤ

# .ਗ਼ਦਰੀ ਪਿਆਰਾ ਸਿੰਘ ਦੇ ਪਿੰਡ ਲੰਗੇਰੀ ’ਚ ਕਰਤਾਰ ਸਿੰਘ ਸਰਾਭਾ ਤੇ ਗ਼ੁਲਾਬ ਕੌਰ ਦਾ ਅਣਗੌਲਿਆ ਇਤਿਹਾਸ






**ਅਮੋਲਕ ਸਿੰਘ**
98778-68710

ਗ਼ਦਰ ਪਾਰਟੀ ਦੇ ਭਾਈ ਪਿਆਰਾ ਸਿੰਘ ਲੰਗੇਰੀ ਦੇ ਪਿੰਡ ਲੰਗੇਰੀ (ਹੁਸ਼ਿਆਰਪੁਰ) ’ਚ ਉਹਨਾਂ ਦਾ ਜੱਦੀ ਘਰ, ਇੱਟਾਂ ਦਾ ਮਕਾਨ ਨਹੀਂ। ਇਹ ਆਪਣੇ ਆਪ ਵਿੱਚ ਮੂੰਹ ਬੋਲਦਾ ਇਤਿਹਾਸ ਹੈ। ਇਸਦੇ ਦਰਵਾਜ਼ੇ, ਕੰਧਾਂ, ਬੂਹੇ ਬਾਰੀਆਂ, ਆਲ਼ੇ, ਸਾਮਾਨ, ਇਸ ਘਰ ਅੰਦਰ ਦਾਖ਼ਲ ਹੁੰਦਿਆਂ ਹੀ ਤੁਹਾਡੇ ਨਾਲ ਆਜ਼ਾਦੀ ਸੰਗਰਾਮ ਦੇ ਇਤਿਹਾਸਕ ਪਿਛੋਕੜ ਦੀਆਂ ਗੱਲਾਂ ਕਰਦੇ ਪ੍ਰਤੀਤ ਹੁੰਦੇ ਹਨ।

ਕਰਤਾਰ ਸਿੰਘ ਸਰਾਭਾ, ਗ਼ਦਰੀ ਗ਼ੁਲਾਬ ਬੀਬੀ ਗੁਲਾਬ ਕੌਰ, ਹਰਨਾਮ ਸਿੰਘ ਟੁੰਡੀਲਾਟ, ਬੰਤਾ ਸਿੰਘ ਸੰਘਵਾਲ, ਡਾ.ਅਰੂੜ ਸਿੰਘ ਅਤੇ ਪ੍ਰਿਥੀ ਸਿੰਘ ਆਜ਼ਾਦ

ਬਾਬਾ ਗੁਰਮੁਖ ਸਿੰਘ ਲਲਤੋਂ ਵਰਗੇ ਦੇਸ ਭਗਤ ਇਸ ਘਰ ਵਿੱਚ ਵਿਚਾਰਾਂ ਕਰਦੇ ਰਹੇ। ਇਸਦੇ ਚੁਬਾਰੇ ਗ਼ਦਰੀਆਂ ਲਈ ਸੁਰੱਖਿਆ ਚੌਕੀਆਂ ਦਾ ਕੰਮ ਕਰਦੇ। ਇਸਦੀਆਂ ਅੱਜ ਵੀ ਓਹੀ ਬਾਰੀਆਂ ਹਨ ਜਿਨ੍ਹਾਂ ਵਿੱਚੋਂ ਚੜ੍ਹਦੀ ਉਮਰ ਦਾ ਕਰਤਾਰ ਸਿੰਘ ਸਰਾਭਾ, ਪੁਲਸ ਛਾਪਾ ਪੈਣ ਦੀ ਕਨਸੋਅ ਮਿਲਣ ’ਤੇ ਛਾਲਾਂ ਮਾਰਕੇ ਰਫ਼ੂ ਚੱਕਰ ਹੋ ਜਾਂਦਾ ਰਿਹਾ। ਪਿਆਰਾ ਸਿੰਘ ਨੇ ਆਪ ਤਾਂ ਵਿਆਹ ਨਹੀਂ ਸੀ ਕਰਾਇਆ ਉਹਨਾਂ ਦੇ ਭਰਾ ਸੁੰਦਰ ਸਿੰਘ ਦੀ ਪੋਤ ਨੂੰਹ ਹਰਪਾਲ ਕੌਰ ਉਸਦਾ ਜੀਵਨ ਸਾਥੀ ਕੁਲਵਿੰਦਰ ਸਿੰਘ ਸੰਘਾ ਅਤੇ ਉਹਨਾਂ ਦੀ ਧੀ ਕੁਲਜੀਤ ਕੌਰ ਨੇ ਘਰ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਆਰਾ ਸਿੰਘ ਲੰਗੇਰੀ ਦੀਵਾਰਾਂ ਵਿੱਚ ਬਣਾਏ ਜਿਸ ਆਲ਼ੇ ਵਿੱਚ ਅਸਲਾ ਰੱਖਦੇ, ਉਹ ਵੀ ਮੂਲ ਸਰੂਪ ਵਿੱਚ ਸੁਰੱਖਿਅਤ ਹੈ। ਮਕਾਨ ਦੀ ਸਮੁੱਚੀ ਬਣਤਰ, ਕਈ ਦਿਸ਼ਾਵਾਂ ਵਿੱਚ ਰੱਖੀਆਂ ਬਾਰੀਆਂ ਅਤੇ ਪੌੜੀਆਂ ਆਪਣੇ ਮੂੰਹੋਂ ਬੋਲਦੀਆਂ ਹਨ ਕਿ ਪਿਆਰਾ ਸਿੰਘ ਲੰਗੇਰੀ ਦਾ ਘਰ ਆਪਣੀਆਂ ਨਿਜੀ, ਪਰਿਵਾਰਿਕ ਅਗਲੀਆਂ ਪੀੜ੍ਹੀਆਂ ਲਈ ਵਿਰਾਸਤ ਜਾਂ ਰਿਹਾਇਸ਼ ਨਾਲੋਂ ਵਧਕੇ ਗ਼ਦਰ ਦੇ ਕਿਲੇ ਜਾਂ ਗ਼ਦਰ ਦੀ ਚੌਕੀ ਦਾ ਕੰਮ ਵਧੇਰੇ ਕਰਦਾ ਸੀ। ਇਹ ਆਜਾਦੀ ਜੱਦੋਜਹਿਦ ਦੀ ਧਰੋਹਰ ਹੈ। ਪਰਿਵਾਰ ਦਾ ਜਾਇਜ ਸ਼ਿਕਵਾ ਹੈ ਕਿ ਸਰਕਾਰਾਂ ਕਈ ਆਈਆਂ ਕਈ ਗਈਆਂ ਕਿਸੇ ਨੇ ਇਸ ਘਰ ਆਉਂਦੇ ਰਹੇ ਮਹਾਨ ਦੇਸ ਭਗਤਾਂ ਦੀ ਉਹਨਾਂ ਦੇ ਯਾਦਗਾਰੀ ਘਰ ਦੀ ਸਾਰ ਨਹੀਂ ਲਈ। ਉਹਨਾਂ ਦੀਆਂ ਅੱਖਾਂ ’ਚ ਕਈ ਸੁਆਲ ਝਲਕਦੇ ਤੱਕੇ ਜਦੋਂ ਉਹਨਾਂ ਕਿਹਾ ਕਿ ਸਰਕਾਰਾਂ ਦੀ ਤਾਂ ਗੱਲ ਦੂਰ ਹੁਣ ਤਾਂ ਅਸੀਂ ਆਪ ਹੀ ਯਾਦ ਕਰ ਲੈਂਦੇ ਹਾਂ। ਕਿਸੇ ਨੇ ਉਹਨਾਂ ਨੂੰ ਯਾਦ ਕਰਨ ਦੀ ਵੀ ਲੋੜ ਨਹੀਂ ਸਮਝੀ।

ਇਸ ਇਤਿਹਾਸਕ ਧਰੋਹਰ ਨੂੰ ਆਉਣ ਵਾਲੀਆਂ ਪੀੜ੍ਹੀਆਂ, ਖੋਜ਼ਾਰਥੀਆਂ ਲਈ ਖੋਜ ਕੇਂਦਰ ਅਤੇ ਪ੍ਰੇਰਨਾ-ਸਰੋਤ ਵਜੋਂ ਸੰਭਾਲਣ ਦਾ ਕੰਮ ਪੁਰਾਤਤਵ ਵਿਭਾਗ ਵੱਲੋਂ ਹੱਥ ਲੈਣਾ, ਇਮਾਰਤ ਦੀ ਸਾਂਭ-ਸੰਭਾਲ ਇਸਨੂੰ ਸਾਡੇ ਇਤਿਹਾਸ ਦਾ ਮਾਣ-ਮੱਤਾ ਅਜਾਇਬ ਘਰ ਬਣਾਉਣ ਅਤੇ ਇਸ ਵਿੱਚ ਵਸਦੇ ਪਰਿਵਾਰ ਦੀ ਰਹਾਇਸ਼ ਦਾ ਬਦਲਵਾਂ ਪ੍ਰਬੰਧ ਕਰਨ ਦਾ ਕੰਮ ਜੋ ਦੇਰ ਪਹਿਲੇ ਹੋ ਜਾਣਾ ਚਾਹੀਦਾ ਸੀ, ਅਜੇ ਵੀ ਵੇਲਾ ਹੈ। ਇਸਨੂੰ ਸੰਭਾਲਣ ਦਾ/ਪਰਿਵਾਰ ਦੇ ਜੀਅ ਜਿਸਦਾ ਮੁਖੀਆ ਵੀ ਸਰੀਰਕ ਪੱਖੋਂ ਅਪੰਗ ਹੈ ਉਹ ਔਰਤਾਂ ਅਤੇ ਅੱਗੋਂ ਉਹਨਾਂ ਦੇ ਬੱਚੇ ਭੁਰਦੀਆਂ ਕੰਧਾਂ, ਟੁੱਟਦੀਆਂ ਬਾਰੀਆਂ, ਛੱਤਾਂ, ਪੌੜੀਆਂ ਦਾ ਮੂਲ ਸਰੂਪ ਸੰਭਾਲਣ ਲਈ ਖ਼ੁਦ ਹੀ ਯਤਨਸ਼ੀਲ ਹਨ। ਆਜ਼ਾਦੀ ਦੇ ਅੰਮ੍ਰਿਤ ਮਹਾਂ ਉਤਸ਼ਵ ਦੇ ਸ਼ੋਰ ਵਿੱਚ ਭੁਲਾਇਆ ਵਿਸਾਰਿਆ ਲੰਗੇਰੀ ਪਿੰਡ ਦੇ ਇਹ ਗ਼ਦਰੀ ਕੇਂਦਰ ਦਾ ਇਤਿਹਾਸ ਵੀ ਬਹੁਤ ਕੁੱਝ ਬੋਲਦਾ ਹੈ। ਇਸਦੀ ਆਵਾਜ਼ ਕੌਣ ਸੁਣੇਗਾ ? ਕਦੋਂ ਸੁਣੇਗਾ ??

ਲੰਗੇਰੀ ਪਿੰਡ ਦੀਆਂ ਨੀਹਾਂ ਵਿੱਚ ਅਮੀਰ ਵਿਰਾਸਤ ਹੈ। ਪਿੰਡ ਦੀ ਨੀਂਹ ਗੁਰੂ ਗੋਬਿੰਦ ਸਿੰਘ ਦੇ ਲਾਂਗਰੀ ਭਾਈ ਕੂਮਾ ਨੇ ਰੱਖੀ। ਲਾਂਗਰੀ ਤੋਂ ਹੀ ਪਿੰਡ ਦਾ ਨਾਂਅ ਲੰਗੇਰੀ ਪੈ ਗਿਆ। ਇਸ ਪਿੰਡ ਦੇ ਦਯਾ ਸਿੰਘ, ਗਿਆਨੀ ਮੇਹਰ ਸਿੰਘ, ਦਰਸ਼ਨ ਸਿੰਘ ਕਨੇਡੀਅਨ ਅਤੇ ਮਨਜੀਤ ਸਿੰਘ ਲੰਗੇਰੀ ਵਰਗੀਆਂ ਸਖ਼ਸ਼ੀਅਤਾਂ ਕਾਰਨ ਇਸ ਪਿੰਡ ਦੀ ਬੁੱਕਲ ਵਿੱਚ ਅਮੀਰ ਇਤਿਹਾਸ ਸਮੋਇਆ ਹੈ। ਇਸਨੂੰ ਸੰਭਾਲਣ ਲਈ ਲਾਇਬਰੇਰੀ, ਅਜਾਇਬ ਘਰ, ਸਾਹਿਤ ਅਤੇ ਸਭਿਆਚਾਰਕ ਸਰਗਰਮੀਆਂ ਲਈ ਕੇਂਦਰ ਆਡੀਟੋਰੀਅਮ ਢੁਕਵੀਂ ਤਰ੍ਹਾਂ ਉਸਾਰੇ ਅਤੇ ਸੰਭਾਲੇ ਜਾਣੇ ਚਾਹੀਦੇ ਹਨ।

ਭਾਈ ਪਿਆਰਾ ਸਿੰਘ ਲੰਗੇਰੀ ਦਾ ਜਨਮ ਲੰਗੇਰੀ ਪਿੰਡ ਵਿੱਚ 15 ਜਨਵਰੀ 1881 ਨੂੰ ਮਾਂ ਹਰ ਕੌਰ ਅਤੇ ਪਿਤਾ ਲੱਖਾ ਸਿੰਘ ਦੇ ਘਰ ਹੋਇਆ। ਇਸ ਪਿੰਡ ਦੇ ਹੀ ਸਮਾਜ-ਸੇਵੀ ਜਮਹੂਰੀ ਵਿਚਾਰਾਂ ਦੇ ਧਾਰਨੀ ਮਾਸਟਰ ਅਵਤਾਰ ਲੰਗੇਰੀ ਨੇ ਮੁਲਾਕਾਤ ਮੌਕੇ ਦੱਸਿਆ ਕਿ ਅਨੰਦਪੁਰ ਸਾਹਿਬ ਹੋਲੇ ਮੁਹੱਲੇ ਤੇ ਪਿਆਰਾ ਸਿੰਘ ਨੇ ਅੰਮ੍ਰਿਤ ਛਕਿਆ। ਇਸ ਮੌਕੇ ਹੀ ਇਹਨਾਂ ਨੂੰ ਭਾਈ ਸਾਹਿਬ ਦਾ ਖ਼ਿਤਾਬ ਮਿਲਿਆ ਜੋ ਅੱਗੇ ਚੱਲਕੇ ਉਹਨਾਂ ਦੇ ਜੀਵਨ ਦਾ ਹਮਸਫ਼ਰ ਬਣਕੇ ਨਾਲ ਤੁਰਿਆ ਰਿਹਾ।

ਪਿਆਰਾ ਸਿੰਘ ਲੰਗੇਰੀ ਦੇ ਸਵੈ-ਕਥਨ ਅਨੁਸਾਰ ਉਹ 1902 ਵਿੱਚ ਫੌਜ ਵਿੱਚ ਭਰਤੀ ਹੋਏ। ਉਹਨਾਂ ਨੂੰ ਫੌਜ ਵਿੱਚ 26 ਰੁਪਏ ਅਤੇ ਪਲਟਨ ਵਿੱਚ 9 ਰੁਪਏ ਮਹੀਨਾ ਤਨਖਾਹ ਮਿਲਦੀ ਸੀ। ਥੋੜ੍ਹੇ ਅਰਸੇ ਬਾਅਦ ਫੌਜ ਦੀ ਨੌਕਰੀ ਛੱਡ ਦਿੱਤੀ ਪਰ ਕੁੱਝ ਅਰਸੇ ਬਾਅਦ ਮੁੜ ਭਰਤੀ ਹੋ ਗਏ। ਇੱਕ ਕੇਸ ਪੈਣ ਕਰਕੇ ਕੁੱਝ ਅਰਸੇ ਮਗਰੋਂ ਉਹਨਾਂ ਦਾ ਨਾਂਅ ਕੱਟਿਆ ਗਿਆ । ਉਹ 1906 ਵਿੱਚ ਕਲਕੱਤੇ ਤੋਂ ਹਾਂਗਕਾਂਗ, ਸੰਘਾਈ ਹੁੰਦੇ ਹੋਏ ਅਮਰੀਕਾ ਦੇ ਸ਼ਹਿਰ ਸਨਫਰਾਂਸਿਸਕੋ ਚਲੇ ਗਏ। ਉਥੇ ਰੇਲ ਪਟੜੀਆਂ, ਬਾਗਾਂ ਅਤੇ ਮਿੱਲਾਂ ਵਿੱਚ ਦੋ ਡਾਲਰ ਮਜ਼ਦੂਰੀ ’ਤੇ ਹੀ ਕੰਮ ਕੀਤਾ। ਉਹਨਾਂ ਨੇ ‘ਸੁੰਦਰੀ’ ਅਤੇ ‘ਤਵਾਰੀਖ਼ ਗੁਰੂ ਖਾਲਸਾ’ ਕਿਤਾਬਾਂ ਪੜ੍ਹਕੇ ਗੋਰੇ ਹਾਕਮਾਂ ਦੀ ਗੁਲਾਮੀ ਕਾਰਨ ਪਰਦੇਸੀ ਹੋਣ ਦੀ ਵੇਦਨਾ ਬਾਰੇ ਸੋਚਣਾ ਸ਼ੁਰੂ ਕੀਤਾ। ਗੁਲਾਮੀ ਅਤੇ ਆਜ਼ਾਦੀ ਦੇ ਸੁਆਲ ਉਹਨਾਂ ਦੇ ਮਨ ਅੰਦਰ ਉੱਸਲਵੱਟੇ ਲੈਣ ਲੱਗੇ। ਜਦੋਂ 5 ਅਕਤੂਬਰ 1913 ਨੂੰ ਅਮਰੀਕਾ ਵਿਚ ਨਿਊ ਵੈਸਟਮਿਨਸਟਰ ਵਾਲਾ ‘ਗੁਰਸਿੱਖ ਟੈਂਪਲ ਸੁਖ ਸਾਗਰ ਗੁਰਦੁਆਰਾ ਖੋਲ੍ਹਿਆ ਤਾਂ ਭਾਈ ਪਿਆਰਾ ਸਿੰਘ ਇਸ ਵਿੱਚ ਅੰਮ੍ਰਿਤ ਪ੍ਰਚਾਰ ਕਰਦੇ ਰਹੇ। ਉਹ 1913 ਵਿੱਚ ਹੀ ‘ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ’ ਨਾਂਅ ਦੀ ਜੱਥੇਬੰਦੀ ਨਾਲ ਜੁੜ ਗਏ ਜੋ 1 ਨਵੰਬਰ 1913 ਨੂੰ ‘ਗ਼ਦਰ’ ਅਖ਼ਬਾਰ ਪ੍ਰਕਾਸ਼ਿਤ ਅਤੇ ਮਕਬੂਲ ਹੋਣ ਨਾਲ ਗ਼ਦਰ ਪਾਰਟੀ ਕਰਕੇ ਜਾਣੀ ਜਾਣ ਲੱਗੀ।

ਗ਼ਦਰ ਪਾਰਟੀ ਦੇ ਪਹਿਲੇ ਜੱਥੇ ਵਿੱਚ ਕਰਮ ਸਿੰਘ ਦੇ ਨਾਮ ਤੇ ਭਾਰਤ ਆਉਣ ਵਾਲਿਆਂ ਵਿੱਚ ਉਹ ਸ਼ਾਮਲ ਸਨ। ਜਦੋਂ ਗੋਰੇ ਹਾਕਮਾਂ ਨੂੰ ਸੂਹੀਆ ਅਮਲੇ ਰਾਹੀਂ ਭੇਦ ਪੈ ਗਿਆ ਕਿ ਕਰਮ ਸਿੰਘ ਨਾਮ ਦਾ ਵਿਅਕਤੀ ਅਸਲ ਵਿੱਚ ਪਿਆਰਾ ਸਿੰਘ ਲੰਗੇਰੀ ਹੈ ਤਾਂ ਉਹਨਾਂ ਦੇ ਘਰ ਪੁਲਸ ਨੇ ਛਾਪੇ ਮਾਰੇ। ਤਸਵੀਰਾਂ ਵਿੱਚ ਇਹ ਉਹੀ ਘਰ ਹੈ ਜਿਸ ਵਿੱਚ ਮਗਰੋਂ ਕਰਤਾਰ ਸਿੰਘ ਸਰਾਭਾ ਅਤੇ ਉਹਨਾਂ ਦੇ ਸਾਥੀ ਆਉਂਦੇ ਰਹੇ ਅਤੇ ਫੋਟੋ ਵਿੱਚ ਦਿਖਾਈ ਦਿੰਦੀਆਂ ਬਾਰੀਆਂ ਵਿੱਚੋਂ ਪੁਲਿਸ ਛਾਪੇ ਮੌਕੇ ਛਾਲਾਂ ਮਾਰਦੇ ਰਹੇ। ਮਗਰੋਂ ਜਾ ਕੇ ਪੁਲਸ ਦੇ ਹੱਥ ਆਉਣ ਤੇ ਉਹਨਾਂ ਨੂੰ ਜਲਾਵਤਨ ਅਤੇ ਜਾਇਦਾਦ ਜ਼ਬਤੀ ਦੀ ਸਜ਼ਾ ਸੁਣਾਈ ਗਈ।

ਜਦੋਂ ਭਾਈ ਪਿਆਰਾ ਸਿੰਘ ਅੰਡੇਮਾਨ ਜੇਲ੍ਹ ਤੋਂ ਆਏ ਤਾਂ ਲੰਗੇਰੀ ਪਿੰਡ ਅਤੇ ਉਹਨਾਂ ਦਾ ਘਰ ਗਦਰੀ ਸਰਗਰਮੀਆਂ ਦਾ ਧੁਰਾ ਬਣ ਗਿਆ। ਗ਼ਦਰੀਆਂ ਦੀ ਸਾਂਭ-ਸੰਭਾਲ ਅਤੇ ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ ’ਤੇ ਪਹੁੰਚਾਉਣ ਦਾ ਕੰਮ ਪਿਆਰਾ ਸਿੰਘ ਬਾਖ਼ੂਬੀ ਕਰਦੇ ਰਹੇ। ਗ਼ਦਰੀ ਊਧਮ ਸਿੰਘ ਕਸੇਲ ਵੈਲੂਰ ਜੇਲ੍ਹ ਦੀ ਕੰਧ ਟੱਪਕੇ ਭੱਜਕੇ ਲੰਗੇਰੀ ਪਿੰਡ ਪੁੱਜਾ। ਉਸਦੀ ਸਿਹਤ ਬਹੁਤ ਖ਼ਰਾਬ ਹੋ ਗਈ ਸੀ। ਭਾਈ ਪਿਆਰਾ ਸਿੰਘ ਲੰਗੇਰੀ ਨੇ ਉਨ੍ਹਾਂ ਨੂੰ ਅਤੇ ਗੁਰਮੁਖ ਸਿੰਘ ਲਲਤੋਂ ਨੂੰ ਤੰਦਰੁਸਤ ਕਰਕੇ ਕਾਬੁਲ ਪਹੁੰਚਾਇਆ। ਜੋ ਬਾਦ ਵਿੱਚ ਗ਼ਦਰੀਆਂ ਦਾ ਕਾਬਲ ਅੱਡਾ ਕਰਕੇ ਜਾਣਿਆਂ ਜਾਣ ਲੱਗਾ। ਬੱਬਰ ਅਕਾਲੀ ਲਹਿਰ ਅਤੇ ਜੈਤੋ ਦਾ ਮੋਰਚਾ ਵਿੱਚ ਵੀ ਭਾਈ ਪਿਆਰਾ ਸਿੰਘ ਲੰਗੇਰੀ ਦੀਆਂ ਪੈੜਾਂ ਦੇ ਨਿਮਾਨ ਮਿਲਦੇ ਹਨ। ਜਦੋਂ 17 ਨਵੰਬਰ 1959 ਨੂੰ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਦੀ ਆਧਾਰਸ਼ਿਲਾ ਰੱਖੀ ਉਸ ਮੌਕੇ ਪਿਆਰਾ ਸਿੰਘ ਲੰਗੇਰੀ ਵੀ ਵਿਸ਼ੇਸ਼ ਸਹਾਇਤਾ ਕਰਨ ਵਾਲਿਆਂ ਵਿੱਚ ਸ਼ਾਮਲ ਹਨ।

ਖੋਜਕਾਰਾਂ ਲਈ ਗ਼ਦਰ ਲਹਿਰ ਦੀਆਂ ਪੈੜਾਂ ਨੱਪਣ ਲਈ ਪਿਆਰਾ ਸਿੰਘ ਲੰਗੇਰੀ ਦੇ ਵਾਇਆ ਹੋ ਕੇ ਜਾਂਦਿਆਂ ਪਤਾ ਲੱਗਦਾ ਹੈ ਕਿ ਗ਼ਦਰੀਆਂ ਦੀ ਪਹਿਲੀ ਮੀਟਿੰਗ ਲੌਂਢੂਵਾਲ (ਲੁਧਿਆਣਾ) ਹੋਈ। ਦੂਜੀ ਮੀਟਿੰਗ ਅੰਮ੍ਰਿਤਸਰ 16-17 ਅਕਤੂਬਰ 1914 ਨੂੰ ਘੰਟਾ ਘਰ ਲਾਗੇ ਨਾਨਕ ਸਿੰਘ ਦੇ ਘਰ ਹੋਈ। ਕਰਤਾਰ ਸਿੰਘ ਸਰਾਭਾ ਨੇ ਭਾਈ ਪਿਆਰਾ ਸਿੰਘ ਅਤੇ ਨਿਧਾਨ ਸਿੰਘ ਚੁੱਘਾ ਨੂੰ ਪਿੰਡਾਂ ਵਿੱਚ ਜਾ ਕੇ ਗ਼ਦਰ ਪਾਰਟੀ ਦੇ ਪ੍ਰੋਗਰਾਮ ਬਾਰੇ ਦੱਸਣ ਦੀ ਜ਼ਿੰਮੇਵਾਰੀ ਸੌਂਪੀ। ਪਿਆਰੀ ਸਿੰਘ ਲੰਗੇਰੀ ਦੀ ਗ੍ਰਿਫ਼ਤਾਰੀ ਦਾ ਦ੍ਰਿਸ਼ ਬਹੁਤ ਸਾਰੇ ਸੁਆਲ ਖੜ੍ਹੇ ਕਰਦਾ ਹੈ। ਪਹਿਲਾਂ ਧੋਖਾਧੜੀ ਨਾਲ ਫੜਿਆ ਜਾਂਦਾ ਹੈ। ਫਿਰ ਉਹੀ ਲੋਕ ਜੋ ਘੇਰਕੇ ਫੜਨ ਵਿੱਚ ਸ਼ਾਮਲ ਸਨ ਪਤਾ ਲੱਗਣ ਤੇ ਕਿ ਇਹ ਤਾਂ ਪਿਆਰਾ ਸਿੰਘ ਹੈ ਬੇਹੱਦ ਪਛਤਾਵਾ ਕਰਦੇ ਹਨ। ਪੁਲਿਸ ਵੱਲੋਂ ਉਹਨਾਂ ਨੂੰ ਬੇੜੀਆਂ ਨਾਲ ਜਕੜਕੇ ਮਾਹਿਲਪੁਰ ਥਾਣੇ ਰੱਖਿਆ ਜਾਂਦਾ ਹੈ। ਉਹਨਾਂ ਨੂੰ 25 ਅਪ੍ਰੈਲ 1915 ਨੂੰ ਲਾਹੌਰ ਫਿਰ ਰਾਵਲਪਿੰਡੀ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿੱਚੋਂ ਭੱਜ ਨਿਕਲਣ ਦੀ ਯੋਜਨਾ ਦਾ ਪਤਾ ਲੱਗਣ ’ਤੇ ਪਿਆਰਾ ਸਿੰਘ ਨੂੰ ਅੰਡੇਮਾਨ ਕਾਲ਼ੇ ਪਾਣੀ ਜੇਲ੍ਹ ਭੇਜ ਦਿੱਤਾ। ਨਾਰੀਅਲ ਦੀ ਮੁੰਜ ਉਧੇੜਨ, ਕੋਹਲੂ ਗੇੜਨ ਆਦਿ ਦੀਆਂ ਸਜ਼ਾਵਾਂ ਮੰਨਣ ਤੋਂ ਨਾਬਰ ਪਿਆਰਾ ਸਿੰਘ ਲੰਗੇਰੀ ਨੂੰ ਅੰਡੇਮਾਨ ਜੇਲ੍ਹ ਵਿੱਚ ਬਣਾਏ ਲੋਹੇ ਦੇ ਪਿੰਜਰੇ ਵਿੱਚ ਤਾੜ ਦਿੱਤਾ। ਪੰਜ ਸਾਲ ਉਹ 24 ਘੰਟੇ ਲੋਹੇ ਦੇ ਪਿੰਜਰੇ ਵਿੱਚ ਰਹੇ। ਵਿਆਪਕ ਜੱਦੋ ਜਹਿਦ ਮਗਰੋਂ ਉਹ ਰਿਹਾਅ ਹੋਵੇ। ਭਾਈ ਸੰਤੋਖ ਸਿੰਘ ਦੀ ਸੰਪਾਦਨਾ



ਵਿੱਚ ਛਪੇ ਰਸਾਲੇ ‘ਕਿਰਤੀ’ ਵਿੱਚ ਪਿਆਰਾ ਸਿੰਘ ਸ਼ਾਮਲ ਰਹੇ। ਜਦੋਂ 15 ਅਕਤੂਬਰ 1947 ਦੇ ਦੌਰ ਵਿੱਚ ਪੰਜਾਬ ਕਤਲੋਗਾਰਦ, ਉਜਾੜੇ ਅਤੇ ਵੰਡ ਦੇ ਮੂੰਹ ਧੱਕਿਆ ਗਿਆ। ਉਸ ਮੌਕੇ ਪਿਆਰਾ ਸਿੰਘ ਲੰਗੇਰੀ ਦੀ ਭੂਮਿਕਾ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖਣ ਵਾਲੀ ਹੈ। ਉਹਨਾਂ ਨੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਹਰ ਸੰਭਵ ਯਤਨ ਕੀਤਾ। ਕਤਲੋਗਾਰਦ ਖਿਲਾਫ਼ੇ ਡਟਕੇ ਸਟੈਂਡ ਲਿਆ।

18 ਸਤੰਬਰ 1970 ਨੂੰ ਪਿੰਡ ਪਨਾਮ (ਹੁਸ਼ਿਆਰਪੁਰ) ਉਹਨਾਂ ਦਾ ਦੇਹਾਂਤ ਹੋਇਆ। ਗ਼ਦਰ ਪਾਰਟੀ ਦੀ ਨੀਂਹ 1913 ’ਚ ਰੱਖਣ ਤੋਂ ਲੈਕੇ 1970 ਤੱਕ 57 ਵਰ੍ਹਿਆਂ ਦਾ ਸੂਹਾ ਸਫ਼ਰ ਪਿਆਰਾ ਸਿੰਘ ਲੰਗੇਰੀ ਦੇ ਦੇਸ਼ ਪ੍ਰੇਮ, ਸਾਮਰਾਜ ਤੋਂ ਮੁਕਤੀ, ਦੇਸੀ-ਬਦੇਸੀ ਦਾਬੇ ਗੁਲਾਮੀ ਦਾ ਜੂਲਾ ਵਗਾਹ ਮਾਰਨ ਲਈ ਸ਼ਾਨਦਾਰ ਜੱਦੋਜਹਿਦ ਭਰਿਆ ਮੂੰਹ ਬੋਲਦਾ ਇਤਿਹਾਸ ਹੈ। ਸਾਢੇ ਅਠਾਰਾਂ ਵਰ੍ਹਿਆਂ ਦਾ ਸਰਾਭਾ, ਲੁਧਿਆਣਾ ਜ਼ਿਲ੍ਹੇ ਵਿੱਚ ਜਨਮ ਲੈਂਦਾ ਹੈ। ਅਮਰੀਕਾ ਵਿੱਚ ਗ਼ਦਰ ਅਖ਼ਬਾਰ ਛਾਪਦਾ ਹੈ। ਮੁਲਕ ਆ ਕੇ ਗ਼ਦਰ ਦੀ ਤਿਆਰੀ ਕਰਦਾ ਹੈ। ਲੰਗੇਰੀ ਪਿੰਡ ਦੇ ਗ਼ਦਰੀ ਪਿਆਰਾ ਸਿੰਘ ਦੇ ਚੁਬਾਰਿਆਂ ਤੋਂ ਪੁਲਸ ਨੂੰ ਝਕਾਨੀ ਦੇ ਕੇ ਛਾਲਾਂ ਮਾਰਦਾ ਹੈ। ਆਜ਼ਾਦੀ ਦਾ ਅੰਮ੍ਰਿਤ ਮਹਾਂ ਉਤਸ਼ਵ ਮਨਾਉਣ ਦੇ ਦਾਅਵੇਦਾਰਾਂ ਨੂੰ ਇਤਿਹਾਸ ਦੇ ਇਹ ਵਰਕੇ ਸੰਭਾਲਣ ਦਾ ਚਿੱਤ ਚੇਤਾ ਵੀ ਨਹੀਂ। ਮੁਲਕ ਜਿਹੋ ਜਿਹੇ ਗੰਭੀਰ ਹਾਲਾਤ ਵੱਲ ਧੱਕਿਆ ਜਾ ਰਿਹਾ ਹੈ, ਪਿਆਰਾ ਸਿੰਘ ਲੰਗੇਰੀ ਅਤੇ ਕਰਤਾਰ ਸਿੰਘ ਸਰਾਭਾ ਵਰਗਿਆਂ ਦੀ ਮੁੜ ਮੁੜ ਯਾਦ ਆਵੇਗੀ। ਉਹ ਸਮਾਜ ਨੂੰ ਹਰਿਆ ਭਰਿਆ, ਭੈਅ, ਜਾਤ ਪਾਤੀ ਫਿਰਕਾਪ੍ਰਸਤੀ, ਬੇਰੁਜਗਾਰੀ, ਕਰਜੇ, ਖੁਦਕੁਸੀਆਂ ਜਬਰ ਸਿਤਮ ਤੋਂ ਮੁਕਤ ਅਤੇ ਰੋਜ ਹੀ ਦੀਵਾਲੀ ਵਾਲੀ ਰਾਤ ਵਰਗਾ ਦੇਖਣਾ ਲੋਚਦੇ ਸਨ।

ਇਤਿਹਾਸ ਦੀ ਇਹ ਮਸਾਲ ਜਗਦੀ ਰੱਖਣ ਲਈ ਲੰਗੇਰੀ ਪਿੰਡ ਦੀ ਬੁੱਕਲ ਵਿਚ ਸਮੋਏ ਇਤਿਹਾਸ ਨੂੰ ਸੰਭਾਲਣ ਦੀ ਲੋੜ ਹੈ।

## ਪੰਜਾਬ ਯੂਨੀਵਰਸਿਟੀ ਸੰਘਰਸ਼: ਚੰਗੀ ਪਹਿਲਕਦਮੀ

### ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੇਂਦਰੀਕਰਨ ਵਿਰੁੱਧ, ਇਸ ਉੱਪਰ ਪੰਜਾਬ ਦਾ ਹੱਕ ਬਹਾਲ ਕਰਵਾਉਣ ਲਈ 8 ਜੂਨ ਨੂੰ ਚੰਡੀਗੜ੍ਹ ਵਿਖੇ ਪੰਜਾਬ ਦੀਆਂ 9 ਵਿਦਿਆਰਥੀ ਜਥੇਬੰਦੀਆਂ ਵੱਲੋਂ ਰੋਸ ਮੁਜਾਹਰੇ ਦਾ ਐਲਾਨ

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਖਿਲਾਫ ਪੰਜਾਬ ਦੀਆਂ 9 ਵਿਦਿਆਰਥੀ ਜਥੇਬੰਦੀਆਂ ਦੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਮੀਟਿੰਗ ਹੋਈ।ਜਿਸਦੇ ਵਿੱਚ ਹੇਠ ਲਿਖੀਆਂ ਮੰਗਾਂ ਤੇ 8 ਜੂਨ ਨੂੰ ਚੰਡੀਗੜ੍ਹ ‘ਚ ਕੇਂਦਰ ਸਰਕਾਰ ਖਿਲਾਫ ਰੋਸ ਮੁਜਾਹਰਾ ਕਰਨ ਦਾ ਫੈਸਲਾ ਕੀਤਾ ਗਿਆ:-

1) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਪੰਜਾਬ ਨੂੰ ਦਿੱਤਾ ਜਾਏ ਅਤੇ ਇਸਦਾ ਕੇਂਦਰੀਕਰਨ ਬੰਦ ਕੀਤਾ ਜਾਏ।

2) ਨਵੀਂ ਸਿੱਖਿਆ ਨੀਤੀ ਰਾਹੀਂ ਸਿੱਖਿਆ ਦੇ ਨਿੱਜੀਕਰਨ, ਭਗਵੇਂਕਰਨ ਅਤੇ ਕੇਂਦਰੀਕਰਨ ਕਰਨ ਦੀ ਨੀਤੀ ਰੱਦ ਕਰੋ।

3) ਪੰਜਾਬ ਦੀਆਂ ਸਰਕਾਰੀ ਯੂਨੀਵਰਸਿਟੀਆਂ ਦੀਆਂ ਕੁੱਲ ਵਿੱਤੀ ਜਿੰਮੇਵਾਰੀਆਂ ਪੰਜਾਬ ਸਰਕਾਰ ਚੁੱਕੇ।

ਵੱਲੋਂ: ਪੀਐੱਸਯੂ , ਪੀਐੱਸਯੂ (ਸ਼ਹੀਦ ਰੰਧਾਵਾ),ਪੀਐੱਸਯੂ,(ਲਲਕਾਰ ) ਪੀਆਰਐੱਸਯੂ, ਐੱਸਐੱਫਐੱਸ, ਡੀਐੱਸਓ, ਪੀਐੱਸਐੱਫ, ਏਆਈ ਐੱਸਐੱਫ ਅਤੇ ਐੱਸਐੱਫਆਈ।

**ਜੌਬ ——ਜੌਬ ——ਜੌਬ**

**Mantra construction ਕੰਪਨੀ ਨੂੰ ਕੰਮ ਵਾਸਤੇ ਇਕ ਹਿਲਪਰ ਦੀ ਲੋੜ ਹੈ ਜਿਸਦੇ ਕੋਲ ਆਪਣੀ ਗੱਡੀ ਤੇ G ਲੈਸੰਸ ਹੋਣਾ ਜ਼ਰੂਰੀ ਹੈ ਜੌਬ ਲਈ ਹੇਠ ਲਿਖੇ ਫ਼ੋਨ ਤੇ ਸੰਪਰਕ ਕਰ ਸਕਦੇ ਹੋ**

**Phone :- 416 833 2162**

# ਕਸ਼ਮੀਰੀ ਆਗੂ ਯਾਸੀਨ ਮਲਿਕ ਨੂੰ ਉਮਰ ਕੈਦ ਦੀ ਸਜ਼ਾ

ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਪ੍ਰਮੁੱਖ ਆਗੂ ਯਾਸੀਨ ਮਲਿਕ ਨੂੰ ਹਾਲ ਹੀ ਵਿਚ ਦਿੱਤੀ ਤਾਉਮਰ ਕੈਦ ਦੀ ਸਜ਼ਾ ਪੂਰੀ ਤਰ੍ਹਾਂ ਇਕਤਰਫ਼ਾ ਅਤੇ ਅਨਿਆਂਕਾਰੀ ਅਦਾਲਤੀ ਫ਼ੈਸਲਾ ਹੈ ਜਿਸ ਨੂੰ ਸਾਨੂੰ ਕਸ਼ਮੀਰ ਮਸਲੇ ਦੇ ਇਤਿਹਾਸਕ ਪਿਛੋਕੜ ਅਤੇ ਇਸ ਵਿਚ ਭਾਰਤੀ ਰਾਜ ਦੀ ਭੂਮਿਕਾ ਦੇ ਹਵਾਲੇ ਨਾਲ ਸਮਝਣਾ ਚਾਹੀਦਾ ਹੈ।

ਪਹਿਲੀ ਗੱਲ, ਯਾਸੀਨ ਮਲਿਕ ਅਤੇ ਉਸ ਦੀ ਅਗਵਾਈ ਹੇਠਲੀ ਜਥੇਬੰਦੀ ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਨੂੰ ਪਾਕਿਸਤਾਨ ਨਾਲ ਜੋੜ ਕੇ ਪੇਸ਼ ਕਰਨਾ ਹੀ ਕੌਮੀ ਜਾਂਚ ਏਜੰਸੀ ਦੀ ਬੇਈਮਾਨੀ ਹੈ ਕਿਉਂਕਿ ਉਨ੍ਹਾਂ ਦੀ ਮੰਗ ਸ਼ੁਰੂ ਤੋਂ ਹੀ ਜੰਮੂ-ਕਸ਼ਮੀਰ ਦੀ ਆਜ਼ਾਦੀ ਦੀ ਰਹੀ ਹੈ ਅਤੇ ਉਹ ਜੰਮੂ-ਕਸ਼ਮੀਰ ਨੂੰ ਪਾਕਿਸਤਾਨ ਵਿਚ ਸ਼ਾਮਿਲ ਕਰਨ ਦੇ ਖ਼ਿਲਾਫ਼ ਰਹੇ ਹਨ। ਇਹ ਜੱਗ ਜ਼ਾਹਿਰ ਤੱਥ ਹੈ ਕਿ ਲੱਗਭੱਗ ਢਾਈ ਦਹਾਕੇ ਪਹਿਲਾਂ ਹੀ ਯਾਸੀਨ ਮਲਿਕ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਉਹ ਆਪਣਾ ਸੰਘਰਸ਼ ਪੁਰਅਮਨ ਰਾਜਨੀਤਕ ਤਰੀਕੇ ਨਾਲ ਕਰਨਗੇ ਅਤੇ ਉਨ੍ਹਾਂ ਨੇ ਆਜ਼ਾਦੀ ਲਈ ਹਥਿਆਰਬੰਦ ਸੰਘਰਸ਼ ਦਾ ਰਸਤਾ ਤਿਆਗ ਦਿੱਤਾ ਸੀ। ਉਹ ਭਾਰਤ ਸਰਕਾਰ ਨਾਲ ਗੱਲਬਾਤ ਚਲਾਉਣ ਦੇ ਹਾਮੀ ਹਨ। ਐਸੀ ਰਾਜਨੀਤਕ ਜਥੇਬੰਦੀ ਨੂੰ ਗ਼ੈਰਕਾਨੂੰਨੀ ਕਰਾਰ ਦੇਣ ਅਤੇ ਉਸ ਉੱਪਰ ਪਾਬੰਦੀ ਲਗਾਉਣ ਦੀ ਕੋਈ ਵਾਜਬੀਅਤ ਨਹੀਂ ਬਣਦੀ। ਜੋ ਆਗੂ ਅਦਾਲਤ ਵਿਚ ਕਹਿ ਰਿਹਾ ਹੈ ਕਿ ਉਹ ਹਿੰਸਾ ਦਾ ਰਸਤਾ ਛੱਡ ਚੁੱਕਾ ਹੈ ਅਤੇ ਗਾਂਧੀਵਾਦੀ ਤਰੀਕੇ ਨਾਲ ਸੰਘਰਸ਼ ਕਰਨਾ ਚਾਹੁੰਦਾ ਹੈ, ਉਸ ਦੇ ਕਥਿਤ ਹਿੰਸਾ ਦੇ ਪੁਰਾਣੇ ਕੇਸਾਂ ਨੂੰ ਮਸਲੇ ਦੇ ਰਾਜਨੀਤਕ ਹੱਲ ਦੇ ਨਜ਼ਰੀਏ ਨਾਲ ਲੈਣਾ ਜ਼ਰੂਰੀ ਸੀ। ਇਸ ਦੀ ਬਜਾਏ ਕਸ਼ਮੀਰੀ ਆਗੂਆਂ ਉੱਪਰ ਦਹਿਸ਼ਤਵਾਦੀ ਮੁਕੱਦਮੇ ਚਲਾਉਣ ਦਾ ਸੰਘੀਆਂ ਦਾ ਅਸਲ ਮਨੋਰਥ ਕਸ਼ਮੀਰ ਦੀ ਰਾਜਨੀਤਕ ਲੀਡਰਸ਼ਿਪ ਨੂੰ ਖਤਮ ਕਰਨਾ ਹੈ ਤਾਂ ਜੁ ਕਸ਼ਮੀਰੀਆਂ ਦੇ ਹਿਤਾਂ ਦੀ ਗੱਲ ਕਰਨ ਵਾਲਾ ਅਤੇ ਆਰ.ਐੱਸ.ਐੱਸ.-ਭਾਜਪਾ ਹਕੂਮਤ ਵੱਲੋਂ ਕਸ਼ਮੀਰੀਆਂ ਉੱਪਰ ਕਰਵਾਏ ਜਾ ਰਹੇ ਜ਼ੁਲਮਾਂ ਦਾ ਵਿਰੋਧ ਕਰਨ ਵਾਲਾ ਉੱਥੇ ਕੋਈ ਨਾ ਹੋਵੇ।



ਜਿੱਥੋਂ ਤੱਕ ਕਤਲੇਆਮ ਅਤੇ ਹਿੰਸਾ ਦਾ ਸਵਾਲ ਹੈ, ਇਹ ਖ਼ੁਦ ਭਾਰਤੀ ਹੁਕਮਰਾਨ ਹਨ ਜੋ ਕਸ਼ਮੀਰ ਦੇ ਮਸਲੇ ਦਾ ਗੱਲਬਾਤ ਰਾਹੀਂ ਰਾਜਨੀਤਕ ਹੱਲ ਕਰਨ ਦੀ ਬਜਾਏ ਫ਼ੌਜੀ ਤਾਕਤ ਦੇ ਜ਼ੋਰ ਅਤੇ ਅਫਸਪਾ ਵਰਗੇ ਕਾਲੇ ਕਾਨੂੰਨਾਂ ਦੇ ਜ਼ੋਰ ਕਸ਼ਮੀਰੀ ਅਵਾਮ ਨੂੰ ਦਬਾਉਂਦੇ ਅਤੇ ਜੰਮੂ ਕਸ਼ਮੀਰ ਵਿਚ ਖ਼ੂਨ ਵਹਾਉਂਦੇ ਆ ਰਹੇ ਹਨ। ਮਨੁੱਖੀ ਹੱਕਾਂ ਦਾ ਘਾਣ ਸਭ ਤੋਂ ਜ਼ਿਆਦਾ ਭਾਰਤੀ ਹਕੂਮਤਾਂ ਦੀ ਕਸ਼ਮੀਰ ਪ੍ਰਤੀ ਜਾਬਰ ਪਸਾਰਵਾਦੀ ਨੀਤੀ ਨੇ ਕੀਤਾ ਹੈ। ਆਰ.ਐੱਸ.ਐੱਸ.-ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਦ ਕਸ਼ਮੀਰ ਬਾਰੇ ਭਾਰਤੀ ਹਕੂਮਤ ਦੀ ਨੀਤੀ ਹੋਰ ਵੀ ਜ਼ਿਆਦਾ ਹਿੰਸਕ ਅਤੇ ਖ਼ੂੰਖਾਰ ਹੋ ਗਈ ਹੈ। ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰਕੇ ਕਸ਼ਮੀਰੀ ਕੌਮੀਅਤ ਦੀ ਹਸਤੀ ਨੂੰ ਮਿਟਾਉਣ ਲਈ ਫ਼ੌਜੀ ਬੂਟਾਂ ਹੇਠ ਦਰੜਿਆ ਜਾ ਰਿਹਾ ਹੈ। ਕਸ਼ਮੀਰ ਦੇ ਆਮ ਲੋਕ ਆਜ਼ਾਦੀ ਅਤੇ ਅਮਨ ਚਾਹੁੰਦੇ ਹਨ, ਉਹ ਪਾਕਿਸਤਾਨ ਨਾਲ ਨਹੀਂ ਜਾਣਾ ਚਾਹੁੰਦੇ। ਇਸ ਕਰਕੇ, ਕਸ਼ਮੀਰ ਵਿਚ ਖ਼ੂਨਖਰਾਬੇ ਲਈ ਭਾਰਤੀ ਹੁਕਮਰਾਨਾਂ ਦੀ ਪਸਾਰਵਾਦ ਦੀ ਦਹਿਸ਼ਤਵਾਦੀ ਨੀਤੀ ਮੁੱਖ ਜ਼ਿੰਮੇਵਾਰ ਹੈ ਜੋ ਕਸ਼ਮੀਰੀ ਨੌਜਵਾਨਾਂ ਨੂੰ ਹਥਿਆਰ ਚੁੱਕਣ ਅਤੇ ਪਾਕਿਸਤਾਨ ਪੱਖੀ ਗਰੁੱਪਾਂ ਨੂੰ ਕਸ਼ਮੀਰੀ ਲੋਕਾਂ ਦੀ ਆਜ਼ਾਦੀ ਦੀ ਜਮਹੂਰੀ ਰੀਝ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਵਰਤਣ ਦਾ ਆਧਾਰ ਮੁਹੱਈਆ ਕਰਦੀ ਹੈ। ਜੋ ਕਸ਼ਮੀਰੀ ਆਗੂ ਗੱਲਬਾਤ ਰਾਹੀਂ ਅਤੇ ਪੁਰਅਮਨ ਤਰੀਕੇ ਨਾਲ ਮਸਲੇ ਦੇ ਰਾਜਨੀਤਕ ਹੱਲ ਦੀ ਵਕਾਲਤ ਕਰਦੇ ਹਨ, ਉਨ੍ਹਾਂ ਦੇ ਤਿੰਨ ਦਹਾਕੇ ਪੁਰਾਣੇ ਕਥਿਤ ਕੇਸਾਂ ਦੇ ਮੁਰਦੇ ਉਖਾੜਨਾ ਤੇ ਉਨ੍ਹਾਂ ਨੂੰ ਦਹਿਸ਼ਤੀ ਕਾਰਵਾਈਆਂ ਲਈ ਫੰਡ ਜੁਟਾਉਣ ਦੇ ਦੋਸ਼ੀ ਕਰਾਰ ਦੇਣਾ ਅਤੇ ਇਸ ਆਧਾਰ 'ਤੇ ਆਈ ਐੱਨ ਏ ਵਰਗੀਆਂ ਹੱਥਠੋਕਾ ਏਜੰਸੀਆਂ ਦੀਆਂ ਕਥਿਤ ਅਦਾਲਤਾਂ ਰਾਹੀਂ ਯੂਏਪੀਏ ਤਹਿਤ ਮੁਕੱਦਮੇ ਚਲਾਉਣਾ ਆਰ.ਐੱਸ.ਐੱਸ.-ਭਾਜਪਾ ਦੀ ਘਿਣਾਉਣੀ ਚਾਲ ਹੈ।

ਇਹ ਵੀ ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਅਫਸਪਾ, ਯੂਏਪੀਏ ਦੇ ਨਾਲ ਨਾਲ ਰਾਜਧ੍ਰੋਹ ਕਾਨੂੰਨ (ਆਈ ਪੀ ਸੀ ਦੀ ਧਾਰਾ 124ਏ) ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਵਿਰੁੱਧ ਲਗਾਇਆ ਜਾਂਦਾ ਇਕ ਮੁੱਖ ਕਾਨੂੰਨ ਹੈ ਜਿਸ ਬਾਰੇ ਖ਼ੁਦ ਭਾਰਤ ਦੀ ਸੁਪਰੀਮ ਕੋਰਟ ਕਹਿ ਚੁੱਕੀ ਹੈ ਕਿ ਇਸ ਦੀ ਕੋਈ ਵਾਜਬੀਅਤ ਨਹੀਂ ਹੈ ਇਸ ਨੂੰ ਖਤਮ ਕੀਤਾ ਜਾਣਾ ਚਾਹੀਦਾ ਹੈ।

ਇਸ ਫਾਸ਼ੀਵਾਦੀ ਹਕੂਮਤ ਹੇਠ ਆਈ ਐੱਨ ਏ ਵਰਗੀਆਂ ਏਜੰਸੀਆਂ ਤੋਂ ਇਸੇ ਤਰ੍ਹਾਂ ਦੇ ਪੱਖਪਾਤੀ ਫ਼ੈਸਲਿਆਂ ਦੀ ਉਮੀਦ ਹੀ ਕੀਤੀ ਜਾ ਸਕਦੀ ਹੈ ਜਿਨ੍ਹਾਂ ਦਾ ਅਸਲ ਦਹਿਸ਼ਤਵਾਦ ਨੂੰ ਰੋਕਣ ਨਾਲ ਕੋਈ ਲਾਗਾਦਾਗਾ ਨਹੀਂ ਹੈ। ਇਨ੍ਹਾਂ ਏਜੰਸੀਆਂ ਨੂੰ ਬਣਾਏ ਜਾਣ ਦਾ ਭਾਰਤੀ ਹੁਕਮਰਾਨਾਂ ਦਾ ਮਨੋਰਥ ਹੀ ਅਵਾਮ ਦੀਆਂ ਜਮਹੂਰੀ ਰੀਝਾਂ ਅਤੇ ਆਵਾਜ਼ਾਂ ਨੂੰ ਦਬਾਉਣਾ ਹੈ ਅਤੇ ਇਹ ਏਜੰਸੀਆਂ ਤਾਂ ਖ਼ੁਦ ਸਰਕਾਰੀ ਦਹਿਸ਼ਤਵਾਦ ਦਾ ਜ਼ਰੀਆ ਹਨ। ਇਸ ਕਥਿਤ ਦਹਿਸ਼ਤਵਾਦ ਰੋਕੂ ਏਜੰਸੀ ਅਤੇ ਕਿਸੇ ਵੀ ਹੋਰ ਭਾਰਤੀ ਜਾਂਚ ਏਜੰਸੀ ਨੇ ਅੱਜ ਤੱਕ ਕਿਸੇ ਇਕ ਵੀ ਹਿੰਦੂਤਵ ਦਹਿਸ਼ਤਵਾਦੀ ਕੇਸ ਦੀ ਜਾਂਚ ਹੱਥ ਨਹੀਂ ਲਈ। ਹਾਲਾਂਕਿ ਸਮਝੌਤਾ ਐਕਸਪ੍ਰੈੱਸ ਅਤੇ ਹੋਰ ਬਹੁਤ ਸਾਰੇ ਬੰਬ ਕਾਂਡਾਂ ਵਿਚ ਹਿੰਦੂਤਵੀ ਦਹਿਸ਼ਤੀ ਗਰੁੱਪਾਂ ਵੱਲੋਂ ਵੱਡੀ ਤਾਦਾਦ ਵਿਚ ਆਮ ਲੋਕਾਂ ਦੇ ਕਤਲੇਆਮ ਕੀਤੇ ਗਏ। ਇਨ੍ਹਾਂ ਦਹਿਸ਼ਤੀ ਕਾਂਡਾਂ ਵਿਚ ਸਾਧਵੀ ਪ੍ਰੱਗਿਆ ਸਿੰਘ ਅਤੇ ਹੋਰ ਹਿੰਦੂਤਵ ਆਗੂਆਂ ਦੀ ਮੁੱਖ ਭੂਮਿਕਾ ਸੀ। ਸਾਧਵੀ ਪ੍ਰੱਗਿਆ ਦੇ ਵਿਰੁੱਧ ਕੇਸ ਅਜੇ ਵੀ ਚੱਲ ਰਹੇ ਹਨ ਫਿਰ ਵੀ ਉਸ ਨੂੰ 'ਚੁਣ ਕੇ'ਪਾਰਲੀਮੈਂਟ ਵਿਚ ਭੇਜਿਆ ਗਿਆ ਅਤੇ ਐੱਨ ਆਈ ਏ ਆਦਿ ਏਜੰਸੀਆਂ ਉਨ੍ਹਾਂ ਵੱਲ ਅੱਖ ਚੁੱਕ ਵੀ ਨਹੀਂ ਝਾਕ ਸਕਦੀਆਂ।

ਅੱਜ ਇਹ ਪੁਰਜ਼ੋਰ ਮੰਗ ਕਰਨ ਦੀ ਲੋੜ ਹੈ ਕਿ ਐੱਨ ਆਈ ਏ ਦੀਆਂ ਅਦਾਲਤਾਂ ਦੇ ਨਾਂ ਹੇਠ ਨਿਆਂ ਨਾਲ ਮਜ਼ਾਕ ਬੰਦ ਕੀਤਾ ਜਾਵੇ। ਯਾਸੀਨ ਮਲਿਕ ਨੂੰ ਸੁਣਾਈ ਸਜ਼ਾ ਰੱਦ ਕੀਤੀ ਜਾਵੇ। ਕਸ਼ਮੀਰ ਮਸਲੇ ਦੇ ਰਾਜਨੀਤਕ ਹੱਲ ਲਈ ਕਸ਼ਮੀਰ ਦੇ ਰਾਜਨੀਤਕ ਆਗੂਆਂ ਨਾਲ ਬਿਨਾਂ ਸ਼ਰਤ ਗੱਲਬਾਤ ਸ਼ੁਰੂ ਕੀਤੀ ਜਾਵੇ। ਜੇਲ੍ਹਾਂ ਵਿਚ ਡੱਕੇ ਕਸ਼ਮੀਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ ਅਤੇ ਝੂਠੇ ਮੁਕੱਦਮੇ ਵਾਪਸ ਲਏ ਜਾਣ। ਜੰਮੂ-ਕਸ਼ਮੀਰ ਵਿੱਚੋਂ ਫ਼ੌਜ ਅਤੇ ਨੀਮ ਫ਼ੌਜੀ ਲਸ਼ਕਰ ਵਾਪਸ ਬੁਲਾਏ ਜਾਣ ਅਤੇ ਫ਼ੌਜੀ ਕਾਰਵਾਈਆਂ ਤੁਰੰਤ ਬੰਦ ਕੀਤੀਆਂ ਜਾਣ। ਅਫਸਪਾ ਅਤੇ ਪਬਲਿਕ ਸੇਫਟੀ ਐਕਟ ਵਰਗੇ ਕਾਲੇ ਕਾਨੂੰਨ ਖਤਮ ਕੀਤੇ ਜਾਣ। ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਮੁੜ ਬਹਾਲ ਕੀਤਾ ਜਾਵੇ। ਆਰ.ਐੱਸ.ਐੱਸ.-ਭਾਜਪਾ ਜੰਮੂ-ਕਸ਼ਮੀਰ ਦੀ ਹਸਤੀ ਨੂੰ ਮਿਟਾਉਣ ਅਤੇ ਕਸ਼ਮੀਰੀ ਅਵਾਮ ਨੂੰ ਦਬਾਉਣ ਦੀਆਂ ਘਿਣਾਉਣੀਆਂ ਚਾਲਾਂ ਬੰਦ ਕਰੇ ਅਤੇ ਉਨ੍ਹਾਂ ਦਾ ਸਵੈਨਿਰਣੇ ਦਾ ਜਮਹੂਰੀ ਹੱਕ ਤਸਲੀਮ ਕਰੇ।


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com




Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles, Tiles on Walls, Kitchen,Washroom or anywhere in Home.
You can upgrade your Kitchen or Washroom



ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com



Dalveer Purba
587-435-5600



*15 ਮਈ ਜਨਮ ਦਿਨ 'ਤੇ*

# ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਨੂੰ ਰੋਕਣਾ ਚਾਹੁੰਦੇ ਸਨ ਸੁਖਦੇਵ ਅਤੇ ਉਸਦੇ ਸਾਥੀ




ਸੁਖਵਿੰਦਰ ਲੀਲ੍ਹ
9888814227

ਭਾਰਤ ਦੇਸ਼ ਨੂੰ ਅੰਗਰੇਜ਼ੀ ਹਕੂਮਤ ਹੱਥੋਂ ਅਜ਼ਾਦ ਕਰਵਾਉਣ ਲਈ ਬਹੁਤ ਸਾਰੀਆਂ ਲਹਿਰਾਂ ਚੱਲੀਆਂ। ਜਿਨਾਂ ਵਿੱਚ ਗ਼ਦਰ ਲਹਿਰ, ਪੱਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਕਿਰਤੀ ਲਹਿਰ, ਬੱਬਰ ਅਕਾਲੀ ਲਹਿਰ, ਹਿੰਦੋਸਤਾਨ ਪਰਜਾਤੰਤਰ ਸੈਨਾ, ਅਜ਼ਾਦ ਹਿੰਦ ਫੌਜ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਵਾਲੀ ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਐਸੋਸੀਏਸ਼ਨ ਵਰਗੀਆਂ ਹੋਰ ਕਿੰਨੀਆਂ ਹੀ ਲਹਿਰਾਂ ਦੌਰਾਨ ਅਨੇਕਾਂ ਸੂਰਬੀਰ ਯੋਧਿਆਂ ਨੇ ਆਪਣੀਆਂ ਜਾਨਾਂ ਦੇਸ਼ ਲਈ ਕੁਰਬਾਨ ਕੀਤੀਆਂ। ਭਾਵੇਂ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ ਮੁੱਢਲਾ ਸੰਘਰਸ਼ ਭਾਰਤ ਦੇਸ਼ ਨੂੰ ਅਜ਼ਾਦ ਕਰਵਾਉਣਾ ਸੀ, ਪਰ ਅਜ਼ਾਦੀ ਪਿੱਛੋਂ ਉਹ ਇਨਕਲਾਬੀ ਵਿਚਾਰਧਾਰਾ ਰਾਹੀਂ ਬਰਾਬਰਤਾ ਵਾਲਾ ਊਚ-ਨੀਚ ਰਹਿਤ,ਜਾਤਾਂ-ਪਾਤਾਂ ਤੋਂ ਮੁਕਤ ਸਮਾਜ ਸਿਰਜਣਾ ਚਾਹੁੰਦੇ ਸਨ।

ਦੂਸਰੇ ਪਾਸੇ ਇਸੇ ਸਮੇਂ ਦੌਰਾਨ ਭਾਰਤ ਅੰਦਰ ਮਹਾਤਮਾਂ ਗਾਂਧੀ ਵੱਲੋਂ ਆਦਰਸ਼ਵਾਦੀ ਅਹਿੰਸਾਵਾਦੀ ਵਿਚਾਰਧਾਰਾ ਦਾ ਵੀ ਆਪਣਾ ਵੱਖਰਾ ਪ੍ਰਭਾਵ ਹੋਣ ਕਰਕੇ ਇਨਾ ਨੌਜਵਾਨ ਆਗੂਆਂ ਦੀ ਵਿਗਿਆਨਕ ਇਨਕਲਾਬੀ ਵਿਚਾਰਧਾਰਾ ਨੂੰ ਬੰਬਾਂ-ਬਦੂੰਕਾਂ, ਕਤਲਾਂ ਵਾਲੀ ਅਤੇ ਸਿਰਫਿਰਿਆਂ ਦੀ ਵਿਚਾਰਧਾਰਾ ਕਹਿ ਕੇ ਵੀ ਪ੍ਰਚਾਰਿਆ ਜਾਂਦਾ ਰਿਹਾ। ਜਿਸ ਕਾਰਨ ਭਾਰਤੀ ਲੋਕ ਉਨਾ ਦੀ ਇਸ ਵਿਚਾਰਧਾਰਾ ਨੂੰ ਪੂਰੀ ਗੰਭੀਰਤਾ ਨਾਲ ਸਮਝਣ ਦੀ ਥਾਂ ਸਿਰਫ ਭਾਵਨਾਤਮਿਕ ਤੌਰ ਤੇ ਹੀ ਜੁੜੇ ਰਹੇ। ਬੇਸ਼ਕ ਇਹ ਨੌਜਵਾਨ ਲੋਕਾਂ ਵਿੱਚ ਕਾਫੀ ਹਰਮਨ ਪਿਆਰੇ ਤਾਂ ਬਣ ਗਏ ਪਰ ਉਹ ਪਾਰਟੀ ਵਿਚਾਰਧਾਰਾ ਨੂੰ ਆਮ ਲੋਕਾਂ ਵਿੱਚ ਲਿਜਾਣ ਲਈ ਪੂਰੀ ਤਰਾਂ ਕਾਮਯਾਬ ਨਾ ਹੋ ਸਕੇ।

ਸੁਖਦੇਵ ਦਾ ਜਨਮ ਲੁਧਿਆਣਾ ਦੇ ਚੌੜਾ ਬਜ਼ਾਰ ਨੇੜੇ ਨੌਘਰਾ ਮੁਹੱਲੇ ਵਿੱਚ 15 ਮਈ 1907 ਨੂੰ ਪਿਤਾ ਰਾਮ ਲਾਲ ਥਾਪਰ ਦੇ ਘਰ, ਮਾਤਾ ਰਲੀ ਦੇਈ ਦੀ ਕੁੱਖ ਤੋਂ ਹੋਇਆ। ਸੁਖਦੇਵ ਦੇ ਪਿਤਾ ਜੀ ਆਪਣੇ ਕੰਮਕਾਜ ਦੇ ਸਿਲਸਿਲੇ ਵਿੱਚ ਜਿਆਦਾ ਲਾਇਲਪੁਰ ਹੀ ਰਹਿੰਦੇ ਸਨ। ਸੁਖਦੇਵ ਦੇ ਜਨਮ ਤੋਂ ਪਿੱਛੋਂ ਸ੍ਰੀ ਰਾਮ ਲਾਲ ਥਾਪਰ ਨੇ ਆਪਣਾ ਪਰਿਵਾਰ ਲਾਇਲਪੁਰ ਬੁਲਾ ਲਿਆ ਸੀ। ਸੁਖਦੇਵ ਹਾਲੇ ਤਿੰਨ ਕੁ ਸਾਲ ਦੇ ਸਨ ਕਿ ਪਿਤਾ ਜੀ ਦੀ 1910 ਵਿੱਚ ਮੌਤ ਹੋ ਗਈ। ਪਰਿਵਾਰ ਦੀ ਦੇਖ-ਭਾਲ ਤਾਇਆ ਲਾਲਾ ਚਿੰਤਾ ਰਾਮ ਸਿਰ ਆਣ ਪਈ।ਤਾਇਆ ਲਾਲਾ ਚਿੰਤਾ ਰਾਮ ਨੇ ਸੁਖਦੇਵ ਨੂੰ ਬਾਪ ਦੀ ਕਦੇ ਵੀ ਘਾਟ ਮਹਿਸੂਸ ਨਹੀਂ ਹੋਣ ਦਿੱਤੀ। ਲਾਲਾ ਜੀ ਆਪ ਵੀ ਉਸ ਸਮੇਂ ਦੇ ਉੱਘੇ ਸਮਾਜ ਸੇਵੀ ਅਤੇ ਅਜ਼ਾਦੀ ਸੰਗਰਾਮ ਦੇ ਸੱਚੇ ਸਿਪਾਹੀਆਂ ਦੀ ਮੂਹਰਲੀ ਕਤਾਰ ਵਿੱਚ ਗਿਣੇ ਜਾਂਦੇ ਸਨ। ਘਰ ਵਿੱਚ ਦੇਸ਼-ਭਗਤੀ ਵਾਲੇ ਮਾਹੌਲ ਦਾ ਬਾਲ ਸੁਖਦੇਵ ਉੱਪਰ ਅਸਰ ਪੈਣਾ ਲਾਜ਼ਮੀ ਸੀ ਅਤੇ ਇਸੇ ਅਸਰ ਦੇ ਚੱਲਦਿਆਂ ਸੁਖਦੇਵ ਨੇ 1918 ਵਿੱਚ ਦੇਸ਼ ਅੰਦਰ ਫੈਲੀ ਫਲੂ ਦੀ ਮਹਾਂਮਾਰੀ ਮੌਕੇ ਆਪਣੇ ਤਾਇਆ ਜੀ ਨਾਲ ਧਰਮਸ਼ਾਲਾ ਜਾਣ ਦੀ ਥਾਂ ਆਪਣੇ ਚਾਚਾ ਵਲੀ ਰਾਮ ਨਾਲ ਮਿਲ ਕੇ ਲੋਕਾਂ ਦੀ ਸਹਾਇਤਾ ਕਰਨ ਨੂੰ ਪਹਿਲ ਦਿੱਤੀ ਸੀ। ਸੁਖਦੇਵ ਬਚਪਨ ਤੋਂ ਬਾਕੀਆਂ ਨਾਲੋਂ ਗੰਭੀਰ ਅਤੇ ਘਟ ਬੋਲਣਾ ਪਸੰਦ ਕਰਦੇ ਸਨ। ਸੁਖਦੇਵ ਨੇ ਆਪਣੀ ਮੁੱਢਲੀ ਦਸਵੀਂ ਤੱਕ ਦੀ ਪੜ੍ਹਾਈ ਸਨਾਤਨ ਧਰਮ ਹਾਈ ਸਕੂਲ ਲਾਇਲਪੁਰ ਤੋਂ ਕੀਤੀ। ਇੱਥੇ ਪੜ੍ਹਦੇ ਹੀ ਉਸਨੇ ਅੰਗਰੇਜ਼ ਸਰਕਾਰ ਖਿਲਾਫ ਬਗਾਵਤ ਦਾ ਝੰਡਾ ਚੁੱਕ ਲਿਆ ਸੀ। ਜਦ 13 ਅਪ੍ਰੈਲ 1919 ਜਲ੍ਹਿਆਂ ਵਾਲੇ ਸਾਕੇ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਦੇਸ਼ ਵਿੱਚ 'ਮਾਰਸ਼ਲ ਲਾਅ' ਲਗਾ ਕੇ ਭਾਰਤੀ ਲੋਕਾਂ ਅਤੇ ਸਕੂਲੀ ਬੱਚਿਆਂ ਨੂੰ ਮਾਨਸਿਕ ਤੌਰ ਤੇ ਗੁਲਾਮ ਰੱਖਣ ਲਈ ਸਕੂਲਾਂ ਅੰਦਰ ਸਵੇਰ ਦੀ ਸਭਾ ਵਿੱਚ ਅੰਗਰੇਜ਼ ਅਫ਼ਸਰ ਵੱਲੋਂ ਸਲਾਮੀ ਲਈ ਜਾਂਦੀ ਸੀ ਤਾਂ ਸੁਖਦੇਵ ਜਿਸਦੀ ਉਮਰ ਹਾਲੇ 12 ਕੁ ਸਾਲ ਦੀ, ਨੇ ਸਲਾਮੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਜੁਆਬ ਦੇ ਬਦਲੇ ਉਸਨੂੰ ਅੰਗਰੇਜ਼ ਅਫ਼ਸਰ ਅਤੇ ਆਪਣੇ ਅਧਿਆਪਕਾਂ ਤੋਂ ਮਾਰ ਖਾਣੀ ਮਨਜ਼ੂਰ ਸੀ, ਪਰ ਸਲਾਮੀ ਦੇਣਾ ਮਨਜ਼ੂਰ ਨਹੀਂ ਸੀ।ਬਾਲ ਸੁਖਦੇਵ ਨੇ ਆਪਣੀ ਕਹਿਣੀ ਤੇ ਕਰਨੀ ਵਿੱਚ ਫਰਕ ਨਾ ਆਉਣ ਦਿੱਤਾ।ਉਹ ਆਪਣੀ ਧੁਨ ਦਾ ਪੱਕਾ ਰਿਹਾ ਤੇ ਆਪਣੇ ਸਵੈਮਾਨ ਨੂੰ ਕਾਇਮ ਰੱਖਿਆ।

1922 ਵਿੱਚ ਸੁਖਦੇਵ ਨੇ ਉਚੇਰੀ ਪੜ੍ਹਾਈ ਲਈ ਨੈਸ਼ਨਲ ਕਾਲਜ ਲਾਹੌਰ ਵਿੱਚ ਦਾਖਲਾ ਲੈ ਲਿਆ। ਭਗਤ ਸਿੰਘ ਨਾਲ ਉਨਾਂ ਦੀ ਮੁਲਾਕਾਤ ਭਾਵੇਂ ਬਚਪਨ ਵਿੱਚ ਵੀ ਹੁੰਦੀ ਰਹੀ, ਕਿਉਂਕਿ ਲਾਲਾ ਚਿੰਤਾ ਰਾਮ ਅਤੇ ਭਗਤ ਸਿੰਘ ਦੇ ਪਿਤਾ ਸ: ਕਿਸ਼ਨ ਸਿੰਘ ਦੀ ਇੱਕ ਦੂਸਰੇ ਦੇ



ਘਰ ਆਉਣੀ ਜਾਣੀ ਪਹਿਲਾਂ ਤੋਂ ਹੀ ਸੀ, ਪਰ ਵਿਚਾਰ ਧਾਰਕ ਤੌਰ ਤੇ ਉਹਨਾਂ ਦੀ ਮੁਲਾਕਾਤ ਕਾਲਜ਼ ਵਿੱਚ ਹੁੰਦੀ ਹੈ। ਇਸ ਕਾਲਜ਼ ਦੀ ਲਾਇਰੇਰੀ ਵਿੱਚ ਇਨਕਲਾਬੀ ਸਾਹਿਤ ਕਾਫੀ ਮਾਤਰਾ ਵਿੱਚ ਮੌਜੂਦ ਸੀ। ਸੁਖਦੇਵ ਤੇ ਭਗਤ ਸਿੰਘ ਇਕ ਕਿਤਾਬ ਨੂੰ ਅਦਲ-ਬਦਲ ਕਰਕੇ ਪੜ੍ਹਿਆ ਕਰਦੇ ਸਨ ਅਤੇ ਫਿਰ ਉਸ ਉੱਪਰ ਚਰਚਾ ਕਰਦੇ।ਕੁਝ ਸਮੇਂ ਦੇ ਗੰਭੀਰ ਅਧਿਐਨ ਪਿੱਛੋਂ ਭਗਤ ਸਿੰਘ ਵਾਂਗ ਸੁਖਦੇਵ ਵੀ ਪੱਕਾ ਸ਼ੋਸਲਿਸਟ ਬਣ ਗਿਆ। ਇਸ ਤੋਂ ਬਾਅਦ ਹੀ ਦੋਵਾਂ ਨੇ ਰਲ ਕੇ 'ਮਿਲਵਰਤਨ ਪਰਜਾਤੰਤਰ ਸੰਘ' ਵਿੱਚ ਨਵਾਂ ਸ਼ਬਦ 'ਸ਼ੋਸ਼ਲਿਸਟ' ਜੋੜਿਆ ਅਤੇ ਭਾਰਤੀ ਲੋਕਾਂ ਵਿੱਚ ਆਪਣੇ ਇਨਕਲਾਬੀ ਪ੍ਰੋਗਰਾਮ ਦਾ ਨਿਸ਼ਾਨਾ ਵੀ ਸਾਫ ਕਰ ਦਿੱਤਾ। ਇੱਥੇ ਹੀ ਉਨਾਂ ਦੀ ਜਾਣ-ਪਛਾਣ ਇਤਿਹਾਸ ਦੇ ਪ੍ਰੋ: 'ਜੈ ਚੰਦਰ ਵਿੱਦਿਆ ਅਲੰਕਾਰ'ਨੇ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਕਰਵਾਈ ਸੀ।

1925 ਵਿੱਚ ਕਾਕੋਰੀ ਕਾਂਡ ਵਾਪਰਨ ਨਾਲ 'ਹਿੰਦੋਸਤਾਨ ਰੀਪਬਲੀਕਨ ਪਾਰਟੀ' ਦੇ ਪੁਰਾਣੇ ਸਾਰੇ ਆਗੂ ਫੜੇ ਗਏ ਤਾਂ 1926 ਵਿੱਚ ਸੁਖਦੇਵ, ਭਗਤ ਸਿੰਘ ਅਤੇ ਭਗਵਤੀ ਚਰਨ ਵੋਹਰਾ ਨੇ ਸਾਥੀਆਂ ਨਾਲ ਮਿਲਕੇ 'ਨੌਜਵਾਨ ਭਾਰਤ ਸਭਾ' ਅਤੇ ਸਟੂਡੈਂਟ ਯੂਨੀਅਨ ਦੀ ਸਥਾਪਨਾ ਕੀਤੀ, ਜਿਸ ਦਾ ਮੁੱਖ ਮੰਤਵ ਭਾਰਤੀ ਲੋਕਾਂ ਨੂੰ ਇਨਕਲਾਬੀ ਵਿਚਾਰਾਂ ਦੀ ਖੁੱਲੀ ਜਾਣਕਾਰੀ ਦੇਣਾ ਸੀ। ਪਾਰਟੀ ਦਾ ਰੂਹਪੋਸ ਰਾਜਨੀਤਕ ਕੰਮ ਕਰਨ ਲਈ 8-9 ਸਤੰਬਰ ਦਿੱਲੀ ਦੇ ਕੋਟਲਾ ਫਿਰੋਜ਼ਸ਼ਾਹ ਕਿਲੇ ਅੰਦਰ ਦੇਸ਼ ਦੇ ਬਾਕੀ ਕ੍ਰਾਂਤੀਕਾਰੀਆਂ ਦੀ ਇੱਕ ਵੱਖਰੀ ਮੀਟਿੰਗ ਬੁਲਾਈ ਗਈ, ਜਿਸ ਵਿੱਚ ਕੇਂਦਰੀ ਕਮੇਟੀ ਬਣਾ ਕੇ ਪਾਰਟੀ ਦਾ ਨਾਮ 'ਹਿੰਦੋਸਤਾਨ ਸ਼ੋਸ਼ਲਿਸਟ ਰੀਪਬਲਿਕ ਆਰਮੀ' ਰੱਖਿਆ ਗਿਆ। ਇਸ ਪਾਰਟੀ ਦੀ ਪੰਜਾਬ ਦੇ ਕੰਮ-ਕਾਜ ਦੀ ਜਿੰਮੇਵਾਰੀ ਸੁਖਦੇਵ ਨੂੰ ਸੌਂਪੀ ਗਈ।

1928 ਵਿੱਚ ਲਾਲਾ ਲਾਜਪਤ ਰਾਏ ਦੀ ਸ਼ਹੀਦੀ ਅਤੇ ਦੇਸ਼ ਦੇ ਅਪਮਾਨ ਦਾ ਬਦਲਾ 17 ਦਸੰਬਰ 1928 ਨੂੰ 'ਸਾਂਡਰਸ' ਨੂੰ ਮਾਰ ਕੇ ਲਿਆ ਅਤੇ ਦੇਸ਼ ਦੇ ਲੋਕਾਂ ਅੰਦਰ ਫੈਲ ਰਹੀ ਨਿਰਾਸ਼ਤਾ ਤੋੜ ਕੇ ਨਵਾਂ ਉਤਸਾਹ ਭਰਿਆ। ਇਸ ਐਕਸ਼ਨ ਨਾਲ ਇਹਨਾਂ ਦੀ ਵਿਚਾਰਧਾਰਾ ਤਾਂ ਲੋਕਾਂ ਵਿੱਚ ਪਹੁੰਚ ਗਈ,ਪਰ ਨਾਲ ਹੀ ਅੰਗਰੇਜ਼ ਹਕੂਮਤ ਨੇ ਭਗਤ ਸਿੰਘ, ਸੁਖਦੇਵ, ਚੰਦਰ ਸ਼ੇਖਰ ਅਜ਼ਾਦ ਅਤੇ ਰਾਜਗੁਰੂ ਦੇ ਗ੍ਰਿਫਤਾਰੀ ਵਰੰਟ ਜਾਰੀ ਕਰ ਦਿੱਤੇ। 'ਸਾਂਡਰਸ' ਦੇ ਕਤਲ ਵਿੱਚ ਸੁਖਦੇਵ ਦਾ ਭਾਵੇਂ ਸਿੱਧੇ ਤੌਰ ਤੇ ਕੋਈ ਹੱਥ ਨਹੀਂ ਸੀ, ਪਰ ਪੰਜਾਬ ਪਾਰਟੀ ਦਾ ਮੁੱਖ ਪ੍ਰਬੰਧਕ ਹੋਣ ਕਰਕੇ ਮੁੱਖ ਦੋਸ਼ੀ ਸੁਖਦੇਵ ਨੂੰ ਹੀ ਬਣਾਇਆ ਗਿਆ।

ਇਹਨਾਂ ਇਨਕਲਾਬੀ ਜੱਥੇਬੰਦੀਆਂ ਨੂੰ ਕੁਚਲਣ ਲਈ ਅੰਗਰੇਜ਼ੀ ਸਰਕਾਰ ਨੇ 1929 ਵਿੱਚ 'ਉਦਯੋਗਿਕ ਵਪਾਰ ਕਾਨੂੰਨ' ਅਤੇ 'ਲੋਕ ਸੁਰੱਖਿਆ ਕਾਨੂੰਨ' ਨਵੇਂ ਕਾਨੂੰਨ ਹੋਂਦ ਵਿੱਚ ਲਿਆਂਦੇ, ਪਰ ਇਸ ਤਰਾਂ ਦੇ ਲੋਕ ਮਾਰੂ ਕਾਨੂੰਨ ਵੀ ਇਹਨਾ ਦੇ ਇਨਕਲਾਬੀ ਇਰਾਦਿਆ ਨੂੰ ਰੋਕਣ ਵਿੱਚ ਨਾ-ਕਾਮਯਾਬ ਰਹੇ। ਅਗਲਾ ਪ੍ਰੋਗਰਾਮ 8 ਅਪ੍ਰੈਲ 1929 ਨੂੰ ਇੰਪੀਰੀਅਲ ਅਸੈਂਬਲੀ ਦਿੱਲੀ ਵਿੱਚ ਬੰਬ ਸੁੱਟ ਕੇ ਗ੍ਰਿਫਤਾਰੀ ਦੇਣ ਦਾ ਐਕਸ਼ਨ ਉਲੀਕਿਆ ਗਿਆ, ਜਿਸ ਵਿੱਚ ਸੁਖਦੇਵ ਦੀਆਂ ਦਲੀਲਾਂ ਅੱਗੇ ਝੁਕਦਿਆਂ ਪਾਰਟੀ ਨੇ ਇਸ ਕੰਮ ਲਈ ਭਗਤ ਸਿੰਘ ਤੇ ਬੀ.ਕੇ ਦੱਤ ਨੂੰ ਭੇਜਿਆ ਗਿਆ। ਸੁਖਦੇਵ ਦਾ ਤਰਕ ਸੀ ਕਿ ਅਸੈਂਬਲੀ ਅਤੇ ਅਦਾਲਤ 'ਚ ਜਾ ਕੇ ਸਾਡੇ ਇਨਕਲਾਬੀ ਪ੍ਰੋਗਰਾਮ ਦੀ ਸਹੀ ਵਿਆਖਿਆ ਅਤੇ ਪੱਖ ਭਗਤ ਸਿੰਘ ਤੋਂ ਇਲਾਵਾ ਹੋਰ ਕੋਈ ਨਹੀਂ ਕਰ ਸਕਦਾ। ਹਾਲਾਂ ਕਿ ਸੁਖਦੇਵ ਨੂੰ ਪਤਾ ਸੀ ਕਿ ਉਹ ਭਗਤ ਸਿੰਘ ਨੂੰ ਖੁਦ ਮੌਤ ਦੇ ਮੂੰਹ ਵਿੱਚ ਭੇਜ ਰਿਹਾ ਹੈ, ਕਿਉਂਕਿ 'ਸਾਂਡਰਸ' ਕਤਲ ਕੇਸ ਵਿੱਚ ਭਗਤ ਸਿੰਘ ਪਹਿਲਾ ਹੀ ਭਗੌੜਾ ਕਰਾਰ ਦਿੱਤਾ ਜਾ ਚੁੱਕਿਆ ਸੀ। 'ਬੋਲੇ ਕੰਨਾਂ ਨੂੰ ਸੁਨਾਉਣ' ਲਈ ਧਮਾਕੇ ਰਾਹੀਂ ਪਾਰਟੀ ਪ੍ਰੋਗਰਾਮ 'ਇਨਕਲਾਬ ਜਿੰਦਾਬਾਦ' ਦੇ ਨਾਹਰੇ ਮਾਰ ਕੇ ਗ੍ਰਿਫਤਾਰੀ ਦੇਣ ਨਾਲ ਪੂਰੇ ਦੇਸ਼ ਅੰਦਰ ਅੰਗਰੇਜ਼ ਹਕੂਮਤ ਦੀਆਂ ਜੜਾਂ ਹਿਲਾ ਕੇ ਰੱਖ ਦਿੱਤੀਆਂ।

15 ਅਪਰੈਲ 1929 ਨੂੰ 'ਕਸ਼ਮੀਰ ਬਿਲਡਿੰਗ' ਲਾਹੌਰ ਵਿੱਚ ਸੁਖਦੇਵ, ਕਿਸ਼ੋਰੀ ਲਾਲ ਅਤੇ ਜੈ ਗੋਪਾਲ ਨੂੰ ਗ੍ਰਿਫਤਾਰ ਕਰਕੇ ਲਾਹੌਰ ਜੇਲ ਭੇਜ ਦਿੱਤਾ ਗਿਆ। ਇਸੇ ਜੇਲ ਅੰਦਰ ਹੀ 24 ਇਨਕਲਾਬੀਆਂ ਉੱਪਰ 10 ਜੁਲਾਈ 1929 ਨੂੰ 'ਲਾਹੌਰ ਸਾਜਿਸ਼ ਕੇਸ਼' ਅਧੀਨ ਮੁਕੱਦਮਾ ਚਲਾਇਆ ਗਿਆ। ਉੱਧਰ 12 ਜੂਨ 1929 ਨੂੰ ਭਗਤ ਸਿੰਘ ਤੇ ਬੀ.ਕੇ.ਦੱਤ ਅਸੈਂਬਲੀ ਬੰਬ ਕਾਂਡ ਵਿੱਚ ਉਮਰ ਕੈਦ ਦੀ ਸਜਾ ਦਾ ਹੁਕਮ ਸੁਣਾ ਕੇ ਦਿੱਲੀ ਤੋਂ ਮਿਆਂਵਾਲੀ ਅਤੇ ਬਾਅਦ ਵਿੱਚ ਕੇਂਦਰੀ ਜੇਲ ਲਾਹੌਰ ਭੇਜਿਆ ਗਿਆ। ਇੱਥੇ ਜੇਲ ਵਿੱਚਲੇ ਕੈਦੀਆਂ ਦੀਆਂ ਮਾੜੀਆਂ ਹਾਲਤਾਂ ਨੂੰ ਸੁਧਾਰਨ ਲਈ ਸੰਘਰਸ਼ ਵਿੱਢ ਦਿੱਤਾ। ਲੰਮੀਆਂ ਭੁੱਖ ਹੜਤਾਲਾਂ ਹੋਈਆਂ, ਜਿਸ ਵਿੱਚ 13 ਨਵੰਬਰ 1929 ਨੂੰ 'ਜਤਿੰਦਰ ਨਾਥ ਸਨਿਆਲ' ਦੀ ਸਹਾਦਤ ਤੋਂ ਬਾਅਦ ਕੁਝ ਮੰਗਾਂ ਮੰਨੀਆਂ ਗਈਆ। 2 ਫਰਵਰੀ 1931 ਨੂੰ 'ਭਾਰਤੀ ਇਨਕਲਾਬ ਦਾ ਪ੍ਰੋਗਰਾਮ' ਦਾ ਪੂਰਾ ਖਰੜਾ ਤਿਆਰ ਕਰਕੇ ਜੇਲ ਤੋਂ ਬਾਹਰਲੇ ਇਨਕਲਾਬੀ ਸਾਥੀਆਂ ਲਈ ਭੇਜਿਆ ਗਿਆ। ਉਹਨਾਂ ਆਪਣੀਆਂ ਚਿੱਠੀਆਂ ਅਤੇ ਲਿਖਤਾਂ ਰਾਹੀਂ ਗਾਂਧੀਵਾਦ ਤੇ ਕਾਂਗਰਸ ਦੀ ਕਮਜ਼ੋਰ ਰਾਜਨੀਤੀ ਵਾਰੇ ਖੁੱਲ ਕੇ ਗੱਲ ਕਰਦਿਆਂ ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਨੂੰ ਖਤਮ ਕਰਨ ਲਈ ਇਨਕਲਾਬੀ ਵਿਚਾਰਾਂ ਉੱਪਰ ਪਹਿਰਾ ਦੇਣ ਦਾ ਸੁਨੇਹਾ ਦਿੱਤਾ।

ਅੰਤ 7 ਅਕਤੂਬਰ 1930 ਨੂੰ 'ਲਾਹੌਰ ਸਾਜਿਸ਼ ਕੇਸ' ਦਾ ਫੈਸਲਾ ਸੁਣਾ ਕੇ ਸੁਖਦੇਵ, ਭਗਤ ਸਿੰਘ ਅਤੇ ਰਾਜਗੂਰੂ ਨੂੰ ਫਾਂਸੀ ਅਤੇ ਬਾਕੀਆਂ ਨੂੰ 'ਕਾਲੇ ਪਾਣੀਆਂ' ਦੀ ਉਮਰ ਕੈਦ ਦੀ ਸਜਾ ਸੁਣਾ ਦਿੱਤੀ ਗਈ। ਭਾਵੇਂ ਕਿ ਇਸ ਸਜਾ ਦੇ ਵਿਰੋਧ ਵਿੱਚ ਪੂਰੇ ਭਾਰਤ ਅੰਦਰ ਹੜਤਾਲਾਂ,ਜਲੂਸ ਅਤੇ ਮੁਜਾਹਰੇ ਹੋਏ,ਪਰ ਅੰਗਰੇਜ਼ੀ ਸਰਕਾਰ ਨੇ ਲੋਕ ਅਵਾਜ਼ ਨੂੰ ਅਣ-ਸੁਣਿਆ ਕਰਕੇ ਇੱਕ ਗਿਣੀ-ਮਿੱਥੀ ਸਾਜਿਸ਼ ਅਧੀਨ 23 ਮਾਰਚ 1931 ਨੂੰ ਤਿੰਨਾਂ ਇਨਕਲਾਬੀਆਂ ਨੂੰ ਫਾਂਸੀ ਲਗਾ ਦਿੱਤਾ ਗਿਆ। ਅੱਜ ਭਾਵੇਂ ਉਹਨਾਂ ਇਨਕਲਾਬੀ ਯੋਧਿਆਂ ਵਿੱਚੋਂ ਸਰੀਰਕ ਤੌਰ ਤੇ ਸਾਡੇ ਵਿਚਕਾਰ ਕੋਈ ਵੀ ਮੌਜੂਦ ਨਹੀਂ,ਪਰ ਵਿਚਾਰਧਾਰਕ ਤੌਰ ਉਹ ਸਾਡੇ ਕੋਲ ਹੀ ਹਨ, ਜਿਹਨਾ ਦਾ ਸੁਨੇਹਾ ਅੱਜ ਵੀ ਮਨੁੱਖ ਹੱਥੋਂ ਹੋ ਰਹੀ ਮਨੁੱਖ ਦੀ ਲੁੱਟ ਨੂੰ ਖਤਮ ਕਰਨ ਲਈ ਸਾਨੂੰ ਪ੍ਰੇਰਣਾ ਦੇ ਰਿਹਾ ਹੈ।

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2022 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
Apinder Aujla
BSc.Pharm
#1150, 4818 Westwindus Drive NE. Calgary
403-293-9360
Satvachan Lal
B.Sc.Pharm

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
(37326)
Special Packages Available For All Occasions

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN



ਹਰੀਪਾਲ
403-714-4816

# ਵਿੰਡਫਾਲ ਟੈਕਸ ਅਤੇ ਤੇਲ ਕੰਪਨੀਆਂ

*ਸਾਡਾ ਇਹ ਲੇਖ ਲੋਕਪੱਖੀ ਲੇਖਕ 'ਮਾਰਕ ਲੀ' ਦੇ ਲੇਖ 'ਵਿੰਡਫਾਲ ਟੈਕਸ ਔਨ ਆਇਲ ਕੰਪਨੀਜ 'ਤੇ ਅਧਾਰਿਤ ਹੈ'*

ਦੁਨੀਆਂ ਤੇ ਕੋਈ ਵੀ ਮੁਸੀਬਤ ਆਵੇ ਤਾਂ ਉਸਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾਂ ਪੈਂਦਾ ਹੈ, ਪਰ ਕਾਰਪੋਰੇਸ਼ਨਾਂ ਹਰ ਚੰਗੀਆਂ ਮਾੜੀਆਂ ਹਾਲਤਾਂ ਤੋਂ ਬੱਸ ਫਾਇਦਾ ਹੀ ਉਠਾਂਉਦੀਆਂ ਹਨ। ਚਾਹੇ ਕਰੋਨਾ ਦੀ ਬਿਮਾਰੀ ਹੋਵੇ ਜਿਸਨੇ ਡਰੱਗ ਕੰਪਨੀਆਂ ਨੂੰ ਮਾਲੋਮਾਲ ਕਰ ਦਿੱਤਾ ਹੈ, ਚਾਹੇ ਤੂਫਾਨ ਹੋਵੇ ਚਾਹੇ ਭੂਚਾਲ਼ ਹੋਵੇ ਤਦ ਕੰਸਟਰੱਕਸ਼ਨ ਕੰਪਨੀਆਂ ਨਾਲੋ ਮਾਲ ਹੁੰਦੀਆਂ ਹਨ। ਕੋਵਿੱਡ-19 ਦੀ ਬਿਮਾਰੀ ਸਮੇਂ ਸਭ ਸਰਕਾਰਾਂ ਨੂੰ ਕੰਪਨੀਆਂ ਨੂੰ ਗਰਾਂਟਾਂ ਦੇਣ ਦੀ ਦੌੜ ਲੱਗ ਗਈ ਪਰ ਜਦ ਹੁਣ ਇਹੀ ਗਰਾਂਟਾਂ ਖਾਣ ਵਾਲ਼ੀਆਂ ਏਅਰ-ਲਾਈਨਾਂ ਲੋਕਾਂ ਤੋਂ ਤਿੰਨ ਤਿੰਨ ਗੁਣੇ ਕਰਾਏ ਵਸੂਲ ਕਰ ਰਹੀਆਂ ਹਨ ਤਾਂ ਕੋਈ ਵੀ ਸਰਕਾਰ ਮੁਸਾਫਰਾਂ ਦੀ ਸਾਰ ਨਹੀਂ ਲੈ ਰਹੀ। ਹੁਣ ਜੇਕਰ ਅਸਲ ਮੁੱਦੇ ਵੱਲ ਆਈਏ ਤਾਂ, ਵਧ ਰਹੀ ਇਨਫਲੇਸ਼ਨ ਅਤੇ ਵਧ ਰਹੀਆਂ ਤੇਲ ਦੀਆਂ ਕੀਮਤਾਂ ਨੇ ਕੰਮ ਕਰਨ ਵਾਲ਼ੀ ਜਮਾਤ ਦਾ ਲੱਕ ਤੋੜ ਦਿੱਤਾ ਹੈ। ਯਾਦ ਰਹੇ ਜਿਵੇਂ ਜਿਵੇਂ ਇਨਫਲੇਸ਼ਨ ਵਧਦੀ ਹੈ ਤਿਵੇਂ ਤਿਵੇਂ ਕਾਮਿਆਂ ਦੀ ਅਸਲ ਆਮਦਨ ਘੱਟਦੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਨੇ ਸਿਰਫ ਤੇਲ ਦੀਆਂ ਕੀਮਤਾਂ ਹੀ ਨਹੀਂ ਵਧਾਈਆਂ ਸਗੋਂ ਇਸ ਲੜਾਈ ਨੇ ਮਨੁੱਖਤਾ ਦੀਆਂ ਰੋਜ਼ਮਰਾ ਵਰਤਣ ਵਾਲੀਆਂ ਚੀਜਾਂ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ਼ ਲਿਆਂਦਾ ਹੈ। ਲੋਕਾਂ ਨੂੰ ਆਪਦੀਆਂ ਬੇਸਿਕ ਜਰੂਰਤਾਂ ਦੀ ਪੂਰਤੀ ਕਰਨ ਲਈ ਪੂਰੀ ਭੱਜ ਦੌੜ ਕਰਨੀ ਪੈ ਰਹੀ ਹੈ ਪਰ ਦੂਜੇ ਪਾਸੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਨੇ, ਤੇਲ ਕੰਪਨੀਆਂ ਦੇ ਮੁਨਾਫੇ ਨੂੰ ਕਈ ਗੁਣਾਂ ਵਧਾ ਦਿੱਤਾ ਹੈ ਰੂਸ ਅਤੇ ਯੂਕਰੇਨ ਦੀ ਲੜਾਈ ਤੋਂ ਪਹਿਲਾਂ, 2021 ਵਿੱਚ ਹੀ ਤੇਲ ਕੰਪਨੀਆਂ ਨੂੰ ਡਾਲਰਾਂ ਦਾ ਮੀਂਹ ਪੈਣ ਲੱਗ ਪਿਆ ਸੀ ਕਿਉਂਕਿ ਕੋਵਿਡ-19 ਸਲੋਅ ਡਾਊਨ ਤੋਂ ਬਾਦ ਕੰਮ ਫਿਰ ਚੱਲਣ ਲੱਗ ਪਏ ਸਨ। ਉਦਾਹਰਣ ਦੇ ਤੌਰ 'ਤੇ ਕਨੇਡਾ ਦੀਆਂ ਕੁਦਰਤੀ ਸਾਧਨਾਂ ਵਾਲ਼ੀਆਂ ਕੰਪਨੀਆਂ ਨੂੰ 7.7 ਬਿੱਲੀਅਨ ਡਾਲਰ ਦਾ ਨ਼ਫ਼ਾ ਹੋ ਗਿਆ ਸੀ। ਸਨਕੋਰ ਨੂੰ ਚਾਰ ਬਿੱਲੀਅਨ ਡਾਲਰ ਦਾ ਨ਼ਫ਼ਾ ਹੋ ਗਿਆ ਸੀ। ਜ਼ਰਾ ਸੋਚੋ ਕਿ ਸਾਡੇ ਆਲ਼ੇ ਦੁਆਲ਼ੇ ਡਾਲਰਾਂ ਦਾ ਮੀਂਹ ਪੈ ਰਿਹਾ ਹੈ ਪਰ ਅਸੀਂ ਸੋਕੇ ਵਿੱਚ ਹੀ ਖੜੇ ਹਾਂ ਤੇ ਸਾਡੀਆਂ ਜੇਬਾਂ ਤੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਨੇ ਹੋਰ ਸ਼ਿਕੰਜਾ ਕਸ ਦਿੱਤਾ ਹੈ ।

ਜੇਕਰ ਅੰਤਰ-ਰਾਸ਼ਟਰੀ ਪੱਧਰ ਤੇ ਦੇਖੀਏ ਤਾਂ ਹਾਲੈਂਡ ਦੀ ਸ਼ੈਲ ਕੰਪਨੀ ਨੇ 7 ਬਿੱਲੀਅਨ ਅਤੇ ਅਮਰੀਕਾ ਦੀ 'ਐਕਸਨ ਮੋਬਿਲ' ਨੇ 9 ਬਿਲੀਅਨ ਡਾਲਰ ਦਾ ਨ਼ਫ਼ਾ ਦਿਖਾ ਦਿੱਤਾ ਹੈ। ਇਹ ਜਿਹੜਾ ਨ਼ਫ਼ਾ ਹੋਇਆ ਹੈ ਬਿਨਾਂ ਕਿਸੇ ਨਵੀਂ ਇਨਵੈਸਟਮੈਂਟ ਜਾਂ ਕੋਈ ਹੋਰ ਨਵੀਂ ਰਿਫਾਈਨਰੀ ਕਰਕੇ ਨਹੀਂ ਹੋਇਆ ਸਗੋਂ ਅੰਤਰ-ਰਾਸ਼ਟਰੀ ਹਾਲਤਾਂ ਨੇ ਇਹਨਾਂ ਦੀ ਝੋਲ਼ੀਆਂ ਭਰੀਆ ਹਨ ਜਿਵੇਂ ਕੋਈ ਦਰੱਖਤ ਤੋਂ ਅੰਬ ਲਾਹ ਕੇ ਵੇਚ ਰਿਹਾ ਹੈ ਪਰ ਅਚਾਨਕ ਹਵਾ ਦਾ ਜ਼ਬਰਦਸਤ ਬੁੱਲ੍ਹਾ ਦਰੱਖਤ ਤੋਂ ਅੰਬਾਂ ਦਾ ਢੇਰ ਧਰਤੀ ਤੇ ਲਗਾ ਦੇਵੇ ਅਤੇ ਤੂਫਾਨ ਦਾ ਡਰ ਦੇ ਕੇ ਮਾਲੀ ਅੰਬ ਹੋਰ ਮਹਿੰਗੇ ਕਰ ਦੇਵੇ । ਇਹ ਅੰਬ ਬਿਨਾਂ ਕਿਸੇ ਫਾਲਤੂ ਯਤਨ ਤੋਂ ਧਰਤੀ ਤੇ ਆਏ ਹਨ, ਇਸ ਨੂੰ 'ਵਿੰਡਫਾਲ' ਕਿਹਾ ਜਾਂਦਾ ਹੈ। ਜਦੋਂ ਇਹੋ ਜਿਹੇ ਹਾਲਤ ਪੈਦਾ ਹੋ ਗਏ ਹੋਣ ਕਿ ਕੰਪਨੀਆਂ ਅਚਾਨਕ ਨ਼ਫ਼ਾ ਹੋਵੇ ਤਾਂ ਉਸ ਵਾਧੂ ਨ਼ਫ਼ੇ ਤੇ 50% ਟੈਕਸ ਲਗਾਇਆ ਜਾਣਾਂ ਚਾਹੀਦਾ ਹੈ ਅਤੇ ਇਸ ਟੈਕਸ ਨਾਲ਼ ਜਨਸਧਾਰਨ ਨੂੰ ਰਾਹਤ ਮਿਲਣੀ ਚਾਹੀਦੀ ਹੈ। ਇਹ ਫੈਡਰਲ ਟੈਕਸ ਹੋਵੇ ਅਤੇ ਅਤੇ ਲੋਕਾਂ ਵਿੱਚ ਵੰਡਿਆ ਜਾਵੇ। ਅਸਲ ਵਿੱਚ ਰੂਸ-ਯੂਕਰੇਨ ਯੁੱਧ ਵਿੱਚ ਤੇਲ ਅਤੇ ਗੈਸ ਹੀ ਮੁੱਖ ਧੁਰੇ ਹਨ। ਰੂਸ ਕੋਲ਼ ਦੁਨੀਆਂ ਦਾ 12% ਤੇਲ ਹੈ ਅਤੇ 17% ਗੈਸ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਵੀ ਤੇਲ ਅਤੇ ਗੈਸ ਦੇ ਪੈਸੇ ਨਾਲ਼ ਚੱਲ ਰਹੀ ਹੈ। ਰੂਸ ਦੇ ਤੇਲ ਅਤੇ ਗੈਸ ਦੇ ਬਾਈਕਾਟ ਦਾ ਨਾਹਰਾ ਹੀ ਯੂਰਪੀਨ ਮੁਲਕਾਂ ਵਿੱਚ ਕੰਬਣੀ ਛੇੜ ਦਿੰਦਾ ਹੈ, ਜਿਸ ਨੂੰ ਪੂਰਾ ਕਰਨ ਲਈ ਅਰਬ ਮੁਲਕਾਂ ਦਾ ਤੇਲ ਚਾਹੀਦਾ ਹੈ ਪਰ ਅਰਬ ਮੁਲਕ ਆਪਦੀ ਮਰਜੀ ਨਾਲ਼ ਹੀ ਤੇਲ ਦਾ ਉਤਪਾਦਨ ਘਟਾਂਉਦੇ ਜਾਂ ਵਧਾਂਉਦੇ ਰਹਿੰਦੇ ਹਨ ਕਿਉਂਕਿ ਦੁਨੀਆਂ ਚੋਂ ਅਮਰੀਕਾ ਦੀ ਸਰਦਾਰੀ ਘਟ ਰਹੀ ਹੈ। ਇਸ ਕਰਕੇ ਇਹ ਬਿੱਲਕੁਲ ਢੁਕਵਾਂ ਸਮਾਂ ਹੈ ਜਦ ਅਸੀਂ ਇਹਨਾਂ ਕੰਪਨੀਆਂ ਤੇ ਵਿੰਡਫਾਲ ਟੈਕਸ ਲਾ ਕੇ, ਲੋਕਾਂ ਨੂੰ ਰਾਹਤ ਦੇਣ ਦੇ ਨਾਲ਼ ਨਾਲ਼ ਗਰੀਨ ਅਨੱਰਜੀ ਵਿੱਚ ਇਨਵੈਸਟਮੈਂਟ ਕਰੀਏ ਅਤੇ ਹੌਲ਼ੀ ਹੌਲ਼ੀ ਇਸ ਫਾਸਿਲ ਫਿਊਲ ਤੇ ਆਪਦੀ ਨਿਰਭਰਤਾ ਘਟਾਈਏ। ਇਹ ਸਮਾਂ ਨਹੀਂ ਕਿ ਅਸੀਂ ਪਾਈਪ ਲਾਈਨਾਂ ਦੀ ਕਪੈਸਟੀ ਨੂੰ ਦੁਗਣਾ ਕਰਨ ਲਈ ਗਰਾਂਟਾਂ ਦੇਈਏ ਜਾਂ ਕੀ-ਸਟੋਨ-ਐਕਸ ਐਲ ਨੂੰ ਮੁੜ ਚਾਲੂ ਕਰੀਏ। ਦੂਜਾ ਇਹ ਵੀ ਗਲਤ ਫੈਸਲਾ ਜਿਸਤਰਾਂ ਅਲਬਰਟਾ ਨੇ 13 ਸੈਂਟ ਲੀਟਰ ਮਗਰ ਫਿਊਲ ਟੈਕਸ ਘੱਟ ਕੀਤਾ ਹੈ, ਅਲਬਰਟਾ ਤਾਂ ਇਹ ਫਿਊਲ ਟੈਕਸ ਘੱਟ ਕਰਕੇ ਵੀ ਘਾਟੇ ਵਿੱਚ ਨਹੀਂ ਰਹਿੰਦਾ ਕਿਉਂਕਿ ਤੇਲ ਦੀਆਂ ਵਧ ਰਹੀਆਂ ਕੀਮਤਾਂ, ਤੇਲ ਤੋਂ ਆਉਣ ਵਾਲ਼ੀ ਰੁਐਲਟੀ ਨੂੰ ਵੀ ਵਧਾ ਦੇਣਗੀਆਂ ਪਰ ਦੂਜੇ ਸੂਬਿਆਂ ਵਿੱਚ ਫਿਊਲ ਟੈਕਸ ਘੱਟ ਕਰਨ ਨਾਲ਼ ਨਵੀਆਂ ਸੜਕਾਂ ਅਤੇ ਪੁਲ਼ ਬਨਾਉਣ ਲਈ ਪੈਸਾ ਨਹੀਂ ਆਵੇਗਾ। ਇਹ ਬਿੱਲਕੁਲ ਨਿਆਂਸੰਗਤ ਨਹੀਂ ਹੋਵੇਗਾ ਜਦ ਆਮ ਕਨੇਡੀਅਨ ਲੋਕਾਂ ਨੂੰ ਇਹਨਾਂ ਵਧ ਰਹੀਆਂ ਕੀਮਤਾਂ ਕਰਕੇ ਤੰਗ ਹੋਣਾਂ ਪਵੇ ਜਦ ਕਿ ਤੇਲ ਕੰਪਨੀਆਂ ਦੇ ਹਿੱਸੇਦਾਰ ਅਤੇ ਸੀ.ਈ.ਓ ਆਪਦੀਆਂ ਜੇਬਾਂ ਭਰ ਰਹੇ ਹੋਣ।

ਇਹ ਵਿੰਡਫਾਲ ਪਰੌਫਿਟ ਜਿਹੜਾ ਕਿ ਬਿਨਾਂ ਹੀਲ ਹੁੱਜਤ ਕਰਿਆਂ ਕੰਪਨੀਆਂ ਦੀਆਂ ਝੋਲ਼ੀਆਂ ਵਿੱਚ ਡਿੱਗ ਰਿਹਾ ਹੈ, ਇੱਕ ਆਰਥਿਕ ਰੈਂਟ ਹੈ ਜਿਹੜਾ ਕਿ ਬਿਨਾਂ ਨਵੀਂ ਇਨਵੈਸਟਮੈਂਟ ਕੀਤਿਆਂ ਆ ਰਿਹਾ ਹੈ। ਅਰਥਸ਼ਾਸ਼ਤਰੀ ਕਹਿੰਦੇ ਹਨ ਕਿ ਇਹ ਜਿਹੜਾ ਅਚਨਚੇਤ ਮੁਨਾਫ਼ਾ ਹੁੰਦਾ ਹੈ, ਇਸ ਤੇ ਟੈਕਸ ਦੀ ਦਰ ਬਹੁਤ ਉਚੀ ਹੋਣੀ ਚਾਹੀਦੀ ਹੈ। ਅੱਜ ਦੇ ਸੰਧਰਭ ਵਿੱਚ ਤੇਲ ਦੀ ਖ਼ਪਤ ਘਟਾਉਣ ਲਈ ਤੇਲ ਦੀਆਂ ਕੀਮਤਾਂ ਵਧਾਉਣਾਂ ਜਰੂਰੀ ਨਹੀਂ ਅਮਰੀਕਾ ਦੀ ਡੈਮੋਕਰੇਟਿਕ ਪਾਰਟੀ ਦਾ ਸੁਝਾਅ ਹੈ ਕਿ ਤੇਲ ਦੀਆਂ ਕੀਮਤਾਂ ਵਿੱਚ ਜਿਹੜਾ ਵਾਧਾ 2015 ਤੋਂ 2019 ਵਿਚਕਾਰ ਹੋਇਆ ਹੈ ਉਸ ਤੇ 50% ਟੈਕਸ ਲਾਇਆ ਜਾਵੇ ਅਤੇ ਅਸੀਂ ਵੀ ਕੈਨੇਡੀਅਨ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਉਹ ਵੀ ਇਹੋ ਜਿਹਾ ਫੈਸਲਾ ਲਵੇ। ਕਨੇਡਾ ਦਾ ਤੇਲ ਅਤੇ ਗੈਸ ਪਬਲਿਕ ਦੀ ਪਰਾਪਰਟੀ ਹੈ ਜਿਸ ਨੂੰ ਕਨੇਡੀਅਨ ਸਰਕਾਰਾਂ ਨੇ ਇਹਨਾਂ ਤੇਲ ਕੰਪਨੀਆਂ ਕੋਲ਼ ਵੇਚ ਦਿੱਤਾ ਹੈ। ਇਤਿਹਾਸ ਗਵਾਹ ਹੈ ਕਿ ਪਹਿਲਾਂ ਵੀ ਸਰਕਾਰਾਂ ਨੇ ਕੰਪਨੀਆਂ ਨੂੰ ਲੜਾਈ ਸਮੇਂ ਲੋਕਾਂ ਦੀ ਲੁੱਟ ਕਰਨ ਤੋਂ ਰੋਕਿਆ ਹੈ। ਹੁਣ ਵੀ ਵਿੰਡਫਾਲ ਟੈਕਸ ਦਾ ਪੈਸਾ ਆਮ ਲੋਕਾਂ ਦੀ ਪੰਪ ਤੇ ਤਕਲੀਫ ਘੱਟ ਕਰਨ ਤੇ ਗਰੀਨ ਅਨੱਰਜੀ ਇਨਵੈਸਟਮੈਂਟ ਲਈ ਵਰਤਿਆ ਜਾ ਸਕੇ ਤਾਂ ਕਿ ਹੌਲ਼ੀ ਹੌਲ਼ੀ ਇਸ ਧਰਤੀ ਵਿਚਲੇ ਤੇਲ 'ਤੇ ਨਿਰਭਰਤਾ ਘਟਾਈ ਜਾਵੇ।



DM TRANSPORT
ace ACI US & Canada Bonded
Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca

Hiring AZ drivers and owner operator

Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work
Paul Sekhon: 403-829-5000
Bay 11 2316 27 Ave. NE, Calgary Ph. : 403-701-4947

# ਇੱਕ ਰੋਜ਼ਾ ਪੁਸਤਕ ਮੇਲਾ

**12 ਜੂਨ 2022**

**ਐਤਵਾਰ ਨੂੰ**



ਸਥਾਨ: ਗਰੀਨ ਪਲਾਜ਼ਾ (ਡਾ. ਭੁੱਲਰ)
ਸਮਾਂ: ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ
(ਟੈੱਲਸ/ਕੂਡੋ ਸਟੋਰ ਦੇ ਮੂਹਰੇ ਵਰਾਂਡੇ ਵਿੱਚ)

4818 WESTWINDS DR. (NE) CALGARY AB. T3J 3Z5
(Infront of Telus/koodo Store)

ਮੇਲੇ ਦਾ ਉਦਘਾਟਨ ਲੋਕ ਕਲਾ ਮੰਚ, ਮੰਡੀ ਮੁੱਲਾਂਪੁਰ ਤੋਂ ਲੇਖਕ ਅਤੇ ਨਿਰਦੇਸ਼ਕ ਰਾਕੇਸ਼ ਚੌਧਰੀ ਵੱਲੋਂ ਕੀਤਾ ਜਾਵੇਗਾ।

ਤੁਸੀਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਸਾਹਿਤਕ, ਸਮਾਜਿਕ, ਧਾਰਮਿਕ, ਰਾਜਨੀਤਕ, ਤਰਕਸ਼ੀਲ, ਸਿਹਤ ਸੰਬੰਧੀ, ਕਹਾਣੀਆਂ, ਨਾਵਲ ਆਦਿ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਮਾਸਟਰ ਭਜਨ ਸਿੰਘ 403-455-4220 ਅਤੇ ਹਰਚਰਨ ਪਰਹਾਰ 403-681-8689 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਨੋਟ: ਪਾਠਕਾਂ ਦੀ ਮੰਗ 'ਤੇ ਬਹੁਤ ਸਾਰੀਆਂ ਨਵੀਂਆਂ ਅਤੇ ਸਟਾਕ ਵਿੱਚੋਂ ਖ਼ਤਮ ਪੁਰਾਣੀਆਂ ਕਿਤਾਬਾਂ ਦੀ ਸ਼ਿਪਮੈਂਟ ਸਾਡੇ ਕੋਲ ਪਹੁੰਚ ਚੁੱਕੀ ਹੈ।

**Shaheed Bhagat Singh Book Centre Calgary**

**Master Bhajan Singh: 403-455-4220**
**Harcharan Parhar: 403-681-8689**




**PUNJABI SWEETS**
House & Restaurant

All Kinds of Sweets
Non-Veg & Vegi Food

Take out
We do catering also

Fast & Best Friendly Service

ਤਾਜਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰ.ਫੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।

Open 7 Days a Week
403-293-5252

Bay 113 216 Saddle Towne Cir, N.E. T3J 0C9



**Baljinder Singh**
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE® R REALTOR®
REAL ESTATE BOARD



Taranjit "T. J." Mand
Real Estate Associate

**Max Value Reality Ltd.**

**BAINS VISION CENTRE**



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਰੰਗਲੇ ਪੰਜਾਬ ਦੇ ਸਰਕਾਰ ਵਾਅਦੇ ਅਤੇ ਹਕੀਕਤ



ਬੂਟਾ ਸਿੰਘ ਮਹਿਮੂਦਪੁਰ
94634-74342

ਦੋ ਮਹੀਨੇ ਪਹਿਲਾਂ ਬਣੀ ਭਗਵੰਤ ਮਾਨ ਸਰਕਾਰ ਦਾ ਸਾਰਾ ਜ਼ੋਰ ਇਹ ਸਾਬਤ ਕਰਨ ਲਈ ਫੋਕੀ ਇਸ਼ਤਿਹਾਰਬਾਜ਼ੀ, ਐਲਾਨਾਂ ਅਤੇ ਬਿਆਨਾਂ ਉੱਪਰ ਲੱਗਿਆ ਹੋਇਆ ਹੈ ਕਿ ਸਰਕਾਰ ਚੋਣਾਂ ਮੌਕੇ ਕੀਤੇ ਸਾਰੇ ਵਾਅਦੇ ਪੂਰੇ ਕਰਨ 'ਚ ਜੁੱਟੀ ਹੋਈ ਹੈ। ਕਹਿਣੀ ਅਤੇ ਕਰਨੀ ਦਾ ਸਪਸ਼ਟ ਫ਼ਰਕ ਹੈ। ਜਾਪਦਾ ਹੈ ਕਿ ਜਿਸ ਰੰਗਲੇ ਪੰਜਾਬ ਦੇ ਸੁਪਨੇ ਪੰਜਾਬ ਦੇ ਲੋਕਾਂ ਨੂੰ ਵਿਖਾਏ ਗਏ ਸਨ ਉਹ ਓੜਕ ਰਵਾਇਤੀ ਹੁਕਮਰਾਨ ਪਾਰਟੀਆਂ ਤੋਂ ਵੋਟਰਾਂ ਦੇ ਮੋਹ-ਭੰਗ ਨੂੰ ਸੱਤਾ ਦੀ ਪੌੜੀ ਬਣਾ ਕੇ ਵਰਤਣ ਵਾਲੇ ਚੋਣ ਜੁਮਲੇ ਬਣ ਕੇ ਹੀ ਰਹਿ ਜਾਣਗੇ। ਵੀ.ਆਈ.ਪੀਜ਼ ਕਲਚਰ ਨੂੰ ਖ਼ਤਮ ਕਰਨ ਲਈ 424 'ਬਹੁਤ ਮਹੱਤਵਪੂਰਨ' ਵਿਅਕਤੀਆਂ ਦੀ ਸੁਰੱਖਿਆ ਵਾਪਸ ਲੈਣ ਦੀ ਘਟੀਆ ਰਾਜਨੀਤਕ ਪਬਲੀਸਿਟੀ ਜ਼ੋਰਾਂ 'ਤੇ ਹੈ ਕਿ ਸਿੱਧੂ ਮੂਸੇ ਵਾਲੇ ਦਾ ਕਤਲ ਹੋ ਗਿਆ। ਸੁਰੱਖਿਆ ਵਿਵਸਥਾ ਸਵਾਲਾਂ ਦੇ ਘੇਰੇ 'ਚ ਹੈ। ਸਰਕਾਰ ਇਸ ਦੀ ਜਵਾਬਦੇਹੀ ਤੋਂ ਬਚ ਨਹੀਂ ਸਕਦੀ। ਪੰਜਾਬ ਦੇ ਅਸਲ ਸਰੋਕਾਰ ਤੇ ਮੁੱਦੇ ਸਸਤੀ ਸ਼ੁਹਰਤ ਦੀ ਰਾਜਨੀਤੀ ਅਤੇ ਹਿੰਸਕ ਘਟਨਾਵਾਂ ਉੱਪਰ ਉੱਠਦੇ ਗਰਦ-ਗ਼ੁਬਾਰ ਦੀ ਭੇਟ ਚੜ੍ਹ ਰਹੇ ਹਨ।


ਮੌਜੂਦਾ ਸਰਕਾਰ ਵੱਲੋਂ ਪੰਜਾਬ ਦੇ ਗੰਭੀਰ ਖੇਤੀ ਸੰਕਟ ਨੂੰ ਸਮੁੱਚਤਾ 'ਚ ਮੁਖ਼ਾਤਿਬ ਹੋ ਕੇ ਅਜੇ ਤੱਕ ਕੋਈ ਠੋਸ ਨੀਤੀ ਨਹੀਂ ਬਣਾਈ ਗਈ। ਗਰਮੀ ਅਤੇ ਝੋਨੇ ਦੀ ਰੁੱਤ 'ਚ ਬਿਜਲੀ ਦੀ ਸਭ ਤੋਂ ਜ਼ਿਆਦਾ ਲੋੜ ਦੀ ਪੂਰਤੀ ਨੂੰ ਮੁੱਖ ਰੱਖਦੇ ਹੋਏ ਕੋਈ ਢੁੱਕਵੀਂ ਵਿਉਂਤਬੰਦੀ ਵੀ ਨਹੀਂ ਕੀਤੀ ਗਈ। ਝੋਨੇ ਦੀ ਬਿਜਾਈ ਲੇਟ ਕਰਨ ਦੀਆਂ ਸਮੱਸਿਆਵਾਂ ਨੂੰ ਧਿਆਨ 'ਚ ਰੱਖ ਕੇ ਕੋਈ ਟਿਕਾਊ ਨੀਤੀ ਲੈਣ ਦੀ ਬਜਾਏ ਝੋਨਾ ਲੇਟ ਬੀਜਣ ਦੀਆਂ ਨਸੀਹਤਾਂ ਰਾਹੀਂ ਡੰਗ ਟਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਚੋਣਾਂ ਮੌਕੇ ਹਰ ਪਰਿਵਾਰ ਨੂੰ 300 ਯੂਨਿਟ ਮੁਫ਼ਤ ਘਰੇਲੂ ਬਿਜਲੀ ਦੇਣ ਦਾ ਲੋਕ-ਭਰਮਾਊ ਵਾਅਦਾ ਤਾਂ ਕਰ ਲਿਆ, ਲਾਗੂ ਕਰਨ ਵੇਲੇ ਸ਼ਰਤਾਂ ਥੋਪ ਦਿੱਤੀਆਂ ਗਈਆਂ।

ਬੇਰੋਜ਼ਗਾਰੀ ਅਤੇ ਨਸ਼ੇ ਪੰਜਾਬ ਨੂੰ ਦਰਪੇਸ਼ ਸਭ ਤੋਂ ਗੰਭੀਰ ਮਸਲੇ ਹਨ। ਰੋਜ਼ਗਾਰ ਨਾ ਹੋਣ ਕਾਰਨ ਜਵਾਨੀ ਦੇ ਨਾਲ-ਨਾਲ ਪੈਸਾ ਵੀ ਬਦੇਸ਼ਾਂ ਨੂੰ ਹੂੰਝਿਆ ਜਾ ਰਿਹਾ ਹੈ। ਜਵਾਨੀ ਨੂੰ ਨਸ਼ਿਆਂ ਦੀ ਅੰਨ੍ਹੀ ਗਲ਼ੀ 'ਚ ਧੱਕਣ ਵਾਲਾ ਵੱਡਾ ਕਾਰਨ ਬੇਰੋਜ਼ਗਾਰੀ ਹੈ। ਖੇਤੀ ਅਤੇ ਸਨਅਤਾਂ 'ਚ ਰੋਜ਼ਗਾਰ ਨਹੀਂ ਹੈ। ਵੱਖ-ਵੱਖ ਵਿਭਾਗਾਂ ਵਿਚ ਵੱਡੇ ਪੈਮਾਨੇ 'ਤੇ ਅਸਾਮੀਆਂ ਖਾਲੀ ਪਈਆਂ ਹਨ। ਹੁਣ ਤੱਕ ਸਿਰਫ਼ 26454 ਅਸਾਮੀਆਂ ਭਰਨ ਦਾ ਫ਼ੈਸਲਾ ਕੈਬਨਿਟ ਨੇ ਲਿਆ ਹੈ। ਇਹ ਭਰਤੀ ਕਿਹੋ ਜਹੀ ਅਤੇ ਕਿਵੇਂ ਕੀਤੀ ਜਾਵੇਗੀ ਇਹ ਆਉਣ ਵਾਲੇ ਦਿਨਾਂ 'ਚ ਸਾਹਮਣੇ ਆਵੇਗਾ। ਪਟਵਾਰੀਆਂ ਦੀ ਭਰਤੀ ਨੇ ਸਰਕਾਰ ਦੀ ਰੋਜ਼ਗਾਰ ਬਾਰੇ ਨੀਤੀ ਅਤੇ ਨੀਅਤ ਬਾਰੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਨੌਜਵਾਨਾਂ ਨੂੰ ਭਰਤੀ ਕਰਨ ਦੀ ਬਜਾਏ 1766 ਰਿਟਾਇਰ ਹੋਏ ਪਟਵਾਰੀ/ਕਾਨੂੰਗੋ ਠੇਕੇ 'ਤੇ ਰੱਖ ਲਏ ਗਏ। ਜਦੋਂ ਕਾਂਗਰਸ ਸਰਕਾਰ ਨੇ ਰਿਟਾਇਰਡ ਪਟਵਾਰੀ ਭਰਤੀ ਕੀਤੇ ਸਨ ਤਾਂ 'ਆਪ' ਦੇ ਆਗੂਆਂ ਨੇ ਵਿਰੋਧ ਕੀਤਾ ਸੀ। ਹੁਣ ਉਨ੍ਹਾਂ ਨੇ ਖ਼ੁਦ ਉਹੀ ਰਾਹ ਫੜ ਲਿਆ।

ਸਿੱਖਿਆ ਅਤੇ ਸਿਹਤ ਦੋ ਮੁੱਖ ਖੇਤਰ ਹਨ ਜਿੱਥੇ ਡਗਮਗਾ ਰਹੇ ਬੁਨਿਆਦੀ ਢਾਂਚੇ ਨੂੰ ਥਾਂ ਸਿਰ ਕਰਨ ਲਈ ਲੋੜੀਂਦਾ ਬਜਟ ਜਾਰੀ ਹੋਣਾ ਚਾਹੀਦਾ ਹੈ ਅਤੇ ਤਰਜ਼ੀਹੀ ਆਧਾਰ 'ਤੇ ਪੱਕੀ ਭਰਤੀ ਕੀਤੀ ਜਾਣੀ ਚਾਹੀਦੀ ਹੈ। ਇਸ ਦੀ ਬਜਾਏ ਦਿੱਲੀ ਦੀ ਤਰਜ਼ 'ਤੇ 'ਮੁਹੱਲਾ ਕਲੀਨਿਕ' ਅਤੇ ਚਮਕ-ਦਮਕ ਵਾਲੇ ਸਕੂਲ ਬਣਾਉਣ ਦੇ ਹਕੀਕਤ ਨਾਲੋਂ ਟੁੱਟੇ ਐਲਾਨ ਕੀਤੇ ਜਾ ਰਹੇ ਹਨ। ਈ-ਬਜਟ ਰਾਹੀਂ ਕਾਗਜ਼ ਦਾ ਖ਼ਰਚਾ ਬਚਾਉਣ ਦੀਆਂ ਸ਼ੇਖੀਆਂ ਮਾਰੀਆਂ ਜਾ ਰਹੀਆਂ ਹਨ। ਪੱਕੀ ਭਰਤੀ ਅਤੇ ਸਾਰੇ ਸਕੂਲਾਂ ਦੀ ਕਾਇਆਕਲਪ ਕਰਨ ਦੀ ਬਜਾਏ ਚੁਣਵੇਂ ਸਕੂਲਾਂ ਨੂੰ ਸ਼ਿੰਗਾਰਨ ਵਾਲੇ ਦਿੱਲੀ ਮਾਡਲ ਦੇ ਗੁਣ ਗਾਉਣਾ ਹੀ ਇਸ ਸਰਕਾਰ ਦਾ ਮੂਲ ਮੰਤਰ ਜਾਪਦਾ ਹੈ।

ਨਸ਼ਿਆਂ ਨੂੰ ਠੱਲ ਪਾਉਣ ਲਈ ਕਿਸੇ ਠੋਸ ਨੀਤੀ ਦਾ ਕਿਤੇ ਨਾਮ-ਨਿਸ਼ਾਨ ਵੀ ਨਹੀਂ ਹੈ। ਸਪਲਾਈ ਵੀ ਉਸੇ ਤਰ੍ਹਾਂ ਜਾਰੀ ਹੈ ਅਤੇ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਵੀ ਪਹਿਲਾਂ ਵਾਂਗ ਹੋ ਰਹੀਆਂ ਹਨ। ਪੰਚਾਇਤੀ ਜ਼ਮੀਨਾਂ ਉੱਪਰ ਨਜਾਇਜ਼ ਕਬਜ਼ੇ ਛੁਡਾਉਣ ਦੀ ਪਹਿਲ ਕਰਨਾ ਚੰਗੀ ਗੱਲ ਹੈ ਜਿਸ ਦੀ ਕਾਫ਼ੀ ਚਰਚਾ ਵੀ ਹੋਈ ਹੈ, ਪਰ ਇਸ ਵਿਚ ਵੀ ਮੁੱਖ ਜ਼ੋਰ ਪ੍ਰਚਾਰ ਅਤੇ ਦਿਖਾਵੇ ਉੱਪਰ ਹੈ। ਨਜਾਇਜ਼ ਕਬਜ਼ੇਦਾਰਾਂ ਅਤੇ ਅਬਾਦਕਾਰਾਂ 'ਚ ਫ਼ਰਕ ਕਰਨ ਦੀ ਬਜਾਏ ਦੋਵੇਂ ਤਰ੍ਹਾਂ ਦੇ 'ਕਬਜ਼ੇਦਾਰਾਂ' ਨੂੰ ਇੱਕੋ ਰੱਸੇ ਬੰਨ੍ਹਿਆ ਜਾ ਰਿਹਾ ਹੈ। ਸਰਕਾਰ ਨੇ ਸ਼ੁਰੂ 'ਚ ਕੁਝ ਕੁ ਰਸੂਖ਼ਵਾਨਾਂ ਕੋਲੋਂ ਨਜਾਇਜ਼ ਕਬਜ਼ੇ ਛੁਡਾਉਣ ਤੋਂ ਬਾਦ ਮਾੜੇ-ਧੀੜੇ ਅਬਾਦਕਾਰਾਂ ਵੱਲ ਮੂੰਹ ਕਰ ਲਿਆ। ਦਰ ਅਸਲ ਨਜਾਇਜ਼ ਕਬਜ਼ੇ ਵੱਡੇ ਲੋਕਾਂ ਨੇ ਕੀਤੇ ਹੋਏ ਹਨ ਅਤੇ ਕੀਤੇ ਵੀ ਵੱਡੇ ਪੈਮਾਨੇ 'ਤੇ ਹਨ ਜਿਨ੍ਹਾਂ ਵਿਚ ਹੁਕਮਰਾਨਾਂ ਦੇ ਚਹੇਤੇ ਸਾਬਕਾ ਵੱਡੇ ਅਧਿਕਾਰੀ, ਰਸੂਖ਼ਵਾਨ ਸਿਆਸਤਦਾਨ ਅਤੇ ਉਨ੍ਹਾਂ ਦੇ ਨਜ਼ਦੀਕੀ ਸ਼ਾਮਿਲ ਹਨ। ਉਨ੍ਹਾਂ ਤੋਂ ਪਾਸਾ ਵੱਟਿਆ ਜਾ ਰਿਹਾ ਹੈ। ਮਾਈਨਿੰਗ/ਰੇਤ ਮਾਫ਼ੀਆ ਦੀ ਧਾਂਦਲੀ ਉਸੇ ਤਰ੍ਹਾਂ ਚੱਲ ਰਹੀ ਹੈ। ਨਜਾਇਜ਼ ਮਾਈਨਿੰਗ ਨੂੰ ਠੱਲ ਤਾਂ ਨਹੀਂ ਪਈ ਪਰ ਮਾਈਨਿੰਗ ਵਿਰੁੱਧ ਸਖ਼ਤੀ ਦੇ ਨਾਂ 'ਤੇ ਰੇਤੇ ਦੀ ਬਲੈਕ ਨੇ ਸਾਰੇ ਰਿਕਾਰਡ ਮਾਤ ਪਾ ਦਿੱਤੇ। ਮਾਇੰਨਿੰਗ ਮਾਫ਼ੀਆ ਅੱਜ ਵੀ ਉਸੇ ਤਰ੍ਹਾਂ ਦਣਦਣਾ ਰਿਹਾ ਹੈ।

ਭ੍ਰਿਸ਼ਟਾਚਾਰ ਨੂੰ ਰੋਕਣ ਲਈ ਵਿਸ਼ੇਸ਼ ਫ਼ੋਨ ਨੰਬਰ ਜਾਰੀ ਕਰਨ ਨਾਲ ਜ਼ਮੀਨੀਂ ਪੱਧਰ 'ਤੇ ਭ੍ਰਿਸ਼ਟਾਚਾਰ 'ਚ ਕੋਈ ਖ਼ਾਸ ਫ਼ਰਕ ਨਹੀਂ ਪਿਆ, ਭ੍ਰਿਸ਼ਟਾਚਾਰ ਦੇ ਤਾਣੇ ਬਾਣੇ ਨੇ ਰਿਸ਼ਵਤ ਅਤੇ



ਹਿੱਸਾਪੱਤੀ ਲੈਣ ਦੇ ਤਰੀਕੇ ਬਦਲ ਲਏ। ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਸਿਹਤ ਮੰਤਰੀ ਵਿਜੇ ਸਿੰਗਲੇ ਦੀ ਬਰਖ਼ਾਸਤਗੀ ਅਤੇ ਗ੍ਰਿਫ਼ਤਾਰੀ ਇਸ ਕਰਕੇ ਹੋਈ ਜਾਪਦੀ ਹੈ ਕਿ ਉਸ ਨੇ ਹੱਦੋਂ ਵੱਧ ਵਢਾਂਗਾ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੰਗਲੇ ਦਾ ਭਾਣਜਾ ਕਾਗਜ਼ਾਂ 'ਚ ਓਐੱਸਡੀ ਨਹੀਂ ਸੀ ਪਰ ਉਹ ਜੂਨੀਅਰ ਮੰਤਰੀ ਦੀ ਤਰ੍ਹਾਂ ਕੰਮ ਕਰਦਾ ਸੀ। ਸਾਬਕਾ ਮੁੱਖ ਮੰਤਰੀ ਚੰਨੀ ਦੇ ਭਾਣਜੇ ਦੀ ਤਰ੍ਹਾਂ। ਇਸ ਕਾਰਵਾਈ ਪਿੱਛੇ ਅੰਦਰੂਨੀ ਗੁੱਟਬਾਜ਼ੀ ਅਤੇ ਹਿਤਾਂ ਦੇ ਟਕਰਾਅ ਦੀ ਭੂਮਿਕਾ ਵੀ ਹੋਵੇਗੀ। ਇਹ ਨਵੀਂ ਸਰਕਾਰ 'ਚ ਪਰਿਵਾਰਵਾਦ ਅਤੇ 'ਅੰਨ੍ਹਾ ਵੰਡੇ ਰਿਓੜੀਆਂ' ਵਾਲੇ ਰਾਜਸੀ ਕਲਚਰ ਦੀ ਲਗਾਤਾਰਤਾ ਦਾ ਸੂਚਕ ਹੈ। ਮੁੱਖ ਮੰਤਰੀ ਵੱਲੋਂ ਮੰਤਰੀਆਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਸਰਕਾਰੀ ਕੰਮਕਾਜ ਤੋਂ ਦੂਰ ਰੱਖਣ ਦੀਆਂ ਨਸੀਹਤਾਂ ਦਿੱਤੀਆਂ ਜਾ ਰਹੀਆਂ ਹਨ ਪਰ ਉਸ ਦੀ ਆਪਣੀ ਭੈਣ ਵੱਲੋਂ ਸਰਕਾਰੀ ਅਦਾਰਿਆਂ ਦੀ ਚੈਕਿੰਗ ਦੇ ਦੌਰੇ ਅਤੇ ਉਸ ਨੂੰ ਸੰਗਰੂਰ ਲੋਕ ਸਭਾ ਦੀ ਜ਼ਿਮਨੀਂ ਚੋਣ 'ਚ ਉਮੀਦਵਾਰ ਬਣਾਉਣ ਦੀ ਪੂਰੀ ਤਰ੍ਹਾਂ ਉਲਟ ਅਮਲ ਨੂੰ ਦਰਸਾਉਂਦੇ ਹਨ। ਇਹ ਹੈਰਾਨੀਜਨਕ ਨਹੀਂ ਹੈ ਕਿਉਂਕਿ ਇਸ ਦੀਆਂ ਜੜ੍ਹਾਂ ਪੂਰੇ ਢਾਂਚੇ 'ਚ ਬਹੁਤ ਡੂੰਘੀਆਂ ਲੱਗੀਆਂ ਹੋਈਆਂ ਹਨ। ਉਨ੍ਹਾਂ ਜੜ੍ਹਾਂ ਨੂੰ ਸਿਰਫ਼ 'ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ' (ਜ਼ੀਰੋ ਟੌਲਰੈਂਸ) ਦੇ ਐਲਾਨ ਕਰਕੇ ਨਹੀਂ ਪੱਟਿਆ ਜਾ ਸਕਦਾ।

ਭ੍ਰਿਸ਼ਟਾਚਾਰ ਦੇ ਖ਼ਾਤਮੇ ਦੀ ਉਮੀਦ ਕਰਨ ਸਮੇਂ ਇਹ ਪੱਖ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਇਸ ਪਾਰਟੀ 'ਚ ਭ੍ਰਿਸ਼ਟਾਚਾਰੀ ਅਤੇ ਰਵਾਇਤੀ ਠੱਗ ਪਾਰਟੀਆਂ ਨੂੰ ਛੱਡ ਕੇ ਆਏ 'ਦਲ-ਬਦਲੂਆਂ' ਦੀ ਖ਼ਾਸੀ ਗਿਣਤੀ ਹੈ ਜਿਨ੍ਹਾਂ ਨੇ ਸੀਟਾਂ ਨਾ ਮਿਲਣ ਕਾਰਨ ਝਾੜੂ ਦਾ ਪੱਲਾ ਫੜਿਆ ਸੀ। ਉਦੋਂ ਜੋ ਟਿਕਟਾਂ ਵੇਚਣ ਦੇ ਇਲਜ਼ਾਮ ਲੱਗੇ ਉਨ੍ਹਾਂ ਦਾ ਕੋਈ ਮੰਨਣਯੋਗ ਸਪਸ਼ਟੀਕਰਨ ਨਹੀਂ ਦਿੱਤਾ ਗਿਆ। 'ਆਪ' ਦੇ 92 ਵਿਧਾਇਕਾਂ ਵਿੱਚੋਂ 52 ਉੱਪਰ ਕੇਸ ਚੱਲ ਰਹੇ ਹਨ। 27 ਵਿਧਾਇਕਾਂ ਵਿਰੁੱਧ ਸੰਗੀਨ ਜੁਰਮਾਂ ਦੇ ਕੇਸ ਦਰਜ ਹਨ। ਪੰਜਾਬ ਦੇ ਹਿਤਾਂ ਅਤੇ ਸਰੋਕਾਰਾਂ ਨੂੰ ਦਰਕਿਨਾਰ ਕਰਕੇ 'ਆਮ ਆਦਮੀ ਪਾਰਟੀ' ਵੱਲੋਂ ਪੰਜ ਰਾਜ ਸਭਾ ਮੈਂਬਰਾਂ ਦੀ ਚੋਣ ਨੇ ਬਹੁਤ ਕੁਝ ਸਾਫ਼ ਕਰ ਦਿੱਤਾ ਹੈ। ਸੋ ਰਾਜਸੀ ਕਲਚਰ ਅਤੇ ਭ੍ਰਿਸ਼ਟਾਚਾਰ ਦੀ ਲਗਾਤਾਰਤਾ ਸੁਭਾਵਿਕ ਹੈ। ਇਹ ਵੀ ਚੇਤੇ ਰੱਖਣਾ ਹੋਵੇਗਾ ਕਿ ਸਰਕਾਰਾਂ ਬਦਲਣ 'ਤੇ ਸੱਤਾ ਤੋਂ ਬਾਹਰ ਹੋਏ ਰਾਜਸੀ ਮਹਾਰਥੀਆਂ ਵਿਰੁੱਧ ਭ੍ਰਿਸ਼ਟਾਚਾਰ ਵਗੈਰਾ ਦੇ ਕੇਸ ਦਰਜ ਕਰਨੇ ਕੋਈ ਨਵੀਂ ਗੱਲ ਨਹੀਂ। ਰਿਪੋਰਟਾਂ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਤਿੰਨ ਮੁੱਖ ਮੰਤਰੀਆਂ (ਪ੍ਰਕਾਸ਼ ਸਿੰਘ ਬਾਦਲ, ਰਾਜਿੰਦਰ ਕੌਰ ਭੱਠਲ, ਕੈਪਟਨ ਅਮਰਿੰਦਰ ਸਿੰਘ), ਸੁਖਬੀਰ ਬਾਦਲ, ਕਾਂਗਰਸ ਤੇ ਅਕਾਲੀ ਸਰਕਾਰਾਂ 'ਚ ਮੰਤਰੀ ਰਹੇ ਦੋ ਦਰਜਨ ਦੇ ਕਰੀਬ ਮੰਤਰੀਆਂ ਅਤੇ ਹੋਰ ਆਗੂਆਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ ਪਰਚੇ ਦਰਜ ਕੀਤੇ ਗਏ। ਵਿਜੀਲੈਂਸ ਦੇ ਅਫ਼ਸਰ ਸਰਕਾਰਾਂ ਬਦਲਣ 'ਤੇ ਇਨ੍ਹਾਂ ਹੀ ਰਾਜਨੀਤਕ ਆਕਾਵਾਂ ਦੇ ਹੁਕਮ ਅਨੁਸਾਰ ਅਦਾਲਤਾਂ 'ਚ ਚੱਲਦੇ ਕੇਸਾਂ ਨੂੰ ਪੁੱਠਾ ਗੇੜਾ ਦੇ ਕੇ ਭ੍ਰਿਸ਼ਟਾਚਾਰੀ ਆਗੂਆਂ ਨੂੰ ਬਰੀ ਕਰਵਾਉਂਦੇ ਰਹੇ ਹਨ। ਪੰਜਾਬ ਨੂੰ ਬੇਕਿਰਕੀ ਨਾਲ ਲੁੱਟ ਕੇ ਬਣਾਈਆਂ ਨਜਾਇਜ਼ ਜਾਇਦਾਦਾਂ ਅਤੇ ਕਾਲੀ ਕਮਾਈ ਦੇ ਮਾਲਕ ਪੁਰਾਣੇ ਖਿਡਾਰੀ ਕਿਸੇ ਨੂੰ ਭੁੱਲੇ ਹੋਏ ਨਹੀਂ। ਉਹ ਅੱਜ ਵੀ ਥਾਪੀਆਂ ਮਾਰਦੇ ਦੇਖੇ ਜਾ ਸਕਦੇ ਹਨ ਕਿ ਕੋਈ ਸਾਨੂੰ ਹੱਥ ਪਾ ਕੇ ਤਾਂ ਵਿਖਾਏ। ਚਾਹੇ ਸਾਧੂ ਸਿੰਘ ਧਰਮਸੋਤ ਵਾਲਾ 56 ਕਰੋੜੀ ਘੁਟਾਲਾ (ਪੋਸਟ-ਮੈਟ੍ਰਿਕ ਵਜ਼ੀਫ਼ੇ ਹਜਮ ਕਰਨ ਦਾ ਘੁਟਾਲਾ) ਹੈ ਜਾਂ ਇਸ ਤਰ੍ਹਾਂ ਦੇ ਹੋਰ ਬਹੁਤ ਹੀ ਚਰਚਿਤ ਘੁਟਾਲੇ, ਬਾਦਲਕਿਆਂ, ਕੈਪਟਨ ਅਤੇ ਚੰਨੀ ਦੇ ਰਾਜ ਵਿਚ ਹੋਏ ਕਿਸੇ ਵੀ ਵੱਡੇ ਘੁਟਾਲੇ ਦੀ ਜਾਂਚ ਕਰਾਉਣ ਅਤੇ ਕਿਸੇ ਵੀ ਵੱਡੇ ਘੁਟਾਲੇਬਾਜ਼ ਵਿਰੁੱਧ ਕਾਰਵਾਈ ਕਰਨ ਲਈ ਕੋਈ ਕਦਮ ਇਸ ਸਰਕਾਰ ਨੇ ਅਜੇ ਤੱਕ ਨਹੀਂ ਚੁੱਕਿਆ।

ਇੰਝ ਸਰਕਾਰ ਦੀ ਕਹਿਣੀ ਅਤੇ ਕਰਨੀ ਦੇ ਫ਼ਰਕ ਬਾਰੇ ਸਵਾਲ ਉੱਠਣੇ ਸੁਭਾਵਿਕ ਹਨ। ਵਾਅਦਾ ਖ਼ਿਲਾਫ਼ੀ ਬਾਰੇ ਸਵਾਲਾਂ ਤੋਂ ਬਚਣ ਲਈ 'ਆਮ ਆਦਮੀ ਪਾਰਟੀ' ਦੇ ਭਗਤ ਇਹ ਦਲੀਲ ਦਿੰਦੇ ਹਨ ਕਿ ਸਾਢੇ ਸੱਤ ਦਹਾਕਿਆਂ 'ਚ ਵਿਗੜਿਆ ਢਾਂਚਾ ਕੁਝ ਮਹੀਨਿਆਂ 'ਚ ਠੀਕ ਨਹੀਂ ਹੋਣ ਲੱਗਾ ਅਤੇ ਨਵੀਂ ਸਰਕਾਰ ਨੂੰ ਸਮਾਂ ਦੇਣਾ ਚਾਹੀਦਾ ਹੈ। ਪਰ ਉਹ ਇਹ ਨਹੀਂ ਦੱਸਦੇ ਕਿ ਵਿਗੜੇ ਢਾਂਚੇ ਨੂੰ ਠੀਕ ਕਰਨ ਲਈ ਹੁਣ ਤੱਕ ਜੋ ਕਦਮ ਚੁੱਕੇ ਜਾਣੇ ਚਾਹੀਦੇ ਸਨ ਉਹ ਕਿਉਂ ਨਹੀਂ ਚੁੱਕੇ ਜਾ ਰਹੇ। ਇਹ ਤਾਂ ਚੋਣ ਲੜਨ ਸਮੇਂ ਹੀ ਪਤਾ ਸੀ ਕਿ 'ਖ਼ਜ਼ਾਨਾ ਖਾਲੀ ਹੈ' ਅਤੇ ਰਾਜ ਢਾਂਚਾ ਪੂਰੀ ਤਰ੍ਹਾਂ ਗਲ਼-ਸੜ ਚੁੱਕਿਆ ਹੈ ਜਿਸ ਵਿਚ ਮਾਮੂਲੀ ਸੁਧਾਰਾਂ ਲਈ ਵੀ ਸਖ਼ਤ ਫ਼ੈਸਲੇ ਲੈਣੇ ਪੈਣਗੇ। ਸੱਤਾ ਉੱਪਰ ਕਾਬਜ਼ ਹੋਣ ਲਈ ਰਾਜਨੀਤੀ ਬਦਲਣ ਦੇ ਦਾਅਵੇ ਅਤੇ ਜਵਾਬਦੇਹੀ ਵੇਲੇ ਸਮੇਂ ਦੀ ਮੋਹਲਤ ਦੀਆਂ ਲੇਲੜੀਆਂ, ਇਹ ਰਾਜਨੀਤਕ ਦੋਗਲਾਪਣ ਅਣਮਿੱਥੇ ਸਮੇਂ ਲਈ ਨਹੀਂ ਚੱਲ ਸਕਦਾ। ਲੋਕਾਂ ਦੇ ਜੋ ਹਿੱਸੇ ਜਥੇਬੰਦੀਆਂ ਨਾਲ ਜੁੜੇ ਹੋਏ ਹਨ ਉਹ ਆਪਣੇ ਅਸਲ ਮਸਲਿਆਂ ਅਤੇ ਚੋਣ ਜੁਮਲਿਆਂ ਤੇ ਲੋਕ-ਭਰਮਾਊ ਖ਼ੈਰਾਤਾਂ ਦੇ ਫ਼ਰਕ ਨੂੰ ਬਖ਼ੂਬੀ ਸਮਝਦੇ ਹਨ। ਵੋਟ ਸਿਆਸਤ ਦੀਆਂ ਹੇਰਾਫੇਰੀਆਂ ਤੋਂ ਜਾਗਰੂਕ ਸਮਾਜ ਦੇ ਇਹ ਹਿੱਸੇ ਜਵਾਬ ਵੀ ਮੰਗਣਗੇ ਅਤੇ ਲੋੜ ਪੈਣ 'ਤੇ ਧਰਨੇ ਵੀ ਲਾਉਣਗੇ ਤੇ ਘਿਰਾਓ ਵੀ ਕਰਨਗੇ। ਕਿਸਾਨਾਂ-ਮਜ਼ਦੂਰਾਂ ਅਤੇ ਇਸ ਰਾਜ ਢਾਂਚੇ ਵੱਲੋਂ ਧੱਕ ਕੇ ਕੰਧ ਨਾਲ ਲਾਏ ਹੋਰ ਹਿੱਸਿਆਂ ਨੂੰ ਜਥੇਬੰਦੀਆਂ ਬਣਾਉਣ ਅਤੇ ਸੜਕਾਂ ਉੱਪਰ ਆ ਕੇ ਸਮੂਹਿਕ ਸੰਘਰਸ਼ ਦੀ ਲੋੜ ਹੀ ਇਸ ਕਰਕੇ ਪੈਂਦੀ ਹੈ ਕਿ ਵੋਟ ਸਿਆਸਤ ਵਿਚ 'ਹਾਥੀ ਦੇ ਦੰਦ ਖਾਣ ਲਈ ਹੋਰ ਅਤੇ ਵਿਖਾਉਣ ਲਈ ਹੋਰ' ਹਨ। ਇਤਿਹਾਸ ਰਚਣ ਵਾਲੇ ਕਿਸਾਨ ਅੰਦੋਲਨ ਅਤੇ ਹੋਰ ਸੰਘਰਸ਼ਾਂ ਰਾਹੀਂ ਉਨ੍ਹਾਂ ਨੂੰ ਹੱਕ-ਜਤਾਈ ਕਰਨ, ਜਵਾਬ ਮੰਗਣ ਅਤੇ ਸੰਘਰਸ਼ਾਂ ਰਾਹੀਂ ਹਿਤਾਂ ਦੀ ਰਾਖੀ ਕਰਨ ਦੀ ਜਾਚ ਆ ਗਈ ਹੈ। ਹੁਣ ਹੁਕਮਰਾਨਾਂ ਨੂੰ ਲੋਕਾਂ ਤੋਂ ਪਿਛਲੇ ਸਾਢੇ ਸੱਤ ਦਹਾਕਿਆਂ ਵਾਲੇ ਸਬਰ ਦੀ ਉਮੀਦ ਨਹੀਂ ਰੱਖਣੀ ਚਾਹੀਦੀ। ਸਰਕਾਰ ਨੂੰ ਕੰਧ ਉੱਪਰ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ। ਦਿੱਲੀ 'ਚ ਬੈਠੇ ਰਾਜਨੀਤਕ ਬੌਸਾਂ ਤੋਂ ਦਿਸ਼ਾ-ਨਿਰਦੇਸ਼ ਲੈਣ ਦੀ ਬਜਾਏ ਲੋਕਾਂ ਦੇ ਵੱਖ-ਵੱਖ ਹਿੱਸਿਆਂ ਦੀ ਨੁਮਾਇੰਦਗੀ ਕਰਦੀਆਂ ਜਥੇਬੰਦੀਆਂ ਨਾਲ ਸੰਜੀਦਗੀ ਨਾਲ ਸਲਾਹ-ਮਸ਼ਵਰਾ ਕਰਕੇ ਉਨ੍ਹਾਂ ਦੀ ਹਿੱਸੇਦਾਰੀ ਨਾਲ ਨੀਤੀਆਂ ਬਣਾਉਣ ਦਾ ਰਾਹ ਅਖ਼ਤਿਆਰ ਕੀਤਾ ਜਾਵੇਗਾ ਤਾਂ ਮੁੱਖ ਮੰਤਰੀ ਅਤੇ ਨਵੀਂ ਹਕੂਮਤ ਨੂੰ ਘੱਟ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਡੰਗ ਟਪਾਊ ਲਾਰੇਬਾਜ਼ੀ ਕੀਤੀ ਜਾਵੇਗੀ ਤਾਂ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਹੀ ਪਵੇਗਾ।

ਇਹ ਹੁਣ ਸਰਕਾਰ ਨੇ ਤੈਅ ਕਰਨਾ ਹੈ ਕਿ ਉਸ ਨੇ ਲੋਕਾਂ ਦੀ ਹਿੱਸੇਦਾਰੀ ਅਤੇ ਲੋਕ ਜਥੇਬੰਦੀਆਂ ਨਾਲ ਸਲਾਹ-ਮਸ਼ਵਰੇ ਵਾਲਾ ਜਮਹੂਰੀ ਤਰੀਕਾ ਅਖ਼ਤਿਆਰ ਕਰਕੇ ਆਪਣੀਆਂ ਮੁਸ਼ਕਲਾਂ ਘਟਾਉਣੀਆਂ ਹਨ ਜਾਂ ਲੋਕਾਂ ਨੂੰ ਟਿੱਚ ਸਮਝ ਕੇ ਡੰਡੇ ਦੇ ਜ਼ੋਰ ਰਾਜ ਕਰਨ ਦੀ ਤਾਨਾਸ਼ਾਹ ਹਕੂਮਤੀ ਪਰੰਪਰਾ 'ਤੇ ਚੱਲ ਕੇ ਸੰਘਰਸ਼ਸ਼ੀਲ ਕਾਫ਼ਲਿਆਂ ਨੂੰ ਆਪਣੇ ਬੂਹਿਆਂ ਅੱਗੇ ਬਿਠਾਉਣਾ ਹੈ।

---

## ਓਂਟਾਰੀਓ ਸੂਬੇ ਦਾ ਬਜਟ ਅਤੇ ਮੌਜੂਦਾ ਚੋਣ ਵਿਗੁਲ (ਸ਼ਫਾ 1 ਦੀ ਬਾਕੀ)



ਡਾ: ਹਰਦੀਪ ਸਿੰਘ ਅਟਵਾਲ

ਸਹੂਲਤਾਂ ਦੀ ਸ਼ਕਲ ਵਿੱਚ ਨਜ਼ਰ ਅੰਦਾਜ਼ ਹੈ। ਬਹੁਤ ਸਾਰੇ ਆਰਥਿਕ ਮਾਹਿਰਾਂ ਦੇ ਰਾਇ ਹੈ ਕਿ ਆਮ ਹਾਲਤਾਂ ਵਿੱਚ ਵੀ ਸਿਹਤ ਸੇਵਾ ਦੀ ਮੇਨਟੀਨੈਂਸ ਲਈ ਬਜਟ 4.5% ਦੀ ਲੋੜ ਹੈ। ਇਸ ਦਾ ਮਤਲਬ ਇਹ ਬਜਟ ਤਜਵੀਜਾਂ ਵੀ, ਊਂਠ ਦੇ ਮੂੰਹ ਵਿੱਚ ਜ਼ੀਰਾ ਹੀ ਸਾਬਤ ਹੋਣਗੀਆਂ ਅਤੇ ਓਂਟਾਰੀਓ ਦੀ ਆਮ ਆਬਾਦੀ ਦੀਆਂ ਸਿਹਤ ਸਹੂਲਤਾਂ ਲਈ ਇਹ ਸੁਧਾਰ ਦਾ ਯਤਨ ਨਹੀਂ ਲੱਗ ਰਹੇ।

ਇਸੇ ਤਰ੍ਹਾਂ ਐਜੂਕੇਸ਼ਨ ਦੇ ਖੇਤਰ ਦੇ ਸੁਧਾਰਾਂ ਲਈ ਵੀ ਸਰਕਾਰ ਦੀ ਨੀਤ ਸਾਫ ਨਹੀਂ ਲੱਗਦੀ ਜਿਸਦੀ ਮੂੰਹ ਬੋਲਦੀ ਤਸਵੀਰ ਇਹ ਬਜਟ ਤਜ਼ਵੀਜ਼ਾਂ ਹਨ। ਇੱਕ ਨਜ਼ਰੇ ਤਾਂ ਅਗਲੇ ਤਿੰਨ ਸਾਲਾਂ ਲਈ ਐਜੂਕੇਸ਼ਨ ਬਜਟ ਵਿੱਚ 5.9% ਦਾ ਵਾਧਾ ਗਿਣਤੀ ਵਿੱਚ ਵਧ ਲਗਦਾ ਹੈ, ਪਰ ਇਥੇ ਵੀ ਅੱਖਾਂ ਵਿੱਚ ਘੱਟੇ ਵਾਲੀ ਟਰਿੱਕ ਹੈ। ਕਿਉਂਕਿ ਇਸ ਗਿਣਤੀ ਮਿਣਤੀ ਵਿੱਚ ਫੈਡਰਲ ਸਰਕਾਰ ਤੋਂ ਦਿੱਤੀ ਜਾ ਰਹੀ $6.8 ਬਿਲੀਅਨ ਦੀ ਰਕਮ ਵੀ ਜੋੜਕੇ ਦੱਸ ਦਿੱਤੀ ਗਈ ਹੈ ਜੋਕਿ 'ਓਂਟਾਰੀਓ ਅਰਲੀ ਲਰਨਿੰਗ ਅਤੇ ਚਾਇਲਡ ਕੇਅਰ ਐਗਰਮਿੰਟ' ਲਈ ਦਿੱਤੀ ਗਈ ਹੈ ਹਲਾਂਕਿ ਇਹ ਰਕਮ ਐਜੂਕੇਸ਼ਨ ਲਈ ਨਹੀਂ ਹੈ ਸਗੋਂ ਚਾਈਲਡ ਕੇਅਰ ਲਈ ਹੈ। ਨਿੱਤ ਦਿਨ ਵਧ ਰਹੀ ਇਸ ਮਹਿੰਗਾਈ ਵਿੱਚ ਐਜੂਕੇਸ਼ਨ ਸੇਵਾ ਲਈ ਇਹ ਬਜਟ ਸੁਧਾਰਾਂ ਦੀ ਬਜਾਏ ਪ੍ਰਤੀ ਵਿਦਿਆਰਥੀ ਲਈ ਕਟੌਤੀ ਹੀ ਸਾਬਤ ਹੋਵੇਗਾ। ਇਸ ਤਰ੍ਹਾਂ ਸੂਬੇ ਦੇ 2 ਮੀਲੀਅਨ ਓਂਟਾਰੀਓ ਵਿਦਿਆਰਥੀਆਂ ਲਈ ਇਸ ਬਜਟ ਨਾਲ ਸੁਧਾਰਾਂ ਦੀ ਕੋਈ ਆਸ ਨਹੀਂ ਹੈ, ਜਿਨ੍ਹਾਂ ਨੂੰ ਕੋਵਿਡ ਪੈਨਡੈਮਕ ਦੀ ਬੰਦੀ ਦੀ ਆਰਥਿਕ ਮਾਰ ਦੀ ਪੂਰਤੀ ਲਈ ਸਗੋਂ ਵਾਧੂ ਰਕਮ ਦੀ ਜ਼ਰੂਰਤ ਹੈ। ਇਸ ਬਜਟ ਵਿੱਚ ਪੋਸਟ ਸੈਕੰਡਰੀ ਐਜੂਕੇਸ਼ਨ ਲਈ ਵੀ ਅਗਾਮੀ 3 ਸਾਲਾਂ ਲਈ ਮੋਜੂਦਾ ਖਰਚੇ ਨਾਲੋਂ ਔਸਤਨ 4.7% ਵਾਧੇ ਦੀ ਰਕਮ ਦੀ ਗੱਲ ਕੀਤੀ ਗਈ ਹੈ। ਇਹ ਖੇਤਰ ਵੀ ਫੰਡਾਂ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ ਪਰ ਇਸ ਬਜ਼ਟ ਵਾਧੇ ਨਾਲ ਵੀ ਮਹਿਗਾਈ ਕਾਰਨ ਇਸ ਵਿੱਚ ਬਹੁਤਾ ਫਰਕ ਨਹੀਂ ਪੈਣਾ।

ਬੱਚਿਆਂ ਅਤੇ ਸਮਾਜਿਕ ਸੇਵਾਵਾਂ ਲਈ ਵੀ 2.6% ਦੀ ਦਰ ਨਾਲ ਵੱਧ ਰਕਮ ਦੀ ਤਜ਼ਵੀਜ ਰੱਖੀ ਗਈ ਹੈ, ਜਿਹੜੀ ਕਿ ਮੌਜੂਦਾ ਦੌਰ ਅੰਦਰ ਪ੍ਰਤੀ ਵਿਅਕਤੀ ਹਿਸਾਬ ਨਾਲ ਕਟੌਤੀ ਹੀ ਲਗਦੀ ਹੈ। ਇਸ ਬਜਟ ਵਿੱਚ ਔਟਿਜ਼ਿਮ ਨਾਲ ਪ੍ਰਭਾਵਿਤ ਬੱਚਿਆਂ ਅਤੇ ਅਪੰਗ ਲੋਕਾਂ ਲਈ 'ਓਂਟਾਰੀਓ ਵਰਕਸ ਜਾਂ ਓਂਟਾਰੀਓ ਡਿਸਬੀਲੀਟੀ ਸਪੋਰਟ ਪਲੈਨ' ਦੀ ਸੋਸ਼ਲ ਅਸੀਸਟੈਂਸ ਦੇ ਵਾਧੇ ਪ੍ਰਤੀ ਧਾਰੀ ਗਈ ਚੁੱਪੀ ਦੀ ਵੀ ਘਾਟ ਮਹਿਸੂਸ ਕੀਤੀ ਜਾ ਸਕਦੀ ਹੈ। ਅਜਿਹੇ ਨਿਰਭਰ ਲੋੜਵੰਦਾਂ ਲਈ ਫੋਰਡ ਸਰਕਾਰ ਦੀ ਪਹੁੰਚ ਨਿੰਦਣਯੋਗ ਹੈ।

ਇਸ ਬਜਟ ਵਿੱਚ ਜਸਟਿਸ ਖੇਤਰ ਲਈ ਅਗਾਮੀ ਤਿੰਨ ਸਾਲ ਲਈ ਔਸਤਨ ਵਾਧਾ 2.1 % ਦਾ ਰੱਖਿਆ ਗਿਆ ਹੈ। ਇਹ ਵੀ ਇਸ ਖੇਤਰ ਲਈ ਕਟੌਤੀ ਵਾਲੀ ਗੱਲ ਹੀ ਲੱਗਦੀ ਹੈ। ਇੱਕ ਹੋਰ ਖੇਤਰ ਜਿਸਨੂੰ 'ਅਦਰ" ਨਾਮ ਰਾਹੀਂ ਬਜਟ ਰੱਖਿਆ ਗਿਆ ਹੈ ਪਰ ਨਾਮ ਅਤੇ ਕੰਮ ਦਾ ਵੇਰਵਾ ਵੀ ਦੱਸਣ ਦੀ ਜ਼ਰੂਰਤ ਨਹੀਂ ਸਮਝੀ ਗਈ, ਇਸ ਖਰਚੇ ਲਈ ਅਗਲੇ ਤਿੰਨ ਸਾਲਾਂ ਵਿੱਚ ਔਸਤਨ 10.6% ਵਾਧਾ ਰੱਖਿਆ ਗਿਆ ਹੈ। ਇਸ ਵਿੱਚ ਐਗਰਕਿਲਚਰ ਤੋਂ ਲ਼ੈ ਕੇ ਟਰਾਂਸਪੋਰਟ ਵੀ ਹੋ ਸਕਦਾ ਹੈ, ਹੈਰਾਨੀਜਨਕ ਹੈ ਕਿ ਬਿਨਾਂ ਖਰਚ ਪਲੈਨਿੰਗ ਦੇ ਜ਼ਿਕਰ ਬਗੈਰ ਇਹ ਰਕਮ ਦਿੱਤੀ ਜਾਵੇਗੀ।

ਇੱਕ ਗੱਲ ਜਿਹੜੀ ਬਜਟ ਲਈ ਬਹੁਤ ਮਹੱਤਵਪੂਰਨ ਹੁੰਦੀ ਹੈ, ਉਹ ਹੈ ਰੈਵੀਨੀਉ ਕੁਲੈਕਸ਼ਨ, ਮਤਲਬ ਖਰਚ ਲਈ ਰਕਮ ਦਾ ਪ੍ਰਬੰਧ। ਇਸ ਮਾਮਲੇ ਵਿੱਚ ਪ੍ਰੋਵਿੰਸ ਸਰਕਾਰ ਦੀ ਕਾਰਗੁਜ਼ਾਰੀ ਵਿੱਚ ਪ੍ਰਸ਼ਨ ਚਿੰਨ੍ਹ ਲਗਦਾ ਹੈ ਕਿ ਪਿਛਲੇ ਚਾਰ ਸਾਲ ਤੋਂ ਸਰਕਾਰ, ਲਗਾਤਾਰ ਰੈਵੀਨਿਊ ਇਕੱਠਾ ਕਰਨ ਤੇ ਵੀ ਸੰਜੀਦਾ ਦਿਖਾਈ ਨਹੀਂ ਦਿੱਤੀ। ਸਿਰਫ ਸਾਲ 2022-2023 ਵਿੱਚ ਸਰਕਾਰ ਨੂੰ ਇੱਕ ਬਿਲਿਅਨ ਦਾ ਘਾਟਾ ਪਿਆ ਹੈ। ਇਸ ਤੋਂ ਇਲਾਵਾ ਪ੍ਰੋਵਿਸ਼ੀਅਲ ਸਰਕਾਰ ਦੁਆਰਾ ਘਰੇਲੂ ਵਹੀਕਲ ਲਾਇਸੈਂਸ ਪਲੇਟਾਂ ਵਿੱਚ ਫੀਸਾਂ ਦੀ ਕਟੌਤੀ ਨੇ ਇੱਕ ਬਾਰ ਤਾਂ ਸਭ ਨੂੰ ਖੁਸ਼ ਕਰ ਦਿੱਤਾ ਹੈ ਪਰ ਇਸ ਫੈਸਲੇ ਨਾਲ ਹਰ ਸਾਲ ਇੱਕ ਬੀਲੀਅਨ ਡਾਲਰ ਦਾ ਬੋਝ ਸਰਕਾਰੀ ਖਜ਼ਾਨੇ ਤੇ ਪਵੇਗਾ। ਮਤਲਬ ਇਹ ਕਿ ਸਰਕਾਰ ਦੀ ਆਮਦਨ ਵਿੱਚ ਘਾਟੇ ਨੂੰ ਪੂਰਾ ਕਰਨ ਲਈ ਬਦਲਵੇਂ ਨਵੇਂ ਟੈਕਸ ਲਾਵੇਗੀ। ਇਸੇ ਕਰਕੇ, 2018 ਦੀਆਂ ਵੋਟਾਂ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਸੂਬਾ ਸਰਕਾਰ ਉਨ੍ਹਾਂ ਲੋਕਾਂ ਤੇ ਟੈਕਸ ਲਾ ਰਹੀ ਹੈ ਜਿਹੜੇ ਓਂਟਾਰੀਓ ਵਿੱਚ ਨਾ ਤਾਂ ਰਹਿੰਦੇ ਹਨ ਅਤੇ ਨਾ ਹੀ ਵੋਟਰ ਹਨ। ਇਸ "ਨਾਨ-ਰੈਜ਼ੀਡੈਂਸ਼ੀਅਲ ਸਪੈਕੂਲੇਸ਼ਨ ਟੈਕਸ ਨਾਲ ਸਰਕਾਰ ਨੂੰ ਇਸੇ ਸਾਲ 175 ਮੀਲੀਅਨ ਡਾਲਰ ਅਤੇ ਅਗਲੇ ਸਾਲਾਂ ਵਿੱਚ ਇਸ ਤੋਂ ਵੀ ਜ਼ਿਆਦਾ ਟੈਕਸ ਇੱਕਠਾ ਹੋਵੇਗਾ। ਆਰਥਿਕ ਮਾਹਿਰਾਂ ਮੁਤਬਿਕ, ਬਜਟ ਵਿੱਚ ਦਿਖਾਈਆਂ ਗਈਆਂ ਟੈਕਸ ਕਟੌਤੀਆਂ ਲਾਗੂ ਹੋਣ ਕਾਰਣ ਘਾਟਾ ਪੂਰਤੀ ਲਈ 7 ਬਿਲੀਅਨ ਡਾਲਰਾਂ ਦੇ ਨਵੇਂ ਹੋਰ ਟੈਕਸ ਲਗਾਏ ਜਾਣ ਦਾ ਅੰਦਾਜ਼ਾ ਹੈ। ਚਿੰਤਾ ਵਾਲੀ ਗੱਲ ਹੈ ਕਿ ਸਰਕਾਰ ਦੁਆਰਾ ਮੌਜੂਦਾ ਸਾਲ ਵਿੱਚ ਵੀ ਘਾਟਾ ਹੀ ਦੱਸਿਆ ਗਿਆ ਸੀ। ਪਛਿਲੇ ਸਾਲ ਵਿੱਚ ਘਾਟਾ 19.9 ਬਿਲੀਅਨ ਡਾਲਰ ਸੀ ਜਿਸਨੂੰ ਕਿ ਸਰਕਾਰ ਦੁਆਰਾ ਝੱਲ ਲਏ ਜਾਣ ਦੇ ਦਾਅਵੇ ਨਾਲ ਸਟੇਬਲ 'ਡੈਟ-ਟੂ-ਜੀ ਡੀ ਪੀ' ਅਤੇ ਪ੍ਰੋਵੀਂਸ਼ੀਅਲ ਆਰਿਥਕ ਡੈਟ ਦੇ ਇੰਟਰਸਟ ਨੂੰ ਘਟਾ ਲਏ ਜਾਣ ਦਾ ਦਾਅਵਾ ਕੀਤਾ ਹੈ ।ਪਰ ਅਜੇ ਪਿਛੇ ਜਿਹੇ ਹੀ, ਇੱਕ ਆਜ਼ਾਦ ਸੰਸਥਾ, ਫਾਈਨੈਂਸ਼ੀਅਲ ਅਕਾਉਂਟੀਬੀਲੀਟੀ ਆਫਿਸ ਨੇ ਆਰਥਿਕ ਸਰਵੇਖਣ ਤੋਂ ਬਾਅਦ ਦੱਸਿਆ ਹੈ ਕਿ ਮੌਜੂਦਾ ਨੀਤੀਆਂ ਦੇ ਚਲਦੇ ਪ੍ਰੋਵੀਂਸ਼ੀਅਲ ਸਰਕਾਰੀ ਖਜ਼ਾਨੇ ਦਾ ਘਾਟਾ 1.7 ਬਿਲੀਅਨ ਡਾਲਰ ਰਹੇਗਾ। ਵੇਖਣਾ ਹੈ ਕਿ ਘਾਟੇ ਦੇ ਬਜਟਾਂ ਨੂੰ ਯੋਗ ਪ੍ਰਬੰਧਾਂ ਰਾਹੀਂ ਨਿਪਟਣ ਦਾ ਦਾਅਵਾ ਕਰਣ ਵਾਲੀ ਡੱਗ ਫੋਰਡ ਸਰਕਾਰ, ਜੇ ਮੌਜੂਦਾ ਵੋਟਾਂ ਰਾਹੀਂ ਦੁਬਾਰਾ ਜਿੱਤ ਵੀ ਜਾਂਦੀ ਹੈ ਤਾਂ ਆਪਣੇ ਬਜਟ ਵਿੱਚ ਦਿਖਾਈਆਂ ਗਈਆਂ ਸਹੂਲਤਾਂ ਨੂੰ ਪੂਰਾ ਕਿਵੇਂ ਕਰੇਗੀ। ਕਿਤੇ ਇਹ ਵੋਟਰਾਂ ਨੂੰ ਭਰਮਾਉਣ ਲਈ ਝੂਠੇ ਲਾਰੇ ਤਾਂ ਨਹੀਂ। ਜਦਕਿ ਫੋਰਡ ਸਰਕਾਰ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਵਿੱਚ ਸਿਹਤ ਸੰਭਾਲ, ਹਸਪਤਾਲਾਂ, ਐਜੂਕੇਸ਼ਨ ਸੇਵਾਵਾਂ ਦਾ ਨਿੱਜੀਕਰਨ ਦੀਆਂ ਨੀਤੀਆਂ ਕਿਸੇ ਤੋਂ ਭੁਲੀਆਂ ਨਹੀਂ। ਹਸਪਤਾਲਾਂ ਵਿੱਚ ਇਲਾਜ ਲਈ ਲੰਬੀ ਵੇਟਿੰਗ ਲਿਸਟ, ਸਕੂਲਾਂ ਵਿੱਚ ਕਲਾਸ ਸਾਇਜ਼ ਵਿੱਚ ਵਾਧਾ ਕਰਕੇ ਪ੍ਰਤੀ ਅਧਿਆਪਕ ਵਿਦਿਆਰਥੀ ਗਿਣਤੀ ਕਾਰਣ ਆਮ ਲੋਕਾਂ ਨੂੰ ਸੇਵਾ ਵਿੱਚ ਗਿਰਾਵਟ ਹੀ ਮਿਲੀ ਹੈ।

ਪੇਸ਼ ਕੀਤਾ ਗਿਆ ਬਜਟ ਤਾਂ 242 ਪੇਜ਼ ਦਾ ਹੈ ਪਰ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਲੋਕਾਂ ਦੇ ਮਨਾਂ ਦੇ ਸਵਾਲ ਵੀ ਬਹੁਤ ਹਨ। ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬ, ਮੌਜੂਦਾ ਵੋਟਾਂ ਦੀ ਕੈਮਪੇਨ ਵਿੱਚ ਅਤੇ ਲੋਕਾਂ ਦੇ ਦਰਵਾਜ਼ਿਆਂ ਤੇ ਵੋਟ ਮੰਗਣ ਆ ਰਹੇ ਕੰਜ਼ਰਵੇਟਿਵ ਪਾਰਟੀ ਦੇ ਕੈਂਡੀਡੇਟਸ ਤੋਂ ਪੁੱਛਣੇ ਬਣਦੇ ਹਨ। ਇਸ ਤੋਂ ਇਲਾਵਾ ਦੂਸਰੀਆਂ ਪਾਰਟੀਆਂ ਤੋਂ ਵੀ ਇਨ੍ਹਾਂ ਸਵਾਲਾਂ ਦੇ ਹੱਲ ਦੇ ਇਰਾਦੇ ਬਾਰੇ ਵੀ ਵਾਅਦਾ ਲੈਣਾ ਬਣਦਾ ਹੈ, ਨਹੀਂ ਤਾਂ ਵੋਟਾਂ ਜਿੱਤਣ ਤੋਂ ਬਾਅਦ ਕੋਈ ਵੀ ਪਾਰਟੀ ਜ਼ਰੂਰੀ ਸੇਵਾਵਾਂ ਦੇ ਨਿੱਜੀਕਰਣ ਦੇ ਰਾਹ ਪੈ ਸਕਦੀ ਹੈ। ਲੋੜ ਹੈ, ਮੁਨਾਫੇ ਦੀ ਹੋੜ ਵਿੱਚ ਕੰਮ ਕਰਦੇ ਵੱਡੇ ਕਾਰਪੋਰਟਾਂ ਨੂੰ ਵੇਚਣ ਦੀ ਨੀਤੀ ਨੂੰ ਮੋੜਾ ਦਿੱਤਾ ਜਾਵੇ ਅਤੇ ਲੋਕਾਂ ਦੀਆਂ ਸੇਵਾਵਾਂ ਦਾ ਯੋਗ ਪ੍ਰਬੰਧ ਕਰਕੇ, ਹਰ ਲੋੜਵੰਦ ਨੂੰ ਜੀਵਨ ਸਹੂਲਤ ਦਿੱਤੀਆਂ ਜਾਣ।

# ਫਿਲਮ 'ਦ ਦਿੱਲੀ ਫਾਈਲਜ਼' - ਸਿੱਖ ਕਤਲੇਆਮ '84 ਸ਼ੋਸ਼ਣ

-ਗੁਰਪ੍ਰੀਤ ਸਿੰਘ
ਅਨੁ.: ਬੂਟਾ ਸਿੰਘ ਮਹਿਮੂਦਪੁਰ




ਵਿਵੇਕ ਅਗਨੀਹੋਤਰੀ ਦੀ ਆਉਣ ਵਾਲੀ ਫਿਲਮ 'ਦੀ ਦਿੱਲੀ ਫਾਈਲਜ਼' ਦੇ ਮੋਸ਼ਨ ਪੋਸਟਰ ਵਿਚ ਖ਼ੂਨ ਨਾਲ ਗੜੁੱਚ ਰਾਸ਼ਟਰੀ ਚਿੰਨ੍ਹ ਦੇ ਅੰਦਰ ਇਕ ਸਿੱਖ ਲੜਕੇ ਦਾ ਪਰਛਾਵਾਂ ਮਦਦ ਲਈ ਪੁਕਾਰਦਾ ਨਜ਼ਰ ਆਉਂਦਾ ਹੈ, ਇਸ ਦੇ ਪਿਛੋਕੜ 'ਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੂਲ਼ ਮੰਤਰ ਦੀ ਆਵਾਜ਼ ਹੈ, ਉਸ ਤੋਂ ਬਾਦ ਫ਼ੌਜੀ ਬੂਟਾਂ ਦੀ ਪੈੜਚਾਲ, ਗੋਲੀਆਂ ਅਤੇ ਚੀਕਾਂ ਦੀ ਆਵਾਜ਼ ਹੈ। ਇਹ ਫਿਲਮ, ਜੋ ਇਸ ਸਾਲ ਅਕਤੂਬਰ ਵਿਚ ਰਿਲੀਜ਼ ਕੀਤੀ ਜਾਣੀ ਹੈ, ਸਪੱਸ਼ਟ ਤੌਰ 'ਤੇ ਨਵੰਬਰ 1984 ਦੇ ਸਿੱਖ ਕਤਲੇਆਮ 'ਤੇ ਅਧਾਰਤ ਹੈ। ਹਾਲਾਂਕਿ ਅਗਨੀਹੋਤਰੀ ਨੇ ਦਾਅਵਾ ਕੀਤਾ ਹੈ ਕਿ ਇਹ ਆਮ ਤੌਰ 'ਤੇ ਇਸ ਨੂੰ ਲੈ ਕੇ ਹੈ ਕਿ "ਇੰਨੇ ਸਾਲਾਂ ਤੋਂ ਦਿੱਲੀ 'ਭਾਰਤ' ਨੂੰ ਕਿਵੇਂ ਤਬਾਹ ਕਰਦੀ ਆ ਰਹੀ ਹੈ।" ਇਹ ਦੀ ਤਾਸ਼ਕੰਦ ਫਾਈਲਜ਼, ਜਿਸ ਨੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਮੌਤ ਬਾਰੇ ਬੇਹੂਦਾ ਅਟਕਲਪੱਚੂ ਲਗਾਏ ਅਤੇ ਕਸ਼ਮੀਰੀ ਪੰਡਤਾਂ ਦੀ "ਨਸਲਕੁਸ਼ੀ" ਬਾਬਤ ਦੀ ਕਸ਼ਮੀਰ ਫਾਈਲਜ਼, ਤੋਂ ਬਾਦ ਇਤਿਹਾਸ ਨੂੰ ਸੋਧਣ ਵਾਲੀ ਉਸ ਦੀ ਤ੍ਰਿਲੜੀ ਦੀ ਅੰਤਿਮ ਕਿਸ਼ਤ ਹੋਵੇਗੀ।

1984 ਦਾ ਕਤਲੇਆਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕਤਲ ਕਰ ਦੇਣ ਤੋਂ ਬਾਦ ਹੋਇਆ, ਜੋ ਸਿੱਖ ਧਰਮ ਦੇ ਸਭ ਤੋਂ ਪਾਵਨ ਅਸਥਾਨ, ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਉਸ ਵੱਲੋਂ ਕਰਵਾਏ ਗਏ ਬੇਹੂਦਾ ਫ਼ੌਜੀ ਹਮਲੇ ਦਾ ਬਦਲਾ ਲੈਣਾ ਚਾਹੁੰਦੇ ਸਨ। ਸ਼੍ਰੀਮਤੀ ਗਾਂਧੀ ਨੇ ਦਾਅਵਾ ਕੀਤਾ ਸੀ ਕਿ ਸਾਕਾ ਨੀਲਾ ਤਾਰਾ ਬਾਗ਼ੀਆਂ ਨੂੰ ਬਾਹਰ ਕੱਢਣ ਲਈ ਸੀ ਜਿਨ੍ਹਾਂ ਨੇ ਕੰਪਲੈਕਸ ਦੇ ਅੰਦਰ ਹਥਿਆਰ ਜਮ੍ਹਾ ਕਰ ਰੱਖੇ ਸਨ, ਪਰ ਬਹੁਤ ਸਾਰੇ ਸਿੱਖਾਂ ਦਾ ਮੰਨਣਾ ਸੀ ਕਿ ਉਸ ਹਮਲੇ ਦਾ ਅਸਲ ਮਨੋਰਥ ਉਸ ਸਾਲ ਦੀਆਂ ਆਮ ਚੋਣਾਂ ਤੋਂ ਪਹਿਲਾਂ ਫਿਰਕੂ ਧਰੁਵੀਕਰਨ ਕਰਨਾ ਸੀ, ਉਨ੍ਹਾਂ ਨੇ ਇਸ ਨੂੰ ਸਿੱਖ ਘੱਟ ਗਿਣਤੀ ਨੂੰ ਸਬਕ ਸਿਖਾ ਕੇ ਹਿੰਦੂ ਵੋਟਾਂ ਪੱਕੀਆਂ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ।

ਪੰਜਾਬ ਲਈ ਧਾਰਮਿਕ ਅਤੇ ਖੇਤਰੀ ਰਿਆਇਤਾਂ ਲਈ ਸ਼ਾਂਤਮਈ ਅੰਦੋਲਨ ਵਿੱਢਣ ਵਾਲੀ ਨਰਮਪੰਥੀ ਸਿੱਖ ਲੀਡਰਸ਼ਿਪ ਨੇ ਸ਼੍ਰੀਮਤੀ ਗਾਂਧੀ ਅਤੇ ਉਸ ਦੀ ਕਾਂਗਰਸ ਪਾਰਟੀ ਉੱਪਰ ਕੱਟੜਪੰਥੀਆਂ ਦੀ ਪੁਸ਼ਤਪਨਾਹੀ ਕਰਨ ਅਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਨੂੰ ਆਪਣੇ ਗੜ੍ਹ ਵਿਚ ਬਦਲਣ ਦੀ ਇਜਾਜ਼ਤ ਦੇਣ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਕਿਹਾ ਕਿ ਇਹ ਸਿੱਖ ਕਾਜ ਨੂੰ ਕਮਜ਼ੋਰ ਕਰਨ ਅਤੇ ਹਿੰਦੂਆਂ ਤੋਂ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਸੀ, ਜਿਨ੍ਹਾਂ ਨੂੰ ਕੁਝ ਕੱਟੜਪੰਥੀਆਂ ਨੇ ਨਿਸ਼ਾਨਾ ਬਣਾਇਆ ਸੀ।

ਉਹ ਸਹੀ ਸਾਬਤ ਹੋਏ ਕਿਉਂਕਿ ਸ਼੍ਰੀਮਤੀ ਗਾਂਧੀ ਦੇ ਕਤਲ ਤੋਂ ਤੁਰੰਤ ਬਾਦ ਸਟੇਟ ਦੀ ਸਰਪ੍ਰਸਤੀ ਵਾਲੇ ਕਾਤਲ ਹਜੂਮਾਂ ਨੇ ਪੂਰੇ ਮੁਲਕ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਸਿਰਫ਼ ਦਿੱਲੀ ਵਿਚ ਹੀ ਤਿੰਨ ਹਜ਼ਾਰ ਲੋਕ ਕਤਲ ਕਰ ਦਿੱਤੇ ਗਏ। ਰਾਜੀਵ ਗਾਂਧੀ, ਜੋ ਆਪਣੀ ਮਾਂ ਤੋਂ ਬਾਦ ਪ੍ਰਧਾਨ ਮੰਤਰੀ ਬਣਿਆ ਅਤੇ ਜਿਸ ਨੇ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ "ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ", ਨੇ ਭਾਰਤ ਦੇ ਚੋਣ ਇਤਿਹਾਸ ਵਿਚ ਸਭ ਤੋਂ ਵੱਡੀ ਜਿੱਤ ਹਾਸਲ ਕੀਤੀ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ 1984 ਦੀਆਂ ਘਿਣਾਉਣੀਆਂ ਘਟਨਾਵਾਂ ਨੂੰ ਆਪਣੇ ਮੁਫ਼ਾਦ ਲਈ ਵਰਤਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਨਰਿੰਦਰ ਮੋਦੀ ਆਪਣੀਆਂ ਚੋਣ ਮੁਹਿੰਮਾਂ ਦੌਰਾਨ ਵੋਟਰਾਂ ਨੂੰ ਉਸ ਕਤਲੇਆਮ ਦੀ ਯਾਦ ਦਿਵਾਉਂਦਾ ਰਿਹਾ। ਮੋਦੀ ਨੇ ਉਨ੍ਹਾਂ ਘਟਨਾਵਾਂ ਨੂੰ ਦਹਿਸ਼ਤਵਾਦ ਕਰਾਰ ਦਿੱਤਾ, ਇਸ ਦੇ ਬਾਵਜੂਦ ਕਿ ਜਦੋਂ ਉਹ ਗੁਜਰਾਤ ਦਾ ਮੁੱਖ ਮੰਤਰੀ ਸੀ ਉਦੋਂ 2002 ਵਿਚ ਉਸ ਦੀ ਨਿਗਰਾਨੀ ਹੇਠ ਮੁਸਲਮਾਨਾਂ ਦਾ ਇਸੇ ਤਰ੍ਹਾਂ ਦਾ ਕਤਲੇਆਮ ਹੋਇਆ ਸੀ। ਹਾਲਾਂਕਿ ਮੋਦੀ ਉੱਪਰ ਕਦੇ ਵੀ ਰਸਮੀ ਤੌਰ 'ਤੇ ਦੋਸ਼ ਨਹੀਂ ਲਗਾਏ ਗਏ, ਪਰ ਗੁਜਰਾਤ ਕਤਲੇਆਮ ਤੋਂ ਜ਼ਿੰਦਾ ਬਚ ਗਏ ਲੋਕ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਲਗਾਤਾਰ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਕਤਲੇਆਮ ਉਸ ਦੀ ਮਨਜ਼ੂਰੀ ਨਾਲ ਕੀਤਾ ਗਿਆ ਸੀ। ਨਤੀਜੇ ਵਜੋਂ, ਸੰਯੁਕਤ ਰਾਜ ਅਮਰੀਕਾ ਸਮੇਤ ਕਈ ਮੁਲਕਾਂ ਨੇ ਉਸ ਨੂੰ 2014 ਵਿਚ ਪ੍ਰਧਾਨ ਮੰਤਰੀ ਚੁਣੇ ਜਾਣ ਤੱਕ, ਇਕ ਦਹਾਕੇ ਤੋਂ ਵੱਧ ਸਮਾਂ ਵੀਜ਼ਾ ਨਹੀਂ ਦਿੱਤਾ।

ਹੁਣ ਇਹ ਗੱਲ ਸਮਝ ਪੈਂਦੀ ਹੈ ਕਿ ਬੀਜੇਪੀ ਦਾ ਸਰੇਆਮ ਹਮਾਇਤੀ ਅਗਨੀਹੋਤਰੀ ਇਕ ਅਜਿਹੇ ਵਿਸ਼ੇ ਉੱਪਰ ਫਿਲਮ ਕਿਉਂ ਬਣਾ ਰਿਹਾ ਹੈ ਜੋ ਕਾਂਗਰਸ ਦੀ ਭੈੜੀ ਤਸਵੀਰ ਪੇਸ਼ ਕਰਦੀ ਹੈ। ਉਸ ਦੀ ਫਿਲਮ ਦੀ ਕਸ਼ਮੀਰ ਫ਼ਾਈਲਜ਼ – ਜਿਸ ਦਾ ਭਾਜਪਾ ਦੇ ਆਗੂਆਂ ਨੇ ਬਹੁਤ ਜ਼ਿਆਦਾ ਪ੍ਰਚਾਰ ਕੀਤਾ ਅਤੇ ਜਿਸ ਨੂੰ ਭਾਜਪਾ ਦੀਆਂ ਕਈ ਰਾਜ ਸਰਕਾਰਾਂ ਨੇ ਟੈਕਸ ਤੋਂ ਛੋਟ ਦਿੱਤੀ – ਕਸ਼ਮੀਰ ਬਾਬਤ ਇਸ ਪਾਰਟੀ ਦੇ ਹਮਲਾਵਰ ਰੁਖ਼ ਅਨੁਸਾਰ ਬਣਾਈ ਗਈ ਹੈ। ਉਸ ਦਾ ਉਦੇਸ਼ ਮੋਦੀ ਸਰਕਾਰ ਦੁਆਰਾ ਧਾਰਾ 370 ਨੂੰ ਰੱਦ ਕਰਨ ਨੂੰ ਜਾਇਜ਼ ਠਹਿਰਾਉਣਾ ਹੈ, ਇਕ ਸੰਵਿਧਾਨਕ ਵਿਵਸਥਾ ਜਿਸ ਨੇ ਭਾਰਤ ਦੇ ਇਕਲੌਤੇ ਮੁਸਲਿਮ ਬਹੁ-ਗਿਣਤੀ ਵਾਲੇ ਰਾਜ ਨੂੰ ਸੀਮਤ ਖ਼ੁਦਮੁਖਤਿਆਰੀ ਦਿੱਤੀ ਹੋਈ ਸੀ। ਅਗਨੀਹੋਤਰੀ ਦਰਸ਼ਕਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹੈ ਕਿ ਕਸ਼ਮੀਰ ਵਿਚ ਸਵੈ-ਨਿਰਣੇ ਲਈ ਹਥਿਆਰਬੰਦ ਅੰਦੋਲਨ ਦੌਰਾਨ ਹਿੰਦੂਆਂ ਨਾਲ ਜੋ ਹੋਇਆ, ਉਹ ਨਸਲਕੁਸ਼ੀ ਸੀ, ਫਿਰ ਉਸ ਨੂੰ ਇਹ ਸਵਾਲ ਕਰਨਾ ਜਾਇਜ਼ ਹੈ ਕਿ ਕੀ ਉਹ 1984 ਦੇ ਕਤਲੇਆਮ ਲਈ ਇਹੀ ਸ਼ਬਦ ਵਰਤਣ ਦੀ ਹਿੰਮਤ ਕਰੇਗਾ? ਬਦੇਸ਼ਾਂ 'ਚ ਵਸਦੇ ਸਿੱਖਾਂ ਵੱਲੋਂ ਅਜਿਹਾ ਕੀਤੇ ਜਾਣ ਦਾ ਭਾਰਤੀ ਸਰਕਾਰਾਂ, ਜਿਸ ਵਿਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਵੀ ਸ਼ਾਮਲ ਹਨ, ਸਖ਼ਤ ਵਿਰੋਧ ਕਰਦੀਆਂ ਰਹੀਆਂ ਹਨ।

ਜੇਕਰ ਅਸੀਂ ਇਹ ਵੀ ਮੰਨ ਲਈਏ ਕਿ ਸਿੱਖ ਭਾਈਚਾਰੇ ਦੇ ਅੰਦਰ ਘੁਸਣ 'ਚ ਭਾਜਪਾ ਦੀ ਮਦਦ ਕਰਨ ਲਈ ਅਗਨੀਹੋਤਰੀ 1984 ਨੂੰ ਨਸਲਕੁਸ਼ੀ ਕਹਿਣ ਲਈ ਤਿਆਰ ਹੈ, ਤਾਂ ਅਗਲਾ ਸਵਾਲ ਇਹ ਹੋਵੇਗਾ ਕਿ ਕੀ ਉਸ ਵਿਚ ਹਿੰਸਾ ਵਿਚ ਭਾਜਪਾ ਦੀ ਸ਼ਮੂਲੀਅਤ ਨੂੰ ਦਿਖਾਉਣ ਦੀ ਹਿੰਮਤ ਹੈ? ਪਾਰਟੀ ਦੇ ਦੋ ਸਭ ਤੋਂ ਸੀਨੀਅਰ ਆਗੂਆਂ, ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ, ਨੇ ਸਰਕਾਰ ਤੋਂ ਦਰਬਾਰ ਸਾਹਿਬ ਵਿਚ ਫ਼ੌਜ ਭੇਜਣ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤੇ ਸਨ। ਕਤਲੇਆਮ ਤੋਂ ਬਾਦ ਦਰਜ ਕੀਤੀਆਂ ਪਹਿਲੀਆਂ ਐੱਫ.ਆਈ.ਆਰ ਵਿਚ ਵਾਜਪਾਈ ਦੇ ਪੋਲਿੰਗ ਏਜੰਟ ਸਮੇਤ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਲਗਭਗ 50 ਆਗੂਆਂ ਦੇ ਨਾਮ ਸ਼ਾਮਿਲ ਸਨ। ਜੇਕਰ ਦਿੱਲੀ ਫਾਈਲਜ਼ ਸੱਚਮੁੱਚ ਸਾਡੇ ਇਤਿਹਾਸ ਦਾ ਈਮਾਨਦਾਰ ਲੇਖਾਜੋਖਾ ਹੈ, ਜਿਸ ਦੀ ਸੰਭਾਵਨਾ ਨਹੀਂ ਹੈ, ਤਾਂ ਕੀ ਅਗਨੀਹੋਤਰੀ ਦੋਮੂੰਹੀ ਮੋਦੀ ਸਰਕਾਰ ਦਾ ਪਰਦਾਫਾਸ਼ ਕਰਨ ਲਈ ਕੁਝ ਦਮ ਦਿਖਾਏਗਾ ਜਿਸ ਨੇ ਸੰਘ ਦੇ ਉਸ ਮਰਹੂਮ ਆਗੂ ਚੰਡਿਕਾਦਾਸ ਅੰਮ੍ਰਿਤਰਾਓ ਦੇਸ਼ਮੁਖ ਨੂੰ ਭਾਰਤ ਦਾ ਸਰਵਉੱਚ ਨਾਗਰਿਕ ਸਨਮਾਨ ਦਿੱਤਾ ਸੀ, ਜਿਸ ਨੇ ਸਾਕਾ ਨੀਲਾ ਤਾਰਾ ਅਤੇ 1984 ਦੇ ਕਤਲੇਆਮ ਨੂੰ ਬੇਸ਼ਰਮੀ ਨਾਲ ਜਾਇਜ਼ ਠਹਿਰਾਇਆ ਸੀ? ਜਾਂ ਕੀ ਉਹ ਤਾਂ ਬੱਸ ਭਾਜਪਾ ਨੂੰ ਕਾਂਗਰਸ ਨੂੰ ਭੰਡਣ ਲਈ ਪ੍ਰਚਾਰ ਦਾ ਇਕ ਹੋਰ ਸੰਦ ਦੇਣਾ ਚਾਹੁੰਦਾ ਹੈ?

ਹੋਰ ਦੇਖੋ, ਕਤਲੇਆਮ ਤੋਂ ਬਾਦ ਭਾਜਪਾ ਦੀ ਵੋਟ ਕਾਂਗਰਸ ਨੂੰ ਪਈ, ਜਿਸ ਨਾਲ ਰਾਜੀਵ ਗਾਂਧੀ ਦੀ ਹੂੰਝਾ ਫੇਰੂ ਜਿੱਤ ਯਕੀਨੀ ਹੋ ਗਈ। ਕਿਉਂਕਿ ਅਗਨੀਹੋਤਰੀ ਨੇ ਦੀ ਕਸ਼ਮੀਰ ਫਾਈਲਜ਼ ਵਿਚ ਸਾਰੇ ਕਸ਼ਮੀਰੀ ਮੁਸਲਮਾਨਾਂ ਨੂੰ ਇਕੋ ਰੱਸੇ ਬੰਨ੍ਹਣ ਦਾ ਤਰੀਕਾ ਚੁਣਿਆ ਹੈ, ਇਹ ਪੁੱਛਣਾ ਵਾਜਬ ਨਹੀਂ ਹੈ ਕਿ ਕੀ ਉਹ ਕਿਸੇ ਇਕ ਸਿਆਸੀ ਪਾਰਟੀ ਨੂੰ ਸਾਰਾ ਦੋਸ਼ ਦੇਣ ਦੀ ਬਜਾਏ ਹਿੰਦੂ ਬਹੁਗਿਣਤੀਵਾਦ ਦਾ ਪਰਦਾਫਾਸ਼ ਕਰੇਗਾ ਜੋ ਸਿੱਖ ਵਿਰੋਧੀ ਕਤਲੇਆਮ ਦੇ ਪਿੱਛੇ ਇਕ ਤਾਕਤ ਵਜੋਂ ਕੰਮ ਕਰ ਰਹੀ ਸੀ?

ਅਗਨੀਹੋਤਰੀ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤ ਲੋਕਾਂ ਨੂੰ ਭੰਡਣ ਲਈ "ਸ਼ਹਿਰੀ ਨਕਸਲੀ" ਸ਼ਬਦ ਪ੍ਰਚਲਤ ਕੀਤਾ। ਜਿਨ੍ਹਾਂ ਲੋਕਾਂ ਦੀ ਉਸ ਨੇ ਇਸ ਸ਼ਬਦ ਰਾਹੀਂ ਕਿਰਦਾਰਕੁਸ਼ੀ ਕੀਤੀ ਉਨ੍ਹਾਂ ਵਿਚ ਪੱਤਰਕਾਰ ਤੋਂ ਕਾਰਕੁਨ ਬਣੇ ਗੌਤਮ ਨਵਲੱਖਾ ਵੀ ਹਨ, ਜਿਸ ਨੇ 1984 ਦੇ ਕਤਲੇਆਮ ਬਾਰੇ ਪਹਿਲੀ ਪ੍ਰਮਾਣਿਕ ਫੀਲਡ ਰਿਪੋਰਟ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਨਵਲੱਖਾ ਇਸ ਸਮੇਂ ਜੇਲ੍ਹ ਵਿਚ ਬੰਦ ਹਨ ਅਤੇ ਉਸ ਨੂੰ ਜੇਲ੍ਹ 'ਚ ਸਾੜਨ ਲਈ ਜਾਬਰ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਕਾਨੂੰਨ ਲਗਾਇਆ ਗਿਆ ਹੈ। ਨਵਲੱਖਾ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਵਾਲਿਆਂ ਉੱਪਰ ਹਮਲਾ ਕਰਨ ਵਾਲੇ ਅਗਨੀਹੋਤਰੀ ਨੂੰ ਨਵਲੱਖਾ ਵਰਗੇ ਲੋਕਾਂ ਲਈ ਆਪਣੀ ਨਫ਼ਰਤ ਨੂੰ 1984 ਦੇ ਪੀੜਤਾਂ ਨਾਲ ਆਪਣੀ ਸਪੱਸ਼ਟ ਇਕਜੁੱਟਤਾ ਦੇ ਤਹਿਤ ਹੱਲ ਕਰਨਾ ਚਾਹੀਦਾ ਹੈ। ਹਾਲਾਂਕਿ, ਮਜ਼ਲੂਮ ਕਸ਼ਮੀਰੀ ਮੁਸਲਮਾਨਾਂ ਦੇ ਹੱਕ 'ਚ ਡੱਟਣ ਵਾਲੇ ਖੱਬੇਪੱਖੀ ਕਾਰਕੁਨਾਂ ਨੂੰ ਦੀ ਕਸ਼ਮੀਰ ਫਾਈਲਜ਼ ਵਿਚ ਭੰਡਣ ਦੇ ਉਸ ਦੇ ਅਮਲ ਨੂੰ ਦੇਖਦੇ ਹੋਏ ਇਸ ਦੀ ਸੰਭਾਵਨਾ ਬਿਲਕੁਲ ਨਹੀਂ ਹੈ।

ਅਗਨੀਹੋਤਰੀ ਦੀ ਮੋਦੀ ਸਰਕਾਰ ਨਾਲ ਖੜ੍ਹਨ ਵਾਲੇ ਕਾਰਕੁਨਾਂ ਲਈ ਨਫ਼ਰਤ ਉਨ੍ਹਾਂ ਸਿੱਖ ਕਿਸਾਨਾਂ ਤੱਕ ਜਾ ਪਹੁੰਚੀ ਜਿਨ੍ਹਾਂ ਨੇ ਇਕ ਸਾਲ ਤੋਂ ਵਧੇਰੇ ਸਮਾਂ ਅੰਦੋਲਨ ਲੜ ਕੇ ਨਹੱਕ ਖੇਤੀ ਕਾਨੂੰਨ ਰੱਦ ਕਰਾਏ। ਉਹ ਸੋਸ਼ਲ ਮੀਡੀਆ ਉੱਪਰ ਉਨ੍ਹਾਂ ਸ਼ਖਸਾਂ ਵਿਚ ਸ਼ਾਮਿਲ ਸੀ ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਵੱਖਵਾਦੀ ਕਰਾਰ ਦੇ ਕੇ ਉਨ੍ਹਾਂ ਦਾ ਅਕਸ ਵਿਗਾੜਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਵਿਰੁੱਧ ਨਫ਼ਰਤ ਭੜਕਾਈ। ਅੰਦੋਲਨ ਵਿਰੁੱਧ ਨਫ਼ਰਤ ਭੜਕਾਉਣ ਵਾਲੇ ਬਹੁਤ ਸਾਰੇ ਸ਼ਖਸ 1984 ਦੀਆਂ ਘਟਨਾਵਾਂ ਨੂੰ ਦੁਹਰਾਉਣ ਦੀਆਂ ਧਮਕੀਆਂ ਵੀ ਦੇ ਰਹੇ ਸਨ। ਕੀ ਉਹ ਹੁਣ ਉਨ੍ਹਾਂ ਪਾਪਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਕਤਲੇਆਮ '84 ਦੀਆਂ ਯਾਦਾਂ ਨੂੰ ਬਾਕਸ ਆਫਿਸ ਉੱਪਰ ਕੈਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਤਾਂ ਸਿਰਫ਼ ਉਹੀ ਦੱਸ ਸਕਦਾ ਹੈ।

ਪਹਿਲਾਂ ਹੀ, ਸਿੱਖ ਭਾਈਚਾਰੇ ਦੇ ਇਕ ਹਿੱਸੇ – ਖ਼ਾਸ ਤੌਰ 'ਤੇ ਜੋ ਭਾਜਪਾ ਨਾਲ ਜੁੜਿਆ ਹੋਇਆ ਹੈ – ਨੇ ਦਿੱਲੀ ਫਾਈਲਜ਼ ਬਣਾਏ ਜਾਣ ਉੱਪਰ ਉਤਸ਼ਾਹ ਜ਼ਾਹਿਰ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸੇ ਨੇ ਫਿਲਮ ਲਈ ਫੰਡ ਦੇਣ ਦੀ ਪੇਸ਼ਕਸ਼ ਕੀਤੀ ਹੈ। ਐਡਵੋਕੇਟ ਅਤੇ ਲੇਖਕ ਹਰਵਿੰਦਰ ਸਿੰਘ ਫੂਲਕਾ, ਜੋ ਕਈ ਸਾਲ '84 ਦੇ ਪੀੜਤਾਂ ਦੀ ਅਦਾਲਤਾਂ 'ਚ ਨੁਮਾਇੰਦਗੀ ਕਰਦਾ ਰਿਹਾ ਅਤੇ ਕੁਝ ਚਿਰ ਲਈ ਆਮ ਆਦਮੀ ਪਾਰਟੀ ਵਿਚ ਵੀ ਸ਼ਾਮਲ ਰਿਹਾ, ਨੇ ਫਿਲਮ ਦੇ ਐਲਾਨ ਦਾ ਸਵਾਗਤ ਕੀਤਾ ਹੈ।

ਜਦੋਂ ਇਹ ਸਿੱਖ ਆਗੂ ਦੀ ਦਿੱਲੀ ਫਾਈਲਜ਼ ਦੀਆਂ ਖ਼ਬਰਾਂ ਉੱਪਰ ਕੱਛਾਂ ਵਜਾ ਰਹੇ ਸਨ ਤਾਂ ਉਦੋਂ ਸਿਰਫ਼ ਉੱਘੀ ਮਾਰਕਸਵਾਦੀ ਨੇਤਾ ਬਰਿੰਦਾ ਕਰਾਤ ਹੀ ਰਾਜਧਾਨੀ ਵਿਚ ਮੁਸਲਮਾਨ ਭਾਈਚਾਰੇ ਨਾਲ ਖੜ੍ਹੀ ਹੋਈ ਜਦੋਂ ਇਕ ਮੁਸਲਿਮ ਇਲਾਕੇ ਵਿਚ ਦੁਕਾਨਾਂ ਅਤੇ ਮਕਾਨਾਂ ਨੂੰ ਬੁਲਡੋਜਰ ਨਾਲ ਢਾਹਿਆ ਜਾ ਰਿਹਾ ਸੀ। ਮਿਉਂਸਪਲ ਅਧਿਕਾਰੀਆਂ ਨੇ ਇਸ ਨੂੰ ਨਜਾਇਜ਼ ਕਬਜ਼ਿਆਂ ਵਿਰੁੱਧ ਮੁਹਿੰਮ ਦਾ ਨਾਮ ਦਿੱਤਾ, ਜਿਸ ਦੀ ਉਚਿਤ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਾ ਕਰਨ ਅਤੇ ਮੁਸਲਮਾਨਾਂ ਨੂੰ ਡਰਾਉਣ ਦੀ ਮੁਹਿੰਮ ਦਾ ਹਿੱਸਾ ਹੋਣ ਕਾਰਨ ਤਿੱਖੀ ਆਲੋਚਨਾ ਹੋਈ ਹੈ। ਇਸੇ ਬਰਿੰਦਾ ਕਰਾਤ ਨੇ 2005 'ਚ ਕਤਲੇਆਮ '84 ਬਾਰੇ ਬਣੀ ਫਿਲਮ ਅਮੂ ਵਿਚ ਇਕ ਮਹੱਤਵਪੂਰਨ ਕਿਰਦਾਰ ਨਿਭਾਇਆ ਸੀ। ਉਸ ਦੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਕਤਲੇਆਮ '84 ਦੌਰਾਨ ਕਲਕੱਤਾ ਵਿਚ ਬਹੁਤ ਸਾਰੇ ਸਿੱਖਾਂ ਦੀਆਂ ਜਾਨਾਂ ਬਚਾਈਆਂ ਸਨ। ਇਹ ਅਗਨੀਹੋਤਰੀ ਲਈ ਇਕ ਹੋਰ ਜਾਇਜ਼ ਸਵਾਲ ਖੜ੍ਹਾ ਕਰਦਾ ਹੈ: ਉਹ ਮੌਜੂਦਾ ਹਾਲਾਤ ਵਿਚ ਦਿੱਲੀ ਫਾਈਲਜ਼ ਬਣਾਉਣ ਲਈ ਏਨਾ ਤਾਹੂ ਕਿਉਂ ਹੈ, ਜਦੋਂ ਕਿ ਪਿਛਲੇ ਸਮੇਂ ਵਿਚ ਇਸ ਵਿਸ਼ੇ 'ਤੇ ਬਹੁਤ ਸਾਰੀਆਂ ਚੰਗੀਆਂ ਅਤੇ ਵਾਜਬ ਫਿਲਮਾਂ ਬਣ ਚੁੱਕੀਆਂ ਹਨ? ਅਮੂ ਤੋਂ ਇਲਾਵਾ, ਇਸ ਵਿਸ਼ੇ ਉੱਪਰ ਬਣੀਆਂ ਫਿਲਮਾਂ ਵਿਚ ਮਾਚਿਸ (1996), ਹਵਾਏਂ (2003), ਕਾਇਆ ਤਰਨ (2004), ਮੇਮਸਾਹਿਬ (2008), ਕੁਸ਼ (2013) ਅਤੇ '47 ਤੋਂ 84 (2014) ਸ਼ਾਮਲ ਹਨ।

ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਸਿੱਖ ਭਾਈਚਾਰੇ ਦੇ ਆਪੇ ਬਣੇ ਦਰਬਾਨਾਂ ਨੇ ਇਕ ਮਹਾਨ ਕਾਰਜ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਦਿੱਤਾ ਹੈ ਅਤੇ ਉਹ ਭਾਜਪਾ ਦੇ ਪੈਰੋਕਾਰ ਦੀ ਪਹੁੰਚ ਦੀ ਨੁਕਤਾਚੀਨੀ ਕੀਤੇ ਬਿਨਾਂ ਉਸ ਦਾ ਬੇਸ਼ਰਮੀ ਨਾਲ ਗੁਣਗਾਣ ਕਰ ਰਹੇ ਹਨ। ਸਿੱਖ ਧਰਮ ਕਿਸੇ ਨਾਲ ਵੀ ਅਤੇ ਕਿਤੇ ਵੀ ਬੇਇਨਸਾਫ਼ੀ ਦੇ ਵਿਰੁੱਧ ਖੜ੍ਹੇ ਹੋਣ ਦੀ ਸਿੱਖਿਆ ਦਿੰਦਾ ਹੈ, ਅਤੇ ਉਨ੍ਹਾਂ ਦੇ ਆਪਣੇ ਭਾਈਚਾਰੇ ਨੂੰ ਰਾਜ ਦੀ ਸਰਪ੍ਰਸਤੀ ਵਾਲੀ ਜਿਸ ਹਿੰਸਾ ਦੇ ਅਨੁਭਵ 'ਚੋਂ ਗੁਜ਼ਰਨਾ ਪਿਆ, ਇਸ ਦੇ ਬਾਵਜੂਦ ਉਨ੍ਹਾਂ ਨੇ ਉਦੋਂ ਪਾਸਾ ਵੱਟ ਲੈਣ ਦਾ ਰਾਹ ਚੁਣਿਆ ਜਦੋਂ ਮੁਸਲਮਾਨਾਂ ਨੂੰ ਸਿਨੇਮਾ ਅਤੇ ਰਾਸ਼ਟਰੀ ਰਾਜਧਾਨੀ ਦੀਆਂ ਗਲੀਆਂ ਵਿਚ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਦੀ ਬਜਾਏ ਉਹ ਮੋਦੀ ਨਾਲ ਮਿਲ ਕੇ ਸਿੱਖਾਂ ਦੇ ਨੌਂਵੇਂ ਗੁਰੂ ਤੇਗ ਬਹਾਦਰ ਜੀ ਦੀ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦੇ ਰਹੇ, ਜੋ ਸਿਰਫ਼ ਤੇ ਸਿਰਫ਼ ਦੋ ਘੱਟ ਗਿਣਤੀ ਭਾਈਚਾਰਿਆਂ ਵਿਚ ਵੰਡੀਆਂ ਪਾਉਣ ਲਈ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਚਾਹੁੰਦਾ ਹੈ।

ਭਾਵੇਂ ਕਿ ਸਾਰੇ ਦਸ ਗੁਰੂ ਸਾਹਿਬਾਨ ਨੇ ਹਿੰਦੂ ਕੱਟੜਪੰਥੀਆਂ ਦਾ ਵਿਰੋਧ ਕੀਤਾ ਪਰ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਹਿੰਦੂਆਂ ਨੂੰ ਮੁਸਲਮਾਨ ਹੁਕਮਰਾਨਾਂ ਤੋਂ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਹ ਸਿਰਫ਼ ਇਤਫ਼ਾਕ ਸੀ ਕਿ ਉਸ ਵਕਤ ਦੇ ਹਾਕਮ ਮੁਸਲਮਾਨ ਸਨ ਅਤੇ ਪਰਜਾ ਹਿੰਦੂ ਸੀ; ਮੁੱਦਾ ਠੱਗ ਰਾਜ ਦਾ ਵਿਰੋਧ ਕਰਨਾ ਸੀ। ਜੇ ਕਰ ਗੁਰੂ ਸਾਹਿਬ ਅੱਜ ਹੁੰਦੇ ਤਾਂ ਉਹ ਭਾਰਤ ਦੇ ਮੁਸਲਮਾਨਾਂ ਦੇ ਹੱਕ 'ਚ ਖੜ੍ਹੇ ਹੁੰਦੇ।

ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਸਿੱਖ ਅਗਨੀਹੋਤਰੀ ਦੀ ਫਿਲਮ ਦਾ ਬਾਹਾਂ ਅੱਡ ਕੇ ਸਵਾਗਤ ਕਰਨਗੇ। ਐਸੇ ਸਿੱਖ ਹਨ ਜੋ ਪਹਿਲਾਂ ਹੀ ਆਪਣਾ ਸੰਦੇਹ ਦਰਜ ਕਰਵਾ ਚੁੱਕੇ ਹਨ। ਸਿੱਖ ਜੈਨੋਸਾਈਡ ਇੰਡੀਆ – 1984: ਏ ਬਲੈਕ ਸਪਾਟ ਆਨ ਡੈਮੋਕਰੇਸੀ ਦੇ ਲੇਖਕ ਅਜਮੇਰ ਸਿੰਘ ਰੰਧਾਵਾ ਉਨ੍ਹਾਂ ਵਿੱਚੋਂ ਇਕ ਹਨ। ਲੜੀਵਾਰ ਫੇਸਬੁੱਕ ਪੋਸਟਾਂ ਵਿਚ ਰੰਧਾਵਾ ਨੇ ਅਗਨੀਹੋਤਰੀ ਦਾ ਵਿਰੋਧ ਕੀਤਾ ਅਤੇ ਧਮਕੀ ਵੀ ਦਿੱਤੀ ਕਿ ਜੇਕਰ ਫਿਲਮ ਵਿਚ "ਝੂਠ 'ਤੇ ਬਣਾਏ ਗਏ ਨਾਟਕੀ ਦ੍ਰਿਸ਼ ਸ਼ਾਮਲ ਕੀਤੇ ਗਏ" ਤਾਂ ਉਹ ਕਾਨੂੰਨੀ ਕਾਰਵਾਈ ਦਾ ਰਾਹ ਅਖ਼ਤਿਆਰ ਕਰੇਗਾ। ਲਿਹਾਜ਼ਾ ਦਿੱਲੀ ਫਾਈਲਜ਼, ਜਿਸ ਦੇ ਹਮਾਇਤੀ ਵੀ ਹਨ ਅਤੇ ਆਲੋਚਕ ਵੀ, ਆਲਮੀ ਸਿੱਖ ਭਾਈਚਾਰੇ ਵਿਚ ਵੰਡੀਆਂ ਪਾਉਣ ਦੀ ਸਮਰੱਥਾ ਰੱਖਦੀ ਹੈ।

ਬੇਸ਼ੱਕ ਸਿੱਖਾਂ ਦੇ ਸਿਆਸੀ ਵਿਚਾਰ ਕਿਸੇ ਵੀ ਹੋਰ ਭਾਈਚਾਰੇ ਦੀ ਤਰ੍ਹਾਂ ਹੀ ਵੰਨ-ਸੁਵੰਨੇ ਹਨ, ਪਰ ਪੰਜਾਬ ਨੇ ਵਿਧਾਨ ਸਭਾ ਚੋਣਾਂ ਵਿਚ ਮੋਦੀ ਅਤੇ ਭਾਜਪਾ ਨੂੰ ਲਗਾਤਾਰ ਨਕਾਰਿਆ ਹੈ। ਕਿਉਂਕਿ ਜਦੋਂ ਸਿੱਖਾਂ ਦੀ ਗੱਲ ਆਉਂਦੀ ਹੈ ਤਾਂ ਭਾਜਪਾ ਉਨ੍ਹਾਂ ਦੀ ਵੱਖਰੀ ਪਛਾਣ ਤੋਂ ਇਨਕਾਰੀ ਹੈ ਅਤੇ ਉਨ੍ਹਾਂ ਨੂੰ ਹਿੰਦੂ ਸਮੂਹ ਦਾ ਹਿੱਸਾ ਮੰਨਦੀ ਹੈ, ਇਸ ਕਾਰਨ ਵਿਦਵਾਨਾਂ ਅਤੇ ਕਾਰਕੁਨਾਂ ਨੇ ਭਾਜਪਾ ਦੇ ਸਿੱਖਾਂ ਨੂੰ ਨਿਗਲ ਜਾਣ ਦੇ ਏਜੰਡੇ ਦਾ ਵਿਰੋਧ ਕੀਤਾ ਹੈ। ਜੇਕਰ ਅਗਨੀਹੋਤਰੀ ਸਿੱਖਾਂ ਵਿਚ ਮੱਤਭੇਦ ਪੈਦਾ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਦਾ ਲੰਬੇ ਸਮੇਂ ਵਿਚ ਭਾਜਪਾ ਨੂੰ ਫ਼ਾਇਦਾ ਹੋਵੇਗਾ।

ਅਸੀਂ ਸਾਰੇ ਜਾਣਦੇ ਹਾਂ ਕਿ ਕਾਂਗਰਸ ਕਤਲੇਆਮ '84 ਦੀ ਖਲਨਾਇਕ ਤਾਂ ਹੈ ਹੀ, ਇਹ ਇਸ ਦੀ ਮਾਸਟਰ ਮਾਈਂਡ ਸੀ, ਪਰ ਇਹ ਸਾਨੂੰ ਅਗਨੀਹੋਤਰੀ ਵਰਗਾ ਭਾਜਪਾ ਦਾ ਪੈਰੋਕਾਰ ਚੇਤੇ ਕਰਾਵੇ ਇਸ ਦੀ ਸਾਨੂੰ ਲੋੜ ਨਹੀਂ ਹੈ। ਇਸ ਦੀ ਬਜਾਏ, ਉਸ ਨੂੰ ਇਕ ਐਸੇ ਵਿਸ਼ੇ ਫਿਲਮ ਬਣਾਉਣ ਬਾਰੇ ਸੋਚਣ ਤੋਂ ਪਹਿਲਾਂ, ਜੋ ਸਿੱਖਾਂ ਲਈ ਸੰਵੇਦਨਸ਼ੀਲ ਹੈ, ਆਪਣੇ ਵਿਚਾਰਾਂ ਅਤੇ ਆਪਣੀ ਪਿਆਰੀ ਧਿਰ ਦੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।

# ਰਾਜਧ੍ਰੋਹ ਕਾਨੂੰਨ ਅਤੇ ਸੁਪਰੀਮ ਕੋਰਟ ਦੇ ਆਦੇਸ਼ ਦੇ ਮਾਇਨੇ



ਬੂਟਾ ਸਿੰਘ ਨਵਾਂਸ਼ਹਿਰ
94634-74342

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਰਾਜਧ੍ਰੋਹ ਕਾਨੂੰਨ ਨੂੰ ਮੁਅੱਤਲ ਰੱਖਣ ਦਾ ਅੰਤ੍ਰਿਮ ਆਦੇਸ਼ ਦੇਣਾ ਇਕ ਚੰਗੀ ਖ਼ਬਰ ਹੈ। ਜਮਹੂਰੀ ਹੱਕਾਂ ਬਾਰੇ ਜਾਗਰੂਕ ਲੋਕ ਲੰਮੇ ਸਮੇਂ ਤੋਂ ਮੰਗ ਕਰ ਰਹੇ ਸਨ ਕਿ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਨ ਵਾਲੇ ਰਾਜਧ੍ਰੋਹ ਕਾਨੂੰਨ ਨੂੰ ਖ਼ਤਮ ਕੀਤਾ ਜਾਵੇ। ਸੁਪਰੀਮ ਕੋਰਟ ਨੇ ਆਪਣੇ 11 ਮਈ ਦੇ ਆਦੇਸ਼ ਵਿਚ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਰਾਜਧ੍ਰੋਹ ਕਾਨੂੰਨ (ਇੰਡੀਅਨ ਪੀਨਲ ਕੋਡ ਦੀ ਧਾਰਾ 124ਏ) ਉੱਪਰ ਮੁੜ-ਵਿਚਾਰ ਨਹੀਂ ਕਰ ਲੈਂਦੀ ਉਦੋਂ ਤੱਕ ਕੇਂਦਰ ਅਤੇ ਰਾਜ ਸਰਕਾਰਾਂ ਇਸ ਕਾਨੂੰਨ ਦੀ ਵਰਤੋਂ ਨਾ ਕਰਨ। ਇਸ ਕਾਨੂੰਨ ਤਹਿਤ ਕੋਈ ਐੱਫ.ਆਈ.ਆਰ. ਦਰਜ ਕਰਨ, ਦਰਜ ਕੇਸਾਂ ਦੀ ਜਾਂਚ ਕਰਨ ਅਤੇ ਸਖ਼ਤ ਕਦਮ ਚੁੱਕਣ ਤੋਂ ਪਰਹੇਜ਼ ਕੀਤਾ ਜਾਵੇ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਲੋਕਾਂ ਵਿਰੁੱਧ ਧਾਰਾ 124ਏ ਤਹਿਤ ਮੁਕੱਦਮੇ ਦਰਜ ਹਨ ਅਤੇ ਜੋ ਜੇਲ੍ਹ ਵਿਚ ਬੰਦ ਹਨ ਉਹ ਜ਼ਮਾਨਤ ਲੈਣ ਲਈ ਸਬੰਧਤ ਅਦਾਲਤਾਂ ਤੱਕ ਪਹੁੰਚ ਕਰ ਸਕਦੇ ਹਨ। ਇਸ ਮਾਮਲੇ ਦੀ ਸੁਣਵਾਈ ਜੁਲਾਈ ਦੇ ਤੀਜੇ ਹਫ਼ਤੇ 'ਚ ਹੋਵੇਗੀ। ਉਦੋਂ ਤੱਕ ਕੇਂਦਰ ਸਰਕਾਰ ਨੂੰ ਇਸ ਕਾਨੂੰਨ ਉੱਪਰ ਮੁੜ-ਵਿਚਾਰ ਕਰਨ ਲਈ ਕਿਹਾ ਗਿਆ ਹੈ।

ਬਸਤੀਵਾਦੀ ਹਕੂਮਤ ਨੇ ਹਜ਼ਾਰਾਂ ਇਨਕਲਾਬੀ ਦੇਸ਼ਭਗਤਾਂ ਤੋਂ ਇਲਾਵਾ ਬਾਲ ਗੰਗਾਧਰ ਤਿਲਕ ਅਤੇ ਮਹਾਤਮਾ ਗਾਂਧੀ ਵਰਗੇ 'ਸੱਤਿਆਗ੍ਰਹੀਆਂ' ਵਿਰੁੱਧ ਵੀ ਰਾਜਧ੍ਰੋਹ ਦੇ ਮੁਕੱਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ। ਤ੍ਰਾਸਦੀ ਇਹ ਹੈ ਕਿ 152 ਸਾਲ ਪਹਿਲਾਂ ਬਣਾਏ ਬਸਤੀਵਾਦੀ ਕਾਨੂੰਨ ਉੱਪਰ ਮੁੜ-ਵਿਚਾਰ ਕਰਨ ਦੀ ਗੱਲ ਹੁਣ 75 ਸਾਲ ਬਾਦ ਹੋ ਰਹੀ ਹੈ ਜਿਸ ਨੂੰ 1947 'ਚ ਹੀ ਖ਼ਤਮ ਕਰ ਦਿੱਤਾ ਜਾਣਾ ਚਾਹੀਦਾ ਸੀ। ਇਸ ਕਾਨੂੰਨ ਨੂੰ ਖ਼ਤਮ ਕਰਨ ਦੀ ਬਜਾਏ ਹੋਰ ਵੀ ਬੇਤਹਾਸ਼ਾ ਲਾਗੂ ਕਰਕੇ ਪਿਛਲੇ ਸੱਤ ਦਹਾਕਿਆਂ 'ਚ ਭਾਰਤੀ ਹੁਕਮਰਾਨਾਂ ਵੱਲੋਂ ਦਹਿ ਹਜ਼ਾਰਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅੰਕੜਿਆਂ ਅਨੁਸਾਰ 2010-2021 ਦੌਰਾਨ 13306 ਲੋਕਾਂ ਨੂੰ 867 ਕੇਸਾਂ 'ਚ ਮੁਲਜ਼ਮ ਬਣਾਇਆ ਗਿਆ। 13000 ਲੋਕ ਅਜੇ ਵੀ ਜੇਲ੍ਹਾਂ 'ਚ ਬੰਦ ਹਨ। ਦਿਲਚਸਪ ਪੱਖ ਇਹ ਵੀ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਰਾਜ ਨੇ ਪਿਛਲੇ ਸਾਢੇ ਸੱਤ ਦਹਾਕਿਆਂ 'ਚ ਬਸਤੀਵਾਦੀ ਕਾਨੂੰਨ ਦੀ ਸਮੀਖਿਆ ਕਰਕੇ ਰੱਦ ਕਰਨ ਦੀ ਕਦੇ ਜ਼ਰੂਰਤ ਹੀ ਨਹੀਂ ਸਮਝੀ।

ਜਦੋਂ ਬਸਤੀਵਾਦੀ ਰਾਜ 'ਚ ਅੰਗਰੇਜ਼ ਹਕੂਮਤ ਭਾਰਤੀ ਲੋਕਾਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਰਾਜਧ੍ਰੋਹ ਦਾ ਕਾਨੂੰਨੀ ਹਥਿਆਰ ਵਰਤਦੀ ਸੀ ਤਾਂ ਕਾਂਗਰਸ ਦੇ ਆਗੂ ਇਸ ਦੀ ਵਰਤੋਂ ਉੱਪਰ ਸਵਾਲ ਉਠਾਉਂਦੇ ਸਨ। ਰਾਜ-ਭਾਗ ਉੱਪਰ ਕਾਬਜ ਹੋ ਕੇ ਇਹੀ ਬਸਤੀਵਾਦੀ ਕਾਨੂੰਨ ਦੇਸੀ ਹੁਕਮਰਾਨਾਂ ਨੇ ਲੋਕਾਂ ਨੂੰ ਦਬਾਉਣ ਦਾ ਹਥਿਆਰ ਬਣਾ ਲਿਆ। ਸੱਤਾ 'ਚ ਆਈ ਕਿਸੇ ਵੀ ਪਾਰਟੀ ਨੇ ਇਸ ਬਸਤੀਵਾਦੀ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਨਹੀਂ ਕੀਤੀ। ਸਭ ਤੋਂ ਵਧੇਰੇ ਸਮਾਂ ਰਾਜ ਕਰਨ ਵਾਲੀ ਕਾਂਗਰਸ ਨੇ ਇਸ ਦੀ ਵਰਤੋਂ ਕਰਨ 'ਚ ਕੋਈ ਕਸਰ ਨਹੀਂ ਛੱਡੀ। ਪ੍ਰਸਿੱਧ ਲੇਖਿਕਾ ਅਰੁੰਧਤੀ ਰਾਏ ਅਤੇ ਮਰਹੂਮ ਕਸ਼ਮੀਰੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਵਿਰੁੱਧ ਇਕ ਸੈਮੀਨਾਰ 'ਚ ਭਾਰਤ ਵਿਰੋਧੀ ਭਾਸ਼ਣ ਦੇਣ 'ਤੇ ਰਾਜਧ੍ਰੋਹ ਦੇ ਕੇਸ ਕਾਂਗਰਸ ਸਰਕਾਰ ਸਮੇਂ ਦਰਜ ਕੀਤੇ ਗਏ। ਰਾਜਨੀਤਕ ਕਾਰਨਾਂ ਕਰਕੇ ਕਾਂਗਰਸ ਨੇ ਰਾਜਧ੍ਰੋਹ ਨੂੰ ਖ਼ਤਮ ਕਰਨ ਦਾ ਮੁੱਦਾ ਪਹਿਲੀ ਵਾਰ 2019 ਦੀਆਂ ਲੋਕ ਸਭਾ ਚੋਣਾਂ ਦੇ ਮੈਨੀਫੈਸਟੋ 'ਚ ਸ਼ਾਮਿਲ ਕੀਤਾ। ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਨਾਲ ਇਸ ਦੀ ਵਰਤੋਂ ਹੋਰ ਵੀ ਬੇਤਹਾਸ਼ਾ ਅਤੇ ਵਿਆਪਕ ਹੋ ਗਈ। ਸਰਕਾਰ ਦੀ ਆਲੋਚਨਾ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਦੀ ਆਲੋਚਨਾ ਨੂੰ ਵੀ ਰਾਜ ਧ੍ਰੋਹ ਮੰਨ ਲਿਆ ਗਿਆ ਹੈ। ਇਸ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਪਿਛਲੇ ਸਾਲ ਜੁਲਾਈ 'ਚ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਸੀ ਕਿ ਸੁਤੰਤਰਤਾ ਸੰਗਰਾਮ ਨੂੰ ਦਬਾਉਣ ਲਈ ਅੰਗਰੇਜ਼ਾਂ ਵੱਲੋਂ ਬਣਾਏ ਗਏ ਕਾਨੂੰਨ ਨੂੰ ਸਰਕਾਰ ਖ਼ਤਮ ਕਿਉਂ ਨਹੀਂ ਕਰ ਰਹੀ।

ਭਾਰਤ ਦੀਆਂ ਸਮੂਹ ਜਮਹੂਰੀ ਤਾਕਤਾਂ ਅਤੇ ਬੁੱਧੀਜੀਵੀ ਲੰਮੇ ਸਮੇਂ ਤੋਂ ਮੰਗ ਕਰਦੇ ਆ ਰਹੇ ਹਨ ਕਿ ਇਸ ਜਾਬਰ ਬਸਤੀਵਾਦੀ ਕਾਨੂੰਨ ਨੂੰ ਖ਼ਤਮ ਕੀਤਾ ਜਾਵੇ ਜੋ ਆਜ਼ਾਦੀ ਲਈ ਸੰਘਰਸ਼ ਨੂੰ ਦਬਾਉਣ ਲਈ ਈਜ਼ਾਦ ਕੀਤਾ ਗਿਆ ਸੀ। ਬਸਤੀਵਾਦੀ ਕਾਨੂੰਨ ਨੂੰ ਸੱਤ ਦਹਾਕੇ ਬਾਦ ਵੀ ਆਜ਼ਾਦ ਕਹਾਉਂਦੇ ਮੁਲਕ ਦੇ ਰਾਜ ਵੱਲੋਂ ਜਾਰੀ ਰੱਖਣ ਪਿੱਛੇ ਭਾਰਤੀ ਹੁਕਮਰਾਨ ਜਮਾਤ ਦੇ ਖੋਟੇ ਮਨਸ਼ੇ ਕੰਮ ਕਰਦੇ ਹਨ। ਇਕ ਪਾਸੇ ਸੰਵਿਧਾਨ ਵਿਚ ਭਾਸ਼ਣ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਦੂਜੇ ਪਾਸੇ ਸੰਵਿਧਾਨ ਵਿਚ ਰਾਜਧ੍ਰੋਹ ਦੀ ਬਸਤੀਵਾਦੀ ਵਿਵਸਥਾ ਨੂੰ ਬਰਕਰਾਰ ਰੱਖਿਆ ਗਿਆ ਜੋ ਹੁਕਮਰਾਨਾਂ ਦੇ ਹੱਥ 'ਚ ਆਲੋਚਕ ਆਵਾਜ਼ਾਂ ਦੀ ਸੰਘੀ ਘੁੱਟਣ ਦਾ ਕਾਰਗਰ ਹਥਿਆਰ ਹੈ। ਹੁਕਮਰਾਨ ਜਿਸ ਨੂੰ ਵੀ ਚਾਹੁਣ ਰਾਜਧ੍ਰੋਹ ਦੇ ਝੂਠੇ ਕੇਸ 'ਚ ਫਸਾ ਕੇ ਜੇਲ੍ਹ 'ਚ ਡੱਕ ਸਕਦੇ ਹਨ। ਗ਼ੈਰਜਮਾਨਤੀ ਵਿਵਸਥਾ ਵਾਲੇ ਇਸ ਕਾਨੂੰਨ ਤਹਿਤ ਐਸਾ ਕੋਈ ਭਾਸ਼ਣ ਜਾਂ ਪ੍ਰਗਟਾਵਾ, ਜੋ ਭਾਰਤ ਵਿਚ 'ਕਾਨੂੰਨ ਦੁਆਰਾ ਸਥਾਪਿਤ ਸਰਕਾਰ ਦੇ ਪ੍ਰਤੀ ਘ੍ਰਿਣਾ ਜਾਂ ਹੱਤਕ ਜਾਂ ਅਸੰਤੋਸ਼ ਵਧਾਉਂਦਾ ਜਾਂ ਵਧਾਉਣ ਦੀ ਕੋਸ਼ਿਸ਼ ਕਰਦਾ' ਹੋਵੇ ਉਹ ਸਜ਼ਾਯੋਗ ਜੁਰਮ ਹੈ, ਜਿਸ ਵਿਚ ਉਮਰ ਕੈਦ ਤੱਕ ਦੀ ਵੱਧ ਤੋਂ ਵੱਧ ਸਜ਼ਾ ਦੇਣ ਦੀ ਵਿਵਸਥਾ ਹੈ।

ਪੁਲਿਸ ਦੀ ਮਾਨਸਿਕਤਾ ਇਹ ਹੈ ਕਿ ਰਾਜਧ੍ਰੋਹ ਬਾਰੇ ਕੇਦਾਰਨਾਥ ਸਿੰਘ ਬਨਾਮ ਬਿਹਾਰ ਰਾਜ ਕੇਸ ਦਾ ਫ਼ੈਸਲਾ (1962) ਵੀ ਅਧਿਕਾਰੀਆਂ ਲਈ ਕੋਈ ਮਾਇਨੇ ਨਹੀਂ ਰੱਖਦਾ। ਜਿਸ ਵਿਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਆਈ.ਪੀ.ਸੀ. ਦੀ ਧਾਰਾ 124ਏ ਦੇ ਤਹਿਤ ਰਾਜਧ੍ਰੋਹ ਦੇ ਜੁਰਮ ਦੇ ਦਾਇਰੇ ਨੂੰ ਪ੍ਰੀਭਾਸ਼ਿਤ ਕਰਦਿਆਂ ਕਿਹਾ ਸੀ ਕਿ 'ਕਥਿਤ ਰਾਜਧ੍ਰੋਹੀ ਭਾਸ਼ਣ ਅਤੇ ਪ੍ਰਗਟਾਵੇ ਦੇ ਲਈ ਵਿਅਕਤੀ ਨੂੰ ਫਿਰ ਹੀ ਸਜ਼ਾ ਦਿੱਤੀ ਜਾ ਸਕਦੀ ਹੈ ਜਦੋਂ ਉਹ ਭਾਸ਼ਣ ਹਿੰਸਾ ਲਈ ਉਕਸਾਉਣ ਵਾਲਾ ਜਾਂ ਜਨਤਕ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋਵੇ'। ਇਸ ਦੀ ਰੋਸ਼ਨੀ 'ਚ ਸ਼ਿਕਾਇਤ 'ਚ ਲਾਏ ਦੋਸ਼ਾਂ ਦੀ ਸਚਾਈ ਪਰਖਣ ਅਤੇ ਸ਼ਿਕਾਇਤ ਦੇ ਤੱਥਾਂ ਦੀ ਨਿਰਪੱਖ ਛਾਣਬੀਨ ਕਰਨ ਦੀ ਬਜਾਏ ਪੁਲਿਸ ਇਸ ਸੋਚ ਨਾਲ ਕੇਸ ਦਰਜ ਕਰ ਲੈਂਦੀ ਹੈ ਕਿ ਗੁਨਾਹ ਜਾਂ ਬੇਗੁਨਾਹ ਦਾ ਨਿਤਾਰਾ ਅਦਾਲਤ 'ਚ ਹੁੰਦਾ ਰਹੇਗਾ; ਸਾਡਾ ਕੰਮ ਤਾਂ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰਨਾ ਹੈ। ਜੇ.ਐੱਨ.ਯੂ. ਉੱਪਰ ਭਗਵੇਂ ਹਮਲੇ ਸਮੇਂ ਵਿਦਿਆਰਥੀ ਆਗੂਆਂ ਕਨੱਈਆ ਕੁਮਾਰ, ਉਮਰ ਖ਼ਾਲਿਦ ਵਿਰੁੱਧ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਾਰਕੁਨਾਂ ਅਤੇ ਵਿਦਿਆਰਥਣਾਂ ਵਿਰੁੱਧ ਇਸੇ ਤਰ੍ਹਾਂ ਝੂਠੇ ਕੇਸ ਦਰਜ ਕੀਤੇ ਗਏ। ਇਸ ਦੇ ਉਲਟ, ਭਗਵੇਂ ਆਗੂਆਂ ਦੇ ਹਿੰਸਾ ਅਤੇ ਨਫ਼ਰਤ ਭੜਕਾਊ ਭਾਸ਼ਣਾਂ ਅਤੇ ਸੱਦਿਆਂ/ਬਿਆਨਾਂ ਨੂੰ ਪੁਲਿਸ ਅਧਿਕਾਰੀ ਸੁਣ ਕੇ ਵੀ ਅਣਸੁਣਿਆ ਕਰ ਦਿੰਦੇ ਹਨ ਅਤੇ ਵਾਜਬ ਸ਼ਿਕਾਇਤਾਂ ਦੇ ਬਾਵਜੂਦ ਵੀ ਕੋਈ ਕਾਰਵਾਈ ਨਹੀਂ ਕਰਦੇ।

2014 ਤੋਂ ਬਾਦ ਹਾਲ ਇਹ ਹੈ ਕਿ ਮੋਦੀ ਜਾਂ ਸੰਘ ਭਗਤਾਂ ਵੱਲੋਂ ਕੀਤੀ ਕੋਈ ਵੀ ਬੇਹੂਦਾ ਜਨੂੰਨੀ, ਬਦਲਾਲਊ ਜਾਂ ਸ਼ਰਾਰਤੀ ਸ਼ਿਕਾਇਤ ਰਾਜਧ੍ਰੋਹ ਦੇ ਕੇਸ ਦਾ ਆਧਾਰ ਬਣ ਸਕਦੀ ਹੈ। ਹੁਕਮਰਾਨ ਧਿਰ ਦੀ ਸੋਚ ਤੋਂ ਹਟਵਾਂ ਕੋਈ ਵੀ ਪ੍ਰਤੀਕਰਮ ਜਾਂ ਇਜ਼ਹਾਰ ਰਾਜਧ੍ਰੋਹ ਤਹਿਤ ਗ੍ਰਿਫ਼ਤਾਰੀ ਤੇ ਜੇਲ੍ਹਬੰਦੀ ਨੂੰ ਸੱਦਾ ਦੇ ਸਕਦਾ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਮੈਚ ਸਮੇਂ ਕਿਸੇ ਨਾਗਰਿਕ ਦਾ ਪਾਕਿਸਤਾਨ ਦੀ ਟੀਮ ਦੀ ਜਿੱਤ 'ਤੇ ਖ਼ੁਸ਼ ਹੋਣਾ ਜਾਂ ਕਿਸੇ ਪ੍ਰਸੰਗ 'ਚ ਪਾਕਿਸਤਾਨ ਦੇ ਤਾਰੀਫ਼ ਦੇ ਸ਼ਬਦ ਬੋਲਣਾ ਵੀ ਭਗਵੇਂ ਹੁਕਮਰਾਨਾਂ ਅਨੁਸਾਰ ਰਾਜਧ੍ਰੋਹ ਹੈ। 2014, 2017 ਅਤੇ 2021 'ਚ ਏਸ਼ੀਆ ਕੱਪ, ਆਈ.ਸੀ.ਸੀ. ਚੈਂਪੀਅਨਜ਼ ਟਰਾਫ਼ੀ ਅਤੇ ਟਵੰਟੀ-20 ਵਰਲਡ ਕੱਪ 'ਚ ਭਾਰਤ ਦੀ ਹਾਰ ਉੱਪਰ ਕਥਿਤ 'ਜਸ਼ਨ ਮਨਾਉਣ' ਦੇ ਆਧਾਰ 'ਤੇ ਰਾਜਧ੍ਰੋਹ ਦੇ ਕੇਸ ਦਰਜ ਕਰ ਲਏ ਗਏ। ਮਹੰਤ ਅਦਿੱਤਿਆਨਾਥ ਨੇ ਤਾਂ ਸਰੇਆਮ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਪਾਕਿਸਤਾਨ ਦੀ ਜਿੱਤ ਦੀ ਖ਼ੁਸ਼ੀ ਮਨਾਏਗਾ ਉਸ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰ ਲਿਆ ਜਾਵੇਗਾ।

ਇਕ ਅਧਿਐਨ ਅਨੁਸਾਰ 2010 ਅਤੇ 2021 ਦਰਮਿਆਨ ਭਾਰਤ ਵਿਚ 13306 ਲੋਕਾਂ ਵਿਰੁੱਧ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਇਨ੍ਹਾਂ ਵਿੱਚੋਂ ਲੱਗਭੱਗ 70% ਕੇਸ 2014 ਤੋਂ ਬਾਦ ਦਰਜ ਹੋਏ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 2016 ਤੋਂ 2019 ਦਰਮਿਆਨ ਰਾਜਧ੍ਰੋਹ ਦੇ ਕੇਸਾਂ ਦੀ ਗਿਣਤੀ 'ਚ 160% ਇਜ਼ਾਫ਼ਾ ਹੋਇਆ। ਜਦਕਿ ਦੋਸ਼ੀ ਠਹਿਰਾਉਣ ਦੀ ਦਰ 33.3% ਤੋਂ ਘਟ ਕੇ ਸਿਰਫ਼ 3.3% ਰਹਿ ਗਈ। 2014-2019 ਦਰਮਿਆਨ ਰਾਜਧ੍ਰੋਹ ਦੇ 326 ਕੇਸ ਦਰਜ ਕੀਤੇ ਗਏ ਅਤੇ ਚਾਰਜਸ਼ੀਟ ਸਿਰਫ਼ 141 ਕੇਸਾਂ ਵਿਚ ਪੇਸ਼ ਕੀਤੀ ਗਈ ਜਿਨ੍ਹਾਂ ਵਿੱਚੋਂ ਸਿਰਫ਼ ਛੇ ਜਣਿਆਂ ਨੂੰ ਦੋਸ਼ੀ ਠਹਿਰਾਇਆ ਗਿਆ। 326 ਵਿੱਚੋਂ 54 ਕੇਸ ਇਕੱਲੇ ਅਸਾਮ ਵਿਚ ਦਰਜ ਕੀਤੇ ਗਏ। 2010-2021 ਦੇ ਅਰਸੇ ਦੌਰਾਨ ਰਾਜ ਨੇਤਾਵਾਂ ਅਤੇ ਹਕੂਮਤ ਦੀ ਆਲੋਚਨਾ ਕਰਨ 'ਤੇ 405 ਭਾਰਤੀਆਂ ਵਿਰੁੱਧ ਜੋ ਕੇਸ ਦਰਜ ਕੀਤੇ ਗਏ ਉਨ੍ਹਾਂ ਵਿੱਚੋਂ 96% ਸੰਨ 2014 'ਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਦ ਦਰਜ ਕੀਤੇ ਗਏ। ਮੁਸਲਿਮ ਘੱਟਗਿਣਤੀ ਅਤੇ ਸਰਕਾਰ ਦੇ ਆਲੋਚਕ ਖ਼ਾਸ ਨਿਸ਼ਾਨੇ 'ਤੇ ਹਨ। 149 ਵਿਅਕਤੀਆਂ ਉੱਪਰ ਨਰਿੰਦਰ ਮੋਦੀ ਵਿਰੁੱਧ ਜਦਕਿ 144 ਵਿਅਕਤੀਆਂ ਉੱਪਰ ਯੋਗੀ ਅਦਿੱਤਿਆਨਾਥ ਵਿਰੁੱਧ ਆਲੋਚਨਾਤਮਕ ਜਾਂ "ਅਪਮਾਨਜਨਕ" ਟਿੱਪਣੀਆਂ ਕਰਨ ਲਈ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਕਰਨਾਟਕਾ ਪੁਲਿਸ ਨੇ ਇਕ ਦਹਾਕੇ 'ਚ 204 ਵਿਅਕਤੀਆਂ ਵਿਰੁੱਧ 53 ਕੇਸ ਦਰਜ ਕੀਤੇ ਜਿਨ੍ਹਾਂ ਵਿੱਚੋਂ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ 46 ਵਿਅਕਤੀਆਂ ਵਿਰੁੱਧ ਰਾਜਧ੍ਰੋਹ ਦੇ ਕੇਸ ਸਨ। ਇਨ੍ਹਾਂ 'ਚ ਅਨਪੜ੍ਹ ਚਰਵਾਹੇ ਅਤੇ ਦੁਕਾਨਦਾਰ ਵਗੈਰਾ ਸਿੱਧੇ ਸਾਦੇ ਲੋਕ ਸਨ ਜਿਨ੍ਹਾਂ ਨੂੰ ਸਮਾਰਟ ਫ਼ੋਨ ਵਰਤਣਾ ਨਹੀਂ ਆਉਂਦਾ ਸੀ ਅਤੇ ਜਿਨ੍ਹਾਂ ਨੇ ਪਾਕਿਸਤਾਨੀ ਫ਼ੌਜੀਆਂ ਦੀਆਂ ਤਸਵੀਰਾਂ ਜਾਂ ਇਸ ਤਰ੍ਹਾਂ ਦੀਆਂ ਕੋਈ ਹੋਰ ਪੋਸਟਾਂ ਅਣਜਾਣੇ ਹੀ ਸ਼ੇਅਰ ਕਰ ਦਿੱਤੀਆਂ ਸਨ। ਦੂਜੇ ਨੰਬਰ 'ਤੇ ਉੱਤਰ ਪ੍ਰਦੇਸ਼ ਹੈ ਜਿੱਥੇ 40 ਵਿਅਕਤੀਆਂ ਵਿਰੁੱਧ 32 ਕੇਸ ਦਰਜ ਕੀਤੇ ਗਏ। ਉਨ੍ਹਾਂ ਬੇਗੁਨਾਹਾਂ ਨੂੰ ਉਪਰੋਕਤ 'ਰਾਜਧ੍ਰੋਹ' ਦੀ ਸਜ਼ਾ ਬੇਬੁਨਿਆਦ ਕੇਸਾਂ, ਕਈ ਮਹੀਨੇ ਅਦਾਲਤੀ ਖੱਜਲ ਖੁਆਰੀ ਅਤੇ ਜੇਲ੍ਹਬੰਦੀ ਦੇ ਰੂਪ 'ਚ ਭੁਗਤਣੀ ਪਈ। 2014 'ਚ ਭਗਵੀਂ ਸਰਕਾਰ ਬਣਨ ਨਾਲ ਔਰਤਾਂ ਵਿਰੁੱਧ ਰਾਜਧ੍ਰੋਹ ਦੇ ਕੇਸਾਂ 'ਚ 190% ਵਾਧਾ ਹੋਇਆ ਜਿਨ੍ਹਾਂ ਵਿਚ ਕਲਾਕਾਰ, ਫਿਲਮਸਾਜ਼, ਵਿਦਵਾਨ, ਆਦਿਵਾਸੀ, ਕਾਰਕੁੰਨ, ਵਿਦਿਆਰਥੀ, ਘਰੇਲੂ ਔਰਤਾਂ ਅਤੇ ਸਿਆਸਤਦਾਨ ਔਰਤਾਂ ਸ਼ਾਮਿਲ ਹਨ। ਵਾਤਾਵਰਣ ਪ੍ਰੇਮੀ ਦਿਸ਼ਾ ਰਵੀ ਦਾ ਕੇਸ ਆਲਮੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਜਿਸ ਨੂੰ ਦਿੱਲੀ ਪੁਲਿਸ ਨੇ ਕਿਸਾਨ ਅੰਦੋਲਨ ਸਬੰਧੀ ਸਵੀਡਿਸ਼ ਕਾਰਕੁਨ ਗਰੇਟਾ ਥਨਬਰਗ ਦੀ 'ਟੂਲਕਿੱਟ' 'ਚ ਮਹਿਜ਼ ਦੋ ਲਾਈਨਾਂ ਜੋੜਨ ਨੂੰ ਬਹਾਨਾ ਬਣਾ ਕੇ ਰਾਜਧ੍ਰੋਹ ਦੀ ਸੰਗੀਨ ਸਾਜ਼ਿਸ਼ ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਸੀ।




ਰਾਜਧ੍ਰੋਹ ਕਾਨੂੰਨ ਦੀ ਵਰਤੋਂ ਐਨੀ ਬੇਤਹਾਸ਼ਾ ਅਤੇ ਬੇਕਿਰਕ ਹੈ ਕਿ ਸੁਪਰੀਮ ਕੋਰਟ ਨੂੰ ਵੀ ਹੁਣ ਹਕੂਮਤ ਨੂੰ ਇਸ ਨੂੰ ਖ਼ਤਮ ਕਰਨ ਲਈ ਕਹਿਣਾ ਪੈ ਗਿਆ ਹੈ। ਪਰ ਕੇਂਦਰ ਸਰਕਾਰ ਅਜੇ ਵੀ ਬਜ਼ਿਦ ਹੈ ਕਿ ਇਹ ਕਾਨੂੰਨ ਦੀ ਕਿਤਾਬ ਵਿਚ ਰੱਖਣ ਦੇ ਯੋਗ ਕਾਨੂੰਨ ਹੈ। 5 ਮਈ 2022 ਨੂੰ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਨੇ ਕੇਦਾਰ ਨਾਥ ਸਿੰਘ ਬਨਾਮ ਬਿਹਾਰ ਰਾਜ (1962) ਨੂੰ ਅਧਾਰ ਬਣਾ ਕੇ ਅਦਾਲਤ 'ਚ ਕਿਹਾ ਕਿ ਇਹ ਚੰਗਾ ਕਾਨੂੰਨ ਹੈ ਅਤੇ ਇਸ ਨੂੰ ਕਾਨੂੰਨ ਦੀ ਕਿਤਾਬ ਵਿਚ ਰੱਖਿਆ ਜਾ ਸਕਦਾ ਹੈ ਜਦਕਿ ਦੁਰਵਰਤੋਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਦਿੱਤੇ ਜਾ ਸਕਦੇ ਹਨ। 7 ਮਈ 2022 ਨੂੰ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ ਵਿਚ ਭਾਵੇਂ ਇਹ ਗੱਲ ਮੰਨੀ ਕਿ ਬਸਤੀਵਾਦੀ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਪਰ ਅਦਾਲਤ ਨੂੰ ਇਸ ਉੱਪਰ ਮੁੜ-ਵਿਚਾਰ ਨਾ ਕਰਨ ਲਈ ਇਹ ਦਲੀਲ ਦਿੱਤੀ ਗਈ ਕਿ ਜਦੋਂ ਛੇ ਦਹਾਕਿਆਂ ਤੋਂ ਕੇਦਾਰ ਨਾਥ ਸਿੰਘ ਫ਼ੈਸਲਾ ਚਲਿਆ ਆ ਰਿਹਾ ਹੈ ਤਾਂ ਦੁਰਵਰਤੋਂ ਦੀਆਂ ਮਿਸਾਲਾਂ ਕਾਨੂੰਨ ਨੂੰ ਰੱਦ ਕਰਨ ਦਾ ਅਧਾਰ ਨਹੀਂ ਹੋ ਸਕਦੀਆਂ। ਕਾਨੂੰਨ ਨੂੰ ਬਰਕਰਾਰ ਰੱਖਣ ਲਈ ਸਰਕਾਰ ਇਹ ਤਜਵੀਜ਼ ਲਿਆਈ ਹੈ ਕਿ ਕਥਿਤ ਦੁਰਵਰਤੋਂ ਨੂੰ ਰੋਕਣ ਲਈ ਰਾਜਧ੍ਰੋਹ ਦੀ ਐੱਫ.ਆਈ.ਆਰ. ਉੱਪਰ ਐੱਸ.ਪੀ. ਪੱਧਰ ਦੇ ਪੁਲਿਸ ਅਧਿਕਾਰੀ ਦੇ ਦਸਖ਼ਤ ਲਾਜ਼ਮੀ ਕੀਤੇ ਜਾਣ ਦੀ ਵਿਵਸਥਾ ਕੀਤੀ ਜਾ ਸਕਦੀ ਹੈ ਅਤੇ ਉਸ ਦੀ ਸੰਤੁਸ਼ਟੀ ਅਦਾਲਤੀ ਸਮੀਖਿਆ ਦੇ ਅਧੀਨ ਹੋਵੇਗੀ। ਜ਼ਾਹਿਰ ਹੈ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੀ ਸਲਾਹ ਦੇ ਬਾਵਜੂਦ ਇਸ ਜਾਬਰ ਵਿਵਸਥਾ ਨੂੰ ਖ਼ਤਮ ਨਹੀਂ ਕਰਨਾ ਚਾਹੁੰਦੀ ਕਿਉਂਕਿ ਇਹ ਹਕੂਮਤ ਦੇ ਹੱਥ ਵਿਚ ਆਲੋਚਕਾਂ ਅਤੇ ਵਿਰੋਧੀਆਂ ਦੀ ਜ਼ੁਬਾਨਬੰਦੀ ਦਾ ਕਾਰਗਰ ਹਥਿਆਰ ਹੈ। ਦਰਅਸਲ, ਇਹ ਦੁਰਵਰਤੋਂ ਦਾ ਮਸਲਾ ਨਹੀਂ ਹੈ, ਇਸ ਕਾਨੂੰਨ ਦਾ ਮਨੋਰਥ ਅਤੇ ਵਰਤੋਂ ਹੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਖ਼ਿਲਾਫ਼ ਹੈ। ਸਾਲਿਸਟਰ ਜਨਰਲ ਨੇ ਤਾਂ ਸੁਪਰੀਮ ਕੋਰਟ ਵਿਚ ਇਹ ਗ਼ਲਤ ਬਿਆਨੀ ਵੀ ਕੀਤੀ ਕਿ ਰਾਜਧ੍ਰੋਹ ਦੇ ਕੇਸਾਂ ਵਿਚ 'ਐੱਫ.ਆਈ.ਆਰ. ਦਰਜ ਕਰਨ ਅਤੇ ਜਾਂਚ ਦਾ ਕੰਮ ਰਾਜ ਸਰਕਾਰਾਂ ਕਰਦੀਆਂ ਹਨ, ਇਹ ਕੇਂਦਰ ਨਹੀਂ ਕਰਦਾ।' ਉਸ ਨੇ ਇਸ ਤੱਥ ਨੂੰ ਲੁਕੋਣ ਦੀ ਚਲਾਕੀ ਕੀਤੀ ਕਿ ਦਿੱਲੀ ਪੁਲਿਸ ਤਾਂ ਸਿੱਧੇ ਤੌਰ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਹੈ ਜਿਸ ਵੱਲੋਂ ਪਿਛਲੇ ਸਾਲਾਂ 'ਚ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਬਹੁਤ ਸਾਰੇ ਉੱਘੇ ਪੱਤਰਕਾਰਾਂ ਜਿਵੇਂ ਮ੍ਰਿਣਾਲ ਪਾਂਡੇ, ਰਾਜਦੀਪ ਸਰਦੇਸਾਈ, ਜ਼ਫ਼ਰ ਆਗ਼ਾ, ਵਿਨੋਦ ਜੋਸ, ਅਨੰਤ ਨਾਥ ਅਤੇ ਰਾਜਨੀਤਕ ਵਿਰੋਧੀ ਸ਼ਸ਼ੀ ਥਰੂਰ ਦੇ ਵਿਰੁੱਧ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਉਨ੍ਹਾਂ ਦਾ 'ਜੁਰਮ' ਸਿਰਫ਼ ਉਨ੍ਹਾਂ ਵੱਲੋਂ ਕੀਤਾ ਗਿਆ ਇਹ ਦਾਅਵਾ ਸੀ ਕਿ 26 ਜਨਵਰੀ 2021 ਨੂੰ ਦਿੱਲੀ ਅੰਦੋਲਨ ਦੌਰਾਨ ਜੋ ਕਿਸਾਨ ਮਾਰਿਆ ਗਿਆ ਉਸ ਨੂੰ ਗੋਲੀ ਮਾਰੀ ਗਈ ਸੀ। ਇਸੇ ਤਰ੍ਹਾਂ ਸੀਨੀਅਰ ਪੱਤਰਕਾਰ ਵਿਨੋਦ ਦੂਆ ਨੇ ਕੋਰੋਨਾ ਸੰਕਟ ਨਾਲ ਨਜਿੱਠਣ ਸਮੇਂ ਸਰਕਾਰ ਦੀ ਨਖਿਧ ਕਾਰਗੁਜ਼ਾਰੀ ਬਾਬਤ ਆਪਣੇ ਯੂਟਿਊਬ ਪ੍ਰੋਗਰਾਮ 'ਚ ਮਾਮੂਲੀ ਟਿੱਪਣੀ ਕੀਤੀ ਸੀ, ਜਿਸ ਦੇ ਆਧਾਰ 'ਤੇ ਉਸ ਉੱਪਰ ਰਾਜਧ੍ਰੋਹ ਦਾ ਕੇਸ ਦਰਜ ਕਰ ਲਿਆ ਸੀ।

9 ਮਈ 2022 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦੇ ਵਧੀਕ ਸੈਕਟਰੀ ਨੇ ਸੁਪਰੀਮ ਕੋਰਟ ਵਿਚ ਹਲਫ਼ਨਾਮਾ ਦੇ ਕੇ ਕਿਹਾ ਕਿ 'ਮਾਣਯੋਗ ਪ੍ਰਧਾਨ ਮੰਤਰੀ ਦਾ ਵਿਸ਼ਵਾਸ ਹੈ ਕਿ ਜਿਸ ਵਕਤ ਸਾਡਾ ਰਾਸ਼ਟਰ 'ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ' (ਆਜ਼ਾਦੀ ਦੇ 75 ਸਾਲ) ਮਨਾ ਰਿਹਾ ਹੈ ਤਾਂ ਸਾਨੂੰ ਇਕ ਰਾਸ਼ਟਰ ਦੇ ਰੂਪ 'ਚ ਬਸਤੀਵਾਦੀ ਬੋਝ ਨੂੰ ਲਾਹੁਣ ਲਈ, ਜਿਸ ਵਿਚ ਪੁਰਾਣੇ ਬਸਤੀਵਾਦੀ ਕਾਨੂੰਨ ਅਤੇ ਦਸਤੂਰ ਸ਼ਾਮਿਲ ਹਨ, ਹੋਰ ਵੀ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੈ ਜਿਸ ਦੀ ਉਪਯੋਗਤਾ ਬੀਤੇ ਦੀ ਗੱਲ ਹੈ।' ਪ੍ਰਧਾਨ ਮੰਤਰੀ ਦਾ ਵਾਸਤਾ ਪਾ ਕੇ ਸੁਪਰੀਮ ਕੋਰਟ ਨੂੰ ਸਲਾਹ ਦਿੱਤੀ ਗਈ ਕਿ ਅਦਾਲਤ ਇਸ ਕਾਨੂੰਨ ਉੱਪਰ ਬਹਿਸ ਕਰਕੇ ਆਪਣਾ ਵਕਤ ਜ਼ਾਇਆ ਨਾ ਕਰੇ, ਇਸ ਨੂੰ 'ਉਚਿਤ ਮੰਚ' ਉੱਪਰ ਵਿਚਾਰਨ ਲਈ ਛੱਡ ਦਿੱਤਾ ਜਾਵੇ। ਫਿਰ ਵੀ ਜਦੋਂ ਸੁਪਰੀਮ ਕੋਰਟ ਨੇ ਸਰਕਾਰ ਤੋਂ ਇਸ ਕਾਨੂੰਨ ਤਹਿਤ ਐੱਫ.ਆਈ.ਆਰ. ਦਰਜ ਨਾ ਕਰਨ ਦੀ ਉਮੀਦ ਅਤੇ ਵਿਸ਼ਵਾਸ ਕਰਦੇ ਹੋਏ ਅੰਤ੍ਰਿਮ ਆਦੇਸ਼ ਦੇ ਦਿੱਤਾ ਤਾਂ ਤਾਨਾਸ਼ਾਹ ਹਕੂਮਤ ਉਸ ਨੂੰ ਵੀ ਗ਼ੈਰਪ੍ਰਭਾਵੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸਰਕਾਰ ਅਦਾਲਤ ਦਾ ਸਤਿਕਾਰ ਕਰਦੀ ਹੈ, ਅਦਾਲਤ ਨੂੰ ਵੀ ਸਰਕਾਰ, ਵਿਧਾਨਘੜਨੀ ਸਭਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ 'ਲਕਸ਼ਮਣ ਰੇਖਾ' ਪਾਰ ਨਹੀਂ ਕਰਨੀ ਚਾਹੀਦੀ।

ਇਹ ਤੈਅ ਹੈ ਕਿ ਸਿਰਫ਼ ਸੁਪਰੀਮ ਕੋਰਟ ਵੱਲੋਂ ਆਦੇਸ਼ ਦੇਣ ਨਾਲ ਹੀ ਹਕੂਮਤ ਇਸ ਜਾਬਰ ਕਾਨੂੰਨ ਦੀ ਵਰਤੋਂ ਬੰਦ ਨਹੀਂ ਕਰੇਗੀ, ਵਾਪਸ ਲੈਣਾ ਤਾਂ ਬਹੁਤ ਦੂਰ ਦੀ ਗੱਲ ਹੈ। ਇਨਫਰਮੇਸ਼ਨ ਟੈਕਨਾਲੋਜੀ ਐਕਟ 2000 ਦਾ ਸੈਕਸ਼ਨ 66ਏ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ ਜਿਸ ਨੂੰ ਭਾਵੇਂ ਸੁਪਰੀਮ ਕੋਰਟ ਵੱਲੋਂ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਗਿਆ ਫਿਰ ਵੀ ਉਸ ਸੈਕਸ਼ਨ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ। ਦਰਅਸਲ ਮੁੱਦਾ ਸਿਰਫ਼ ਇਸ ਬਸਤੀਵਾਦੀ ਕਾਨੂੰਨ ਦਾ ਨਹੀਂ ਹੈ ਸਗੋਂ ਅਫ਼ਸਪਾ, ਯੂ.ਏ.ਪੀ.ਏ. ਪਬਲਿਕ ਸਕਿਊਰਿਟੀ ਐਕਟ, ਨੈਸ਼ਨਲ ਸਕਿਊਰਿਟੀ ਐਕਟ ਆਦਿ ਉਨ੍ਹਾਂ ਸਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਦਾ ਹੈ ਜਿਨ੍ਹਾਂ ਨੂੰ ਹਕੂਮਤਾਂ ਨੇ ਆਲੋਚਕਾਂ ਦੀ ਜ਼ੁਬਾਨਬੰਦੀ ਕਰਨ ਅਤੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਈਜ਼ਾਦ ਕੀਤਾ ਹੋਇਆ ਹੈ। ਯੂ.ਏ.ਪੀ.ਏ. ਇਨ੍ਹਾਂ ਵਿੱਚੋਂ ਸਭ ਤੋਂ ਜਾਬਰ ਕਾਨੂੰਨ ਹੈ। ਇਹ ਕਾਲੇ ਕਾਨੂੰਨ ਲੋਕਾਂ ਨੂੰ ਅਨਿਆਂਕਾਰੀ ਰਾਜ ਦੇ ਬੇਜ਼ੁਬਾਨ ਗ਼ੁਲਾਮ ਬਣਾ ਕੇ ਦਾਬੇ ਹੇਠ ਰੱਖਣ ਅਤੇ ਇਸ ਆਦਮਖ਼ੋਰ ਰਾਜ ਦੀ ਸਲਾਮਤੀ ਲਈ ਬਣਾਏ ਗਏ ਹਨ। ਇਨ੍ਹਾਂ ਸਾਰਿਆਂ ਨੂੰ ਖ਼ਤਮ ਕਰਾ ਕੇ ਹੀ ਜਮਹੂਰੀ ਅਤੇ ਸੰਵਿਧਾਨਕ ਹੱਕਾਂ ਦੀ ਜ਼ਾਮਨੀ ਕੀਤੀ ਜਾ ਸਕਦੀ ਹੈ।



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

# ਸਮਾਜਿਕ ਅਤੇ ਧਾਰਮਿਕ ਦ੍ਰਿਸ਼ਟੀਕੋਣ ਤੋਂ ਪਾਣੀ ਦਾ ਮਹੱਤਵ




ਯੂਨਾਈਟਿਡ ਨੇਸ਼ਨਜ਼ ਦੀ World Water Development Report 2021 (1*) ਅਨੁਸਾਰ "ਧਰਮ, ਜਾਂ ਵਿਸ਼ਵਾਸ ਅਤੇ ਨੈਤਿਕਤਾ ਵਿਚਕਾਰ ਨਜ਼ਦੀਕੀ ਰਿਸ਼ਤਾ ਹੈ। ਵਿਸ਼ਵ-ਵਿਆਪੀ ਆਰਥਿਕ ਵਿਕਾਸ ਦੇ ਸੰਦਰਭ ਵਿੱਚ ਪਾਣੀ ਨੂੰ ਅਕਸਰ ਸਮਾਜ ਦੀ ਸੇਵਾ ਵਿੱਚ ਇੱਕ ਸਰੋਤ ਮੰਨਿਆ ਜਾਂਦਾ ਹੈ। ਦੁਨੀਆਂ ਭਰ ਵਿੱਚ ਵਿਸ਼ਵਾਸ-ਆਧਾਰਿਤ ਪਰੰਪਰਾਵਾਂ ਵਿੱਚ ਪਾਣੀ ਜੀਵਨ, ਸ਼ੁੱਧਤਾ, ਨਵੀਨੀਕਰਨ ਅਤੇ ਸਮਾਧਾਨ ਵਰਗੇ ਵਿਭਿੰਨ ਤੱਤਾਂ ਦਾ ਪ੍ਰਤੀਕ ਹੋ ਸਕਦਾ ਹੈ, ਪਰ ਅਵਿਵਸਥਾ ਅਤੇ ਵਿਨਾਸ਼ ਵੀ ਹੋ ਸਕਦਾ ਹੈ। ਕੁਝ ਲੋਕ ਪਾਣੀ ਨੂੰ ਮਨੁੱਖਤਾ ਦੀ ਦੇਖਭਾਲ ਕਰਨ ਲਈ ਇੱਕ ਸੁਗਾਤ ਵਜੋਂ ਦੇਖਦੇ ਹਨ, ਜਦੋਂ ਕਿ ਕੁਝ ਲੋਕ ਵਾਤਾਵਰਣ ਅਤੇ ਜੰਗਲੀ ਜੀਵਾਂ ਲਈ ਪਾਣੀ ਦੀ ਮਹੱਤਤਾ ਨੂੰ ਵਧੇਰੇ ਮਾਨਤਾ ਦਿੰਦੇ ਹਨ।

ਯੂ.ਐੱਨ.ਓ. ਦੀ ਇਕ ਰਿਪੋਰਟ ਅਨੁਸਾਰ ਮੁਲਕਾਂ ਵਿਚਕਾਰ ਭਵਿੱਖ ਦੀਆਂ ਜੰਗਾਂ ਦਾ ਆਧਾਰ ਪੀਣ ਯੋਗ ਪਾਣੀ ਹੋਵੇਗਾ, ਨਾ ਕਿ ਤੇਲ। ਯੁੱਧ, ਸ਼ਾਂਤੀ ਅਤੇ ਸੁਰੱਖਿਆ ਦੇ ਸੰਦਰਭ ਵਿੱਚ ਪਾਣੀ ਦੀਆਂ ਕਦਰਾਂ-ਕੀਮਤਾਂ ਵਿਰੋਧਾਭਾਸੀ ਹਨ। ਸ਼ਾਂਤੀ ਨੂੰ ਉਤਸ਼ਾਹਿਤ ਕਰਨ ਵਿੱਚ ਪਾਣੀ ਦੀ ਸਕਾਰਾਤਮਕ ਕਦਰ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਪਰ ਕਈ ਮਾਮਲਿਆਂ ਵਿੱਚ ਇਹ ਪਾਣੀ ਹੀ ਸੀ ਜੋ ਅਸਲ ਵਿਚ ਯੁੱਧ ਦਾ ਕਾਰਨ ਬਣਿਆ। ਇਸ ਲਈ, ਪਾਣੀ ਕਈ ਵਾਰ ਵਿਵਾਦ ਦੇ ਸਰੋਤ ਵਜੋਂ, ਅਤੇ/ ਜਾਂ ਝਗੜੇ ਦੇ ਹੱਲ ਅਤੇ ਸ਼ਾਂਤੀ ਬਣਾਉਣ ਦਾ ਸਮਰਥਨ ਕਰਨ ਲਈ ਇਕ ਕੜੀ ਵਜੋਂ ਕੰਮ ਕਰ ਸਕਦਾ ਹੈ। ਵਾਤਾਵਰਣ ਦੀਆਂ ਵਧਦੀਆਂ ਚੁਣੌਤੀਆਂ ਅਤੇ ਪਾਣੀ ਦੀ ਅਸੁਰੱਖਿਆ ਕਾਰਨ ਸ਼ਾਂਤੀ ਅਤੇ ਸੁਰੱਖਿਆ ਲਈ ਵਧ ਰਹੇ ਖ਼ਤਰਿਆਂ ਨੂੰ ਹੁਣ ਚੰਗੀ ਤਰ੍ਹਾਂ ਦਸਤਾਵੇਜ਼ਬੱਧ ਕੀਤਾ ਗਿਆ ਹੈ।"

ਦੁਨੀਆਂ ਦੇ ਸਾਰੇ ਧਾਰਮਿਕ ਗ੍ਰੰਥਾਂ ਵਿਚ ਪਾਣੀ ਦੀ ਮਹਿਮਾ ਕੀਤੀ ਗਈ ਹੈ। ਬ੍ਰਹਿਮੰਡ ਵਿਚ ਪਾਣੀ ਹੀ ਇਕ ਐਸਾ ਪਦਾਰਥ ਹੈ ਜਿਸਦਾ ਕੋਈ ਰੰਗ, ਸਵਾਦ ਜਾਂ ਗੰਧ ਨਹੀਂ। ਭਾਰਤ ਵਿਚ ਰਿਸ਼ੀਆਂ, ਮੁਨੀਆਂ, ਜਪੀਆਂ, ਤਪੀਆਂ, ਜਤੀਆਂ, ਸੰਤਾਂ, ਭਗਤਾਂ ਨੇ ਦਰਿਆਵਾਂ ਦੇ ਕਿਨਾਰੇ ਬੈਠ ਹੀ ਤਪੱਸਿਆ ਕੀਤੀ ਅਤੇ ਵੇਦਾਂ, ਪੁਰਾਣਾਂ, ਉਪਨਿਸ਼ਦਾਂ ਤੇ ਹੋਰ ਧਾਰਮਿਕ ਗ੍ਰੰਥਾਂ ਦੀ ਰਚਨਾ ਕੀਤੀ। ਇਥੇ ਅਸੀਂ ਦੁਨੀਆਂ ਦੇ ਪ੍ਰਮੁੱਖ ਧਰਮ ਗ੍ਰੰਥਾਂ 'ਚੋਂ ਪਾਣੀ ਦੇ ਮਹੱਤਵ ਬਾਰੇ ਚਰਚਾ ਕਰਾਂਗੇ, ਜਿਨ੍ਹਾਂ 'ਚੋਂ ਕੁਝ ਹਵਾਲੇ ਹੇਠਾਂ ਦਿੱਤੇ ਗਏ ਹਨ।

ਦੁਨੀਆਂ ਦੇ ਅੱਜ ਤੱਕ ਗਿਆਤ ਸਭ ਤੋਂ ਪਹਿਲੇ ਗ੍ਰੰਥ ਰਿਗਵੇਦ ਵਿੱਚ ਪਾਣੀ ਦੀ ਭਰਪੂਰ ਮਹਿਮਾ ਮਿਲਦੀ ਹੈ।

**ਅਪੋਦੇਵੀਰੁਪਹੂਯੇ ਯਤ੍ਰ ਗਾਵਃ ਪਿਬਨਿਝਤ ਨਃ। ਸਿਨਝਧੁਭਝਯਃ ਕਰਝਤ੍ਵੰ ਹਵਿਃ ॥18॥**
**(ਅਪਃ ਦੇਵੀਃ ਉਪ-ਹੂਯੇ ਯਤ੍ਰ ਗਾਵਃ ਪਿਬਨਿਝਤ ਨਃ, ਸਿਨਝਧੁਭਝਯਃ ਕਰਝਤ੍ਵੰ ਹਵਿਃ।)**

ਅਰਥਾਤਃ ਜਿਸ ਜਲ ਦਾ ਪਾਨ ਸਾਡੀਆਂ ਗਊਆਂ ਕਰਦੀਆਂ ਹਨ ਉਸ ਜਲਦੇਵੀ ਦਾ ਮੈਂ ਆਹਵਾਨ ਕਰਤਾ ਹੂੰ। ਸਿੰਧੁਓਂ ਅਰਥਾਤ ਨਦੀਆਂ ਨੂੰ ਹਵਿ ਸਮਰਪਿਤ ਕਰਨਾ ਸਾਡਾ ਫਰਜ਼ ਹੈ।

ÒWATERÒ A HERITAGE PERSPECTIVE (2*) ਅਨੁਸਾਰ ਪਾਣੀ ਦਾ ਵੇਦਾਂ, ਉਪਨਿਸ਼ਦਾਂ ਅਤੇ ਹੋਰ ਪ੍ਰਾਚੀਨ ਸਾਹਿਤ ਵਿੱਚ ਕਾਫੀ ਵੇਰਵਾ ਮਿਲਦਾ ਹੈ। ਵੇਦਾਂ ਵਿੱਚ, ਜਲ ਕੁਦਰਤ ਦੇ ਪੰਜ ਬੁਨਿਆਦੀ ਤੱਤਾਂ ਵਿੱਚੋਂ ਸਭ ਤੋਂ ਉੱਚਾ ਸਥਾਨ ਰੱਖਦਾ ਹੈ। ਚਾਰੇ ਵੇਦਾਂ ਵਿੱਚ ਪਾਣੀ ਨੂੰ ਗੁਣ ਦੇਣ ਵਾਲੇ ਜੀਵਨ ਨੂੰ ਧਿਆਨ ਵਿੱਚ ਰੱਖਦੇ ਹੋਏ, ਪੂਜਾ ਕਰਨ ਦੇ ਯੋਗ ਪਰਮੇਸ਼ਵਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ। ਰਿਗ-ਵੇਦ ਵਿੱਚ 'ਪਾਣੀ' ਦੀ ਮਹਿਮਾ ਵਿੱਚ ਕਈ 'ਸ਼ਲੋਕ' ਦਰਜ਼ ਹਨ। ਪਾਣੀ ਨੂੰ ਸਵੈ-ਜਾਗਰੂਕਤਾ ਦੀ ਮੂਰਤ ਵਜੋਂ ਦੇਖਿਆ ਜਾਂਦਾ ਹੈ। ਇਸ ਤੋਂ ਇਲਾਵਾ ਪਾਣੀ ਨੂੰ ਜੀਵਨ ਦਾ ਸਰੋਤ, ਧਰਤੀ ਅਤੇ ਵਾਤਾਵਰਣ ਦਾ ਰੱਖਿਅਕ, ਅੰਮ੍ਰਿਤ, ਸ਼ਹਿਦ, ਖੁਸ਼ਹਾਲੀ ਦਾ ਪ੍ਰਤੀਕ, ਪਾਪਾਂ ਨੂੰ ਧੋਣ ਵਾਲ਼ਾ ਆਦਿ ਕਿਹਾ ਜਾਂਦਾ ਹੈ। ਪਾਣੀ ਨੂੰ ਪਹਿਲਾ ਮਹੱਤਵਪੂਰਣ ਤੱਤ ਮੰਨਿਆ ਜਾਂਦਾ ਹੈ ਜਿਸ ਨੇ ਬ੍ਰਹਿਮੰਡ ਦੇ ਬਾਅਦ ਦੇ ਵਿਕਾਸ ਨੂੰ ਜਨਮ ਦਿੱਤਾ। (ਰਿਗਵੇਦ 10.9.3) ਵਿੱਚ ਜ਼ਿਕਰ ਕੀਤਾ ਗਿਆ ਹੈ- "ਸਾਰੇ ਜੀਵ ਪਾਣੀਆਂ ਤੋਂ ਪੈਦਾ ਹੁੰਦੇ ਹਨ" (ਰਿਗਵੇਦ 1.23.16-16, 10.17.10)। "ਪਾਣੀ ਨੂੰ ਸਭ ਚੱਲ ਅਤੇ ਸਥਿਰ ਵਸਤੂਆਂ ਦਾ ਉਤਪਾਦਕ ਮੰਨਿਆ ਜਾਂਦਾ ਰਿਹਾ ਹੈ।" (ਰਿਗਵੇਦ 6.50.1)। ਪਾਣੀ ਦੀ ਸਾਰੇ ਜੀਵਾਂ ਦੀਆਂ ਮਾਵਾਂ ਵਜੋਂ ਵੀ ਪ੍ਰਸ਼ੰਸਾ ਕੀਤੀ ਜਾਂਦੀ ਹੈ। (ਰਿਗਵੇਦ 1.23.10, 6.50.6, 10.17.10)। ਪਾਣੀ ਮਨੁੱਖ ਦੇ ਦੋਸਤ ਹੋਣ ਦੇ ਨਾਤੇ, ਇਸ (ਰਿਗਵੇਦ ਸੰਮਹਿਤਾ vi-50-7) ਨੂੰ ਪੂਰੀ ਸੁਰੱਖਿਆ ਦਿੰਦਾ ਹੈ।

ਯਜੁਰ ਵੇਦ ਵਿੱਚ ਪਾਣੀ ਬਾਰੇ ਇਸ ਤਰ੍ਹਾਂ ਕਿਹਾ ਗਿਆ ਹੈ 'ਧਰਤੀ ਆਪਣੇ ਪੰਧ ਵਿੱਚ ਆਪਣੇ ਮਾਂ ਦੇ ਪਾਣੀ ਨਾਲ਼ ਘੁੰਮਦੀ ਹੈ ਅਤੇ ਪਿਤਾ ਸੂਰਜ ਦੇ ਦੁਆਲ਼ੇ ਘੁੰਮਦੀ ਹੈ'-(ਯਜੁਰ ਵੇਦ 3/6)। ਰਿਗਵੇਦ ਕਹਿੰਦਾ ਹੈ, 'ਇਸ ਗ੍ਰਹਿ 'ਤੇ, ਸਾਰੇ ਜੀਵਨ ਰੂਪ ਅਪਾਹ (ਪਾਣੀ) ਤੋਂ ਵਿਕਸਤ ਹੋਏ ਹਨ; ਅਤੇ ਪਾਣੀ ਇਸ ਧਰਤੀ ਦੇ ਸਾਰੇ ਜੀਵ-ਜਜੀਵਾਂ ਦੀ ਮੁੱਢਲੀ ਲੋੜ ਹੈ'। ਸ਼ੀਤਲਮ (ਛੂਹਣ ਲਈ ਠੰਢਾ), ਸੁਚੀਹੀ (ਸਾਫ਼), ਸ਼ਿਵਮ (ਲਾਭਦਾਇਕ ਖਣਿਜਾਂ ਅਤੇ ਲਾਭਦਾਇਕ ਤੱਤਾਂ ਦੇ ਨਿਸ਼ਾਨ ਨਾਲ਼ ਭਰਿਆ ਹੋਇਆ), ਇਸਥਮ (ਪਾਰਦਰਸ਼ੀ), ਵਿਮਲਮ ਲਾਹੂ ਸ਼ਾਦਗੁਨਮ (ਇਸਦਾ ਤੇਜ਼ਾਬੀ ਸੰਤੁਲਨ ਆਮ ਸੀਮਾ ਤੋਂ ਵੱਧ ਨਹੀਂ ਹੋਣਾ ਚਾਹੀਦਾ) - ਇਹ ਗੁਣ ਪਾਣੀ ਦੇ 'ਦਿਵਿਆਜਲ' ਵਜੋਂ ਪ੍ਰਤੀਕ ਹਨ। ਇਸ ਤੋਂ ਇਲਾਵਾ, ਪਾਣੀ ਨੂੰ ਅੰਮ੍ਰਿਤ ਵਜੋਂ ਦੇਖਿਆ ਜਾਂਦਾ ਹੈ ਅਤੇ ਸ਼ੁੱਧ, ਨੁਕਸ-ਰਹਿਤ, ਮੀਂਹ ਵਰਸਾਉਣ, ਧਰਤੀ ਦੇ ਮਿੱਠੇ ਸਾਰ ਵਜੋਂ ਸਤਿਕਾਰਿਆ ਜਾਂਦਾ ਹੈ, ਜਿਸ ਨੂੰ ਸ਼ਰਧਾਲੂਆਂ ਨੇ ਪਹਿਲਾਂ ਇੰਦਰ (ਰਿਗਵੇਦ 7.47.1) ਦੇ ਪੀਣ-ਪਦਾਰਥ ਵਜੋਂ ਪਵਿੱਤਰ ਕੀਤਾ ਹੈ। ਪਾਣੀ ਨੂੰ ਸਾਰੀ ਵਿਆਪਕ ਹਵਾ ਅਤੇ ਸਥਾਨਕ ਧਰਤੀ ਦੇ ਵਿਚਕਾਰ ਇੱਕ ਮੱਧਵਰਤੀ ਭਾਗ ਵਜੋਂ ਵੀ ਜਾਣਿਆ ਜਾਂਦਾ ਹੈ। 'ਅਗਨੀ ਵੈਸਵਾਨਾਰਾ ਯੂਨੀਵਰਸਲ ਪਰਮੇਸ਼ਵਰ ਹੈ, ਜਿਸ ਨੇ ਪਾਣੀ ਦੇ ਦਿਲ ਅਤੇ ਭਾਵਨਾ ਵਿੱਚ ਪ੍ਰਵੇਸ਼ ਕੀਤਾ ਹੈ, ਇਸ ਲਈ ਇਸ ਨੂੰ ਜੀਵਨ ਅਤੇ ਜਾਗਰੂਕਤਾ ਮੰਨਿਆ ਜਾਂਦਾ ਹੈ'। ਖੂਹਾਂ, ਢਾਬਾਂ, ਝੀਲਾਂ, ਤਲਾਬਾਂ, ਟੈਂਕਾਂ, ਦਲਦਲਾਂ, ਬਾਰਸ਼ਾਂ, ਨਦੀਆਂ ਅਤੇ ਸਮੁੰਦਰ (ਤਾਇਤਰੀਆ ਸਮਹਿਤਾ vii-4-13) ਦੇ ਪਾਣੀਆਂ ਨੂੰ ਭੇਟਾ ਕੀਤੀ ਜਾਂਦੀ ਹੈ। ਇਸੇ ਤਰ੍ਹਾਂ, ਤਾਇਤਰੀਆ ਉਪਨਿਸ਼ਦ (lli-1) ਕਹਿੰਦਾ ਹੈ 'ਸਵੈ ਤੋਂ ਪੁਲਾੜ, ਪੁਲਾੜ ਤੋਂ ਹਵਾ, ਹਵਾ ਤੋਂ ਅੱਗ, ਅੱਗ ਤੋਂ ਪਾਣੀ, ਪਾਣੀ ਤੋਂ ਧਰਤੀ, ਧਰਤੀ ਤੋਂ ਜੜੀਆਂ-ਬੂਟੀਆਂ, ਜੜੀ-ਬੂਟੀਆਂ ਤੋਂ ਭੋਜਨ, ਭੋਜਨ ਤੋਂ ਵੀਰਜ, ਵੀਰਜ ਤੋਂ ਇਨਸਾਨ ਬਣਿਆ'। ਪਾਣੀ ਤੋਂ ਧਰਤੀ, ਯਾਨੀ ਪਾਣੀ ਵਿੱਚੋਂ ਬ੍ਰਹਿਮੰਡ ਦੀ ਭਰੂਣ ਅਵਸਥਾ ਪੈਦਾ ਹੋਈ। ਛੰਡੋਗਿਆ ਉਪਨਿਸ਼ਦ (7-10.1) ਕਹਿੰਦਾ ਹੈ ਕਿ 'ਇਹ ਉਹ ਪਾਣੀ ਹੀ ਹੈ ਜੋ ਸਭ ਕੁਝ, ਵੱਡਾ ਜਾਂ ਛੋਟਾ, ਧਰਤੀ, ਵਾਯੂਮੰਡਲ, ਸਵਰਗ, ਪਹਾੜ, ਦੇਵਤੇ, ਆਦਮੀ, ਜਾਨਵਰ, ਪੰਛੀ, ਘਾਹ, ਪੌਦੇ, ਕੁੱਤੇ, ਗੰਢੋਏ, ਕੀੜੇ, ਕੀੜੀਆਂ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਇਹ ਸਾਰੀ ਜ਼ਾਹਰਾ ਜ਼ਹੂਰ ਦੁਨੀਆਂ ਸੱਚਮੁੱਚ ਪਾਣੀ ਹੀ ਤਾਂ ਹੈ।'

ਸਿੱਖ ਧਰਮ ਵਿਚ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ ਕਿਉਂਕਿ ਪਿਤਾ ਦੇ ਅੰਸ਼ ਬਿਨਾ ਮਨੁੱਖ ਦੀ ਉਤਪਤੀ ਹੀ ਅਸੰਭਵ ਹੈ। ਸਿੱਖ ਧਰਮ ਦੀ ਮਰਿਯਾਦਾ ਅਨੁਸਾਰ ਅੰਮ੍ਰਿਤਪਾਨ ਕਰਵਾਉਣ ਵੇਲ਼ੇ ਅੰਮ੍ਰਿਤ ਤਿਆਰ ਕਰਨ ਲਈ ਸਭ ਤੋਂ ਪ੍ਰਥਮ ਜਲ (ਪਾਣੀ) ਚਾਹੀਦਾ ਹੈ। ਸਿੱਖ ਅਤੇ ਹਿੰਦੂ ਸੰਸਕਾਰਾਂ ਅਨੁਸਾਰ ਮਨੁੱਖ ਦੇ ਆਖ਼ਰੀ ਸਮੇ ਅਸਥੀਆਂ ਵੀ ਜਲ ਪਰਵਾਹ ਕੀਤੀਆਂ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 672 ਜਗ੍ਹਾ ਪਾਣੀ ਦੇ ਹਵਾਲੇ ਮਿਲ਼ਦੇ ਹਨ (129 ਵਾਰ ਪਾਣੀ, 49 ਵਾਰ ਪਾਨੀ, 453 ਵਾਰ ਜਲ/ਜਲੁ, ਅਤੇ 11 ਵਾਰ ਨੀਰ, 30 ਨੀਰੁ ਸ਼ਬਦ ਦਾ ਜ਼ਿਕਰ ਹੈ), ਜਿਸ ਦੀਆਂ ਕੁਝ ਕੁ ਵੰਨਗੀਆਂ:

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੮**
**ਜਪ ਮਹਲਾ ੧ ॥ ਸਲੋਕੁ ॥**
**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥**
**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ ॥ ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥**
**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੧੩੩**
**ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥**
**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥ ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥**
**ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥**
**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥**
**ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥ ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥**
**ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥**
**ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥**
**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥ ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੪੭੨**
**ਰਾਗੁ ਆਸਾ ਮਹਲਾ ੧ ॥ ਸਲੋਕੁ ਮ ੧ ॥ ਜੇ ਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ ॥**
**ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ ॥**
**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ॥**
**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ॥**
**ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ ॥**
**ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ ॥੧॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੬੫੯**
**ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥**
**ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥**
**ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥੫॥੫॥**
**ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀਂ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥**
**ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥**

**ਰਾਗ ਰਾਮਕਲੀ ਮਹਲਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੯੧੩**
**ਇਸੁ ਪਾਨੀ ਤੇ ਜਿਨਿ ਤੂ ਘਰਿਆ ॥**
**ਮਾਟੀ ਕਾ ਲੇ ਦੇਹੁਰਾ ਕਰਿਆ ॥**
**ਉਕਤਿ ਜੋਤਿ ਲੈ ਸੁਰਤਿ ਪਰੀਖਿਆ ॥**
**ਮਾਤ ਗਰਭ ਮਹਿ ਜਿਨਿ ਤੂ ਰਾਖਿਆ ॥੧॥**
**ਰਾਖਨਹਾਰੁ ਸਮ੍ਹਾਰਿ ਜਨਾ ॥**
**ਸਗਲੇ ਛੋਡਿ ਬੀਚਾਰ ਮਨਾ ॥੧॥ ਰਹਾਉ ॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੧੦੦੩**
**ਮਾਰੂ ਮਹਲਾ ੫ ਘਰੁ ੪ ੴ ਸਤਿਗੁਰ ਪ੍ਰਸਾਦਿ ॥**
**ਓਅੰਕਾਰਿ ਉਤਪਾਤੀ ॥ ਕੀਆ ਦਿਨਸੁ ਸਭ ਰਾਤੀ ॥ ਵਣੁ ਤ੍ਰਿਣੁ ਤ੍ਰਿਭਵਣ ਪਾਣੀ ॥ ਚਾਰਿ ਬੇਦ ਚਾਰੇ ਖਾਣੀ ॥**
**ਖੰਡ ਦੀਪ ਸਭਿ ਲੋਆ ॥ ਏਕ ਕਵਾਵੈ ਤੇ ਸਭਿ ਹੋਆ ॥੧॥ ਕਰਣੈਹਾਰਾ ਬੂਝਹੁ ਰੇ ॥ ਸਤਿਗੁਰੁ ਮਿਲੈ ਤ ਸੂਝੈ ਰੇ ॥੧॥ ਰਹਾਉ ॥**

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (3*), ਪੰਨਾ ੧੪੨੭**
**ਸਲੋਕ ਮਹਲਾ ੯ ॥**
**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ ॥੨੫॥**

**ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਦਸਮ ਗ੍ਰੰਥ ਸਾਹਿਬ ਜੀ (4*), ਪੰਨਾ ੧੩੮੬, ਕਬੀਯੋ ਬਾਚ ਬੇਨਤੀ ॥ ਚੌਪਈ ॥ "ਅੰਡਜ, ਜੇਰਜ, ਸੇਤਜ, ਕੀਨੀ ॥ ਉਤਭੁਜ ਖਾਨਿ ਬਹੁ ਰਚਿ ਦੀਨੀ ॥ ੩੯੪ ॥" (ਭਾਵਃ ਪ੍ਰਮਾਤਨਾ ਨੇ ਜੀਵਾਂ ਨੂੰ ਅੰਡੇ, ਕੁੱਖ, ਪਸੀਨੇ ਅਤੇ ਉਤਭੁਜ (ਧਰਤੀ ਤੇ ਬਨਸਪਤੀ) ਤੋਂ ਪੈਦਾ ਕੀਤਾ)। ਪਾਣੀ ਇਨ੍ਹਾਂ ਸਾਰੇ ਸਰੋਤਾਂ ਦੀ ਉਤਪਤੀ ਹੈ।**

ਸ੍ਰੀ ਭਗਵਦ ਗੀਤਾ (5*) ਦੇ ਅਧਿਆਇ 7.8 ਵਿਚ ਪਾਣੀ ਦਾ ਜ਼ਿਕਰ ਇਸ ਤਰ੍ਹਾਂ ਆਉਂਦਾ ਹੈਃ "रसोऽहमप्सु कौन्तेय प्रभास्मि शशिसूर्ययोः 7 प्रणवः सर्ववेदेषु शब्दः खे पौरुषं नृषु ॥8॥" ਭਾਵ "ਹੇ ਕੁੰਤੀ ਪੁੱਤਰ! ਮੈਂ ਪਾਣੀ ਦਾ ਸੁਆਦ ਹਾਂ, ਸੂਰਜ ਅਤੇ ਚੰਦਰਮਾ ਦਾ ਪ੍ਰਕਾਸ਼ ਹਾਂ, ਵੈਦਿਕ ਮੰਤਰਾਂ ਵਿੱਚ ਓਂਕਾਰ ਹਾਂ; ਅਕਾਸ਼ ਵਿੱਚ ਧੁਨੀ ਹਾਂ ਅਤੇ ਮਨੁੱਖ ਵਿੱਚ ਕਾਬਲੀਅਤ ਹਾਂ।" ਇਹ ਸਲੋਕ ਦੱਸਦਾ ਹੈ ਕਿ ਭਗਵਾਨ ਕਿੰਝ ਆਪਣੀਆਂ ਵੱਖੋ-ਵੱਖਰੀਆਂ ਪਰ੍ਹਾ ਅਤੇ ਅਪਰ੍ਹਾ ਸ਼ਕਤੀਆਂ ਰਾਹੀਂ ਹਰ ਥਾਂ ਮੌਜੂਦ ਹਨ। ਪਰਮੇਸ਼ੂਰ ਦੀ ਮੁੱਢਲੀ ਅਨੁਭੂਤੀ ਉਨ੍ਹਾਂ ਦੀਆਂ ਵੱਖੋ-ਵੱਖਰੀਆਂ ਸ਼ਕਤੀਆਂ ਰਾਹੀਂ ਹੋ ਸਕਦੀ ਹੈ ਅਤੇ ਕਿੰਝ ਉਨ੍ਹਾਂ ਦਾ ਨਿਰਾਕਾਰ ਰੂਪ ਵਿਚ ਅਨੁਭਵ ਹੁੰਦਾ ਹੈ। ਜਿਸ ਤਰ੍ਹਾਂ ਸੂਰਜ ਦੇਵਤਾ ਇਕ ਪੁਰਖ ਹੈ ਅਤੇ ਆਪਣੀ ਸਰਬ-ਵਿਆਪਕ ਸ਼ਕਤੀ ਸੂਰਜ-ਪ੍ਰਕਾਸ਼ ਰਾਹੀਂ ਅਨੁਭਵ ਕੀਤਾ ਜਾਂਦਾ ਹੈ, ਉਸੇ ਤਰ੍ਹਾਂ ਭਗਵਾਨ ਆਪਣੇ ਨਿਵਾਸ ਅਸਥਾਨ 'ਤੇ ਰਹਿੰਦੇ ਹੋਏ ਵੀ ਆਪਣੀ ਸਰਬ-ਵਿਆਪਕ ਸ਼ਕਤੀ ਰਾਹੀਂ ਅਨੁਭਵ ਕੀਤੇ ਜਾ ਸਕਦੇ ਹਨ। ਪਾਣੀ ਦਾ ਸੁਆਦ ਪਾਣੀ ਦਾ ਮੁੱਢਲਾ ਗੁਣ ਹੈ। ਕੋਈ ਵੀ ਮਨੁੱਖ ਸਮੁੰਦਰ ਦਾ ਪਾਣੀ ਨਹੀਂ ਪੀਣਾ ਚਾਹੁੰਦਾ ਕਿਉਂਕਿ ਇਸ ਵਿਚ ਸ਼ੁੱਧ ਪਾਣੀ ਦੇ ਸੁਆਦ ਦੇ ਨਾਲ਼ ਨਾਲ਼ ਨਮਕ ਮਿਲਿਆ ਰਹਿੰਦਾ ਹੈ। ਪਾਣੀ ਪ੍ਰਤੀ ਖਿੱਚ ਦਾ ਕਾਰਨ ਸੁਆਦ ਦੀ ਸ਼ੁੱਧੀ ਹੈ ਅਤੇ ਇਹ ਸ਼ੁੱਧ ਸੁਆਦ ਭਗਵਾਨ ਦੀਆਂ ਸ਼ਕਤੀਆਂ ਵਿਚੋਂ ਇਕ ਹੈ। ਨਿਰ-ਵਿਸ਼ੇਸ਼ਵਾਦੀ ਮਨੁੱਖ ਪਾਣੀ ਵਿਚ ਭਗਵਾਨ ਦੀ ਹੋਂਦ ਪਾਣੀ ਦੇ ਸੁਆਦ ਸਦਕਾ ਅਨੁਭਵ ਕਰਦਾ ਹੈ ਅਤੇ ਸਰਗੁਣਵਾਦੀ ਭਗਵਾਨ ਦਾ ਗੁਣ-ਗਾਨ ਕਰਦਾ ਹੈ, ਕਿਉਂਕਿ ਉਹ ਪਿਆਸ ਬੁਝਾਉਣ ਲਈ ਬਹੁਤ ਸੁਆਦ ਪਾਣੀ ਦਿੰਦੇ ਹਨ। ਪਰਮੇਸ਼ੂਰ ਨੂੰ ਅਨੁਭਵ ਕਰਨ ਦਾ ਇਹੋ ਤਰੀਕਾ ਹੈ। ਵਿਵਹਾਰਕ ਤੌਰ 'ਤੇ ਸਰਗੁਣਵਾਦ ਅਤੇ ਨਿਰ-ਵਿਸ਼ੇਸ਼ਵਾਦ (ਨਿਰਗੁਣਵਾਦ) ਵਿਚ ਕੋਈ ਮਤਭੇਦ ਨਹੀਂ ਹੈ, ਜਿਹੜਾ ਈਸ਼ਵਰ ਨੂੰ ਜਾਣਦਾ ਹੈ ਉਹ ਇਹ ਵੀ ਜਾਣਦਾ ਹੈ ਕਿ ਹਰ ਚੀਜ਼ ਵਿਚ ਇਕੱਠੇ ਸਰਗੁਣ ਗਿਆਨ ਅਤੇ ਨਿਰਗੁਣ ਗਿਆਨ ਛੁਪਿਆ ਰਹਿੰਦਾ ਹੈ ਅਤੇ ਇਨ੍ਹਾਂ ਵਿਚ ਕੋਈ ਵਿਰੋਧ ਨਹੀਂ ਹੈ। ਇਸ ਲਈ ਭਗਵਾਨ ਚੈਤੰਨਯ ਨੇ ਆਪਣਾ ਸਿਧਾਂਤ ਸਥਾਪਤ ਕੀਤਾ ਜੋ ਅਚਿੰਤਯ ਭੇਦ-ਅਭੇਦ ਤੱਥ ਕਹਾਉਂਦਾ ਹੈ।

**ਮਹਾਤਮਾ ਬੁੱਧ ਦੇ ਪਾਣੀ ਬਾਰੇ ਪਰਵਚਨ:**

- ਜਦੋਂ ਤੁਹਾਨੂੰ ਫੁੱਲ ਪਸੰਦ ਹੁੰਦਾ ਹੈ, ਤਾਂ ਤੁਸੀਂ ਇਸ ਨੂੰ ਤੋੜ ਦਿੰਦੇ ਹੋ। ਪਰ ਜਦੋਂ ਤੁਸੀਂ ਕਿਸੇ ਫੁੱਲ ਨੂੰ ਪਿਆਰ ਕਰਦੇ ਹੋ, ਤਾਂ ਤੁਸੀਂ ਇਸ ਨੂੰ ਰੋਜ਼ਾਨਾ ਪਾਣੀ ਦਿੰਦੇ ਹੋ।
- ਜਿਵੇਂ ਕਮਲ ਦਾ ਫੁੱਲ ਪਾਣੀ ਵਿੱਚ ਪੈਦਾ ਹੁੰਦਾ ਹੈ, ਪਾਣੀ ਵਿੱਚ ਵਧਦਾ ਹੈ ਅਤੇ ਪਾਣੀ ਤੋਂ ਬਾਹਰ ਉੱਠਕੇ ਇਸ ਤੋਂ ਉੱਪਰ ਬਿਨਾਂ ਮਿੱਟੀ ਦੇ ਖੜ੍ਹਾ ਹੁੰਦਾ ਹੈ, ਇਸ ਤਰ੍ਹਾਂ ਮੈਂ ਸੰਸਾਰ ਵਿੱਚ ਪੈਦਾ ਹੋਇਆ, ਸੰਸਾਰ ਵਿੱਚ ਵੱਡਾ ਹੋਇਆ, ਸੰਸਾਰ ਉੱਪਰ ਫ਼ਤਹਿ ਪਾ ਕੇ ਵੀ ਸੰਸਾਰ ਵਿਚ ਬੇਦਾਗ਼ ਰਹਿੰਦਾ ਹਾਂ।
- ਜਦੋਂ ਕੋਈ ਲਾਲਚ ਤੋਂ ਸੁਰਖ਼ਰੂ ਹੋ ਕੇ ਮਹਿਸੂਸ ਕਰਦਾ ਹੈ ਕਿ ਕੋਈ ਲਾਲਚ ਉਸਨੂੰ ਪੋਹ ਨਹੀਂ ਸਕਦਾ, ਤਾਂ ਲਾਲਚ ਉਸ ਤੋਂ ਇਸ ਤਰ੍ਹਾਂ ਤਿਲ੍ਹਕ ਜਾਂਦਾ ਹੈ ਜਿਵੇਂ ਕਮਲ ਦੇ ਪੱਤੇ ਤੋਂ ਪਾਣੀ ਦੀ ਬੂੰਦ।
- ਜਦੋਂ ਤੁਸੀਂ ਬੱਦਲਾਂ ਦੇ ਪਾਣੀ ਨੂੰ ਸਹਿਜ ਹੋਣ ਦਿੰਦੇ ਹੋ, ਤਾਂ ਇਹ ਨਿਰਮਲ ਹੋ ਜਾਂਦਾ ਹੈ। ਜੇ ਤੁਸੀਂ ਆਪਣੇ ਪਰੇਸ਼ਾਨ ਮਨ ਨੂੰ ਸਹਿਜ ਹੋਣ ਦਿਓ, ਤਾਂ ਤੁਹਾਡਾ ਮਾਰਗ ਵੀ ਸਪਸ਼ਟ ਹੋ ਜਾਵੇਗਾ।
- ਜਦੋਂ ਤੁਸੀਂ ਸੌਂਦੇ ਹੋ, ਤਾਂ ਇੱਛਾ ਤੁਹਾਡੇ ਅੰਦਰ ਜੰਗਲ ਦੀ ਵੇਲ ਵਾਂਗ ਵਧਦੀ ਹੈ। ਜੰਗਲ ਵਿੱਚ ਬਾਂਦਰ ਵਾਂਗ ਤੁਸੀਂ ਰੁੱਖ ਤੋਂ ਰੁੱਖ ਵੱਲ ਛਾਲ ਮਾਰਦੇ ਹੋ, ਕਦੇ ਵੀ ਫਲ ਨਹੀਂ ਲੱਭ ਸਕਦੇ- ਜ਼ਿੰਦਗੀ ਤੋਂ ਜ਼ਿੰਦਗੀ ਤੱਕ, ਕਦੇ ਵੀ ਸ਼ਾਂਤੀ ਨਹੀਂ ਲੱਭ ਸਕਦੇ। ਜੇ ਤੁਸੀਂ ਇੱਛਾ ਨਾਲ਼ ਭਰੇ ਹੋਏ ਹੋ ਤਾਂ ਤੁਹਾਡੇ ਦੁੱਖ ਮੀਂਹ ਤੋਂ ਬਾਅਦ ਘਾਹ ਵਾਂਗ ਉੱਗ ਪੈਂਦੇ ਹਨ। ਪਰ ਜੇ ਤੁਸੀਂ ਇੱਛਾ 'ਤੇ ਕਾਬੂ ਪਾ ਲਿਆ ਤਾਂ ਤੁਹਾਡੇ ਦੁੱਖ ਤੁਹਾਡੇ ਤੋਂ ਇਸ ਤਰ੍ਹਾਂ ਝੜ ਜਾਣਗੇ ਜਿਵੇਂ ਕਮਲ ਦੇ ਫੁੱਲ ਤੋਂ ਪਾਣੀ ਦੇ ਤੁਪਕੇ।
- ਤੁਹਾਨੂੰ ਇੱਕ ਦੂਜੇ ਦਾ ਆਦਰ ਕਰਨਾ

ਚਾਹੀਦਾ ਹੈ ਅਤੇ ਵਿਵਾਦਾਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ; ਤੁਹਾਨੂੰ ਪਾਣੀ ਅਤੇ ਤੇਲ ਦੀ ਤਰ੍ਹਾਂ ਇਕ ਦੂਜੇ ਨੂੰ ਪਿੱਛੇ ਨਹੀਂ ਧੱਕਣਾ ਚਾਹੀਦਾ, ਸਗੋਂ ਦੁੱਧ ਅਤੇ ਪਾਣੀ ਵਾਂਗ ਇਕਸਾਰ ਹੋ ਜਾਣਾ ਚਾਹੀਦਾ ਹੈ।

• ਪਾਣੀ ਤੋਂ ਸਿੱਖੋ-ਪਹਾੜਾਂ ਦੀਆਂ ਦਰਾੜਾਂ, ਖੱਪਿਆਂ ਵਿਚ, ਗਰਜ਼ਦਾ ਹੋਇਆ ਛੋਟੀਆਂ ਨਦੀਆਂ ਨਾਲ਼ਿਆਂ ਵਿਚ ਵਹਿ ਤੁਰਦਾ ਹੈ, ਪਰ ਵੱਡੇ ਦਰਿਆ ਸ਼ਾਂਤ, ਚੁੱਪਚਾਪ ਵਹਿੰਦੇ ਹਨ।

• ਛੋਟੇ-ਛੋਟੇ ਚੰਗੇ ਅਮਲਾਂ ਨੂੰ ਨਜ਼ਰ-ਅੰਦਾਜ਼ ਨਾ ਕਰੋ, ਇਹ ਸੋਚਕੇ ਕਿ ਉਨ੍ਹਾਂ ਦਾ ਕੋਈ ਫਾਇਦਾ ਨਹੀਂ ਹੈ; ਅੰਤ ਵਿੱਚ ਪਾਣੀ ਦੀਆਂ ਛੋਟੀਆਂ ਬੂੰਦਾਂ ਵੀ ਇੱਕ ਵਿਸ਼ਾਲ ਜਹਾਜ਼ ਨੂੰ ਭਰ ਦੇਣਗੀਆਂ। ਨਕਾਰਾਤਮਕ ਕਾਰਵਾਈਆਂ ਨੂੰ ਸਿਰਫ਼ ਇਸ ਲਈ ਨਜ਼ਰ-ਅੰਦਾਜ਼ ਨਾ ਕਰੋ ਕਿਉਂਕਿ ਉਹ ਛੋਟੀਆਂ ਹਨ; ਚਿੰਗਾਰੀ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ, ਇਹ ਪਹਾੜ ਜਿੱਡੇ ਵੱਡੇ ਘਾਹ ਦੇ ਢੇਰ ਨੂੰ ਸਾੜ ਸਕਦੀ ਹੈ।

• ਸ਼ੁਰੂ ਵਿੱਚ, ਦਇਆ ਉਸ ਬੀਜ ਵਰਗੀ ਹੁੰਦੀ ਹੈ ਜਿਸ ਤੋਂ ਬਿਨਾਂ ਅਸੀਂ ਕੋਈ ਫਲ ਨਹੀਂ ਲੈ ਸਕਦੇ; ਵਿਚਕਾਰ, ਦਇਆ ਪਾਣੀ ਵਾਂਗ ਹੈ ਉਸ ਬੀਜ ਨੂੰ ਪੋਸ਼ਣ ਦੇਣ ਲਈ, ਜਿਸ ਨੂੰ ਅਸੀਂ ਬੀਜਿਆ ਸੀ; ਅੰਤ ਵਿੱਚ, ਦਇਆ ਸੂਰਜ ਦੇ ਨਿੱਘ ਵਾਂਗ ਹੁੰਦੀ ਹੈ ਜੋ ਫਲ਼ ਨੂੰ ਪੱਕਣ ਲਈ ਚਾਹੀਦੀ ਹੈ।

• ਚੰਗਿਆਈ ਨੂੰ ਛੁਟਿਆ ਕੇ ਨਾ ਦੇਖੋ, ਕਿ ਇਸ ਵਿੱਚੋਂ ਕੁਝ ਵੀ ਨਹੀਂ ਨਿਕਲੇਗਾ। ਪਾਣੀ ਦੀਆਂ ਟਪਕਦੀਆਂ ਬੂੰਦਾਂ ਨਾਲ਼ ਇੱਕ ਪੂਰਾ ਪਾਣੀ ਦਾ ਘੜਾ ਭਰ ਜਾਂਦਾ ਹੈ।

ਪਵਿੱਤਰ ਕੁਰਾਨ ਵਿਚ 63 ਥਾਵਾਂ 'ਤੇ ਪਾਣੀ ਦਾ ਜ਼ਿਕਰ ਆਇਆ ਹੈ।

"ਅੱਲ੍ਹਾ ਨੇ ਹੀ ਅਕਾਸ਼ ਅਤੇ ਧਰਤੀ ਬਣਾਈ ਅਤੇ ਅਸਮਾਨ ਤੋਂ ਮੀਂਹ ਨੂੰ ਹੇਠਾਂ ਭੇਜਿਆ ਅਤੇ ਇਸ ਤਰ੍ਹਾਂ ਤੁਹਾਡੇ ਲਈ ਕੁਝ ਫਲ਼ ਪੈਦਾ ਕੀਤੇ ਅਤੇ ਉਸ ਦੇ ਹੁਕਮ ਦੁਆਰਾ ਹੀ ਤੁਹਾਡੇ ਲਈ ਜਹਾਜ਼ ਸਮੁੰਦਰ ਵਿੱਚੋਂ ਲੰਘਣ ਲੱਗੇ ਅਤੇ ਤੁਹਾਡੇ ਲਈ ਹੀ ਨਦੀਆਂ ਬਣਾਈਆਂ।" (ਸੂਰਾਹ ਇਬਰਾਹੀਮ, ਆਇਤ 32)

ਅਤੇ "ਇਹ ਉਹ ਹੀ ਹੈ ਜੋ ਅਸਮਾਨ ਤੋਂ ਮੀਂਹ ਭੇਜਦਾ ਹੈ ਅਤੇ ਅਸੀਂ ਇਸ ਤਰ੍ਹਾਂ ਸਾਰੀ ਬਨਸਪਤੀ ਪੈਦਾ ਕਰਦੇ ਹਾਂ। ਅਸੀਂ ਇਸ ਤੋਂ ਹਰਿਆਲੀ ਪੈਦਾ ਕਰਦੇ ਹਾਂ ਜਿਸ ਤੋਂ ਅਸੀਂ ਪਰਤਾਂ ਵਿੱਚ ਅਨਾਜ ਪੈਦਾ ਕਰਦੇ ਹਾਂ। ਅਤੇ ਇਸ ਦੇ ਪਲਮਦੇ ਖਜੂਰ ਦੇ ਰੁੱਖਾਂ ਤੋਂ ਫਲ਼ਾਂ ਦੇ ਗੁੱਛੇ ਨੀਵੇਂ ਲਟਕ ਰਹੇ ਹਨ। ਅਤੇ ਅਸੀਂ ਅੰਗੂਰਾਂ ਅਤੇ ਜੈਤੂਨ ਅਤੇ ਅਨਾਰਾਂ ਦੇ ਬਗੀਚੇ ਪੈਦਾ ਕਰਦੇ ਹਾਂ, ਜੋ ਕਿ ਇੱਕੋ ਜਿਹੇ ਪਰ ਵਿਭਿੰਨ ਹਨ। ਇਸ ਦੇ ਝਾੜ ਅਤੇ ਇਸ ਦੇ ਪੱਕਣ 'ਤੇ ਇਸ ਦੇ ਹਰੇਕ ਫਲ਼ ਨੂੰ ਦੇਖੋ। ਸੱਚਮੁੱਚ ਇਸ ਵਿੱਚ ਉਨ੍ਹਾਂ ਲੋਕਾਂ ਲਈ ਸੰਕੇਤ ਹਨ ਜੋ ਉਸ ਵਿਚ ਵਿਸ਼ਵਾਸ ਕਰਦੇ ਹਨ।" (ਸੂਰਾਹ ਅਲ-ਅਨਾਮ, ਆਇਤ 99) "ਉਹੀਓ ਹੈ ਜਿਸ ਨੇ ਤੁਹਾਡੇ ਲਈ ਅਸਮਾਨ ਤੋਂ ਪਾਣੀ ਉਤਾਰਿਆ ਜਿਸ ਨੂੰ ਤੁਸੀਂ ਪੀਂਦੇ ਹੋ ਅਤੇ ਇਸ 'ਚੋਂ ਕੁਝ ਬਾਗ਼ਬਾਨੀ (ਸ਼ਜਰ-ਕਾਰੀ) ਲਈ ਵਰਤੋਂ 'ਚ ਆਉਂਦਾ ਹੈ, ਜਿਸ ਵਿਚ ਬਨਸਪਤੀ, ਸਬਜ਼ੀਆਂ ਅਤੇ ਚਰਾਗਾਹਾਂ ਉੱਗਦੀਆਂ ਹਨ ਜਿਨ੍ਹਾਂ ਵਿਚ ਤੁਸੀਂ ਆਪਣੇ ਜਾਨਵਰ ਚਰਾਂਦੇ ਹੋ।" (ਸੂਰਾਹ ਅਲ-ਨਹਿਲ ਆਇਤ 10) "ਕੀ ਅਵਿਸ਼ਵਾਸੀ ਇਹ ਨਹੀਂ ਦੇਖਦੇ ਕਿ ਸਾਡੇ ਇਸ ਨੂੰ ਅਲੱਗ ਕਰਨ ਤੋਂ ਪਹਿਲਾਂ ਅੱਲ੍ਹਾ ਨੇ ਅਕਾਸ਼ ਅਤੇ ਧਰਤੀ ਨੂੰ ਮਿਲਾਇਆ ਸੀ (ਸਿਰਜਣਾ ਦੀ ਇੱਕ ਇਕਾਈ ਵਜੋਂ)? ਅਸੀਂ ਹਰ ਜੀਵਤ ਚੀਜ਼ ਨੂੰ ਪਾਣੀ ਤੋਂ ਬਣਾਇਆ। ਕੀ ਉਹ ਫਿਰ ਵਿਸ਼ਵਾਸ ਨਹੀਂ ਕਰਨਗੇ ?" (ਸੂਰਾਹ ਅਲ-ਅਨਬੀਆ, ਆਇਤ 30) "ਐ ਐਡਮ ਦੇ ਬੱਚਿਓ! ਹਰ ਵਾਰ ਪ੍ਰਾਰਥਨਾ ਅਸਥਾਨ ਉੱਪਰ ਸੁੰਦਰ ਕੱਪੜੇ ਪਹਿਨੋ। ਖਾਉ, ਪੀਓ, ਪਰ ਭੋਜਨ ਅਜਾਈਂ ਬਰਬਾਦ ਨਾ ਕਰੋ ਕਿਉਂਕਿ ਅੱਲ੍ਹਾ ਭੋਜਨ ਬਰਬਾਦ ਕਰਨ ਵਾਲ਼ਿਆਂ ਨੂੰ ਪਿਆਰ ਨਹੀਂ ਕਰਦਾ।" (ਸੂਰਾਹ ਅਲ-ਅਰਾਫ਼, ਆਇਤ 31)। ਪੈਗੰਬਰ ਮੁਹੰਮਦ ਸਲੱਲਾਹੋ ਅਲੈਹਵ ਸੱਲਮ ਦਾ ਫੁਰਮਾਨ ਹੈ ਕਿ "ਜੇਕਰ ਇਕ ਮੁਸਲਮਾਨ ਨਮਾਜ਼ ਅਦਾ ਕਰਨ ਲਈ ਵਜ਼ੂ ਕਰਨ ਲਈ ਦਰਿਆ ਦੇ ਕੰਢੇ 'ਤੇ ਹੋਵੇ ਤਾਂ ਵੀ ਉਸਨੂੰ ਚਾਹੀਦਾ ਹੈ ਕਿ ਪਾਣੀ ਦੀ ਵਰਤੋਂ ਸੰਜਮ ਨਾਲ਼ ਕਰੇ, ਮਤਲਬ ਪਾਣੀ ਨੂੰ ਬੇਅਰਥ ਅਜਾਈਂ ਨਾ ਡੋਲ੍ਹੇ।"

ਇਸੇ ਤਰ੍ਹਾਂ ਪਵਿੱਤਰ ਬਾਈਬਲ ਵਿਚ ਪਾਣੀ ਦਾ ਜ਼ਿਕਰ 722 ਵਾਰ ਕੀਤਾ ਗਿਆ ਹੈ, ਜੋ ਅਕਸਰ ਵਿਸ਼ਵਾਸ, ਉਮੀਦ, ਪ੍ਰਾਰਥਨਾ ਅਤੇ ਪੂਜਾ ਨਾਲੋਂ ਵਧੇਰੇ ਹੁੰਦਾ ਹੈ। Genesis (ਉਤਪਤ) 1:2 ਅਨੁਸਾਰ, "ਧਰਤੀ ਇਕ ਬੇਕਾਰ ਖਾਲੀ ਥਾਂ ਸੀ ਅਤੇ ਹਨੇਰੇ ਨੇ ਡੂੰਘੇ ਚਿਹਰੇ ਨੂੰ ਢੱਕ ਲਿਆ, ਜਦੋਂ ਕਿ ਪਰਮੇਸ਼ੁਰ ਦੀ ਹਵਾ ਪਾਣੀ ਦੇ ਚਿਹਰੇ 'ਤੇ ਵਹਿ ਗਈ।" ਪਾਣੀ ਜੀਵਨ ਦਾ ਇੰਨਾ ਜ਼ਰੂਰੀ ਭਾਗ ਹੈ, ਇਹ ਪਹਿਲੇ ਦਿਨ ਹੀ ਬਣਾਇਆ ਗਿਆ ਸੀ। Revelations (ਖ਼ੁਲਾਸਿਆਂ) ਵਿਚ ਪਾਣੀ ਦਾ ਜ਼ਿਕਰ ਵਾਰ ਵਾਰ ਕੀਤਾ ਗਿਆ ਹੈ। ਖ਼ੁਲਾਸੇ 22:17, "ਆਤਮਾ ਅਤੇ ਲਾੜੀ ਵਿਚ ਕਿਹਾ ਗਿਆ ਹੈ: 'ਆਓ' ਅਤੇ ਸੁਣਨ ਵਾਲੇ ਹਰ ਕਿਸੇ ਨੂੰ ਇਹ ਕਹਿਣ ਦਿਓ, 'ਆਓ' ਅਤੇ ਹਰ ਉਸ ਵਿਅਕਤੀ ਨੂੰ ਆਉਣ ਦਿਓ ਜੋ ਪਿਆਸੇ ਹਨ। ਜੋ ਕੋਈ ਵੀ ਚਾਹੁੰਦਾ ਹੈ, ਉਹ ਜ਼ਿੰਦਗੀ ਦੇ ਪਾਣੀ ਨੂੰ ਤੋਹਫ਼ੇ ਵਜੋਂ ਲਵੇ।" ਪਾਣੀ ਪੂਰੇ ਧਰਮ ਗ੍ਰੰਥ ਵਿੱਚ ਵਗਦਾ ਹੈ ਅਤੇ ਇਸ ਨਾਲ਼ ਸਾਨੂੰ ਇਸ ਦੀ ਮਹੱਤਤਾ ਦੀ ਯਾਦ ਰੱਖਣੀ ਚਾਹੀਦੀ ਹੈ, ਅਧਿਆਤਮਿਕ ਅਤੇ ਸਰੀਰਕ ਤੌਰ 'ਤੇ ਦੋਵੇਂ। ਸੇਂਟ ਜੌਹਨ ਦਾਮਾਸੀਨ ਨੇ ਸੰਖੇਪ ਵਿੱਚ ਕਿਹਾ, "ਫਿਰ ਪਾਣੀ ਸਭ ਤੋਂ ਸੁੰਦਰ ਤੱਤ ਹੈ ਅਤੇ ਉਪਯੋਗਤਾ ਨਾਲ਼ ਭਰਪੂਰ ਹੈ, ਅਤੇ ਸਾਰੀ ਗੰਦਗੀ ਤੋਂ ਸ਼ੁੱਧ ਹੈ ਅਤੇ ਨਾ ਸਿਰਫ ਸਰੀਰ ਦੀ ਗੰਦਗੀ ਤੋਂ ਬਲਕਿ ਆਤਮਾ ਤੋਂ, ਜੇ ਇਸ ਨੂੰ ਆਤਮਾ ਦੀ ਕਿਰਪਾ ਪ੍ਰਾਪਤ ਕਰਨੀ ਚਾਹੀਦੀ ਸੀ"। (ਆਰਥੋਡਾਕਸ ਫੇਥ ਦੀ ਇੱਕ ਸਹੀ ਵਿਆਖਿਆ ਕਿਤਾਬ 2 ਅਤੇ ਅਧਿਆਇ 9)। ਪਾਣੀ ਵਿਚ ਤੰਦਰੁਸਤ ਕਰਨ ਦੀ ਸ਼ਕਤੀ ਹੈ, ਜਿਵੇਂ ਕਿ ਨਾਮਨ ਦੀਆਂ ਕਹਾਣੀਆਂ ਤੋਂ ਦੇਖਿਆ ਜਾ ਸਕਦਾ ਹੈ - ਸੀਰੀਆਈ ਜਾਰਡਨ ਦੇ ਪਾਣੀਆਂ ਵਿੱਚ ਆਪਣੇ ਕੋਹੜ ਤੋਂ ਠੀਕ ਹੋ ਗਿਆ (2 ਕਿੰਗਜ਼ 5:1-14) ਅਤੇ ਯੇਰੂਸ਼ਲਮ ਦੇ ਬੇਥੇਸਡਾ ਵਿਖੇ ਸਾਲਾਨਾ ਚਮਤਕਾਰ (ਜੌਹਨ 5:1-9)। ਪਾਣੀ ਵਿੱਚ ਸ਼ੁੱਧਕਰਨ, ਜਣੇਪੇ ਪ੍ਰਦਾਨ ਕਰਨ ਦੀ ਸ਼ਕਤੀ ਹੈ, ਅਤੇ ਇਹ ਬੁਰਾਈ ਅਤੇ ਦੁਸ਼ਮਣਾਂ ਨੂੰ ਵੀ ਤਬਾਹ ਕਰ ਸਕਦਾ ਹੈ ਜਿਵੇਂ ਕਿ ਹੜ੍ਹ (ਉਤਪਤ 6:17) ਅਤੇ ਮਿਸਰ ਤੋਂ ਇਜ਼ਰਾਈਲ ਦੀ ਉਡਾਣ (Exodus 14:1-15:21)। ਧਰਤੀ ਦੀ ਸਤਹ ਦਾ 70 ਤੋਂ 75% ਪਾਣੀ ਨਾਲ਼ ਢਕਿਆ ਹੋਇਆ ਹੈ। ਲਗਭਗ 70% ਬਾਲਗ ਦਾ ਸਰੀਰ ਪਾਣੀ ਨਾਲ਼ ਬਣਿਆ ਹੁੰਦਾ ਹੈ, ਅਤੇ ਬਾਲਗ ਦਿਮਾਗ ਦਾ ਲਗਭਗ 85% ਪਾਣੀ ਨਾਲ਼ ਬਣਿਆ ਹੁੰਦਾ ਹੈ। ਪਾਣੀ ਜੀਵਨ ਲਈ ਜ਼ਰੂਰੀ ਹੈ ਅਤੇ ਸਾਰੀਆਂ ਜੀਵਤ ਚੀਜ਼ਾਂ ਨੂੰ ਜਿਉਂਦੇ ਰਹਿਣ ਲਈ ਪਾਣੀ ਦੀ ਲੋੜ ਹੁੰਦੀ ਹੈ। ਜੀਉਂਦੇ ਪਾਣੀ ਦਾ ਸਰੋਤ ਯਿਸੂ ਉਨ੍ਹਾਂ ਸਾਰਿਆਂ ਨੂੰ ਸੱਦਾ ਦਿੰਦਾ ਹੈ ਜੋ ਪਿਆਸੇ ਹਨ। ਪਾਣੀ ਸਾਨੂੰ ਸਾਡੇ ਪ੍ਰਭੂ ਸਰਬ-ਸ਼ਕਤੀਮਾਨ ਦੁਆਰਾ ਦਿੱਤਾ ਜਾਂਦਾ ਹੈ। ਆਓ ਅਸੀਂ ਇਸ ਨੂੰ ਯਾਦ ਕਰੀਏ ਅਤੇ ਰੋਜ਼ਾਨਾ ਉਸ ਦੀਆਂ ਬਰਕਤਾਂ ਦਾ ਸ਼ੁਕਰਾਨਾ ਕਰੀਏ।

"ਹੇ ਮਸੀਹ, ਉਹ ਫੁਹਾਰਾ ਹੈ, ਪਿਆਰ ਦਾ ਡੂੰਘਾ, ਮਿੱਠਾ ਖੂਹ;

ਧਰਤੀ 'ਤੇ ਨਦੀਆਂ ਦਾ ਮੈਂ ਸਵਾਦ ਚੱਖਿਆ ਹੈ, ਹੋਰ ਡੂੰਘਾ ਪਾਣੀ ਪੀਵਾਂਗਾ।

ਉੱਥੇ ਇੱਕ ਸਮੁੰਦਰੀ ਪੂਰਨਤਾ ਹੈ।

ਉਸ ਦਾ ਰਹਿਮ ਦਾ ਵਿਸਥਾਰ ਅਤੇ ਸ਼ਾਨ, ਸ਼ਾਨ ਦੀ ਤੰਦਰੁਸਤੀ, ਇਮੈਨੁਅਲ ਦੀ ਧਰਤੀ ਵਿਚ।"

ਓਸੈਮ ਰਦਰਫੋਰਡ ਅਤੇ ਐਨ ਆਰ ਕਜ਼ਨ ਦੇ ਭਜਨ "ਸਮਾਂ ਡੁੱਬ ਰਿਹਾ ਹੈ" 'ਚੋਂ ਸੰਖੇਪ

ਪਾਣੀ ਬਾਰੇ ਲਾਓਟਸੇ (Taoism) ਦਾ ਗਿਆਨ:

"ਸਭ ਤੋਂ ਵਧੀਆ ਆਦਮੀ ਪਾਣੀ ਵਾਂਗ ਹੁੰਦੇ ਹਨ; ਪਾਣੀ ਸਾਰੀਆਂ ਚੀਜ਼ਾਂ ਨੂੰ ਲਾਭ ਪਹੁੰਚਾਉਂਦਾ ਹੈ ਅਤੇ ਉਨ੍ਹਾਂ ਨਾਲ਼ ਮੁਕਾਬਲਾ ਨਹੀਂ ਕਰਦਾ। ਇਹ ਉਨ੍ਹਾਂ ਥਾਵਾਂ 'ਤੇ ਵਸਦਾ ਹੈ ਜਿਨ੍ਹਾਂ ਨੂੰ ਸਭ ਨਫ਼ਰਤ ਕਰਦੇ ਹਨ - ਜਿਸ ਵਿੱਚ ਇਹ ਤਾਓ ਦੇ ਨੇੜੇ ਆਉਂਦਾ ਹੈ।"

"ਰੱਬੀ ਗੁਣ ਦੇ ਪ੍ਰਤੀਕ ਵਜੋਂ ਪਾਣੀ: ਜਦੋਂ ਸਰੀਰ ਬਿਨਾਂ ਰੁਕੇ ਹਰਕਤ ਵਿਚ ਰਹਿੰਦਾ ਹੈ, ਤਾਂ ਇਸਨੂੰ ਥਕਾਵਟ ਹੋ ਜਾਂਦੀ ਹੈ। ਜਦੋਂ ਮਨ ਬਿਨਾ ਰੁਕੇ ਜ਼ਿਆਦਾ ਕੰਮ ਕਰਦਾ ਹੈ, ਤਾਂ ਇਹ ਚਿੰਤਤ ਹੋ ਜਾਂਦਾ ਹੈ, ਅਤੇ ਚਿੰਤਾ ਥਕਾਵਟ ਦਾ ਕਾਰਨ ਬਣਦੀ ਹੈ। ਪਾਣੀ ਦੀ ਪ੍ਰਕਿਰਤੀ ਇਹ ਹੈ ਕਿ ਇਕੱਲੇ ਛੱਡ ਦਿੱਤੇ ਜਾਣ 'ਤੇ ਇਹ ਸਵੱਛ ਹੋ ਜਾਂਦਾ ਹੈ ਅਤੇ ਜਦੋਂ ਅਹਿੱਲ ਹੁੰਦਾ ਹੈ ਤਾਂ ਸ਼ਾਂਤ ਹੋ ਜਾਂਦਾ ਹੈ। ਜਦੋਂ ਇਸ ਨੂੰ ਬੋਤਲ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਵਹਿ ਨਹੀਂ ਸਕਦਾ, ਤਾਂ ਇਹ ਸਾਫ ਨਹੀਂ ਰਹਿ ਸਕਦਾ। ਇਹ ਰੱਬੀ ਗੁਣ ਦਾ ਪ੍ਰਤੀਕ ਹੈ। ਸ਼ਾਂਤ ਪਾਣੀ ਪ੍ਰਕਿਰਤੀ ਦੀ ਸਭ ਤੋਂ ਵਧੀਆ ਤਰਜ਼ਮਾਨੀ ਕਰਦਾ ਹੈ।"

ਪਰ ਅਫ਼ਸੋਸ ਹੈ ਕਿ ਅਮਲ ਪੱਖੋਂ ਪਰਨਾਲ਼ਾ ਉਥੇ ਦਾ ਉਥੇ ਹੀ ਰਹਿੰਦਾ ਹੈ। ਇਸ ਸਭ ਦੇ ਬਾਵਜੂਦ ਸਾਰੇ ਧਰਮਾਂ ਦੇ ਪੈਰੋਕਾਰਾਂ ਅਤੇ ਧਰਮ ਨੂੰ ਨਾ ਮੰਨਣ ਵਾਲ਼ਿਆਂ ਵੱਲੋਂ ਵੀ ਕੁਦਰਤ ਦੀ ਕੁੱਲ ਕਾਇਨਾਤ ਨੂੰ ਮੁਫ਼ਤ 'ਚ ਬਖ਼ਸ਼ੀ ਪਾਣੀ ਵਰਗੀ ਅਮੋਲਕ ਨਿਆਮਤ ਨੂੰ ਸ਼ਰਧਾ ਅਤੇ ਸੰਜਮ-ਸੰਕੋਚ ਨਾਲ਼ ਵਰਤਣ ਦੀ ਬਜਾਇ ਬੇਪਰਵਾਹੀ ਤੇ ਲਾਪਰਵਾਹੀ ਨਾਲ਼ ਬੇਅਰਥ ਹੀ ਵਹਾਇਆ ਜਾ ਰਿਹਾ ਹੈ। ਪਾਣੀਆਂ ਨੂੰ ਪ੍ਰਦੂਸ਼ਿਤ ਕਰਨ ਵਿਚ ਭਾਰਤੀ ਲੋਕ ਸਭ ਤੋਂ ਵੱਧ ਬੇਸ਼ੁਕਰੇ ਹਨ। ਖੇਤੀਬਾੜੀ ਵਿਚ ਵਰਤੀਆਂ ਜਾਂਦੀਆਂ ਬਨਾਉਟੀ ਖਾਦਾਂ ਅਤੇ ਪੈਸਟੀਸਾਈਡਜ਼ ਨਾਲ਼ ਧਰਤੀ ਹੇਠਲਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਭਾਰਤ ਵਿਚ ਪ੍ਰਦੂਸ਼ਿਤ ਨਦੀਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀ ਪੀ ਸੀ ਬੀ) ਨੇ 2018 ਵਿੱਚ ਭਾਰਤ ਵਿੱਚ 351 ਪ੍ਰਦੂਸ਼ਿਤ ਨਦੀ ਖੇਤਰਾਂ ਦੀ ਨਿਸ਼ਾਨਦੇਹੀ ਕੀਤੀ ਸੀ। ਨਦੀਆਂ 'ਚ ਸਭ ਤੋਂ ਵੱਧ ਪ੍ਰਦੂਸ਼ਣ ਗੰਦੇ ਨਾਲਿਆਂ ਤੇ ਸੀਵਰ ਦੇ ਪਾਣੀ ਨਾਲ਼ ਹੋ ਰਿਹਾ ਹੈ। ਇਸ ਤੋਂ ਇਲਾਵਾ ਤੇਜ਼ੀ ਨਾਲ਼ ਵਧਦੇ ਸ਼ਹਿਰੀਕਰਨ ਨਾਲ਼ ਸਨਅਤੀਕਰਨ ਵੀ ਇਸ ਲਈ ਜ਼ਿੰਮੇਵਾਰ ਹੈ। ਉਦਾਹਰਣ ਵਜੋਂ 2,500 ਕਿਲੋਮੀਟਰ ਤੋਂ ਵੱਧ ਲੰਬਾਈ ਵਾਲ਼ੀ ਗੰਗਾ ਨਦੀ ਦੁਨੀਆਂ ਦੀਆਂ ਸਭ ਤੋਂ ਪ੍ਰਦੂਸ਼ਿਤ ਨਦੀਆਂ ਵਿੱਚੋਂ ਇੱਕ ਹੈ, ਜਿਸ ਵਿਚ ਹਰ ਰੋਜ਼ ਲਗਭਗ 264 ਮਿਲੀਅਨ ਗੈਲਨ ਗੰਦ ਨਦੀ ਵਿੱਚ ਸੁੱਟਿਆ ਜਾਂਦਾ ਹੈ। ਅਗਲੇ 20 ਸਾਲਾਂ ਵਿੱਚ ਗੰਦ ਦੀ ਇਸ ਮਾਤਰਾ ਵਿੱਚ ਘੱਟੋ ਘੱਟ 100% ਦੇ ਵਾਧੇ ਦਾ ਖ਼ਦਸ਼ਾ ਹੈ। ਇਹ ਪ੍ਰਦੂਸ਼ਣ ਜ਼ਿਆਦਾਤਰ ਉਦਯੋਗਿਕ ਰਹਿੰਦ-ਖੂੰਹਦ, ਮਨੁੱਖਾਂ ਤੇ ਜਾਨਵਰਾਂ ਦੀਆਂ ਲਾਸ਼ਾਂ, ਅਤੇ ਚਮੜੇ ਦੀਆਂ ਫੈਕਟਰੀਆਂ ਤੋਂ ਆਉਂਦੀ ਹੈ। ਇਸ ਤੋਂ ਇਲਾਵਾ ਸ਼ਰਧਾਲੂਆਂ ਵੱਲੋਂ ਹਰ ਸਾਲ ਗੰਗਾ ਨਦੀ ਵਿਚ 8 ਮਿਲੀਅਨ ਮੈਟ੍ਰਿਕ ਟੰਨ ਫੁੱਲ ਵਹਾ ਦਿੱਤੇ ਜਾਂਦੇ ਹਨ, ਜਿਸ ਨਾਲ਼ ਖੇਤਾਂ ਤੋਂ ਹਾਨੀਕਾਰਕ ਪਾਣੀ, ਕੀਟਨਾਸ਼ਕਾਂ ਤੋਂ ਜ਼ਹਿਰੀਲਾ ਆਰਸੈਨਿਕ, ਲੈੱਡ ਅਤੇ ਕੈਡਮੀਅਮ ਜੋ ਫੁੱਲਾਂ ਨੂੰ ਉਗਾਉਣ ਲਈ ਵਰਤੇ ਜਾਂਦੇ ਹਨ, ਨਦੀ ਦੇ ਪਾਣੀ ਵਿਚ ਮਿਲ ਜਾਂਦੇ ਹਨ ਜਿਸ ਨਾਲ਼ ਇਹ ਬਹੁਤ ਜ਼ਹਿਰੀਲਾ ਹੋ ਜਾਂਦਾ ਹੈ। ਵਰਡ ਹੈੱਲਥ ਆਰਗੇਨਾਈਜ਼ੇਸ਼ਨ ਅਨੁਸਾਰ ਗੰਗਾ ਦੇ ਪਾਣੀ ਦਾ ਪ੍ਰਦੂਸ਼ਣ ਪੱਧਰ ਸੁਰੱਖਿਅਤ ਨਾਲੋਂ 3,000 ਗੁਣਾ ਤੋਂ ਵੱਧ ਹੈ।

ਇਹੀ ਹਾਲ ਪੰਜਾਬ ਵਿਚ ਬੁੱਢੇ ਨਾਲ਼ੇ ਦਾ ਹੈ, ਜੋ ਮਾਲਵਾ ਖੇਤਰ ਵਿੱਚ ਸਤਲੁਜ ਦਰਿਆ ਦੇ ਨਾਲ਼ ਨਾਲ਼ ਵਗਦੀ ਇੱਕ ਮੌਸਮੀ ਨਦੀ ਹੈ। ਜਿਉਂ-ਜਿਉਂ ਲੁਧਿਆਣੇ ਸ਼ਹਿਰ ਦਾ ਉਦਯੋਗੀਕਰਨ ਵਧਿਆ, ਇਸ ਵਿੱਚ ਕਾਰਖ਼ਾਨਿਆਂ ਦੀ ਰਹਿੰਦ-ਖੂੰਹਦ, ਡਾਈ ਉਦਯੋਗਾਂ ਦੇ ਰਸਾਇਣਾਂ ਵਾਲਾ ਪਾਣੀ, ਇਲੈਕਟ੍ਰੋਪਲੇਟਿੰਗ ਪਲਾਂਟਾਂ ਦਾ ਧਾਤ-ਯੁਕਤ ਪਾਣੀ, ਡੇਅਰੀ ਅਤੇ ਹੀਟਿੰਗ ਟਰੀਟਮੈਂਟ ਦੇ ਫੋਕਟ ਪਦਾਰਥ ਆਦਿ ਨਾਲ਼ ਇਹ ਪ੍ਰਦੂਸ਼ਿਤ ਹੋ ਗਿਆ। ਫਿਰ ਸ਼ਹਿਰਾਂ ਦਾ ਸੀਵਰੇਜ ਬਗ਼ੈਰ ਕਿਸੇ ਟਰੀਟਮੈਂਟ ਦੇ ਬੁੱਢੇ ਨਾਲ਼ੇ ਵਿੱਚ ਹੀ ਸੁੱਟਿਆ ਜਾ ਰਿਹਾ ਹੈ। ਅੱਜ ਇਹ ਇਸ ਖੇਤਰ ਦੇ, ਸਤਲੁਜ ਦਰਿਆ ਦੇ ਪ੍ਰਦੂਸ਼ਣ ਦਾ ਇੱਕ ਵੱਡਾ ਸਰੋਤ ਬਣ ਗਿਆ ਹੈ। ਇਸ ਗੰਦਗੀ ਅਤੇ ਬਦਬੋ ਨਾਲ਼ ਦੁੱਭਰ ਹੋਏ ਲੋਕ ਤ੍ਰਿਸਕਾਰ ਨਾਲ਼ ਇਸ ਨੂੰ ਗੰਦਾ ਨਾਲ਼ਾ ਵੀ ਕਹਿੰਦੇ ਹਨ। ਦੱਖਣੀ-ਪੱਛਮੀ ਪੰਜਾਬ ਦੇ ਵੱਡੇ ਖੇਤਰ ਸਿੰਚਾਈ ਦੇ ਲਈ ਇਕੱਲੇ ਨਹਿਰੀ ਪਾਣੀ ਤੇ ਨਿਰਭਰ ਹਨ ਅਤੇ ਬੁੱਢੇ ਨਾਲ਼ੇ ਦਾ ਪਾਣੀ ਫਿਰੋਜ਼ਪੁਰ ਦੇ ਨੇੜੇ ਹਰੀਕੇ ਵਾਟਰਵਰਕਸ ਕੋਲ ਵੱਖ-ਵੱਖ ਨਹਿਰਾਂ ਵਿੱਚ ਪਰਵੇਸ਼ ਕਰ ਜਾਂਦਾ ਹੈ ਅਤੇ ਇਸ ਤਰ੍ਹਾਂ ਮਲੋਟ, ਜ਼ੀਰਾ, ਲੰਬੀ ਤੱਕ ਦੇ ਖੇਤਰਾਂ ਨੂੰ ਪ੍ਰਭਾਵਿਤ ਕਰਦਾ ਹੈ, ਜਦਕਿ ਸਰਹਿੰਦ ਫੀਡਰ ਤੋਂ ਪਾਣੀ ਲੈਂਦੇ ਖੇਤਰ ਇਸ ਦੇ ਪ੍ਰਦੂਸ਼ਣ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ।

Times of India (6*) ਅਨੁਸਾਰ "ਮਹਾਰਾਸ਼ਟਰਾ ਵਿਚ ਗੋਦਾਵਰੀ ਨਦੀ ਦੇ ਕੰਢੇ ਨਾਸਿਕ ਸ਼ਹਿਰ ਸਥਿਤ ਕਪਾਲੇਸ਼ਵਰ ਮੰਦਰ ਸਭ ਤੋਂ ਪੁਰਾਣੇ ਮੰਦਰਾਂ ਵਿੱਚੋਂ ਇੱਕ ਹੈ, ਜਿਥੇ ਹਰ ਰੋਜ਼ 5,000 ਸ਼ਰਧਾਲੂ ਆਉਂਦੇ ਹਨ। ਮੰਦਰ ਦੇ ਪ੍ਰਬੰਧਕਾਂ ਅਨੁਸਾਰ, ਹਰ ਰੋਜ਼ ਮੰਦਰ ਵਿੱਚ ਸ਼ਿਵਲਿੰਗ 'ਤੇ ਘੱਟੋ ਘੱਟ 3,000 ਲੋਕ ਦੁੱਧ ਪਾਉਂਦੇ ਹਨ। ਹਰੇਕ ਪੈਕੇਟ ਵਿੱਚ ਲਗਭਗ 250 ਮਿਲੀਲੀਟਰ ਦੁੱਧ ਹੁੰਦਾ ਹੈ, ਜਿਸਦਾ ਮਤਲਬ ਹੈ ਕਿ ਰੋਜ਼ਾਨਾ ਸ਼ਿਵਲਿੰਗਾਂ 'ਤੇ ਲਗਭਗ 750 ਲੀਟਰ ਦੁੱਧ ਪਾਇਆ ਜਾਂਦਾ ਹੈ। ਇਹ ਦੁੱਧ ਗੋਦਾਵਰੀ ਨਦੀ ਵਿਚ ਪ੍ਰਦੂਸ਼ਨ ਫੈਲਾ ਰਿਹਾ ਹੈ।" ਭਾਰਤ ਵਿਚ 2 ਮਿਲੀਅਨ ਮੰਦਰ ਹਨ, ਇਸ ਤੋਂ ਨਦੀਆਂ ਵਿਚ ਰੋਜ਼ਾਨਾ ਬੇਅਰਥ ਵਹਾਏ ਗਏ ਦੁੱਧ ਦੀ ਮਾਤਰਾ ਅਤੇ ਪੈਦਾ ਕੀਤੇ ਪ੍ਰਦੂਸ਼ਨ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਸਿੱਖ ਧਾਰਮਿਕ ਅਸਥਾਨਾਂ 'ਤੇ ਦਰਬਾਰ ਸਾਹਿਬ ਹਾਲ ਤੇ ਪਰਕਰਮਾ ਨੂੰ ਦੁੱਧ ਨਾਲ਼ ਧੋਇਆ ਜਾਂਦਾ ਹੈ। ਇਹ ਦੁੱਧ ਸਰੋਵਰਾਂ ਵਿਚ ਜਾ ਕੇ ਪ੍ਰਦੂਸ਼ਨ ਦਾ ਕਾਰਨ ਬਣਦਾ ਹੈ। ਇਕੱਲੇ ਪੰਜਾਬ ਵਿਚ 30,000 ਗੁਰਦਵਾਰੇ ਹਨ। ਇਸ ਤੋਂ ਸਰੋਵਰਾਂ ਵਿਚ ਰੋਜ਼ਾਨਾ ਬੇਅਰਥ ਵਹਾਏ ਗਏ ਦੁੱਧ ਦੀ ਮਾਤਰਾ ਅਤੇ ਪੈਦਾ ਕੀਤੇ ਪ੍ਰਦੂਸ਼ਨ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਭਾਵੇਂ ਇਸ ਸਬੰਧ ਵਿਚ ਇਕ ਚੰਗੀ ਪਹਿਲਕਦਮੀ ਸੱਚਖੰਡ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸਰੋਵਰ ਲਈ ਲਗਾਇਆ ਅਤਿ ਆਧੁਨਿਕ ਜਲ ਟਰੀਟਮੈਂਟ ਅਤੇ ਫਿਲਟਰੇਸ਼ਨ ਪਲਾਂਟ ਹੈ। ਇਸ ਤਰ੍ਹਾਂ ਦੇ ਉਪਰਾਲੇ ਬਾਕੀ ਧਾਰਮਿਕ ਅਸਥਾਨਾਂ 'ਤੇ ਵੀ ਕਰਨ ਦੀ ਲੋੜ ਹੈ।

ਪਾਣੀ ਵਰਗੀ ਪਵਿੱਤਰ ਵਸਤੂ ਦੇ ਸਰੋਤਾਂ ਦੇ ਪ੍ਰਦੂਸ਼ਨ ਦਾ ਵੱਡਾ ਕਾਰਨ ਸਰਕਾਰਾਂ ਦੀ ਨਾ-ਅਹਿਲੀਅਤ, ਪ੍ਰਾਈਵੇਟ ਕਾਰਪੋਰੇਟ ਇੰਡਸਟਰੀ ਦੇ ਜ਼ਹਿਰੀਲੇ ਨਿਕਾਸੀ ਪਾਣੀ, ਬਦਨੀਤੀ, ਬਦਇੰਤਜ਼ਾਮੀ, ਭ੍ਰਿਸ਼ਟਾਚਾਰ, ਵਾਤਾਵਰਣ ਨਾਲ਼ ਛੇੜਛਾੜ, ਅਤੇ ਜਾਗਰੂਕਤਾ ਦੀ ਘਾਟ ਹੈ। ਉਦਾਹਰਣ ਵਜੋਂ ਫਰਵਰੀ 2020 ਵਿੱਚ ਆਪਣੇ ਬਜਟ ਭਾਸ਼ਣ ਵਿੱਚ ਭਾਰਤੀ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਾਤਾਵਰਣ ਦੀ ਬੇਹਤਰੀ ਲਈ ਵੱਡੇ ਐਲਾਨ ਕੀਤੇ। ਕੇਂਦਰੀ ਪੱਧਰ ਦੇ ਤਿੰਨ ਮੰਤਰਾਲੇ - ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ (ਐਮ ਓ ਈ ਐਫ), ਨਵੀਂ ਅਤੇ ਨਵਿਆਉਣਯੋਗ ਊਰਜਾ ਮੰਤਰਾਲਾ (ਐਮ ਐਨ ਆਰ ਈ) ਅਤੇ ਜਲ ਸ਼ਕਤੀ ਮੰਤਰਾਲਾ (ਐਮ ਜੇ ਐਸ) ਨੂੰ ਅਲਾਟ ਕੀਤੇ ਬਜਟ ਦੀ ਜੇ ਗੱਲ ਕਰੀਏ ਤਾਂ 2020-21 ਵਿੱਚ, ਐਮ ਓ ਈ ਐਫ ਨੂੰ ਕੁੱਲ 3,100 ਕਰੋੜ ਰੁਪਏ (424.66 ਮਿਲੀਅਨ ਡਾਲਰ), ਐਮ ਐਨ ਆਰ ਈ ਨੂੰ 5,753 ਕਰੋੜ ਰੁਪਏ (788.08 ਮਿਲੀਅਨ ਡਾਲਰ), ਨਦੀਆਂ ਨੂੰ ਸਾਫ਼ ਕਰਨ, ਹੋਰ ਜਲ ਸੰਸਥਾਵਾਂ ਦੀ ਸੰਭਾਲ ਕਰਨ ਅਤੇ ਸਿੰਚਾਈ ਪ੍ਰੋਗਰਾਮਾਂ ਦੀ ਸਹਾਇਤਾ ਲਈ ਨਮਾਮੀ ਗੰਗਾ ਪ੍ਰੋਜੈਕਟ ਨੂੰ ਸੰਭਾਲਣ ਵਾਲੇ ਐਮ ਜੇ ਐਸ ਨੂੰ 8,960 ਕਰੋੜ ਰੁਪਏ (1,227.4 ਮਿਲੀਅਨ ਡਾਲਰ) ਅਲਾਟ ਕੀਤੇ ਗਏ ਸਨ। ਸਵਾਲ ਹੈ ਕਿ ਹਰ ਸਾਲ ਅਲਾਟ ਕੀਤਾ ਇਹ ਸਾਰਾ ਧਨ ਜਾਂਦਾ ਕਿੱਥੇ ਹੈ? ਇਸੇ ਤਰ੍ਹਾਂ ਪੰਜਾਬ ਵਿਚ ਬਿਆਸ ਦੀ ਸਹਾਇਕ ਨਦੀ ਪਵਿੱਤਰ ਵੇਈਂ ਦੀ ਹੀ ਗੱਲ ਕਰ ਲਵੋ, ਜਿਸ ਦੇ ਪ੍ਰਦੂਸ਼ਨ ਕਾਰਨ ਇਸਨੂੰ ਕਾਲ਼ੀ ਵੇਈਂ ਕਿਹਾ ਜਾਣ ਲੱਗਾ ਸੀ, ਭਾਰਤ ਅਤੇ ਪੰਜਾਬ ਸਰਕਾਰਾਂ ਨੇ ਇਸ ਪਵਿੱਤਰ ਨਦੀ ਨੂੰ ਸਾਫ਼ ਕਰਨ ਕਰਵਾਉਣ ਲਈ ਸਵਾਇ ਦਮਗਜਿਆਂ ਦੇ ਕੁਝ ਨਹੀਂ ਦਿੱਤਾ। ਸਿਰਫ਼ ਚੋਣਾਂ ਸਮੇਂ ਇਹਨਾਂ ਨਦੀਆਂ ਨੂੰ ਸਾਫ਼ ਕਰਵਾਉਣ ਦੀ ਯਾਦ ਆਉਂਦੀ ਹੈ, ਉਦੋਂ ਫੋਕੇ ਐਲਾਨ ਕਰ ਦਿਤੇ ਜਾਂਦੇ ਹਨ। ਸੰਤ ਬਲਬੀਰ ਸਿੰਘ ਸੀਚੇਵਾਲ ਵਰਗੇ ਜਾਗਰੂਕ ਵਾਤਾਵਰਣ ਸੁਹਿਰਦ ਐਕਟੀਵਿਸਟਾਂ ਅਤੇ ਸੇਵਾਦਾਰਾਂ ਦੇ 20 ਸਾਲਾਂ ਦੇ ਅਣਥੱਕ ਯਤਨਾਂ ਸਦਕਾ ਹੀ ਇਹ ਨਦੀ ਹੁਣ ਤੰਦਰੁਸਤ ਹੋਈ ਹੈ। ਸੋ ਜਿਥੇ ਲੋਕਾਂ ਵੱਲੋਂ ਸਰਕਾਰਾਂ ਨੂੰ ਇਹਨਾਂ ਜਲ-ਸਰੋਤਾਂ ਅਤੇ ਵਾਤਾਵਰਣ ਦੇ ਪ੍ਰਦੂਸ਼ਨ ਲਈ ਜ਼ਿੰਮੇਵਾਰ ਠਹਿਰਾਉਣ ਅਤੇ ਇਸਦੀ ਸਾਂਭ-ਸੰਭਾਲ ਲਈ ਢੁਕਵੇਂ ਫ਼ੰਡਾਂ ਦੀ ਮੰਗ ਕਰਨ ਦੀ ਲੋੜ ਹੈ, ਉਥੇ ਹਰ ਵਿਅਕਤੀ ਨੂੰ ਜਲ-ਸਰੋਤਾਂ ਅਤੇ ਵਾਤਾਵਰਣ ਪ੍ਰਤਿ ਜਾਗਰੂਕਤਾ ਅਤੇ ਕੁਦਰਤ ਦਾ ਸ਼ੁਕਰਾਨਾ ਕਰਦਿਆਂ ਇਸਨੂੰ ਬਚਾਉਣ ਅਤੇ ਸੰਜਮ ਨਾਲ਼ ਵਰਤਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਦੀ ਵੀ ਉਨੀ ਹੀ ਲੋੜ ਹੈ।

ਧੰਨਵਾਦ ਸਹਿਤ ਰੈਫ਼ਰੈਂਸ / ਹਵਾਲੇ:

(1*) The United Nations World Water Development Report 2021, Section 7.3

(2*) ÒWaterÒ A Heritage Perspective, by S. Manasi and K.V. Raju

(3*) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(4*) ਸ੍ਰੀ ਦਸਮ ਗ੍ਰੰਥ ਸਾਹਿਬ ਜੀ

(5*) ਸ੍ਰੀ ਭਗਵਦ ਗੀਤਾ (ਯਥਾਰੂਪ, ਪਹਿਲਾ ਪੰਜਾਬੀ ਸੰਸਕਰਣ, ਵੱਲੋਂ ਸ੍ਰੀ ਕ੍ਰਿਸ਼ਨਕ੍ਰਿਪਾ ਮੂਰਤੀ, 2008 ਐਡੀਸ਼ਨ)

(6*) Times of India, Aug 18, 2014



## ਗਿਆਨਵਾਪੀ ਮਸਜਿਦ ਵਿਵਾਦ

# ਵਾਰਾਨਸੀ 'ਚ ਅਯੁੱਧਿਆ ਕਾਂਡ ਦੇ ਦੂਹਰਾ ਦੀ ਤਿਆਰੀ



ਬੂਟਾ ਸਿੰਘ
ਮਹਿਮੂਦਪੁਰ
94634-74342

ਮਸਜਿਦਾਂ ਦੇ ਥੱਲੇ ਹਿੰਦੂ ਮੰਦਿਰ ਹੋਣ ਦਾ ਮੁੱਦਾ ਇਕ ਐਸਾ ਸੰਦ ਹੈ ਜਿਸ ਰਾਹੀਂ ਸੰਘ ਬਰਗੇਡ ਫਿਰਕੂ ਪਾਲਾਬੰਦੀ ਕਰਕੇ ਆਪਣੇ ਰਾਜਨੀਤਕ ਏਜੰਡੇ ਨੂੰ ਅੱਗੇ ਵਧਾਉਂਦਾ ਹੈ। ਪਹਿਲਾਂ ਬਾਬਰੀ ਮਸਜਿਦ-ਰਾਮ ਮੰਦਿਰ ਵਿਵਾਦ ਉੱਪਰ ਧਾਰਮਿਕ ਜਨੂੰਨ ਭੜਕਾ ਕੇ ਅਤੇ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਬਾਬਰੀ ਮਸਜਿਦ ਢਾਹ ਦਿੱਤੀ ਗਈ। ਫਿਰ ਸੱਤਾ ਦੇ ਜ਼ੋਰ 2019 'ਚ ਸੁਪਰੀਮ ਕੋਰਟ ਵਿਚ ਰਾਮ ਮੰਦਿਰ ਬਣਾਉਣ ਦਾ ਫ਼ੈਸਲਾ ਕਰਵਾ ਲਿਆ ਗਿਆ ਅਤੇ 2020 'ਚ ਉੱਥੇ ਰਾਮ ਮੰਦਿਰ ਦੀ ਤਾਮੀਰ ਸ਼ੁਰੂ ਕਰ ਦਿੱਤੀ ਗਈ। ਰਾਮ ਮੰਦਿਰ ਨਿਰਮਾਣ ਨੂੰ ਬਾਕਾਇਦਾ ਚੋਣ ਮੁੱਦਾ ਬਣਾ ਕੇ ਭਾਜਪਾ ਨੇ ਹਿੰਦੂ ਵੋਟਰਾਂ ਦੀਆਂ ਭਾਵਨਾਵਾਂ ਨੂੰ ਬਖ਼ੂਬੀ ਵਰਤਿਆ। ਸੁਪਰੀਮ ਕੋਰਟ ਨੇ ਆਪਣੇ 9 ਨਵੰਬਰ 2019 ਦੇ ਪੱਖਪਾਤੀ ਫ਼ੈਸਲੇ 'ਚ ਇਕ ਪਾਸੇ 1992 'ਚ ਬਾਬਰੀ ਮਸਜਿਦ ਨੂੰ ਢਾਹੇ ਜਾਣ ਨੂੰ 'ਕਾਨੂੰਨ ਦੇ ਰਾਜ ਦੀ ਘੋਰ ਉਲੰਘਣਾ' ਕਿਹਾ ਪਰ ਨਾਲ ਹੀ ਮਸਜਿਦ ਦੀ ਜਗ੍ਹਾ ਸਰਕਾਰ ਦੀ ਸਰਪ੍ਰਸਤੀ ਹੇਠ ਰਾਮ ਮੰਦਿਰ ਬਣਾਉਣ ਲਈ ਹਿੰਦੂ ਟਰੱਸਟ ਦੇ ਹਵਾਲੇ ਕਰ ਦਿੱਤੀ ਅਤੇ ਮਸਜਿਦ ਬਣਾਉਣ ਲਈ ਵੱਖਰੀ ਜਗ੍ਹਾ ਮੁਹੱਈਆ ਕਰਾਉਣ ਦਾ ਸੁਝਾਅ ਦਿੱਤਾ। ਮੁਸਲਿਮ ਭਾਈਚਾਰੇ ਨੇ ਪੇਸ਼ਕਸ਼ ਠੁਕਰਾ ਦਿੱਤੀ ਕਿ ਉਹ ਮਸਜਿਦ ਬਣਾਉਣ ਲਈ ਜ਼ਮੀਨ ਖ਼ੁਦ ਹੀ ਖ਼ਰੀਦ ਲੈਣਗੇ।

ਬਾਬਰੀ ਮਸਜਿਦ ਢਾਹੁਣ ਸਮੇਂ ਹੀ ਭਗਵੇਂ ਆਗੂਆਂ ਨੇ 'ਯੇਹ ਤੋ ਪਹਿਲੀ ਝਾਕੀ ਹੈ, ਕਾਸ਼ੀ-ਮਥੁਰਾ ਬਾਕੀ ਹੈ' ਨਾਅਰੇ ਰਾਹੀਂ ਆਪਣੇ ਅਗਲੇ ਮਨਸੂਬੇ ਸਪਸ਼ਟ ਕਰ ਦਿੱਤੇ ਸਨ। ਰਾਮ ਜਨਮਭੂਮੀ ਦਾ ਰਾਜਨੀਤਕ ਟੀਚਾ ਪੂਰਾ ਕਰ ਲਿਆ ਗਿਆ ਹੈ ਅਤੇ ਹੁਣ ਅਗਲੇ ਟੀਚੇ ਉੱਪਰ ਕੰਮ ਸ਼ੁਰੂ ਹੋ ਗਿਆ ਹੈ। ਸੰਘ ਬਰਗੇਡ ਦਾ ਤਰੀਕਾ ਜਾਣਿਆ-ਪਛਾਣਿਆ ਹੈ: ਪਹਿਲਾਂ ਸਥਾਨਕ ਅਦਾਲਤ ਵਿਚ ਸਿਵਲ ਪਟੀਸ਼ਨ ਪਾ ਕੇ ਧਾਰਮਿਕ ਵਿਸ਼ਵਾਸ ਦੇ ਆਧਾਰ 'ਤੇ ਮਾਲਕੀ ਦਾ ਦਾਅਵਾ ਠੋਕੋ। ਸਥਾਨਕ ਅਦਾਲਤ ਤੋਂ ਸਰਵੇ ਦੇ ਆਦੇਸ਼ ਜਾਰੀ ਕਰਵਾਓ। ਸਰਵੇ ਦੇ ਚੁਣਵੇਂ ਹਿੱਸੇ ਮੀਡੀਆ ਰਾਹੀਂ ਫੈਲਾ ਕੇ ਹਿੰਦੂ ਫਿਰਕੇ ਦੀਆਂ ਭਾਵਨਾਵਾਂ ਨੂੰ ਉਕਸਾਓ ਅਤੇ ਮੰਦਿਰ-ਮੰਦਿਰ ਦੁਹਰਾ ਕੇ ਆਪਣੇ ਬਿਰਤਾਂਤ ਦੇ ਹੱਕ 'ਚ ਫਿਰਕੂ ਲਾਮਬੰਦੀ ਕਰੋ। ਸੁਪਰੀਮ ਕੋਰਟ ਤੋਂ ਆਪਣੇ 'ਧਾਰਮਿਕ ਵਿਸ਼ਵਾਸ' ਉੱਪਰ ਇਸੇ ਤਰ੍ਹਾਂ ਕਾਨੂੰਨੀ ਮੋਹਰ ਲਗਵਾਈ ਗਈ ਅਤੇ ਆਖ਼ਿਰਕਾਰ ਬਾਬਰੀ ਮਸਜਿਦ ਵਾਲੀ ਜਗ੍ਹਾ ਦੀ ਮਾਲਕੀਅਤ ਦਾ ਫ਼ੈਸਲਾ ਰਾਮ ਲੱਲਾ ਦੇ ਹੱਕ 'ਚ ਕਰਵਾ ਲਿਆ ਗਿਆ। ਚਾਹੇ ਸੁਪਰੀਮ ਕੋਰਟ ਨੇ ਗਿਆਨਵਾਪੀ ਮਸਜਿਦ ਕੇਸ ਸੁਣਵਾਈ ਲਈ ਸਥਾਨਕ ਅਦਾਲਤ ਤੋਂ ਲੈ ਕੇ ਜ਼ਿਲ੍ਹਾ ਜੱਜ ਵਾਰਾਨਸੀ ਕੋਲ ਭੇਜ ਦਿੱਤਾ ਹੈ ਪਰ ਸਥਾਨਕ ਅਦਾਲਤ ਵੱਲੋਂ ਮਸਜਿਦ ਦੇ ਅੰਦਰ ਵੀਡੀਓ ਸਰਵੇਖਣ ਨੂੰ ਦਿੱਤੀ ਮਨਜ਼ੂਰੀ ਅਤੇ ਕਥਿਤ ਸ਼ਿਵਲਿੰਗ ਦੀ ਖੋਜ ਨਾਲ ਹਿੰਦੂ ਫਿਰਕਾਪ੍ਰਸਤ ਤਾਕਤਾਂ ਨੂੰ ਉਸ ਪੁਰਾਤਨ ਮੁਸਲਿਮ ਸਥਾਨ ਦੇ ਇਕ ਹਿੱਸੇ ਨੂੰ ਸੀਲ ਕਰਵਾ ਕੇ ਦਖ਼ਲਅੰਦਾਜ਼ੀ ਵਧਾਉਣ ਅਤੇ ਮੁੱਦੇ ਨੂੰ ਭੜਕਾਉਣ ਦਾ ਬਹਾਨਾ ਮਿਲ ਗਿਆ ਹੈ। ਵੀਡੀਓ ਸਰਵੇ ਲਈ ਲਗਾਏ ਐਡਵੋਕੇਟ ਕਮਿਸ਼ਨਰ ਦੀ ਪੱਖਪਾਤੀ ਭੂਮਿਕਾ ਪਹਿਲਾਂ ਹੀ ਸਵਾਲਾਂ ਦੇ ਘੇਰੇ 'ਚ ਸੀ।

ਇਸ ਫ਼ੈਸਲੇ ਨੇ 1991 ਵਾਲੇ ਪੂਜਾ-ਸਥਾਨ ਕਾਨੂੰਨ ਨੂੰ ਬੇਅਸਰ ਬਣਾ ਕੇ ਹਿੰਦੂਤਵੀ ਗਰੁੱਪਾਂ ਲਈ ਮੰਦਿਰਾਂ ਦੇ ਸਬੂਤ ਲੱਭਣ ਲਈ ਕਿਸੇ ਵੀ ਮੁਸਲਿਮ ਸਥਾਨ ਦੀ ਤਲਾਸ਼ੀ ਲੈਣ ਅਤੇ ਉਨ੍ਹਾਂ ਨੂੰ ਹਿੰਦੂਆਂ ਦੇ ਪੂਜਣ ਲਈ ਖੁੱਲ੍ਹਵਾਉਣ ਦਾ ਰਾਹ ਪੱਧਰਾ ਕਰ ਦਿੱਤਾ ਹੈ। ਤਾਜ ਮਹਿਲ ਅਤੇ ਕੁਤਬ ਮੀਨਾਰ ਵਰਗੀਆਂ ਇਤਿਹਾਸਕ ਇਮਾਰਤਾਂ ਉੱਪਰ ਹਿੰਦੂ ਦਾਅਵੇ ਮੁੜ ਦੁਹਰਾਏ ਜਾਣੇ ਸ਼ੁਰੂ ਹੋ ਗਏ ਹਨ।

1990ਵਿਆਂ 'ਚ ਜਦੋਂ ਰਾਮ ਜਨਮ ਭੂਮੀ ਵਿਵਾਦ ਗਰਮਾਇਆ ਹੋਇਆ ਸੀ, ਜਿਸ ਕਾਂਗਰਸ ਹਕੂਮਤ ਨੇ ਬਾਬਰੀ ਮਸਜਿਦ ਦੇ ਤਾਲੇ ਖੁੱਲ੍ਹਵਾਏ ਉਸੇ ਕਾਂਗਰਸ ਦੀ ਨਰਸਿਮਹਾ ਰਾਓ ਸਰਕਾਰ ਨੇ 1991 'ਚ ਸੰਸਦ ਵਿਚ 'ਦੀ ਪਲੇਸਸ ਆਫ ਵਰਸ਼ਿਪ (ਸਪੈਸ਼ਲ ਪ੍ਰੋਵਿਜ਼ਨਜ਼) ਐਕਟ ਬਣਾਇਆ ਸੀ ਜਿਸ ਵਿਚ ਬਾਬਰੀ ਮਸਜਿਦ ਕੇਸ ਨੂੰ ਬਾਹਰ ਰੱਖ ਲਿਆ ਗਿਆ ਸੀ। ਇਸ ਕਾਨੂੰਨ ਮੁਤਾਬਿਕ ਅਯੁਧਿਆ ਦੀ ਰਾਮ ਜਨਮ ਭੂਮੀ ਨੂੰ ਛੱਡ ਕੇ ਮੁਲਕ ਦੇ ਹੋਰ ਵਿਵਾਦਪੂਰਨ ਪੂਜਾ ਸਥਾਨਾਂ ਦੀ 15 ਅਗਸਤ 1947 ਵਾਲੀ ਯਥਾਸਥਿਤੀ ਬਰਕਰਾਰ ਰੱਖੀ ਜਾਣੀ ਸੀ। ਇਹ ਕਾਨੂੰਨ ਅਦਾਲਤਾਂ ਨੂੰ ਵਿਵਾਦ ਖੜ੍ਹੇ ਕਰਨ ਵਾਲੀਆਂ ਪਟੀਸ਼ਨਾਂ ਨੂੰ ਸੁਣਵਾਈ ਲਈ ਮਨਜ਼ੂਰੀ ਦੇਣ ਤੋਂ ਰੋਕਦਾ ਸੀ। ਸੁਪਰੀਮ ਕੋਰਟ ਨੇ ਜਦੋਂ 2019 'ਚ ਬਾਬਰੀ ਮਸਜਿਦ ਕੇਸ 'ਚ ਫ਼ੈਸਲਾ ਸੁਣਾਇਆ ਜੋ ਕਿ ਕਾਨੂੰਨ ਦੇ ਖ਼ਿਲਾਫ਼ ਸੀ, ਉਦੋਂ ਵੀ ਸਰਵਉੱਚ ਅਦਾਲਤ ਨੇ ਆਪਣੇ ਫ਼ੈਸਲੇ 'ਚ ਇਸ ਕਾਨੂੰਨ ਦਾ ਜ਼ਿਕਰ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਤਰ੍ਹਾਂ ਦੇ ਵਿਵਾਦਪੂਰਨ ਮਾਮਲਿਆਂ ਉੱਪਰ ਹੁਣ ਅਦਾਲਤਾਂ 'ਚ ਸੁਣਵਾਈ ਨਹੀਂ ਕੀਤੀ ਜਾਵੇਗੀ। ਭਾਜਪਾ ਨੇ ਇਸ ਕਾਨੂੰਨ ਨੂੰ ਚੁਣੌਤੀ ਦੇ ਕੇ ਅਤੇ ਸੁਪਰੀਮ ਕੋਰਟ ਨੇ ਪਿਛਲੇ ਸਾਲ ਹੀ ਇਸ ਦੀ ਸੁਣਵਾਈ ਨੂੰ ਮਨਜ਼ੂਰੀ ਦੇ ਕੇ ਇਹ ਸੰਦੇਸ਼ ਦੇ ਦਿੱਤਾ ਸੀ ਕਿ ਇਹ ਕੇਸ ਮੁੜ ਖੋਹਲੇ ਜਾਣਗੇ ਅਤੇ ਨਵੇਂ ਵਿਵਾਦ ਖੜ੍ਹੇ ਕੀਤੇ ਜਾਣਗੇ। ਉਨ੍ਹਾਂ ਕੇਸਾਂ ਦੀ ਅਦਾਲਤੀ ਸੁਣਵਾਈ ਭਗਵੇਂ ਕੈਂਪ ਨੂੰ ਉੱਥੇ ਲੱਤ ਅੜਾਉਣ ਲਈ ਮਾਹੌਲ ਨੂੰ ਭੜਕਾਉਣ ਦਾ ਮੌਕਾ ਦੇਵੇਗੀ। ਗਿਆਨਵਾਪੀ ਮਸਜਿਦ ਵਿਚ ਵੀਡੀਓ ਸਰਵੇ ਰਾਹੀਂ ਇਕ ਟੁੱਟੇ ਹੋਏ ਫੁਹਾਰੇ ਨੂੰ 'ਸ਼ਿਵਲਿੰਗ' ਐਲਾਨ ਦਿੱਤਾ ਗਿਆ ਹੈ ਜਦਕਿ ਗਿਆਨਵਾਪੀ ਮੁਕੱਦਮੇ ਨੂੰ ਮੁੱਢ 'ਚ ਹੀ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਸੀ। ਹੋ ਸਕਦਾ ਹੈ ਭਵਿੱਖ 'ਚ ਉੱਥੇ ਬਾਬਰੀ ਮਸਜਿਦ ਦੀ ਤਰਜ਼ 'ਤੇ ਰਾਤ-ਬਰਾਤੇ ਕਿਸੇ ਹਿੰਦੂ ਭਗਵਾਨ ਦੀਆਂ ਮੂਰਤੀਆਂ ਵੀ 'ਪ੍ਰਗਟ' ਕਰ ਦਿੱਤੀਆਂ ਜਾਣ।

ਉਪਰੋਕਤ ਕਾਨੂੰਨ ਦੇ ਬਾਵਜੂਦ ਕਈ ਪੁਰਾਤਨ ਇਮਾਰਤਾਂ ਬਾਰੇ ਵਿਵਾਦ ਖੜ੍ਹੇ ਕਰਕੇ ਘਿਣਾਉਣੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ ਹੈ। ਗਿਆਨਵਾਪੀ ਮਸਜਿਦ ਵਾਰਾਨਸੀ 'ਚ ਲਲਿਤਾ ਘਾਟ ਦੇ ਨੇੜੇ ਕਾਸ਼ੀ ਵਿਸ਼ਵਨਾਥ ਮੰਦਰ ਦੇ ਕੋਲ ਹੈ। ਪਿੱਛੇ ਜਹੇ ਪੰਜ ਹਿੰਦੂ ਔਰਤਾਂ ਕੋਲੋਂ ਪੂਜਾ ਦੀ ਇਜਾਜ਼ਤ ਦੇਣ ਦੀ ਪਟੀਸ਼ਨ ਦਾਇਰ ਕਰਵਾਈ ਗਈ ਜਿਨ੍ਹਾਂ 'ਚੋਂ ਇਕ ਨੇ ਹੁਣ ਆਪਣਾ ਨਾਮ ਵਾਪਸ ਲੈ ਲਿਆ ਹੈ। ਹਿੰਦੂਤਵੀ ਗਰੁੱਪ ਦਾਅਵਾ ਕਰ ਰਹੇ ਹਨ ਕਿ ਇਹ ਮਸਜਿਦ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵੱਲੋਂ 1699 'ਚ ਉਪਰੋਕਤ ਮੰਦਿਰ ਦੇ ਕੁਝ ਹਿੱਸੇ ਢਾਹ ਕੇ ਬਣਵਾਈ ਗਈ ਸੀ। 1991 'ਚ ਸ਼ਿਵ, ਮਾਂ ਸ਼੍ਰਿੰਗਰ ਗੌਰੀ ਅਤੇ ਗਣੇਸ਼ ਦੀ ਤਰਫ਼ੋਂ ਉੱਥੇ ਮੰਦਿਰ ਦੀ ਮੁੜ-ਬਹਾਲੀ ਲਈ ਮੁਕੱਦਮਾ ਦਾਇਰ ਕਰਾਇਆ ਗਿਆ ਸੀ। 2019 'ਚ ਅਲਾਹਾਬਾਦ ਹਾਈਕੋਰਟ ਨੇ ਵਾਰਾਨਸੀ ਦੀ ਹੇਠਲੀ ਅਦਾਲਤ 'ਚ ਚੱਲ ਰਹੇ ਕੇਸ 'ਚ ਸਟੇਅ ਲਗਾ ਦਿੱਤਾ ਜਿਸ ਨੇ ਪੁਰਾਤੱਤਵ ਸਰਵੇਖਣ ਵਿਭਾਗ ਨੂੰ ਮਸਜਿਦ ਦੀ ਇਮਾਰਤ ਦਾ ਸਰਵੇਖਣ ਕਰਨ ਦੀ ਇਜਾਜ਼ਤ ਦਿੱਤੀ ਸੀ। ਪਰ 17 ਮਈ 2022 ਨੂੰ ਸੁਪਰੀਮ ਕੋਰਟ ਨੇ ਵਾਰਾਨਸੀ ਅਦਾਲਤ ਵੱਲੋਂ ਸਰਵੇਖਣ ਦੇ ਆਦੇਸ਼ ਉੱਪਰ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਅਤੇ ਸਥਾਨਕ ਅਥਾਰਟੀਜ਼ ਨੂੰ ਉਸ ਜਗ੍ਹਾ ਦੀ 'ਸੁਰੱਖਿਆ' ਕਰਨ ਦਾ ਆਦੇਸ਼ ਦਿੱਤਾ ਜਿੱਥੇ ਸਰਵੇ ਕਰਨ ਵਾਲਿਆਂ ਨੂੰ 'ਸ਼ਿਵ ਲਿੰਗ' ਮਿਲਿਆ ਸੀ। ਨਾਲ ਹੀ ਇਹ ਵੀ ਕਿਹਾ ਕਿ ਮੁਸਲਮਾਨਾਂ ਨੂੰ ਉੱਥੇ ਨਮਾਜ਼ ਪੜ੍ਹਨ ਤੋਂ ਰੋਕਿਆ ਨਾ ਜਾਵੇ ਅਤੇ ਉਨ੍ਹਾਂ ਲਈ 'ਵਜ਼ੂ' (ਨਮਾਜ਼ ਤੋਂ ਪਹਿਲਾਂ ਹੱਥ, ਮੂੰਹ ਅਤੇ ਪੈਰ ਧੋਣ ਦੀ ਮਰਿਯਾਦਾ) ਦਾ ਇੰਤਜ਼ਾਮ ਹੋਵੇ।

ਇਸੇ ਤਰ੍ਹਾਂ ਦਾ ਇਕ ਮੁਕੱਦਮਾ ਕੁਤਬ ਮੀਨਾਰ ਬਾਰੇ 9 ਦਸੰਬਰ 2020 ਨੂੰ ਦਿੱਲੀ ਦੀ ਸਿਵਲ ਅਦਾਲਤ 'ਚ ਕੀਤਾ ਗਿਆ ਹੈ। ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ 13ਵੀਂ ਸਦੀ 'ਚ ਬਣਾਇਆ ਗਿਆ ਕੁਤਬ ਮੀਨਾਰ ਮੁਗ਼ਲ ਹੁਕਮਰਾਨ ਕੁਤਬ-ਉਦ-ਦੀਨ ਐਬਕ ਵੱਲੋਂ ਉੱਥੇ ਬਣੇ ਹਿੰਦੂ ਅਤੇ ਜੈਨ ਮੰਦਿਰਾਂ ਨੂੰ ਢਾਹ ਕੇ ਬਣਾਇਆ ਗਿਆ ਸੀ। ਅਦਾਲਤ ਨੇ ਇਹ ਮੁਕੱਦਮਾ ਇਹ ਦਲੀਲ ਦੇ ਕੇ ਰੱਦ ਕਰ ਦਿੱਤਾ ਕਿ ਬੀਤੇ ਦੀਆਂ ਗ਼ਲਤੀਆਂ ਨੂੰ ਅੱਜ ਅਮਨ ਨੂੰ ਭੰਗ ਕਰਨ ਦਾ ਆਧਾਰ ਨਹੀਂ ਬਣਾਇਆ ਜਾ ਸਕਦਾ। ਇਸ ਫ਼ੈਸਲੇ ਨੂੰ ਚੁਣੌਤੀ ਦੇਣ 'ਤੇ ਵਧੀਕ ਜ਼ਿਲ੍ਹਾ ਜੱਜ ਨੇ 22 ਫਰਵਰੀ 2022 ਨੂੰ ਚੁਣੌਤੀ ਦੀ ਅਰਜ਼ੀ ਉੱਪਰ ਸੁਣਵਾਈ ਦੀ ਇਜਾਜ਼ਤ ਦੇ ਦਿੱਤੀ। ਇਸ ਦੀ ਸੁਣਵਾਈ 24 ਮਈ ਨੂੰ ਹੋਵੇਗੀ। ਹੁਣ 10 ਮਈ ਨੂੰ 'ਮਹਾਕਾਲ ਮਾਨਵ ਸੇਵਾ' ਨਾਂ ਦੇ ਗਰੁੱਪ ਨੇ ਮੰਗ ਕੀਤੀ ਹੈ ਕਿ ਕੁਤਬ ਮੀਨਾਰ ਦਾ ਨਾਮ ਬਦਲ ਕੇ 'ਵਿਸ਼ਨੂ ਸਤੰਭ' ਰੱਖਿਆ ਜਾਵੇ ਕਿਉਂਕਿ ਉਨ੍ਹਾਂ ਦੇ ਦਾਅਵੇ ਅਨੁਸਾਰ ਇਹ ਪੁਰਾਤਨ ਗਣੇਸ਼ ਮੰਦਿਰ ਦੇ ਮੀਨਾਰ ਦੇ ਹਿੱਸੇ ਉੱਪਰ ਬਣਾਇਆ ਗਿਆ ਸੀ।

ਇਕ ਹੋਰ ਦਾਅਵਾ ਮੱਧ ਪ੍ਰਦੇਸ਼ ਵਿਚ ਧਾਰ ਦੇ ਭੋਜਸ਼ਾਲਾ ਕੰਪਲੈਕਸ ਬਾਰੇ ਕੀਤਾ ਗਿਆ ਹੈ। ਰਾਜਧਾਨੀ ਭੋਪਾਲ ਤੋਂ 250 ਕਿਲੋਮੀਟਰ ਪੂਰਬ ਵੱਲ ਧਾਰ ਵਿਚ ਭੋਜਸ਼ਾਲਾ-ਕਮਲ ਮੌਲਾ ਮਸਜਿਦ ਹੈ ਜਿਸ ਉੱਪਰ ਹਿੰਦੂ ਅਤੇ ਮੁਸਲਮਾਨ ਦੋਵੇਂ ਦਾਅਵਾ ਕਰਦੇ ਹਨ। 2003 'ਚ ਪੁਰਾਤੱਤਵ ਸਰਵੇਖਣ ਵਿਭਾਗ ਨੇ ਇਕ ਨੋਟੀਫੀਕੇਸ਼ਨ ਰਾਹੀਂ ਮੁਸਲਮਾਨਾਂ ਨੂੰ ਉੱਥੇ ਨਮਾਜ਼ ਪੜ੍ਹਨ ਦੀ ਇਜਾਜ਼ਤ ਦੇ ਦਿੱਤੀ ਸੀ। ਅਪ੍ਰੈਲ 2003 ਤੱਕ ਹਿੰਦੂਆਂ ਨੂੰ ਉੱਥੇ ਬਸੰਤ ਪੰਚਮੀ ਦੇ ਦਿਨ ਜਾਣ ਦੀ ਇਜਾਜ਼ਤ ਸੀ ਜਦਕਿ ਮੁਸਲਮਾਨ ਜੁੰਮੇ ਦੇ ਦਿਨ ਉੱਥੇ ਜਾ ਕੇ ਕੁਝ ਘੰਟਿਆਂ ਲਈ ਨਮਾਜ਼ ਪੜ੍ਹ ਸਕਦੇ ਸਨ। ਇਹ ਕੇਸ ਮੱਧ ਪ੍ਰਦੇਸ਼ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ ਅਤੇ ਇਸ ਦੀ ਸੁਣਵਾਈ ਜੂਨ ਵਿਚ ਹੋਵੇਗੀ।

7 ਮਈ 2022 ਨੂੰ ਭਾਜਪਾ ਦੇ ਇਕ ਮੀਡੀਆ ਇੰਚਾਰਜ ਰਜਨੀਸ਼ ਸਿੰਘ ਨੇ ਅਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ 'ਚ ਜਨਹਿੱਤ ਪਟੀਸ਼ਨ ਦਾਇਰ ਕਰਕੇ ਤਾਜ ਮਹਿਲ ਦੇ 20 ਤੋਂ ਵਧੇਰੇ ਅੰਦਰਲੇ ਬੰਦ ਕਮਰੇ ਖੋਹਲਣ ਦੀ ਮੰਗ ਕੀਤੀ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਬਹੁਤ ਸਾਰੇ ਹਿੰਦੂ ਗਰੁੱਪਾਂ ਦਾ ਵਿਸ਼ਵਾਸ ਹੈ ਕਿ ਇੱਥੇ ਪਹਿਲਾਂ 'ਤੇਜੋ ਮਹੱਲਿਆ' ਨਾਂ ਦਾ ਪੁਰਾਤਨ ਸ਼ਿਵ ਮੰਦਿਰ ਹੁੰਦਾ ਸੀ। 12 ਮਈ ਨੂੰ ਹਾਈਕੋਰਟ ਨੇ ਪਟੀਸ਼ਨ ਇਹ ਕਹਿ ਕੇ ਰੱਦ ਕਰ ਦਿੱਤੀ ਕਿ 'ਭਲਕ ਨੂੰ ਤੁਸੀਂ ਆ ਕੇ ਮਾਣਯੋਗ ਜੱਜਾਂ ਦੇ ਚੈਂਬਰਾਂ ਬਾਰੇ ਦਾਅਵੇ ਕਰਨ ਲੱਗ ਜਾਵੋਗੇ। ਕ੍ਰਿਪਾ ਕਰਕੇ ਜਨਹਿਤ ਪਟੀਸ਼ਨਾਂ ਦਾ ਮਜ਼ਾਕ ਨਾ ਬਣਾਓ।' ਅਦਾਲਤੀ ਫਿਟਕਾਰ ਨੂੰ ਸੰਘੀ ਲਾਣਾ ਟਿੱਚ ਜਾਣਦਾ ਹੈ ਅਤੇ ਉਹ ਕਿਸੇ ਹੋਰ ਰੂਪ 'ਚ ਇਸ ਵਿਵਾਦ ਨੂੰ ਧੁਖਦਾ ਰੱਖੇਗਾ।

ਇਕ ਹੋਰ ਵਿਵਾਦ ਮਥੁਰਾ ਵਿਖੇ 17ਵੀਂ ਸਦੀ ਦੀ ਬਣੀ ਹੋਈ ਸ਼ਾਹੀ ਮਸਜਿਦ ਨੂੰ ਲੈ ਕੇ ਖੜ੍ਹਾ ਕੀਤਾ ਗਿਆ ਹੈ ਜਿਸ ਨੂੰ ਕ੍ਰਿਸ਼ਨ ਜਨਮ ਭੂਮੀ ਮੰਨਿਆ ਜਾਂਦਾ ਹੈ। ਇਸ ਨੂੰ ਲੈ ਕੇ ਦੋ ਕੇਸ ਅਲਾਹਾਬਾਦ ਹਾਈ ਕੋਰਟ ਵਿਚ ਅਤੇ ਇਕ ਸਥਾਨਕ ਮਥੁਰਾ ਜ਼ਿਲ੍ਹਾ ਅਦਾਲਤ 'ਚ ਵਿਚਾਰ ਅਧੀਨ ਹਨ। 12 ਨਵੰਬਰ 2020 ਨੂੰ ਹਾਈਕੋਰਟ ਵਿਚ ਇਕ ਜਨਹਿਤ ਪਟੀਸ਼ਨ ਪਾ ਕੇ ਮੰਗ ਕੀਤੀ ਗਈ ਸੀ ਕਿ ਸ੍ਰੀ ਕ੍ਰਿਸ਼ਨ ਮੰਦਿਰ ਦੇ ਨੇੜੇ ਜੋ ਸ਼ਾਹੀ ਮਸਜਿਦ ਹੈ ਉਹ ਹਿੰਦੂਆਂ ਦੇ ਸਪੁਰਦ ਕੀਤੀ ਜਾਵੇ। ਪਟੀਸ਼ਨ ਵਿਚ 'ਸ੍ਰੀ ਕਿਸ਼ਨ ਜਨਮਭੂਮੀ ਮੁਕਤੀ ਅੰਦੋਲਨ ਸੰਮਤੀ' ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਇਹ ਮਸਜਿਦ ਔਰੰਗਜ਼ੇਬ ਵੱਲੋਂ 1669 'ਚ



## ਔਰੰਗਜ਼ੇਬ, ਮੰਦਿਰ ਅਤੇ ਇਤਿਹਾਸ ਦੀ ਤੋੜ-ਮਰੋੜ

ਸੰਘ ਪਰਿਵਾਰ ਵੱਲੋਂ ਮਸਜਿਦਾਂ ਅਤੇ ਹੋਰ ਪੁਰਾਤਨ ਮੁਸਲਿਮ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਲਈ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਇਹ ਔਰੰਗਜ਼ੇਬ ਜਾਂ ਮੁਗ਼ਲ ਹੁਕਮਰਾਨਾਂ ਵੱਲੋਂ ਹਿੰਦੂ ਮੰਦਿਰ ਢਾਹ ਕੇ ਬਣਾਈਆਂ ਗਈਆਂ ਸਨ। ਔਰੰਗਜ਼ੇਬ ਨੂੰ ਖ਼ਾਸ ਤੌਰ 'ਤੇ ਮੰਦਿਰ ਢਾਹੁਣ ਵਾਲੇ ਹਿੰਦੂ ਵਿਰੋਧੀ ਖ਼ਲਨਾਇਕ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਹੈ। ਇਹ ਇਤਿਹਾਸਕ ਤੱਥ ਨਹੀਂ ਹੈ ਸਗੋਂ ਇਤਿਹਾਸ ਨੂੰ ਤੋੜ-ਮਰੋੜ ਕੇ ਆਪਣੇ ਸੌੜੇ ਹਿਤਾਂ ਦੇ ਹੱਕ 'ਚ ਭੁਗਤਾਉਣ ਦੀ ਘਿਣਾਉਣੀ ਰਾਜਨੀਤੀ ਹੈ। ਨਿਰਸੰਦੇਹ ਔਰੰਗਜ਼ੇਬ ਜਾਬਰ ਹੁਕਮਰਾਨ ਸੀ ਜੋ ਆਪਣੇ ਰਾਜ ਵਿਚ ਪਰਜਾ ਉੱਪਰ ਜ਼ੁਲਮ ਕਰਦਾ ਰਿਹਾ। ਪਰ ਉਸ ਵੱਲੋਂ ਜੋ ਮਸਜਿਦਾਂ ਅਤੇ ਮੰਦਿਰ ਢਾਹੇ ਗਏ ਉਸ ਦੇ ਅਸਲ ਕਾਰਨ ਹੋਰ ਸਨ। ਬਨਾਰਸ ਦੇ ਵਿਸ਼ਵਨਾਥ ਮੰਦਿਰ ਅਤੇ ਗੋਲਕੁੰਡਾ ਦੀ ਜਾਮਾ ਮਸਜਿਦ ਨੂੰ ਢਾਹੁਣਾ ਇਸ ਦੀਆਂ ਮਿਸਾਲਾਂ ਹਨ। ਵਿਸ਼ਵਨਾਥ ਦਾ ਮੰਦਿਰ ਢਾਹੁਣ ਦਾ ਹੁਕਮ ਔਰੰਗਜ਼ੇਬ ਨੇ ਇਸ ਕਾਰਨ ਦਿੱਤਾ ਸੀ ਕਿਉਂਕਿ ਉਸ ਦੇ ਕਾਫ਼ਲੇ ਨਾਲ ਜਾ ਰਹੀ ਕੱਛ ਦੀ ਹਿੰਦੂ ਮਹਾਰਾਣੀ ਨਾਲ ਮੰਦਿਰ ਦੇ ਮਹੰਤ ਵੱਲੋਂ ਮੰਦਿਰ ਦੇ ਅੰਦਰ ਬਲਾਤਕਾਰ ਕੀਤਾ ਗਿਆ ਸੀ। ਪਰ ਨਾਲ ਹੀ ਉੱਥੇ ਲਗਾਈ ਗਣੇਸ਼ ਦੀ ਮੂਰਤੀ ਨੂੰ ਕਿਸੇ ਹੋਰ ਜਗ੍ਹਾ ਲਗਾਉਣ ਦਾ ਆਦੇਸ਼ ਦਿੱਤਾ ਗਿਆ। ਗੋਲਕੁੰਡਾ ਦੀ ਜਾਮਾ ਮਸਜਿਦ ਇਸ ਕਰਕੇ ਢਾਹੀ ਗਈ ਕਿਉਂਕਿ ਸਥਾਨਕ ਰਾਜੇ ਨੇ ਔਰੰਗਜ਼ੇਬ ਨੂੰ ਕਰ ਦੇਣਾ ਬੰਦ ਕਰ ਦਿੱਤਾ ਸੀ ਅਤੇ ਖ਼ਜ਼ਾਨਾ ਜ਼ਮੀਨ ਹੇਠ ਦਬਾ ਕੇ ਉੱਪਰ ਮਸਜਿਦ ਬਣਵਾ ਦਿੱਤੀ ਸੀ।

ਮੰਦਿਰਾਂ ਨੂੰ ਢਾਹੁਣ ਦੀ ਇਕਪਾਸੜ ਤਸਵੀਰ ਪੇਸ਼ ਕਰਦੇ ਵਕਤ ਇਹ ਕਦੇ ਨਹੀਂ ਦੱਸਿਆ ਜਾਂਦਾ ਕਿ ਔਰੰਗਜ਼ੇਬ ਵੱਲੋਂ ਮੰਦਿਰ ਬਣਾਉਣ ਲਈ ਜ਼ਮੀਨਾਂ ਅਤੇ ਮੰਦਿਰਾਂ ਦੇ ਪ੍ਰਬੰਧ ਚਲਾਉਣ ਲਈ ਉਚੇਚੇ ਤੌਰ 'ਤੇ ਜਾਗੀਰਾਂ ਵੀ ਦਿੱਤੀਆਂ ਗਈਆਂ। ਅਲਾਹਾਬਾਦ ਵਿਚ ਗੰਗਾ ਨਦੀ ਦੇ ਕਿਨਾਰੇ ਸਥਿਤ ਨਾਗ ਵਾਸੂਕੀ ਮੰਦਿਰ, ਉਜੈਨ ਦਾ ਮਹਾਕਾਲੇਸ਼ਵਰ ਮੰਦਰ, ਗੁਹਾਟੀ ਦਾ ਕਾਮਾਖਿਆ ਦੇਵੀ ਮੰਦਿਰ, ਉੱਤਰ ਪ੍ਰਦੇਸ਼ ਦੇ ਮਥੁਰਾ 'ਚ ਸ੍ਰੀ ਕ੍ਰਿਸ਼ਨ ਮੰਦਿਰ ਇਹ ਸਭ ਔਰੰਗਜੇਬ ਦੁਆਰਾ ਦਿੱਤੀ ਗਈ ਜ਼ਮੀਨ ਉੱਪਰ ਬਣਾਏ ਗਏ। ਚਿਤਰਕੂਟ ਦਾ ਬਾਲਾਜੀ ਮੰਦਿਰ ਔਰੰਗਜੇਬ ਨੇ ਆਪਣੇ ਜਰਨੈਲ ਗ਼ੈਰਤ ਖ਼ਾਨ ਦੀ ਦੇਖ-ਰੇਖ ਹੇਠ ਬਣਵਾਇਆ ਸੀ ਅਤੇ ਇਸ ਮੰਦਿਰ ਦੇ ਮਹੰਤ ਦੇ ਨਾਮ ਫ਼ਰਮਾਨ ਜਾਰੀ ਕੀਤਾ ਸੀ। ਪ੍ਰੋਫੈਸਰ ਬੀ.ਐੱਨ. ਪਾਂਡੇ, ਡਾ. ਪੱਟਾਭੀ ਸੀਤਾਰਮੱਈਆ ਵਰਗੇ ਇਤਿਹਾਸਕਾਰਾਂ ਵੱਲੋਂ ਇਨ੍ਹਾਂ ਸਾਰੇ ਫ਼ਰਮਾਨਾਂ ਦੇ ਵਿਸਤਾਰ ਵੇਰਵੇ ਦਿੱਤੇ ਗਏ ਹਨ।

ਮਾਰਚ 1659 'ਚ ਬਨਾਰਸ ਦੇ ਸਥਾਨਕ ਅਧਿਕਾਰੀ ਦੇ ਨਾਮ ਭੇਜੇ ਜਿਸ ਫ਼ਰਮਾਨ ਨੂੰ ਔਰੰਗਜ਼ੇਬ ਦੇ ਮੰਦਿਰ ਬਣਾਉਣ ਉੱਪਰ ਪਾਬੰਦੀ ਲਗਾਉਣ ਵਾਲੇ ਫ਼ਰਮਾਨ ਵਜੋਂ ਪੇਸ਼ ਕੀਤਾ ਜਾਂਦਾ ਹੈ ਉਹ ਵੀ ਦਰਅਸਲ ਬਨਾਰਸ ਦੇ ਪ੍ਰਾਚੀਨ ਮੰਦਿਰਾਂ ਦੇ ਰਵਾਇਤੀ ਪੁਜਾਰੀਆਂ ਨੂੰ ਪ੍ਰੇਸ਼ਾਨ ਕਰਨ ਵਾਲੇ ਅਨਸਰਾਂ ਨੂੰ ਰੋਕਣ, ਉਨ੍ਹਾਂ ਮੰਦਿਰਾਂ ਨੂੰ ਤਬਾਹ ਅਤੇ ਬਰਬਾਦ ਨਾ ਕਰਨ ਅਤੇ ਉੱਥੇ ਨਵੇਂ ਮੰਦਿਰ ਨਾ ਬਣਾਉਣ ਲਈ ਫ਼ਰਮਾਨ ਸੀ। ਹੋਰ ਵੀ ਕਈ ਫ਼ਰਮਾਨ ਹਨ ਜੋ ਮੰਦਿਰਾਂ ਦੀ ਸੁਰੱਖਿਆ, ਮੰਦਿਰਾਂ ਵਿਚ ਸਹੂਲਤਾਂ ਵਧਾਉਣ ਲਈ ਜਾਗੀਰਾਂ ਦੇਣ ਲਈ ਹਨ। ਜਿਵੇਂ ਗੁਹਾਟੀ ਦੇ ਉਮਾਨੰਦ ਮੰਦਿਰ ਨੂੰ ਜਗੀਰ ਦੇਣ ਦਾ ਫ਼ਰਮਾਨ। ਅਹਿਮਦਾਬਾਦ 'ਚ ਨਾਗਰ ਸੇਠ ਵੱਲੋਂ ਬਣਵਾਏ ਚਿੰਤਾਮਣੀ ਮੰਦਿਰ ਨੂੰ ਢਾਹੁਣ ਦਾ ਜ਼ਿਕਰ ਤਾਂ ਕੀਤਾ ਜਾਂਦਾ ਹੈ ਪਰ ਉਸੇ ਨਾਗਰ ਸੇਠ ਦੇ ਬਣਵਾਏ ਸ਼ਤਰੁਜਿੰਆ ਅਤੇ ਆਬੂ ਮੰਦਿਰਾਂ ਨੂੰ ਔਰੰਗਜ਼ੇਬ ਵੱਲੋਂ ਜਾਗੀਰਾਂ ਦੇਣ ਦਾ ਕਦੇ ਵੀ ਜ਼ਿਕਰ ਨਹੀਂ ਕੀਤਾ ਜਾਂਦਾ।

ਭਗਵਾਨ ਕ੍ਰਿਸ਼ਨ ਮੰਦਰ ਨੂੰ ਤੋੜ ਕੇ ਬਣਵਾਈ ਗਈ ਸੀ। ਇਹ ਵੀ ਕਿਹਾ ਗਿਆ ਕਿ ਮਸਜਿਦ ਦੀਆਂ ਦੀਵਾਰਾਂ ਉੱਪਰ ਅਜੇ ਵੀ ਹਿੰਦੂ ਧਾਰਮਿਕ ਚਿੰਨ੍ਹ ਹਨ। ਪਟੀਸ਼ਨਰ ਬਿਨਾਂ ਵਕੀਲ ਅਦਾਲਤ ਵਿਚ ਚਲਿਆ ਗਿਆ ਸੀ ਇਸ ਕਾਰਨ ਪਿਛਲੇ ਸਾਲ 19 ਜਨਵਰੀ ਨੂੰ ਉਸ ਦੀ ਪਟੀਸ਼ਨ ਰੱਦ ਕਰ ਦਿੱਤੀ ਗਈ ਸੀ। ਪਰ ਹਾਈ ਕੋਰਟ ਵੱਲੋਂ ਮਾਰਚ 2022 ਨੂੰ ਉਹੀ ਪਟੀਸ਼ਨ ਮੁੜ-ਬਹਾਲ ਕਰ ਦਿੱਤੀ ਗਈ ਜਿਸ ਦੀ ਸੁਣਵਾਈ ਹੁਣ 25 ਜੁਲਾਈ ਨੂੰ ਹੋਵੇਗੀ।

ਕਰਨਾਟਕਾ ਵਿਚ 'ਨਰਿੰਦਰ ਮੋਦੀ ਵਿਚਾਰ ਮੰਚ' ਦੇ ਮੈਂਬਰਾਂ ਨੇ ਸਥਾਨਕ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਕਿਉਂਕਿ ਸ੍ਰੀਰੰਗਾਪਟਨਾ ਵਿਚਲੀ ਦੋ ਸਦੀਆਂ ਪੁਰਾਣੀ ਜਾਮੀਆ ਮਸਜਿਦ ਕਥਿਤ ਤੌਰ 'ਤੇ ਹਨੂਮਾਨ ਦਾ ਮੰਦਿਰ ਢਾਹ ਕੇ ਬਣਾਈ ਗਈ ਸੀ ਇਸ ਲਈ ਹਿੰਦੂਆਂ ਨੂੰ ਉੱਥੇ ਪੂਜਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਇਸ ਦਲੀਲ ਅਨੁਸਾਰ ਤਾਂ ਭਾਰਤ ਦੀ ਸਰਜ਼ਮੀਨ ਉੱਪਰ ਬਣੀ ਕਿਸੇ ਵੀ ਇਮਾਰਤ ਹੇਠਾਂ ਮੰਦਿਰ ਖੋਜਿਆ ਜਾ ਸਕਦਾ ਹੈ ਅਤੇ ਹਿੰਦੂਤਵ ਜਥੇਬੰਦੀਆਂ ਉੱਥੇ ਆਪਣੀ ਪਸੰਦ ਦਾ ਮੰਦਿਰ ਬਣਾ ਸਕਦੀਆਂ ਹਨ।

ਮੁਸਲਿਮ ਘੱਟਗਿਣਤੀ ਆਰ.ਐੱਸ.ਐੱਸ.-ਭਾਜਪਾ ਦੀ ਦੰਗੇ ਭੜਕਾਊ ਚਾਲ ਤੋਂ ਕਾਫ਼ੀ ਸੁਚੇਤ ਜਾਪਦੀ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਬਾਬਰੀ ਮਸਜਿਦ ਬਾਰੇ ਪੱਖਪਾਤੀ ਫ਼ੈਸਲੇ ਸਮੇਂ ਵੀ ਬੇਹੱਦ ਤਹੱਮਲ ਤੋਂ ਕੰਮ ਲਿਆ ਸੀ ਅਤੇ ਹੁਣ ਗਿਆਨਵਾਪੀ ਵਿਵਾਦ ਸਮੇਂ ਵੀ ਉਹ ਬਹੁਤ ਸੋਚ-ਸਮਝ ਕੇ ਫ਼ੈਸਲੇ ਲੈ ਰਹੇ ਹਨ। ਉਨ੍ਹਾਂ ਨੇ ਗੋਦੀ ਮੀਡੀਆ ਵੱਲੋਂ ਉਕਸਾਉਣ ਦੇ ਬਾਵਜੂਦ ਕੋਈ ਐਸਾ ਬਿਆਨ ਨਹੀਂ ਦਿੱਤਾ ਜਿਸ ਨਾਲ ਹਿੰਦੂਤਵੀ ਤਾਕਤਾਂ ਨੂੰ ਹਮਲੇ ਕਰਨ ਦਾ ਬਹਾਨਾ ਮਿਲੇ। 'ਸ਼ਾਈਨਿੰਗ ਇੰਡੀਆ' ਦੇ ਇਕ ਉਕਸਾਊ ਪੱਤਰਕਾਰ ਵੱਲੋਂ ਮਸਜਿਦ ਬਾਰੇ ਪੁੱਛੇ ਸਵਾਲ ਦਾ ਉਨ੍ਹਾਂ ਨੇ ਬਹੁਤ ਹੀ ਤਰਕਪੂਰਨ ਜਵਾਬ ਦਿੱਤਾ, 'ਤੁਸੀਂ ਪੜ੍ਹਾਈ ਬਾਰੇ ਸਵਾਲ ਕਿਉਂ ਨਹੀਂ ਪੁੱਛਦੇ?' ਮਸਜਿਦ ਦੀ ਇੰਤਜ਼ਾਮੀਆ ਕਮੇਟੀ ਨੇ ਭਗਵੀਆਂ ਚਾਲਾਂ ਦੇ ਮੱਦੇਨਜ਼ਰ ਬਾਕਾਇਦਾ ਨੋਟਿਸ ਜਾਰੀ ਕਰਕੇ ਮੁਸਲਮਾਨ ਭਾਈਚਾਰੇ ਨੂੰ ਨਮਾਜ਼ ਲਈ ਵੱਡੀ ਤਾਦਾਦ 'ਚ ਮਸਜਿਦ ਵਿਚ ਨਾ ਆਉਣ ਅਤੇ ਕਿਸੇ ਨੇੜਲੀ ਮਸਜਿਦ ਵਿਚ ਨਮਾਜ਼ ਪੜ੍ਹਨ ਦੀ ਅਪੀਲ ਕੀਤੀ। ਜਦੋਂ 1200 ਦੇ ਕਰੀਬ ਲੋਕ ਉੱਥੇ ਆ ਗਏ ਤਾਂ ਕਮੇਟੀ ਨੇ ਮਸਜਿਦ ਦਾ ਭੇੜ ਕੇ ਨਮਾਜ਼ੀਆਂ ਨੂੰ ਉੱਥੋਂ ਚਲੇ ਜਾਣ ਲਈ ਕਿਹਾ। ਦਿੱਲੀ ਕਤਲੇਆਮ ਅਤੇ ਹੋਰ ਹਮਲਿਆਂ 'ਚ ਵੀ ਉਨ੍ਹਾਂ ਨੇ ਬਹੁਤ ਸਿਆਣਪ ਦਿਖਾਈ ਹੈ।

ਭਾਰਤ ਦੇ ਲੋਕਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸੰਘ ਦੇ ਇਸ ਖ਼ਤਰਨਾਕ ਰਾਜਨੀਤਕ ਏਜੰਡੇ ਵਿਰੁੱਧ ਲੜਾਈ ਸਿਰਫ਼ ਮੁਸਲਿਮ ਭਾਈਚਾਰੇ ਦੀ ਨਹੀਂ ਹੈ। ਇਹ ਮੁਲਕ ਦੀ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਦੀ ਰਾਖੀ ਦੀ ਲੜਾਈ ਹੈ। ਅਵਾਮ, ਖ਼ਾਸ ਕਰਕੇ ਹਿੰਦੂ ਭਾਈਚਾਰੇ ਨੂੰ ਇਸ ਬਾਰੇ ਜਾਗਰੂਕ ਅਤੇ ਚੁਕੰਨੇ ਕਰਨਾ ਜ਼ਰੂਰੀ ਹੈ। "1200 ਸਾਲ ਦੀ ਗ਼ੁਲਾਮੀ" ਦੇ ਨਾਂ ਹੇਠ ਮੁਸਲਮਾਨ ਭਾਈਚਾਰੇ ਵਿਰੁੱਧ ਨਫ਼ਰਤ ਭਰੀ ਜਾ ਰਹੀ ਹੈ। ਮੁਗ਼ਲ ਹੁਕਮਰਾਨਾਂ ਨੇ ਭਾਰਤ ਦੇ ਲੋਕਾਂ ਨਾਲ ਜੋ ਵੀ ਜ਼ਿਆਦਤੀਆਂ ਕੀਤੀਆਂ ਹਨ, ਜੋ ਸਿਰਫ਼ ਹਿੰਦੂਆਂ ਨਾਲ ਨਹੀਂ ਹੋਈਆਂ, ਉਸ ਦਾ ਬਦਲਾ ਅੱਜ ਮੁਸਲਮਾਨ ਭਾਈਚਾਰੇ ਤੋਂ ਲੈਣਾ ਫਾਸ਼ੀਵਾਦੀ ਸੋਚ ਹੈ। ਦੁਨੀਆ ਇਤਿਹਾਸ 'ਚ ਹੋਈਆਂ ਗ਼ਲਤੀਆਂ ਤੋਂ ਸਿੱਖਦੀ ਹੈ ਪਰ ਫਾਸ਼ੀਵਾਦੀ ਕਥਿਤ ਗ਼ਲਤੀਆਂ ਨੂੰ ਬਦਲਾ ਲਊ ਸਿਆਸਤ ਕਰਨ ਲਈ ਵਰਤਦੇ ਹਨ। ਸੰਘ ਦਾ 'ਹਿੰਦੂ ਰਾਸ਼ਟਰ' ਦਾ ਸੁਪਨਾ ਨਾਜ਼ੀਵਾਦ-ਫਾਸ਼ੀਵਾਦ ਦੀਆਂ ਲੀਹਾਂ 'ਤੇ ਉਲੀਕਿਆ ਰਾਜਨੀਤਕ ਪ੍ਰੋਜੈਕਟ ਹੈ ਜਿਸ ਦਾ ਆਮ ਹਿੰਦੂਆਂ ਦੇ ਹਿਤਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਆਮ ਹਿੰਦੂ ਨੂੰ ਹਿੰਦੂ ਧਰਮ ਨਾਲ ਸੰਘ ਦੇ ਝੂਠੇ ਹੇਜ ਪਿੱਛੇ ਕੰਮ ਕਰਦੀ ਖ਼ੂਨੀ ਸਿਆਸਤ ਬਾਰੇ ਸੁਚੇਤ ਕਰਨ ਨਾਲ ਹੀ ਮੁਲਕ ਦਾ ਭਵਿੱਖ ਮਹਿਫ਼ੂਜ਼ ਹੋ ਸਕਦਾ ਹੈ। •••

# ਖੀਸੇ ਖਾਲੀ, ਢਿੱਡ ਭੁੱਖੇ, ਤਨ ਉੱਤੇ ਲੀਰਾਂ ਅਤੇ ਜਗੀਰੂ ਘੂਰਾਂ



- ਡਾ. ਗਿਆਨ ਸਿੰਘ

2020 ਵਿਚ ਸ਼ੁਰੂ ਹੋਏ ਅਤੇ ਇਕ ਸਾਲ ਤੋਂ ਵੱਧ ਚੱਲੇ ਜਮਹੂਰੀ ਅਤੇ ਸ਼ਾਂਤਮਈ ਸੰਘਰਸ਼ ਵਿਚ ਪੰਜਾਬ ਦੇ ਕਿਸਾਨਾਂ ਦੇ ਨਾਲ ਨਾਲ ਇੱਥੋਂ ਦੇ ਖੇਤ ਮਜ਼ਦੂਰਾਂ ਨੇ ਆਪਣੀ ਸਮਰੱਥਾ ਅਨੁਸਾਰ ਬਣਦਾ ਯੋਗਦਾਨ ਪਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਸੀ ਜਿਸ ਕਰਕੇ ਇਸ ਸੰਘਰਸ਼ ਨੂੰ ਕਿਸਾਨ-ਮਜ਼ਦੂਰ ਸੰਘਰਸ਼ ਦਾ ਨਾਮ ਦਿੱਤਾ ਗਿਆ। ਇਸ ਸੰਘਰਸ਼ ਵਿਚ ਮੁਲਕ ਦੇ ਬਹੁਤੇ ਸੂਬਿਆਂ ਦੇ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਬਹੁਤ ਸਾਰੇ ਕਿਰਤੀ ਵਰਗਾਂ ਦੇ ਲੋਕਾਂ ਨੇ ਆਪਣਾ ਆਪਣਾ ਹਿੱਸਾ ਪਾਇਆ। ਇਉਂ ਇਹ ਸੰਘਰਸ਼ ਪੂਰੀ ਦੁਨੀਆਂ ਵਿਚ ਨਿਵੇਕਲਾ ਬਣ ਗਿਆ। ਇਸ ਦੌਰਾਨ ਕਿਸਾਨਾਂ-ਮਜ਼ਦੂਰਾਂ ਦੀਆਂ ਜਥੇਬੰਦੀਆਂ ਵੱਲੋਂ ਲਗਾਈਆਂ ਗਈਆਂ ਸਟੇਜਾਂ ਤੋਂ ਭਾਸ਼ਣ ਦੇਣ ਵਾਲਿਆਂ ਨੇ ਇਸ ਸੰਘਰਸ਼ ਦੇ ਉਦੇਸ਼ਾਂ ਦੇ ਵੱਖ ਵੱਖ ਪਹਿਲੂਆਂ ਉੱਪਰ ਰੌਸ਼ਨੀ ਪਾਉਂਦਿਆਂ ਕਿਸਾਨਾਂ ਦੇ ਨਾਲ ਨਾਲ ਖੇਤ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਵੀ ਹੱਲ ਕਰਨ ਦਾ ਵਾਅਦਾ ਕੀਤਾ।

ਝੋਨੇ ਦੀ ਲੁਆਈ ਲਈ ਮਾਲਵਾ ਖੇਤਰ ਦੇ ਦੋ ਜ਼ਿਲ੍ਹਿਆਂ ਬਠਿੰਡਾ ਅਤੇ ਸੰਗਰੂਰ ਦੇ ਤਿੰਨ ਪਿੰਡਾਂ ਵਿਚ ਕਿਸਾਨਾਂ ਅਤੇ ਮਜ਼ਦੂਰਾਂ ਵਿਚਕਾਰ ਝੋਨੇ ਦੀ ਲੁਆਈ ਅਤੇ ਦਿਹਾੜੀ ਸਬੰਧੀ ਕੁਝ ਟਕਰਾਅ ਦੇਖਣ ਨੂੰ ਮਿਲ ਰਿਹਾ ਹੈ। ਅਜਿਹਾ ਟਕਰਾਅ 2020 ਅਤੇ 2021 ਵਿਚ ਕਰੋਨਾ ਮਹਾਮਾਰੀ ਕਾਰਨ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦੇ ਘੱਟਗਿਣਤੀ ਵਿਚ ਆਉਣ ਕਾਰਨ ਵੀ ਦੇਖਿਆ ਗਿਆ ਸੀ ਜਿਸ ਨੂੰ ਕੁਝ ਅਗਾਂਹਵਧੂ ਕਿਸਾਨ ਅਤੇ ਖੇਤ ਮਜ਼ਦੂਰ ਜਥੇਬੰਦੀਆਂ ਨੇ ਸਮਝ ਨਾਲ ਟਾਲ ਦਿੱਤਾ ਸੀ। ਕਿਸਾਨ-ਮਜ਼ਦੂਰ ਸੰਘਰਸ਼ ਵਿਚ ਖੇਤ ਮਜ਼ਦੂਰਾਂ ਦੇ ਪਾਏ ਯੋਗਦਾਨ ਅਤੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਖੇਤ ਮਜ਼ਦੂਰਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਵਾਅਦਿਆਂ ਤੋਂ ਬਾਅਦ ਅਜਿਹੇ ਟਕਰਾਅ ਦੀ ਆਸ ਨਹੀਂ ਸੀ।

ਅਖ਼ਬਾਰੀ ਖ਼ਬਰਾਂ ਅਨੁਸਾਰ ਬਠਿੰਡੇ ਜ਼ਿਲ੍ਹੇ ਦੇ ਪਿੰਡ ਮਾਨਸਾ ਕਲਾਂ ਦੀ ਪੰਚਾਇਤ ਨੇ ਧਾਰਮਿਕ ਅਸਥਾਨ ਵਿਖੇ ਆਪਣਾ ਫ਼ੈਸਲਾ ਪੜ੍ਹ ਕੇ ਸੁਣਾਇਆ ਜਿਸ ਅਨੁਸਾਰ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ, ਮਜ਼ਦੂਰਾਂ ਦੀ ਦਿਹਾੜੀ 300 ਰੁਪਏ ਪ੍ਰਤੀ ਦਿਨ, ਅਤੇ ਮਜ਼ਦੂਰ ਔਰਤਾਂ ਦੀ ਦਿਹਾੜੀ 250 ਰੁਪਏ ਪ੍ਰਤੀ ਦਿਨ ਤੈਅ ਕੀਤੀ। ਇਸ ਫ਼ੈਸਲੇ ਦੀ ਉਲੰਘਣਾ ਕਰਨ ਵਾਲੇ ਕਿਸਾਨਾਂ ਨੂੰ 5000 ਰੁਪਏ ਜੁਰਮਾਨਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਜਿਹੜੇ ਖੇਤ ਮਜ਼ਦੂਰ ਇਸ ਫ਼ੈਸਲੇ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਕਿਸਾਨਾਂ ਦੇ ਖੇਤਾਂ ਵਿਚ ਆਉਣ ਤੋਂ ਰੋਕਿਆ ਜਾਵੇ। ਸੰਗਰੂਰ ਜ਼ਿਲ੍ਹੇ ਦੇ ਪਿੰਡ ਡਸਕਾ ਵਿਚ ਕਿਸਾਨਾਂ ਨੇ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ ਤੈਅ ਕੀਤੀ ਹੈ ਅਤੇ ਇਹ ਫ਼ੈਸਲਾ ਨਾ ਮੰਨਣ ਵਾਲੇ ਕਿਸਾਨਾਂ ਨੂੰ 20,000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਇਸ ਪਿੰਡ ਵਿਚ ਪ੍ਰਤੀ ਦਿਨ ਦਿਹਾੜੀ 350 ਰੁਪਏ ਤੈਅ ਕੀਤੀ ਗਈ ਹੈ। ਇਸ ਪਿੰਡ ਦੇ ਖੇਤ ਮਜ਼ਦੂਰਾਂ ਨੇ ਆਪਣਾ ਇਕੱਠ ਕਰ ਕੇ ਫ਼ੈਸਲਾ ਕੀਤਾ ਜਿਸ ਅਨੁਸਾਰ ਝੋਨੇ ਦੀ ਲੁਆਈ 6000 ਰੁਪਏ ਪ੍ਰਤੀ ਏਕੜ ਅਤੇ ਮਜ਼ਦੂਰਾਂ ਦੀ ਦਿਹਾੜੀ 500 ਰੁਪਏ ਪ੍ਰਤੀ ਦਿਨ ਤੈਅ ਕੀਤੀ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਖੇਤ ਮਜ਼ਦੂਰਾਂ ਨੂੰ 2000 ਰੁਪਏ ਜੁਰਮਾਨਾ ਲਾਉਣ ਬਾਰੇ ਵੀ ਕਿਹਾ ਗਿਆ ਹੈ। ਸੰਗਰੂਰ ਜ਼ਿਲ੍ਹੇ ਦੇ ਇਕ ਹੋਰ ਪਿੰਡ ਚਹਿਲਾਂ ਪੱਤੀਆਂ ਵਿਚ ਕਿਸਾਨਾਂ ਨੇ ਝੋਨੇ ਦੀ ਲੁਆਈ 3500 ਰੁਪਏ ਪ੍ਰਤੀ ਏਕੜ ਤੈਅ ਕਰਦਿਆਂ ਇਹ ਕਿਹਾ ਹੈ ਕਿ ਜਿਹੜੇ ਕਿਸਾਨ ਇਸ ਤੋਂ ਵੱਧ ਮਜ਼ਦੂਰੀ ਦੇਣਗੇ ਉਨ੍ਹਾਂ ਨੂੰ 50,000 ਰੁਪਏ ਜੁਰਮਾਨਾ ਕੀਤਾ ਜਾਵੇਗਾ। ਕਿਸਾਨਾਂ ਨੇ ਆਪਣੇ ਇਸ ਫ਼ੈਸਲੇ ਨੂੰ ਲਾਗੂ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਇਸ ਫ਼ੈਸਲੇ ਦੀ ਉਲੰਘਣਾ ਦੀ ਸੂਚਨਾ ਦੇਣ ਵਾਲੇ ਵਿਅਕਤੀ ਨੂੰ 10,000 ਰੁਪਏ ਦਾ ਇਨਾਮ ਦੇਣ ਦਾ ਵੀ ਐਲਾਨ ਕੀਤਾ ਹੈ।

ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਸਬੰਧੀ ਅਜਿਹੇ ਫ਼ੈਸਲੇ ਕਰਨੇ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹਨ। ਅਜਿਹੇ ਫ਼ੈਸਲਿਆਂ ਦਾ ਐਲਾਨ ਕਿਸੇ ਵੀ ਧਾਰਮਿਕ ਅਸਥਾਨ ਵਿਚ ਹਰਗਿਜ ਨਹੀਂ ਹੋਣਾ ਚਾਹੀਦਾ ਕਿਉਂਕਿ ਧਾਰਮਿਕ ਅਸਥਾਨ ਸਾਰਿਆਂ ਦੇ ਸਾਂਝੇ ਹੁੰਦੇ ਹਨ ਅਤੇ ਇਨ੍ਹਾਂ ਅਸਥਾਨਾਂ ਵਿਚ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਂਦੀ ਹੈ। ਸਿੱਖ ਧਰਮ ਮਨੁੱਖਾਂ ਨੂੰ ਜੀਵਨ-ਜਾਚ ਸਿਖਾਉਂਦਿਆਂ 'ਗਰੀਬ ਦਾ ਮੂੰਹ, ਗੁਰੂ ਕੀ ਗੋਲਕ' ਦਾ ਸੰਦੇਸ਼ ਵੀ ਪ੍ਰਮੁੱਖਤਾ ਨਾਲ ਦਿੰਦਾ ਹੈ। ਇਸ ਸੰਦੇਸ਼ ਨੂੰ ਸਮਝਦੇ ਹੋਏ ਵੀ ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਦੀ ਉੱਚਤਮ ਸੀਮਾ ਤੈਅ ਕਰਨੀ ਗ਼ਰੀਬ ਖੇਤ ਮਜ਼ਦੂਰਾਂ ਨਾਲ ਧੱਕਾ ਹੈ।

1960ਵਿਆਂ ਵਿਚ ਮੁਲਕ ਅੰਨ ਪਦਾਰਥਾਂ ਦੀ ਭਾਰੀ ਥੁੜ੍ਹ ਦਾ ਸਾਹਮਣਾ ਕਰ ਰਿਹਾ ਸੀ। ਇਸ ਕਾਰਨ ਅਮਰੀਕਾ ਤੋਂ ਪੀ.ਐੱਲ.-480 ਅਧੀਨ ਉਸ ਦੀਆਂ ਸ਼ਰਤਾਂ ਮੰਨ ਕੇ ਅਨਾਜ ਮੰਗਵਾ ਰਿਹਾ ਸੀ। ਭਾਰਤ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਦਾ ਫ਼ੈਸਲਾ ਲਿਆ ਅਤੇ ਮੁਲਕ ਦੇ ਵੱਖ ਵੱਖ ਖੇਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਇਸ ਜੁਗਤ ਨੂੰ ਪੰਜਾਬ ਵਿਚ ਸ਼ੁਰੂ ਕੀਤਾ ਗਿਆ।



ਅਜਿਹਾ ਫ਼ੈਸਲਾ ਕਰਨ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਦੀ ਹੱਡ-ਭੰਨ੍ਹਵੀਂ ਮਿਹਨਤ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਦੀ ਹੱਦੋਂ ਵੱਧ ਵਰਤੋਂ ਸਦਕਾ ਮੁਲਕ ਵਿਚ ਅੰਨ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਇਆ ਜਾ ਸਕਿਆ।

'ਖੇਤੀਬਾੜੀ ਦੀ ਨਵੀਂ ਜੁਗਤ' ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਿਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਉੱਲੀਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦੀ ਵਰਤੋਂ ਕੀਤੀ ਜਾਣੀ ਸੀ। ਸ਼ੁਰੂ ਵਿਚ ਇਸ ਖ਼ਾਤਰ ਵਰਤੇ ਸਾਧਨਾਂ ਅਤੇ ਪੰਜਾਬ ਦੇ ਧਰਤੀ ਹੇਠਲੇ ਪਾਣੀ, ਇੱਥੋਂ ਦੀ ਭੂਮੀ ਦੀ ਨਰੋਈ ਸਿਹਤ ਅਤੇ ਵੱਖ-ਵੱਖ ਫ਼ਸਲਾਂ ਲਈ ਢੁਕਵੇਂ ਵਾਤਾਵਰਨ ਕਾਰਨ ਫ਼ਸਲੀ-ਘਣਤਾ ਵਿਚ ਵਾਧਾ ਹੋਇਆ ਜਿਸ ਕਾਰਨ ਮਜ਼ਦੂਰਾਂ ਦੀ ਮੰਗ ਵਧੀ। ਇਸ ਜੁਗਤ ਦੇ ਕਾਮਯਾਬ ਹੋਣ ਕਰਕੇ ਕੇਂਦਰ ਸਰਕਾਰ ਨੇ 1973 ਤੋਂ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਅਤੇ ਯਕੀਨੀ ਸਰਕਾਰੀ ਖ਼ਰੀਦ ਰਾਹੀਂ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤੀ। ਇਹ ਪੰਜਾਬ ਦੇ ਖੇਤੀਬਾੜੀ-ਜਲਵਾਯੂ ਅਨੁਸਾਰ ਢੁਕਵੀਂ ਫ਼ਸਲ ਨਹੀਂ ਹੈ ਜਿਸ ਕਾਰਨ ਇਸ ਫ਼ਸਲ ਦੀ ਲੁਆਈ ਲਈ ਖੇਤ ਮਜ਼ਦੂਰ ਬਿਹਾਰ, ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਤੋਂ ਪੰਜਾਬ ਵਿਚ ਆਉਣੇ ਸ਼ੁਰੂ ਹੋਏ। ਬਿਹਾਰ, ਉੱਤਰ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਵਿਚ ਖੇਤ ਮਜ਼ਦੂਰਾਂ ਦੀ ਮੰਗ ਅਤੇ ਉਨ੍ਹਾਂ ਮਜ਼ਦੂਰੀ ਦੀਆਂ ਦਰਾਂ ਬਹੁਤ ਘੱਟ ਹੋਣ ਕਾਰਨ ਉੱਥੋਂ ਆਉਣ ਵਾਲੇ ਵੱਡੀ ਗਿਣਤੀ ਵਿਚ ਮਜ਼ਦੂਰਾਂ ਨੇ ਬਹੁਤ ਘੱਟ ਮਜ਼ਦੂਰੀ ਕਰਨ ਨੂੰ ਸਵੀਕਾਰਿਆ। ਇਸ ਦਾ ਮਾਰੂ ਅਸਰ ਪੰਜਾਬ ਦੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਅਤੇ ਉਨ੍ਹਾਂ ਦੀ ਸ਼ੁੱਧ ਮਜ਼ਦੂਰੀ ਉੱਪਰ ਪਿਆ।

ਪੰਜਾਬ ਵਿਚ ਖੇਤ ਮਜ਼ਦੂਰਾਂ ਦੀਆਂ ਮਜ਼ਦੂਰੀ ਦਰਾਂ ਖੇਤ ਮਜ਼ਦੂਰਾਂ ਦੀ ਮੰਗ ਅਤੇ ਪੂਰਤੀ ਦੁਆਰਾ ਤੈਅ ਕੀਤੀਆਂ ਜਾਂਦੀਆਂ ਰਹੀਆਂ ਹਨ। ਭਾਵੇਂ ਸਮੇਂ ਦੇ ਨਾਲ ਮਜ਼ਦੂਰੀ ਦਰਾਂ ਵਿਚ ਕੁਝ ਵਾਧਾ ਹੁੰਦਾ ਰਿਹਾ ਹੈ ਪਰ ਮਹਿੰਗਾਈ ਦਾ ਵਾਧਾ ਉਨ੍ਹਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਵਿਚ ਵਾਧੇ ਨੂੰ ਬੇਅਸਰ ਬਣਾਉਂਦਾ ਰਿਹਾ ਹੈ। ਵੱਖ ਵੱਖ ਖੋਜ ਅਧਿਐਨਾਂ ਨੇ ਇਹ ਤੱਥ ਸਾਹਮਣੇ ਲਿਆਂਦੇ ਹਨ ਕਿ ਖੇਤ ਮਜ਼ਦੂਰਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਵਿਚ ਜਾਂ ਤਾਂ ਕੋਈ ਵਾਧਾ ਨਹੀਂ ਹੋਇਆ ਜਾਂ ਉਹ ਘਟੀਆਂ ਹਨ। ਹੁਣ ਜਦੋਂ ਝੋਨੇ ਦੀ ਲੁਆਈ ਲਈ ਮਜ਼ਦੂਰਾਂ ਦੀ ਮੰਗ ਉਨ੍ਹਾਂ ਦੀ ਪੂਰਤੀ ਤੋਂ ਵਧਦੀ ਹੈ ਤਾਂ ਉਨ੍ਹਾਂ ਦੀਆਂ ਮਜ਼ਦੂਰੀ ਦਰਾਂ ਦੀ ਉੱਚਤਮ ਸੀਮਾ ਤੈਅ ਕਰਨਾ ਹਰ ਪੱਖ ਤੋਂ ਗ਼ੈਰ-ਵਾਜਬ ਹੈ।

ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਪਤਲੇ ਆਰਥਿਕ-ਸਮਾਜਿਕ ਹਾਲਾਤ ਅਤੇ ਬਹੁਤ ਨੀਵੇਂ ਪੱਧਰ ਦੀ ਸਿਆਸੀ ਭਾਗੀਦਾਰੀ ਇਨ੍ਹਾਂ ਮਜ਼ਦੂਰਾਂ ਦੀਆਂ ਅਹਿਮ ਸਮੱਸਿਆਵਾਂ ਨੂੰ ਸਮੇਂ ਸਮੇਂ ਉੱਤੇ ਸਾਹਮਣੇ ਲਿਆਉਂਦੇ ਰਹਿੰਦੇ ਹਨ। ਪੰਜਾਬ ਵਿਚ ਕੀਤੇ ਗਏ ਵੱਖ ਵੱਖ ਖੋਜ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਇੱਥੋਂ ਦੇ ਖੇਤ ਮਜ਼ਦੂਰਾਂ ਦੇ ਖੀਸੇ ਖਾਲੀ, ਢਿੱਡ ਭੁੱਖੇ, ਤਨ ਉੱਤੇ ਲੀਰਾਂ ਹੁੰਦੀਆਂ ਹਨ; ਇਸ ਦੇ ਨਾਲ ਨਾਲ ਉਨ੍ਹਾਂ ਜ਼ਮੀਨ-ਵਿਹੂਣੇ ਕਿਰਤੀਆਂ ਨੂੰ ਜਗੀਰੂ ਘੂਰਾਂ ਦਾ ਵੀ ਸ਼ਿਕਾਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਨੇ ਖੇਤੀਬਾੜੀ ਖੇਤਰ ਵਿਚ ਅਤੇ ਖ਼ਾਸ ਕਰਕੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨ ਘਟਾ ਦਿੱਤੇ ਹਨ। ਇਸ ਜੁਗਤ ਨੂੰ ਅਪਣਾਉਣ ਤੋਂ ਪਹਿਲਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਰਿਸ਼ਤਾ ਹੁਣ ਦੇ ਮੁਕਾਬਲੇ ਨਿੱਘਾ ਸੀ। ਉਸ ਸਮੇਂ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚ ਸਾਂਝੀ/ਸੀਰੀ ਖੇਤ ਮਜ਼ਦੂਰੀ ਪ੍ਰਣਾਲੀ ਪ੍ਰਚੱਲਤ ਸੀ। ਸਾਂਝੀ/ਸੀਰੀ ਨੂੰ ਕਿਸਾਨਾਂ ਦੀਆਂ ਖੇਤੀਬਾੜੀ ਜਿਨਸਾਂ ਵਿਚੋਂ ਹਿੱਸਾ ਮਿਲਦਾ ਸੀ। ਭਾਵੇਂ ਉਸ ਸਮੇਂ ਦੌਰਾਨ ਵੀ ਸਾਂਝ/ਸੀਰ ਟੀਰ ਵਾਲੀ ਸੀ ਜਿਸ ਅਧੀਨ ਕਿਸਾਨ ਨੂੰ ਬਹੁਤ ਜ਼ਿਆਦਾ ਹਿੱਸਾ ਅਤੇ ਸਾਂਝੀ/ਸੀਰੀ ਨੂੰ ਬਹੁਤ ਹੀ ਥੋੜ੍ਹਾ ਹਿੱਸਾ ਮਿਲਦਾ ਸੀ ਪਰ ਇਸ ਦੇ ਬਾਵਜੂਦ ਸਾਂਝੀਆਂ/ਸੀਰੀਆਂ ਦੇ ਔਖੇ ਸਮਿਆਂ ਦੌਰਾਨ ਕਿਸਾਨ ਆਪਣੀ ਸਮਰੱਥਾ ਅਨੁਸਾਰ ਉਨ੍ਹਾਂ ਦੀ ਮਦਦ ਕਰਦੇ ਸਨ। 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਨਫ਼ੇ ਵਾਲੇ ਸੁਭਾਅ ਨੇ ਇਸ ਨਿੱਘੇ ਸਬੰਧ ਉੱਪਰ ਬਹੁਤ ਸੱਟ ਮਾਰੀ ਹੈ। ਜਿੱਥੇ ਨਦੀਨਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਨੇ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਨੂੰ ਘਟਾਇਆ ਅਤੇ ਉਨ੍ਹਾਂ ਦੀਆਂ ਸ਼ੁੱਧ ਮਜ਼ਦੂਰੀ ਦਰਾਂ ਨੂੰ ਜਾਂ ਤਾਂ ਵਧਣ ਤੋਂ ਰੋਕਿਆ ਜਾਂ ਘਟਾਇਆ, ਉੱਥੇ ਹੁਣ ਖੇਤੀਬਾੜੀ ਲਾਗਤਾਂ ਨੂੰ ਘਟਾਉਣ ਅਤੇ ਹੋਰ ਕਾਰਨਾਂ ਕਰਕੇ ਝੋਨੇ ਦੀ ਸਿੱਧੀ ਬਿਜਾਈ ਇਨ੍ਹਾਂ ਮਜ਼ਦੂਰਾਂ ਦੇ ਰੁਜ਼ਗਾਰ ਦੇ ਦਿਨਾਂ ਵਿਚ ਹੋਰ ਕਮੀ ਕਰਦਿਆਂ ਉਨ੍ਹਾਂ ਦੀ ਆਮਦਨ ਨੂੰ ਘਟਾਏਗੀ।

ਪੰਜਾਬ ਵਿ ਉਦਯੋਗਿਕ ਅਤੇ ਸੇਵਾਵਾਂ ਖੇਤਰਾਂ ਵਿਚ ਰੁਜ਼ਗਾਰ ਦੇ ਮੌਕੇ ਬਹੁਤ ਘੱਟ ਹਨ। ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਘੱਟ ਮਿਲਣ ਕਾਰਨ ਕੁਝ ਪੇਂਡੂ ਮਜ਼ਦੂਰ ਨਜ਼ਦੀਕ ਦੇ ਕਸਬਿਆਂ/ਸ਼ਹਿਰਾਂ ਵਿਚ ਮਜ਼ਦੂਰੀ ਕਰਨ ਜਾਂਦੇ ਹਨ ਪਰ ਉਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਰੁਜ਼ਗਾਰ ਨਾ ਮਿਲਣ ਕਾਰਨ ਲੇਬਰ ਚੌਂਕਾਂ ਵਿਚ ਬੈਠਿਆਂ ਘਰੋਂ ਲਿਆਂਦੀ ਰੁੱਖੀ-ਸੁੱਕੀ ਰੋਟੀ ਮੁੱਲ ਦੀ ਚਾਹ ਦੇ ਛੋਟੇ ਜਿਹੇ ਕੱਪ ਨਾਲ ਖਾਂਦਿਆਂ ਦੇਖਿਆ ਜਾਂਦਾ ਹੈ। ਭਾਵੇਂ ਮਗਨਰੇਗਾ ਅਧੀਨ 100 ਦਿਨਾਂ ਦੇ ਰੁਜ਼ਗਾਰ ਦੀ ਕਾਨੂੰਨੀ ਗਾਰੰਟੀ ਦਿੱਤੀ ਗਈ ਹੈ ਪਰ ਪੇਂਡੂ ਮਜ਼ਦੂਰਾਂ ਨੂੰ ਮਗਨਰੇਗਾ ਅਧੀਨ ਬਹੁਤ ਹੀ ਘੱਟ ਦਿਨਾਂ ਦਾ ਰੁਜ਼ਗਾਰ ਮਿਲਣ ਦੇ ਨਾਲ ਨਾਲ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਦੀ ਸ਼ੁੱਧ ਆਮਦਨ ਬਹੁਤ ਹੀ ਘੱਟ ਹੋਣ ਦੇ ਨਤੀਜੇ ਵਜੋਂ ਉਨ੍ਹਾਂ ਦੇ ਖੀਸੇ ਖਾਲੀ ਹੀ ਰਹਿੰਦੇ ਹਨ।

ਜ਼ਿੰਦਗੀ ਦੀਆਂ ਸਾਰੀਆਂ ਮੁੱਢਲੀਆਂ ਲੋੜਾਂ ਦਾ ਪੂਰਾ ਹੋਣਾ ਤਾਂ ਦੂਰ ਦੀ ਗੱਲ ਹੈ, ਇਨ੍ਹਾਂ ਮਜ਼ਦੂਰਾਂ ਨੂੰ ਦੋ ਡੰਗਾਂ ਦੀ ਰੋਟੀ ਲਈ ਚੁੱਲ੍ਹਾ ਬਲਦਾ ਰੱਖਣ ਲਈ ਵੀ ਉਧਾਰ ਲੈਣਾ ਪੈਂਦਾ ਹੈ ਜਿਹੜਾ ਸਮੇਂ ਸਿਰ ਨਾ ਮੋੜੇ ਜਾਣ ਕਾਰਨ ਕਰਜ਼ੇ ਦਾ ਰੂਪ ਅਖ਼ਤਿਆਰ ਕਰ ਜਾਂਦਾ ਹੈ। ਦੇਖਣ ਨੂੰ ਤਾਂ ਭਾਵੇਂ ਇਹ ਕਰਜ਼ਾ ਬਹੁਤ ਥੋੜ੍ਹਾ ਲੱਗਦਾ ਹੈ ਪਰ ਇਨ੍ਹਾਂ ਜ਼ਮੀਨ-ਵਿਹੂਣੇ ਅਤੇ ਖਾਲੀ ਖੀਸਿਆਂ ਵਾਲੇ ਮਜ਼ਦੂਰਾਂ ਲਈ ਅਕਹਿ ਅਤੇ ਅਸਹਿ ਸਮੱਸਿਆਵਾਂ ਨੂੰ ਜਨਮ ਦਿੰਦਾ ਹੈ। ਖੇਤ ਮਜ਼ਦੂਰਾਂ ਕੋਲ ਫ਼ੋਨ ਹਨ, ਪਰ ਮਜ਼ਦੂਰੀ ਪ੍ਰਾਪਤ ਕਰਨ ਲਈ ਫ਼ੋਨ ਦਾ ਹੋਣਾ ਜ਼ਰੂਰੀ ਹੈ। ਇਹ ਫ਼ੋਨ ਜਾਂ ਤਾਂ ਬਹੁਤ ਘੱਟ ਕੀਮਤ ਵਾਲੇ ਜਾਂ ਪਹਿਲਾਂ ਮੁਕਾਬਾਲਤਨ ਉੱਚ-ਆਮਦਨ ਵਾਲੇ ਲੋਕਾਂ ਵੱਲੋਂ ਵਰਤੇ ਹੁੰਦੇ ਹਨ। ਇਸ ਤਰ੍ਹਾਂ ਦਾ ਕੇਸ ਹੀ ਇਨ੍ਹਾਂ ਮਜ਼ਦੂਰਾਂ ਵਿਚੋਂ ਕੁਝ ਕੋਲ ਸਕੂਟਰ/ਸਕੂਟਰੀ ਹੋਣ ਦਾ ਹੈ। ਇਨ੍ਹਾਂ ਮਜ਼ਦੂਰਾਂ ਦੇ ਕੁਝ ਘਰਾਂ ਵਿਚ ਮੇਜ਼-ਕੁਰਸੀਆਂ ਜਾਂ ਸੋਫ਼ੇ ਵੀ ਹਨ, ਪਰ ਉਹ ਵੀ ਮੁਕਾਬਲਤਨ ਉੱਚ-ਆਮਦਨ ਵਾਲੇ ਲੋਕਾਂ ਦੁਆਰਾ ਵਰਤੇ ਹੁੰਦੇ ਹਨ। ਇਨ੍ਹਾਂ ਮਜ਼ਦੂਰਾਂ ਦੇ ਜ਼ਿਆਦਾਤਰ ਜੀਆਂ ਦੇ ਤਨ ਉੱਤੇ ਪਾਏ ਹੋਏ ਕੱਪੜੇ ਹੁੰਦੇ ਹਨ ਜਾਂ ਮੁਕਾਬਲਤਨ ਉੱਚ-ਆਮਦਨ ਵਾਲੇ ਲੋਕਾਂ ਦੇ ਉਤਾਰੇ ਹੋਏ ਹੁੰਦੇ ਹਨ।

ਭਾਵੇਂ ਮੁਲਕ ਦੇ ਆਜ਼ਾਦ ਹੋਣ ਨਾਲ ਮੁਲਕ ਵਿਚੋਂ ਕਾਨੂੰਨੀ ਤੌਰ ਉੱਤੇ ਜਗੀਰਦਾਰੀ ਖ਼ਤਮ ਕਰ ਦਿੱਤੀ ਗਈ ਪਰ ਪੰਜਾਬ ਦੇ ਜ਼ਿਆਦਾਤਰ ਕਿਸਾਨਾਂ ਦੀ ਜਗੀਰੂ ਮਾਨਸਿਕਤਾ ਖੇਤ ਮਜ਼ਦੂਰਾਂ ਨੂੰ ਵੱਖ ਵੱਖ ਪੱਖਾਂ ਤੋਂ ਜਲੀਲ ਕਰਦੀ ਸ਼ਰ੍ਹੇਆਮ ਦਿਖਾਈ ਦਿੰਦੀ ਹੈ। ਇਸ ਦੀ ਇਕ ਤਾਜ਼ਾ ਉਦਾਹਰਣ ਬਠਿੰਡਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਤਿੰਨ ਪਿੰਡਾਂ ਵਿਚ ਕਿਸਾਨਾਂ ਵੱਲੋਂ ਖੇਤ ਮਜ਼ਦੂਰਾਂ ਸਬੰਧੀ ਕੀਤੇ ਗਏ ਫ਼ੈਸਲੇ ਹਨ।

ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਵੱਖ ਵੱਖ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਉਪਾਅ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵੱਖ ਵੱਖ ਪਿੰਡਾਂ ਵਿਚ ਪੰਚਾਇਤੀ ਜ਼ਮੀਨ ਉੱਪਰੋਂ ਕਬਜ਼ੇ ਛੁਡਾਉਣ ਦੇ ਨਤੀਜੇ ਵਜੋਂ ਪ੍ਰਾਪਤ ਹੋਈ ਜ਼ਮੀਨ ਨੂੰ ਖੇਤ ਮਜ਼ਦੂਰਾਂ ਨੂੰ ਬਿਨਾਂ ਕਿਸੇ ਠੇਕੇ ਲਏ ਤੋਂ ਸਹਿਕਾਰੀ ਖੇਤੀਬਾੜੀ ਲਈ ਦਿੱਤੇ ਜਾਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਅਗਾਂਹਵਧੂ ਜਥੇਬੰਦੀਆਂ ਪਿਛਲੇ ਸਾਲਾਂ ਦੀ ਤਰ੍ਹਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚਕਾਰ ਤਣਾਅ ਨੂੰ ਘਟਾਉਣ ਲਈ ਅੱਗੇ ਆਉਣ।

* ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਡਾਲਰ ਦੇ ਦਬਦਬਾ ਨੂੰ ਚੈਲੰਜ



**ਮਾਨਵ**

ਯੂਕਰੇਨ ਜੰਗ ਕਾਰਨ ਅਮਰੀਕੀ ਸਾਮਰਾਜ ਵੱਲੋਂ ਰੂਸ 'ਤੇ ਲਾਈਆਂ ਪਾਬੰਦੀਆਂ ਦੇ ਭਿਆਨਕ ਸਿੱਟੇ ਇੱਕ ਪਾਸੇ ਫੌਰੀ ਤੌਰ 'ਤੇ ਮਹਿੰਗਾਈ ਦੇ ਰੂਪ ਵਿੱਚ ਸੰਸਾਰ ਭਰ ਦੇ ਕਿਰਤੀ ਲੋਕਾਂ ਨੂੰ ਭੁਗਤਣੇ ਪੈ ਰਹੇ ਹਨ ਤੇ ਦੂਜੇ ਪਾਸੇ ਦੂਰਰਸ ਤੌਰ 'ਤੇ ਇਸ ਨੇ ਕੌਮਾਂਤਰੀ ਵਿੱਤੀ ਪ੍ਰਬੰਧ ਵਿੱਚ ਬੁਨਿਆਦੀ ਬਦਲਾਅ ਲਈ ਜ਼ਮੀਨ ਤਿਆਰ ਕਰ ਦਿੱਤੀ ਹੈ। ਰੂਸ 'ਤੇ ਬੰਦਸ਼ਾਂ ਦੇ ਮੱਦੇਨਜ਼ਰ ਹੁਣ ਜੋਰ-ਸ਼ੋਰ ਨਾਲ਼ ਅਡਾਲੀਰੀਕਰਨ ਜਾਂ ਡਾਲਰ ਰਹਿਤ ਕੌਮਾਂਤਰੀ ਮੁਦਰਾ ਪ੍ਰਬੰਧ ਦੀ ਚਰਚਾ ਛਿੜ ਗਈ ਹੈ।

**ਰੂਸ 'ਤੇ ਪੱਛਮੀ ਬੰਦਸ਼ਾਂ ਤੇ ਵਿਡਾਲਰੀਕਰਨ** : ਯੂਕਰੇਨ ਜੰਗ ਤੋਂ ਬਾਅਦ ਅਮਰੀਕਾ ਤੇ ਉਸ ਦੇ ਯੂਰਪੀ ਸੰਗੀਆਂ ਨੇ ਰੂਸ 'ਤੇ ਲੋਕ-ਮਾਰੂ ਬੰਦਸ਼ਾਂ ਮੜ੍ਹੀਆਂ। ਰੂਸ ਦੇ ਕੇਂਦਰੀ ਬੈਂਕ ਦੇ ਵਿਦੇਸ਼ੀ ਅਸਾਸੇ ਜਾਮ ਕਰਨਾ, ਕੌਮਾਂਤਰੀ ਵਿੱਤੀ ਪ੍ਰਬੰਧ 'ਸਵਿਫਟ' ਵਿੱਚੋਂ ਰੂਸ ਨੂੰ ਬਾਹਰ ਕਰਨਾ, ਰੂਸ ਦੇ ਡਾਲਰ ਅਸਾਸੇ ਜ਼ਬਤ ਕਰਨਾ ਤੇ ਰੂਸ ਦੇ ਸਰਕਾਰੀ ਖਾਤੇ ਵਿੱਚੋਂ ਡਾਲਰ ਅਦਾਇਗੀਆਂ ਕਰਨ 'ਤੇ ਪਾਬੰਦੀ ਲਾਉਣ ਜਿਹੀਆਂ ਮਾਰੂ ਬੰਦਸ਼ਾਂ ਲਾਈਆਂ ਗਈਆਂ। ਇਸ ਤਰ੍ਹਾਂ ਕੁੱਲ 8000 ਤੋਂ ਵਧੇਰੇ ਪਾਬੰਦੀਆਂ ਨਾਲ਼ ਰੂਸ ਇਸ ਵੇਲ਼ੇ ਪੱਛਮ ਵੱਲੋਂ ਲਾਈਆਂ ਸਭ ਤੋਂ ਵੱਧ ਬੰਦਸ਼ਾਂ ਵਾਲ਼ਾ ਮੁਲਕ ਬਣ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹਨਾਂ ਬੰਦਸ਼ਾਂ ਦੀ ਮਾਰ ਰੂਸ ਤੇ ਦੁਨੀਆਂ ਭਰ ਦੇ ਕਿਰਤੀ ਲੋਕਾਂ 'ਤੇ ਹੀ ਪੈਣੀ ਹੈ। 2014 ਦੇ ਕਰੀਮੀਆਈ ਸੰਕਟ ਤੋਂ ਬਾਅਦ ਹੀ ਪੱਛਮੀ ਮੁਲਕਾਂ ਨੇ ਰੂਸ 'ਤੇ ਬੰਦਸ਼ਾਂ ਵਧਾਉਣੀਆਂ ਸ਼ੁਰੂ ਕੀਤੀਆਂ ਤੇ ਉਦੋਂ ਤੋਂ ਹੀ ਰੂਸ ਨੇ ਵੀ ਆਪਣੇ ਅਸਾਸਿਆਂ ਦੇ ਅਡਾਲਰੀਕਰਨ ਦੀ ਪ੍ਰਕਿਰਿਆ ਵੀ ਤੇਜ ਕੀਤੀ ਹੋਈ ਹੈ ਜਿਸ ਨਾਲ਼ ਇਸ ਨੂੰ ਇਹਨਾਂ ਵਿੱਤੀ ਪਾਬੰਦੀਆਂ ਦੇ ਸੇਕ ਤੋਂ ਬਚਣ ਵਿੱਚ ਇੱਕ ਹੱਦ ਤੱਕ ਸੁਰੱਖਿਆ ਵੀ ਮਿਲ਼ੀ ਹੈ।

ਯੂਕਰੇਨ ਜੰਗ ਤੇ ਉਪਰੋਕਤ ਬੰਦਸ਼ਾਂ ਨੇ ਕੌਮਾਂਤਰੀ ਵਿੱਤੀ ਪ੍ਰਬੰਧ ਵਿੱਚ ਵੱਡੀ ਉੱਥਲ-ਪੁੱਥਲ ਪੈਦਾ ਕੀਤੀ ਹੈ ਜਿਸ ਦੇ ਦੂਰਰਸ ਸਿੱਟੇ ਨਿੱਕਲਣੇ ਹਨ।

ਰੂਸ 'ਤੇ ਵਿੱਤੀ ਬੰਦਸ਼ਾਂ ਲਾ ਕੇ ਪੱਛਮੀ ਸਾਮਰਾਜੀਆਂ ਨੇ ਤੈਅਸ਼ੁਦਾ ਕੌਮਾਂਤਰੀ ਵਿੱਤੀ ਨੇਮਾਂ ਨੂੰ ਆਪਣੇ ਪੱਖ ਵਿੱਚ ਤੋੜਿਆ-ਮਰੋੜਿਆ ਪਰ ਇਸ ਅਮਲਦਾਰੀ ਦਾ ਪੱਛਮੀ ਸਾਮਰਾਜੀਆਂ ਦੀਆਂ ਇੱਛਾਵਾਂ ਤੋਂ ਉਲਟ ਇੱਕ ਹੋਰ ਨਤੀਜਾ ਵੀ ਨਿੱਕਲਣਾ ਹੈ। ਜਿਵੇਂ-ਜਿਵੇਂ ਅਮਰੀਕਾ ਡਾਲਰ ਦਬਦਬੇ ਨੂੰ ਆਪਣੀ ਸਾਮਰਾਜੀ ਧੌਂਸ ਪੁਗਾਉਣ ਲਈ ਹਥਿਆਰ ਵਾਂਗੂੰ ਵਰਤੇਗਾ, ਓਨਾ ਹੀ ਅਮਰੀਕੀ ਪਾਲ਼ੇ ਤੋਂ ਬਾਹਰ ਦੇ ਮੁਲਕ ਆਪਣੇ ਡਾਲਰ ਅਸਾਸਿਆਂ ਨੂੰ ਲੈ ਕੇ ਚਿੰਤਤ ਹੋਣਗੇ ਤੇ ਆਪਣੇ ਮੁਦਰਾ ਭੰਡਾਰ ਤੇ ਵਪਾਰ ਨੂੰ ਡਾਲਰ ਤੋਂ ਪਰ੍ਹੇ ਆਪੋ-ਆਪਣੀਆਂ ਮੁਦਰਾਵਾਂ ਜਾਂ ਦੂਜੀਆਂ ਮੁਦਰਾਵਾਂ ਵਿੱਚ ਕਰਨ ਨੂੰ ਤਰਜੀਹ ਦੇਣਗੇ। ਤੇ ਇਸ ਗੱਲ ਦੇ ਸੰਕੇਤ ਪਿਛਲੇ ਦੋ ਕੁ ਮਹੀਨਿਆਂ ਵਿੱਚ ਦਿਸਣੇ ਸ਼ੁਰੂ ਵੀ ਹੋ ਗਏ ਹਨ ਤੇ ਕਈ ਮੁਲਕਾਂ ਨੇ ਡਾਲਰ ਤੋਂ ਕਿਨਾਰਾ ਕਰਕੇ ਲੈਣ-ਦੇਣ ਦੇ ਬਦਲਵੇਂ ਪ੍ਰਬੰਧਾਂ ਬਾਰੇ ਵਿਚਾਰ ਕਰਨਾ ਸ਼ੁਰੂ ਕਰ ਦਿੱਤਾ ਹੈ।

ਵਪਾਰ ਤੇ ਮੁਦਰਾ ਬਜ਼ਾਰ ਵਿੱਚ ਪੱਛਮੀ ਬੰਦਸ਼ਾਂ ਦੇ ਮੱਦੇਨਜ਼ਰ ਰੂਸ, ਚੀਨ ਤਾਂ ਪਿਛਲੇ ਕੁੱਝ ਸਾਲਾਂ ਤੋਂ ਹੀ ਆਪਣਾ ਵਪਾਰ ਤੇ ਅਸਾਸੇ ਡਾਲਰ ਦੀ ਥਾਂ ਚੀਨੀ ਮੁਦਰਾ ਯੂਆਨ ਵਿੱਚ ਕਰ ਰਹੇ ਹਨ। 2016 ਵਿੱਚ ਰੂਸ-ਚੀਨ ਵਪਾਰ ਵਿੱਚ ਡਾਲਰ ਦੀ ਹਿੱਸੇਦਾਰੀ 90% ਤੱਕ ਹੁੰਦੀ ਸੀ ਜਿਹੜੀ ਹੁਣ ਘਟਕੇ 50% ਤੋਂ ਵੀ ਹੇਠਾਂ ਆ ਚੁੱਕੀ ਹੈ ਤੇ ਅੱਗੇ ਇਸ ਦੇ ਹੋਰ ਘਟਣ ਦਾ ਰੁਝਾਨ ਜਾਰੀ ਰਹੇਗਾ। ਇਸੇ ਤਰ੍ਹਾਂ ਸਾਊਦੀ ਅਰਬ ਵੀ ਚੀਨ ਨਾਲ਼ ਆਪਣੇ ਤੇਲ ਕਾਰੋਬਾਰ ਦੀ ਅਦਾਇਗੀ ਯੂਆਨ ਵਿੱਚ ਕਰਨ ਲਈ ਗੱਲਬਾਤ ਚਲਾ ਰਿਹਾ ਹੈ। ਓਧਰ ਵਧਦੀਆਂ ਤੇਲ ਕੀਮਤਾਂ ਕਾਰਨ ਰੂਸ ਵੱਲੋਂ ਘੱਟ ਰੇਟ 'ਤੇ ਦਿੱਤੇ ਜਾ ਰਹੇ ਤੇਲ ਨੂੰ ਹਾਸਲ ਕਰਨ ਲਈ ਭਾਰਤ ਵੀ ਰੁਪਈਏ-ਰੂਬਲ ਦੇ ਮਾਧਿਅਮ ਰਾਹੀਂ ਅਦਾਇਗੀ ਕਰਨ ਦਾ ਪ੍ਰਬੰਧ ਟਟੋਲ ਰਿਹਾ ਹੈ। ਨਾਲ਼ ਹੀ ਰੂਸੀ ਸਦਰ ਪੁਤਿਨ ਨੇ ਵੀ ਯੂਰਪ ਦੇ ਮੁਲਕਾਂ ਕੋਲ਼ੋਂ ਰੂਸੀ ਤੇਲ ਤੇ ਗੈਸ ਬਦਲੇ ਅਦਾਇਗੀ ਡਾਲਰ ਦੀ ਥਾਂ ਰੂਬਲ ਵਿੱਚ ਕਰਨ ਲਈ ਆਖਿਆ ਹੈ। ਇਸ ਨਾਲ਼ ਕਈ ਯੂਰਪੀ ਮੁਲਕਾਂ ਦੀ ਹਾਲਤ ਕਸੂਤੀ ਬਣ ਗਈ ਹੈ ਕਿਉਂਕਿ ਇੱਕ ਪਾਸੇ ਤਾਂ ਉਹ ਰੂਸ 'ਤੇ ਲਾਈਆਂ ਅਮਰੀਕੀ ਬੰਦਸ਼ਾਂ ਦੀ ਹਮਾਇਤ ਕਰ ਰਹੇ ਹਨ ਤੇ ਦੂਜੇ ਪਾਸੇ ਰੂਸ ਦੇ ਊਰਜਾ ਸਰੋਤਾਂ 'ਤੇ ਬੇਹੱਦ ਨਿਰਭਰ ਵੀ ਹਨ। ਇਸ ਲਈ ਭਾਵੇਂ ਅਮਰੀਕਾ ਦੇ ਸੰਗੀ ਹੀ ਹਨ ਪਰ ਤਾਂ ਵੀ ਯੂਰਪ ਦੇ ਕਈ ਮੁਲਕ ਰੂਸ ਨਾਲ਼ ਡਾਲਰ ਤੋਂ ਅਲਹਿਦਾ ਕੋਈ ਲੈਣ-ਦੇਣ ਦਾ ਰਾਹ ਵਿਚਾਰ ਰਹੇ ਹਨ। ਨਾਟੋ ਮੈਂਬਰ ਹੰਗਰੀ ਨੇ ਤਾਂ ਪਿਛਲੇ ਦਿਨੀਂ ਰੂਬਲ ਵਿੱਚ ਅਦਾਇਗੀ ਕਰਨਾ ਸਵੀਕਾਰ ਵੀ ਲਿਆ ਹੈ।

ਅਡਾਲਰੀਕਰਨ ਦਾ ਰੁਝਾਨ ਏਸ਼ੀਆ, ਅਫਰੀਕਾ ਤੇ ਲਾਤੀਨੀ ਅਮਰੀਕਾ ਦੇ ਮੁਲਕਾਂ ਵਿੱਚ ਵਧੇਰੇ ਤੇਜ ਹੋਣ ਦੀ ਸੰਭਾਵਨਾ ਹੈ ਕਿਉਂਕਿ ਇਹਨਾਂ ਮਹਾਂਦੀਪਾਂ ਦੇ ਮੁਲਕਾਂ ਨੇ ਰੂਸ ਦੀ ਆਰਥਿਕ ਘੇਰਾਬੰਦੀ ਦੇ ਮਾਮਲੇ ਵਿੱਚ ਕੋਈ ਧਿਰ ਨਹੀਂ ਮੱਲ੍ਹੀ। ਇਹਨਾਂ ਮੁਲਕਾਂ ਤੱਕ ਇਹ ਸੁਨੇਹਾ ਗਿਆ ਹੈ ਕਿ ਜੇਕਰ ਉਹ ਕੱਲ੍ਹ ਨੂੰ ਅਮਰੀਕੀ ਕੈਂਪ ਤੋਂ ਬਾਹਰ ਹੁੰਦੇ ਹਨ ਜਾਂ ਉਸ ਦੀ ਨਾਫਰਮਾਨੀ ਕਰਦੇ ਹਨ ਤਾਂ ਉਹਨਾਂ ਦੇ ਡਾਲਰ ਅਸਾਸੇ ਵੀ ਠੱਪ ਕੀਤੇ ਜਾ ਸਕਦੇ ਹਨ ਜਿਵੇਂ ਹੁਣ ਰੂਸ ਦੇ ਕੀਤੇ ਗਏ ਜਾਂ ਪਹਿਲੋਂ ਵੈਨੇਜ਼ੁਏਲਾ ਤੇ ਅਫਗਾਨਿਸਤਾਨ ਦੇ ਕੀਤੇ ਗਏ।

**ਡਾਲਰ ਦੇ ਦਬਦਬੇ ਤੋਂ ਅਡਾਲਰੀਕਰਨ ਵੱਲ** : ਦੂਜੀ ਸੰਸਾਰ ਜੰਗ ਤੋਂ ਬਾਅਦ ਅਮਰੀਕੀ ਸਾਮਰਾਜ ਸਭ ਤੋਂ ਵੱਡੀ ਸਾਮਰਾਜੀ ਤਾਕਤ ਬਣਕੇ ਉੱਭਰਿਆ। ਬਰਤਾਨਵੀ ਸਾਮਰਾਜ ਦੋ ਸੰਸਾਰ ਜੰਗਾਂ ਵਿੱਚ ਮਨੁੱਖਤਾ ਨੂੰ ਝੋਕਣ ਮਗਰੋਂ ਵੀ ਆਪਣੇ ਨਿਘਾਰ ਨੂੰ ਨਹੀਂ ਰੋਕ ਸਕਿਆ। ਬਰਤਾਨੀਆ ਦੂਜੀ ਸੰਸਾਰ ਜੰਗ ਮਗਰੋਂ ਬੇਹੱਦ ਕਮਜ਼ੋਰ ਹੋ ਕੇ ਨਿੱਕਲਿਆ। ਅਮਰੀਕੀ ਸਾਮਰਾਜ ਅੱਗੇ ਇਸ ਨੂੰ ਆਪਣੇ ਕਈ ਇਲਾਕੇ ਛੱਡਣੇ ਪਏ ਤੇ ਆਪਣੀ ਧਰਤੀ 'ਤੇ ਅਮਰੀਕੀ ਫੌਜੀ ਅੱਡਿਆਂ ਦੀ ਕਾਇਮੀ ਲਈ ਮੰਨਣਾ ਪਿਆ। 1944 ਦੀ ਬ੍ਰੈਟਨ ਵੁਡਜ਼ ਸੰਧੀ ਰਾਹੀਂ ਅਮਰੀਕੀ ਚੜ੍ਹਤ 'ਤੇ ਮੋਹਰ ਲੱਗ ਗਈ ਜਦ ਅਮਰੀਕੀ ਡਾਲਰ ਨੂੰ ਕੌਮਾਂਤਰੀ ਮੁਦਰਾ ਵਜੋਂ ਸਥਾਪਿਤ ਕਰ ਦਿੱਤਾ ਗਿਆ।

ਦੂਜੀ ਸੰਸਾਰ ਜੰਗ ਤੋਂ ਬਾਅਦ ਤੋਂ ਹੀ ਅਮਰੀਕੀ ਡਾਲਰ ਸੰਸਾਰ ਦੀ ਰਾਖਵੀਂ ਮੁਦਰਾ ਵਜੋਂ ਕੰਮ ਕਰਦਾ ਰਿਹਾ ਹੈ ਅਜਿਹੀ ਮੁਦਰਾ ਜਿਸ ਦੀ ਵਰਤੋਂ ਸੰਸਾਰ ਵਪਾਰ ਵਿੱਚ ਹੁੰਦੀ ਹੈ ਤੇ ਇਸੇ ਕਰਕੇ ਵੱਖ-ਵੱਖ ਮੁਲਕਾਂ ਦੇ ਕੇਂਦਰੀ ਬੈਂਕ ਆਪਣੇ ਵਿਦੇਸ਼ੀ ਮੁਦਰਾ ਭੰਡਾਰ ਇਸ ਵਿੱਚ ਰੱਖਣ ਨੂੰ ਤਰਜੀਹ ਦਿੰਦੇ ਰਹੇ ਹਨ। ਡਾਲਰ ਦੇ ਇਸੇ ਦਬਦਬੇ ਕਾਰਨ ਦੂਜੀ ਸੰਸਾਰ ਜੰਗ ਤੋਂ ਮਗਰੋਂ ਦੇ ਢਾਈ-ਤਿੰਨ ਦਹਾਕੇ ਅਮਰੀਕੀ ਸਾਮਰਾਜ ਆਪਣੀਆਂ ਸਾਮਰਾਜੀ ਜੰਗਾਂ, ਸੰਸਾਰ ਦੀ ਪੁਲਸਦਾਰੀ ਕਰਦੀ ਆਪਣੀ ਫੌਜ ਦੇ ਖਰਚਿਆਂ ਨੂੰ ਕਾਇਮ ਰੱਖਣ ਦੇ ਬੋਝ ਨੂੰ ਚੁੱਕ ਸਕਿਆ। ਪਰ ਅਮਰੀਕੀ ਧੌਂਸ ਨੂੰ ਪਹਿਲਾ ਵੱਡਾ ਝਟਕਾ ਵੀਅਤਨਾਮ ਜੰਗ ਵਿੱਚ ਕਮਿਊਨਿਸਟ ਇਨਕਲਾਬੀਆਂ ਹੱਥੋਂ ਮਿਲ਼ੀ ਕਰਾਰੀ ਹਾਰ ਤੋਂ ਲੱਗਾ। ਆਪਣੇ ਅਰਥਚਾਰੇ ਦੇ ਸੰਕਟ ਤੇ ਵੀਅਤਨਾਮ ਜੰਗ 'ਤੇ ਹੋਏ ਖਰਚੇ ਨੇ ਅਮਰੀਕਾ ਦੇ ਅਦਾਇਗੀਆਂ ਦੇ ਸੰਤੁਲਨ ਨੂੰ ਕਾਫੀ ਵਿਗਾੜ ਦਿੱਤਾ ਸੀ। ਇਸ ਪਹਿਲੇ ਸੰਕਟ ਤੋਂ ਪਾਰ ਪਾਉਣ ਲਈ ਡਾਲਰ-ਸੋਨਾ ਮਾਨਕ ਵਾਲ਼ੇ ਬ੍ਰੈਟਨ ਵੁਡਜ਼ ਪ੍ਰਬੰਧ ਨੂੰ 1971 ਵਿੱਚ ਤੋੜ ਦਿੱਤਾ ਗਿਆ। ਇਸ ਤੋਂ ਬਾਅਦ ਭਾਵੇਂ ਡਾਲਰ ਦੀ ਸਰਦਾਰੀ ਬਰਕਰਾਰ ਰਹੀ ਪਰ ਇਹ ਅਮਰੀਕੀ ਅਰਥਚਾਰੇ ਦੀ ਅੰਦਰੂਨੀ ਮਜ਼ਬੂਤੀ ਦਾ ਸੰਕੇਤ ਹੋਣ ਨਾਲ਼ੋਂ ਕਿਸੇ ਮੁਕਾਬਲੇ ਦੇ ਨਵੇਂ ਸਾਮਰਾਜੀ ਖਿਡਾਰੀ ਦੀ ਗੈਰ-ਮੌਜੂਦਗੀ ਕਾਰਨ ਵਧੇਰੇ ਸੀ ਜਿਸ ਕਰਕੇ ਦਿਨੋਂ-ਦਿਨ ਮੁਕਾਬਲਤਨ ਕਮਜ਼ੋਰ ਹੁੰਦੀ ਬੁਨਿਆਦ ਦੇ ਬਾਵਜੂਦ ਅਮਰੀਕੀ ਅਰਥਚਾਰਾ ਸੰਸਾਰ ਦਾ ਸਭ ਤੋਂ ਵੱਡਾ ਅਰਥਚਾਰਾ ਬਣਿਆ ਰਿਹਾ ਤੇ ਇਸੇ ਕਰਕੇ ਡਾਲਰ ਦੀ ਸਰਦਾਰੀ ਵੀ ਬਣੀ ਰਹੀ। ਪਰ ਪਿਛਲੇ ਪੰਦਰਾਂ-ਵੀਹ ਸਾਲਾਂ ਤੋਂ ਅਮਰੀਕਾ ਦੀ ਮੁਕਾਬਲਤਨ ਆਰਥਿਕ ਗਿਰਾਵਟ, ਇਰਾਕ-ਅਫਗਾਨਿਸਤਾਨ ਵਿੱਚ ਥੋਪੀਆਂ ਜੰਗਾਂ ਕਾਰਨ ਖੁਦ ਦੇ ਹੋਏ ਨੁਕਸਾਨ ਤੇ ਚੀਨ ਦੇ ਉਭਾਰ ਨੇ ਇਸ ਸਰਦਾਰੀ 'ਤੇ ਅਸਲੋਂ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ।

**ਅਡਾਲਰੀਕਰਨ ਜਾਣੀ ਅੰਤਰ-ਸਾਮਰਾਜੀ ਟਕਰਾਵਾਂ ਦਾ ਹੋਰ ਤਿੱਖਾ ਹੋਣਾ ਜਾਣੀ ਕਿਰਤੀਆਂ ਦੀ ਹੋਰ ਵਧੇਰੇ ਤਬਾਹੀ ਦਾ ਸਬੱਬ** : ਭਾਵੇਂ ਇਸ ਵੇਲ਼ੇ ਅਮਰੀਕੀ ਡਾਲਰ ਕੁੱਲ ਕੌਮਾਂਤਰੀ ਅਦਾਇਗੀਆਂ ਦਾ 40% ਤੇ ਕੁੱਲ ਰਾਖਵੇਂ ਮੁਦਰਾ ਭੰਡਾਰਾਂ ਦਾ 59% ਹਿੱਸਾ ਬਣਦਾ ਹੈ ਪਰ ਪਿਛਲੇ ਦੋ ਦਹਾਕਿਆਂ ਤੋਂ ਇਸ ਹਿੱਸੇ ਵਿੱਚ ਸਹਿਜੇ-ਸਹਿਜੇ ਕਮੀ ਆਉਂਦੀ ਗਈ ਹੈ। ਕੌਮਾਂਤਰੀ ਮੁਦਰਾ ਕੋਸ਼ ਦੇ ਪੇਪਰ ਮੁਤਾਬਕ 1999 ਵਿੱਚ ਸੰਸਾਰ ਦੇ ਕੇਂਦਰੀ ਬੈਂਕਾਂ ਦੇ ਰਾਖਵੇਂ ਭੰਡਾਰਾਂ ਵਿੱਚ ਡਾਲਰ ਦਾ ਹਿੱਸਾ 71% ਸੀ ਜਿਹੜਾ 2021 ਤੱਕ ਘਟਕੇ 59% ਰਹਿ ਗਿਆ। ਇਸ ਗਿਰਾਵਟ ਦੀ ਭਰਪਾਈ ਲਗਭਗ ਪੱਚੀ ਫੀਸਦੀ ਚੀਨੀ ਯੁਆਨ ਤੇ ਬਾਕੀ 75% ਹੋਰ ਛੋਟੇ ਅਰਥਚਾਰਿਆਂ ਦੀਆਂ ਮੁਦਰਾਵਾਂ ਜਿਵੇਂ ਕਿ ਆਸਟ੍ਰੇਲੀਆਈ ਤੇ ਕਨੇਡੀਆਈ ਡਾਲਰ ਤੇ ਕੋਰੀਆਈ ਵੋਨ ਤੋਂ ਹੋਈ ਹੈ। ਪਰ ਅਜੇ ਵੀ ਹੋਰ ਮੁਦਰਾਵਾਂ ਯੂਰੋ, ਪਾਊਂਡ ਤੇ ਚੀਨੀ ਯੂਆਨ ਦਾ ਕੁੱਲ ਸੰਸਾਰ ਵਪਾਰ ਵਿੱਚ ਹਿੱਸਾ ਮੁਕਾਬਲਤਨ ਘੱਟ ਹੋਣ ਕਰਕੇ ਡਾਲਰ ਦੀ ਸਾਖ ਵਿੱਚ ਫੌਰੀ ਗਿਰਾਵਟ ਦੀ ਸੰਭਾਵਨਾ ਨਹੀਂ ਪਰ ਅਡਾਲਰੀਕਰਨ ਦਾ ਜੋ ਅਮਲ ਪਿਛਲੇ ਵੀਹ ਸਾਲਾਂ ਤੋਂ ਹੌਲ਼ੀ-ਹੌਲ਼ੀ ਚੱਲ ਰਿਹਾ ਹੈ ਉਸ ਦੇ ਰੂਸ ਵਾਲ਼ੇ ਘਟਨਾਕ੍ਰਮ ਤੋਂ ਬਾਅਦ ਤੇਜੀ ਫੜ੍ਹਨ ਦੀ ਸੰਭਾਵਨਾ ਹੈ। ਕੌਮਾਂਤਰੀ ਮੁਦਰਾ ਕੋਸ਼ ਤੋਂ ਲੈ ਕੇ ਸਰਮਾਏਦਾਰਾ ਅਰਥਸ਼ਾਸਤਰੀਆਂ ਤੇ ਮੀਡੀਆ ਵੱਲ਼ੋਂ ਲਗਾਤਾਰ ਇਸ ਦੀ ਚਰਚਾ ਕਰਨਾ ਹਾਕਮ ਗਲਿਆਰਿਆਂ ਵਿੱਚ ਡਾਲਰ ਦੀ ਸਾਖ ਸਬੰਧੀ ਚਿੰਤਾ ਨੂੰ ਦਿਖਾਉਂਦਾ ਹੈ।

ਮਜ਼ਦੂਰ ਤੇ ਕਿਰਤੀਆਂ ਦੇ ਪੱਖ ਤੋਂ ਇਸ ਅਮਲ ਦਾ ਕੀ ਨਤੀਜਾ ਹੋਵੇਗਾ? ਕੀ ਅਡਾਲਰੀਕਰਨ ਤੇ ਅਮਰੀਕੀ ਸਾਮਰਾਜ ਦੇ ਨਿਘਾਰ ਨਾਲ਼ ਸੰਸਾਰ ਭਾਰ ਦੇ ਕਿਰਤੀਆਂ ਦੀ ਜੂਨ ਸੁਧਰ ਜਾਵੇਗੀ? ਕੀ ਡਾਲਰ ਵਾਲ਼ਾ ਪ੍ਰਬੰਧ ਹੀ ਬਿਹਤਰ ਹੈ? ਡਾਲਰ ਦੀ ਥਾਂ ਕਿਹੜੀ ਮੁਦਰਾ ਲਵੇਗੀ?

ਬੇਸ਼ੱਕ ਅਡਾਲੀਕਰਨ ਦਾ ਅਮਲ ਸੰਸਾਰ ਸਿਆਸਤ ਵਿੱਚ ਵੱਡੀ ਘਟਨਾ ਹੈ ਤੇ ਇਹ ਸੰਸਾਰ ਸਰਮਾਏਦਾਰਾ ਪ੍ਰਬੰਧ ਨੂੰ ਹੋਰ ਵਧੇਰੇ ਅਸਥਿਰਤਾ ਵੱਲ ਲੈ ਕੇ ਜਾਵੇਗੀ ਪਰ ਇਸ ਨਾਲ਼ ਨਾ ਤਾਂ ਸਾਮਰਾਜ ਤੇ ਨਾ ਸਾਮਰਾਜੀ ਲੁੱਟ ਖਤਮ ਹੋਣੀ ਹੈ। ਹੁਣ ਤੱਕ ਚਲਦੇ ਆਏ ਡਾਲਰ ਪ੍ਰਬੰਧ ਵਿੱਚ ਜਿਸ ਤਰ੍ਹਾਂ ਸੰਸਾਰ ਭਰ ਦੇ ਕਿਰਤੀਆਂ ਦੀ ਲੁੱਟ ਹੁੰਦੀ ਸੀ ਓਹੀ ਲੁੱਟ ਡਾਲਰ ਬਗੈਰ ਵਾਲ਼ੇ ਪ੍ਰਬੰਧ ਵਿੱਚ ਵੀ ਜਾਰੀ ਰਹਿਣੀ ਹੈ ਭਾਵੇਂ ਡਾਲਰ ਦੀ ਥਾਂ ਚੀਨੀ ਮੁਦਰਾ ਲਵੇ ਜਾਂ ਕੋਈ ਹੋਰਾਂ ਮੁਦਰਾਵਾਂ ਦਾ ਜੁੱਟ।

ਦੂਜਾ ਨੁਕਤਾ ਇਹ ਕਿ ਅਮਰੀਕੀ ਸਾਮਰਾਜ ਨੇ ਡਾਲਰ ਦੀ ਇਸ ਗਿਰਾਵਟ ਨੂੰ ਬੈਠਕੇ ਤੱਕਦੇ ਹੀ ਨਹੀਂ ਰਹਿਣਾ। ਆਪਣੀ ਸਾਖ ਨੂੰ ਲਗਦੇ ਖੋਰੇ ਨੂੰ ਬਚਾਉਣ ਲਈ ਅਮਰੀਕਾ ਆਪਣੇ ਫੌਜੀ ਗਲਬੇ ਦਾ ਸਹਾਰਾ ਲੈ ਕੇ ਵਧੇਰੇ ਹਿੰਸਕ ਹੋਵੇਗਾ ਜਿਸ ਦਾ ਨਤੀਜਾ ਅਮਰੀਕਾ ਤੇ ਚੀਨ-ਰੂਸ ਦੇ ਸਾਮਰਾਜੀ ਧੜਿਆਂ ਵਿਚਕਾਰ ਬੇਹੱਦ ਤਿੱਖ ਹੁੰਦੇ ਟਕਰਾਵਾਂ ਦੇ ਰੂਪ ਵਿੱਚ ਸਾਨੂੰ ਵੇਖਣ ਨੂੰ ਮਿਲ਼ੇਗਾ। ਇਹ ਟਕਰਾਅ ਯੂਕਰੇਨ ਜੰਗ ਵਾਂਗੂੰ ਲੋਕਾਈ ਨੂੰ ਤਬਾਹੀ ਤੇ ਉਜਾੜੇ ਵੱਲ ਹੋਰ ਧੱਕੇਗਾ। ਅੱਜ ਸਰਮਾਏਦਾਰਾ ਪ੍ਰਬੰਧ ਕੋਲ਼ ਬ੍ਰੈਟਨ ਵੁਡਜ਼ ਜਿਹੇ ਸਮਝੌਤੇ ਵੱਲ਼ ਮੁੜਨ ਦਾ "ਹੱਲ" ਵੀ ਮੌਜੂਦ ਨਹੀਂ ਤੇ ਇਹ ਦਿਨੋਂ-ਦਿਨ ਵਧੇਰੇ ਅਸਥਿਰ, ਵਧੇਰੇ ਪਰਜੀਵੀ ਹੁੰਦਾ ਜਾ ਰਿਹਾ ਹੈ। ਮਜ਼ਦੂਰਾਂ, ਕਿਰਤੀਆਂ ਨੂੰ ਲੁੱਟ ਤੋਂ ਮੁਕਤੀ ਇਸ ਜਾਂ ਉਸ ਮੁਦਰਾ ਪ੍ਰਬੰਧ ਵਿੱਚ ਜਾਂ ਇਸ ਜਾਂ ਉਸ ਸਾਮਰਾਜੀ ਧੜੇ ਵਿੱਚ ਰਹਿਕੇ ਨਹੀਂ ਮਿਲ਼ਣੀ ਸਗੋਂ ਇਹਨਾਂ ਸਾਮਰਾਜੀ ਟਕਰਾਵਾਂ ਦੀ ਬੁਨਿਆਦ ਇਸ ਸਰਮਾਏਦਾਰਾ-ਸਾਮਰਾਜੀ ਪ੍ਰਬੰਧ ਨੂੰ ਬਦਲਕੇ ਹੀ ਮਿਲ਼ਣੀ ਹੈ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਭਾਰਤ 'ਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਜਲਦ : ਅਮਨਪ੍ਰੀਤ ਕੌਰ

ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ (NMOPS), ਫਰੰਟ ਅਗੇਂਸਟ ਐਨਪੀਐਸ ਇਨ ਰੇਲਵੇ (FANPSR), ਸੂਬਾ ਸਰਕਾਰਾਂ ਅਤੇ ਹੋਰ ਵਿਭਾਗਾਂ ਦੇ ਨਵੀਂ ਪੈਨਸ਼ਨ ਸਕੀਮ ਤਹਿਤ ਆਉਂਦੇ ਮੁਲਾਜ਼ਮ ਦੀਆਂ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਰਾਜਸਥਾਨ ਅਤੇ ਛੱਤੀਸਗੜ੍ਹ ਦੀਆਂ ਕਾਂਗਰਸ ਸਰਕਾਰਾਂ ਨੇ ਨਵੀਂ ਪੈਨਸ਼ਨ ਸਕੀਮ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਐਲਾਨ ਕਰ ਦਿੱਤਾ ਹੈ। ਜੋ ਕਿ 1 ਅਪ੍ਰੈਲ 2022 ਤੋਂ ਲਾਗੂ ਹੋ ਗਿਆ ਹੈ। ਵਰਣਨਯੋਗ ਹੈ ਕਿ ਇਹ ਦੋਨੋਂ ਸੂਬੇ ਦੇਸ਼ ਦੇ ਵੱਡੇ ਸੂਬੇ ਹਨ ਅਤੇ ਦੋਵਾਂ ਵਿਚ ਕਾਂਗਰਸ ਪਾਰਟੀ ਦੀਆਂ ਸਰਕਾਰਾਂ ਹਨ। ਜ਼ਿਕਰਯੋਗ ਹੈ ਕਿ 22 ਦਸੰਬਰ 2003 ਨੂੰ ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਇੱਕ ਆਰਡੀਨੈਂਸ ਜਾਰੀ ਕਰ ਕਰਮਚਾਰੀਆਂ ਦੀ ਪੈਨਸ਼ਨ ਨੂੰ ਦੇਸ਼ ਦੇ ਅਰਥਚਾਰੇ 'ਤੇ ਬੋਝ ਦੱਸਦਿਆਂ 1 ਜਨਵਰੀ 2004 ਅਤੇ ਉਸ ਤੋਂ ਬਾਅਦ ਸਰਕਾਰੀ ਅਦਾਰਿਆਂ ਵਿਚ ਭਰਤੀ ਕਰਮਚਾਰੀਆਂ ਉਪਰ 'ਨਿਸ਼ਚਿਤ ਲਾਭ ਦੀ ਜਗ੍ਹਾ ਨਿਸ਼ਚਿਤ ਕਟੌਤੀ ਵਾਲੀ' 'ਤੇ ਸ਼ੇਅਰ ਬਾਜ਼ਾਰ ਅਧਾਰਿਤ ਨਵੀਂ ਪੈਨਸ਼ਨ ਸਕੀਮ ਥੋਪ ਦਿਤੀ ਸੀ। ਜਿਸ ਨੂੰ 2013 ਵਿੱਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਲਗਭਗ ਦਸ ਸਾਲ ਬਾਅਦ ਸੰਸਦ ਵਿੱਚ ਭਾਜਪਾ ਦੀ ਮਦਦ ਨਾਲ ਕਾਨੂੰਨ ਬਣਾ ਦਿੱਤਾ ਸੀ ਅਤੇ ਇਸਨੂੰ ਪੈਨਸ਼ਨ ਸੁਧਾਰਾਂ ਦਾ ਪਹਿਲਾ ਪੜਾਅ ਦੱਸਿਆ ਸੀ। ਦੇਸ਼ ਭਰ ਵਿੱਚ ਚਲ ਰਹੇ ਸੰਘਰਸ਼ ਦੇ ਦਬਾਅ ਦਾ ਅਸਰ ਦੇਖੋ ਕਿ ਅੱਜ ਉਸੇ ਕਾਂਗਰਸ ਨੂੰ 2013 ਵਿੱਚ ਕੀਤੇ ਗਏ ਪੈਨਸ਼ਨ 'ਸੁਧਾਰਾਂ' ਤੋਂ ਬਿਲਕੁਲ ਉਲਟ ਸਟੈਂਡ ਲੈ ਕੇ ਐਨ.ਪੀ.ਐਸ. ਰੱਦ ਕਰਕੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਕਰਮਚਾਰੀਆਂ ਨੂੰ ਅਫਸੋਸ ਹੈ ਕਿ 2003 ਵਿੱਚ ਜਦੋਂ ਉਨ੍ਹਾਂ ਦੇ ਬੁਢਾਪੇ ਨੂੰ ਹਨੇਰੇ ਵਿੱਚ ਧੱਕਣ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਸਨ ਉਦੋਂ ਮਾਨਤਾ ਪ੍ਰਾਪਤ ਟਰੇਡ ਯੂਨੀਅਨਾਂ ਅਤੇ ਉਨ੍ਹਾਂ ਦੇ ਆਗੂਆਂ ਨੇ ਆਪਣੀ ਬਣਦੀ ਭੂਮਿਕਾ ਸਹੀ ਢੰਗ ਨਾਲ ਨਹੀਂ ਨਿਭਾਈ। ਇੰਨ੍ਹਾਂ ਆਗੂਆਂ ਨੇ ਐਨ.ਪੀ.ਐਸ ਦਾ ਅਧਿਐਨ ਕਰਨ ਦੀ ਬਜਾਏ ਸਰਕਾਰ ਦੀ ਬੋਲੀ ਬੋਲਣੀ ਸ਼ੁਰੂ ਕਰ ਦਿੱਤੀ ਅਤੇ ਮੁਲਾਜ਼ਮਾਂ ਨੂੰ ਗੁੰਮਰਾਹ ਕਰਨ ਦੀ ਸਰਕਾਰ ਦੀ ਸਾਜ਼ਿਸ਼ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਗਏ।

ਇੰਡੀਅਨ ਰੇਲਵੇ ਇੰਪਲਾਈਜ਼ ਫੈਡਰੇਸ਼ਨ (IREF) ਦੀ ਪਹਿਲੀ ਸੰਸਥਾ ਟੈਕਨੀਕਲ ਇੰਪਲਾਈਜ਼ ਐਸੋਸੀਏਸ਼ਨ ਆਫ ਰੇਲਵੇਜ਼ (TEAR) ਦੀ ਅਗਵਾਈ 'ਚ ਕੁਝ ਸਾਥੀਆਂ ਨੇ ਐਨਪੀਐੱਸ ਨੂੰ ਸਮਝਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤਾਂ ਦਾਲ 'ਚ ਕੁਝ ਕਾਲਾ ਲੱਗਿਆ। ਜਿਸ ਤੋਂ ਬਾਅਦ ਦੇਸ਼ ਦੇ ਨਾਮਵਰ ਪ੍ਰੋਫੈਸਰਾਂ, ਅਰਥ ਸ਼ਾਸਤਰੀਆਂ ਅਤੇ ਸਮਾਜ ਸ਼ਾਸਤਰੀਆਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਪਤਾ ਲੱਗਾ ਕਿ ਦਾਲ ਵਿੱਚ ਕੁਝ ਕਾਲਾ ਨਹੀਂ ਸਗੋਂ ਸਾਰੀ ਦਾਲ ਹੀ ਕਾਲੀ ਹੈ। ਲੰਮੇ ਵਿਚਾਰ-ਵਟਾਂਦਰੇ ਤੋਂ ਬਾਅਦ ਨਵੀਂ ਪੈਨਸ਼ਨ ਸਕੀਮ ਬਾਰੇ ਠੋਸ ਜਾਣਕਾਰੀ ਦੇਣ ਵਾਲਾ ਪੈਂਫਲੈਟ ਤਿਆਰ ਕਰਕੇ ਕੁਝ ਸਾਥੀ ਕਾਫਲੇ ਬੰਨ੍ਹ ਕੇ ਅਕਤੂਬਰ 2013 ਤੋਂ ਰੇਲਵੇ ਸਟੇਸ਼ਨਾਂ, ਸ਼ੈੱਡਾਂ, ਵਰਕਸ਼ਾਪਾਂ, ਫੈਕਟਰੀਆਂ, ਰੇਲਵੇ ਲਾਈਨਾਂ ਅਤੇ ਕੁਝ ਸਾਥੀ ਦੂਰ-ਦੁਰਾਡੇ ਭਾਰਤੀ ਰੇਲਵੇ ਦੇ ਦਿੱਲੀ, ਜੈਪੁਰ, ਲਖਨਊ, ਵਾਰਾਣਸੀ, ਮੁੰਬਈ, ਅਹਿਮਦਾਬਾਦ, ਰਾਏਬਰੇਲੀ ਆਦਿ ਸ਼ਹਿਰਾਂ ਵੱਲ ਰੇਲਵੇ ਕਰਮਚਾਰੀਆਂ ਨੂੰ ਜਾਗਰੂਕ ਕਰਨ ਲਈ ਤੁਰ ਪਏ। ਇਸ ਪੈਂਫਲੈਟ ਵੰਡਣ ਤੋਂ ਬਾਅਦ ਭਾਰਤੀ ਰੇਲਵੇ ਦੇ ਕੁਝ ਹਿੱਸਿਆਂ ਵਿੱਚ ਮੀਟਿੰਗਾਂ, ਨੁੱਕੜ ਮੀਟਿੰਗਾਂ, ਸੈਮੀਨਾਰ, ਧਰਨੇ, ਮੁਜ਼ਾਹਰੇ ਆਦਿ ਸ਼ੁਰੂ ਹੋ ਗਏ। ਰੇਲਵੇ ਪ੍ਰਸ਼ਾਸਨ ਤੇ ਭਾਰਤ ਸਰਕਾਰ ਨੂੰ ਐਨਪੀਐਸ ਰੱਦ ਕਰਨ ਲਈ ਮੰਗ ਪੱਤਰ ਦੇਣ, ਪੋਸਟ ਕਾਰਡ ਭੇਜਣ, ਦਸਤਖ਼ਤ ਮੁਹਿੰਮਾਂ ਸ਼ੁਰੂ ਹੋ ਗਈਆਂ। ਹੈਰਾਨੀ ਦੀ ਗੱਲ ਹੈ ਕਿ 2013 ਵਿੱਚ ਭਾਰਤੀ ਰੇਲਵੇ ਵਿੱਚ ਯੂਨੀਅਨ ਦੀ ਮਾਨਤਾ ਲਈ ਚੋਣਾਂ ਹੋਈਆਂ ਉਨ੍ਹਾਂ ਵਿੱਚ ਐਨਪੀਐਸ ਨੂੰ ਰੱਦ ਕਰਕੇ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਦਾ ਕੋਈ ਮੁੱਦਾ ਨਹੀਂ ਸੀ, ਪਰੰਤੂ ਅਪ੍ਰੈਲ 2014 ਵਿੱਚ ਰੇਲ ਕੋਚ ਫੈਕਟਰੀ, ਕਪੂਰਥਲਾ ਵਿੱਚ ਯੂਨੀਅਨ ਮਾਨਤਾ ਦੀਆਂ ਹੋਈਆਂ ਚੋਣਾਂ ਵਿੱਚ ਇਹ ਇੱਕ ਪ੍ਰਮੁੱਖ ਮੁੱਦਾ ਬਣ ਉਭਰਿਆ।

ਜਿਸ ਤੋਂ ਬਾਅਦ ਸੂਬਾ ਸਰਕਾਰਾਂ ਅਤੇ ਹੋਰ ਵਿਭਾਗਾਂ ਦੇ ਮੁਲਾਜ਼ਮਾਂ ਵਿੱਚ ਵੀ ਹਿਲਜੁਲ ਹੋਣੀ ਸ਼ੁਰੂ ਹੋ ਗਈ। ਜਦੋਂ ਮੁਲਾਜ਼ਮਾਂ ਦੀਆਂ ਸਥਾਪਤ ਜਥੇਬੰਦੀਆਂ ਨੇ ਨਵੀਂ ਪੈਨਸ਼ਨ ਸਕੀਮ ਵੱਲ ਬਹੁਤਾ ਧਿਆਨ ਨਾ ਦਿੱਤਾ ਤਾਂ ਐਨਪੀਐਸ ਮੁਲਾਜ਼ਮਾਂ ਦੀਆਂ ਵੱਖਰੀਆਂ ਜਥੇਬੰਦੀਆਂ ਹੋਂਦ ਵਿਚ ਆ ਗਈਆਂ ਅਤੇ ਰੇਲਵੇ ਵਿੱਚ ਐਨਪੀਐਸ ਮੁਲਾਜ਼ਮਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਐਨਪੀਐਸ ਖਿਲਾਫ਼ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਫਰੰਟ ਅਗੇਂਸਟ ਐਨਪੀਐਸ ਇਨ ਰੇਲਵੇ ਨਾਂ ਦਾ ਸੰਗਠਨ ਹੋਂਦ ਵਿਚ ਆਇਆ ਅਤੇ ਹੋਰ ਰਾਜਾਂ ਅਤੇ ਵਿਭਾਗਾਂ ਦੇ ਮੁਲਾਜ਼ਮ ਸੰਗਠਨਾਂ ਨਾਲ ਸਬੰਧ ਬਣਨੇ ਸ਼ੁਰੂ ਹੋ ਗਏ, ਇੱਕ ਦੂਜੇ ਦੇ ਵਿਭਾਗ ਵਿੱਚ ਆਉਣ ਜਾਣ ਸ਼ੁਰੂ ਹੋ ਗਿਆ, ਵਿਚਾਰਾਂ ਦੀ ਸਾਂਝ ਪੈਣ ਲੱਗੀ, ਸਾਰੇ ਵਿਭਾਗਾਂ ਦੇ ਕਰਮਚਾਰੀ ਇੱਕਜੁੱਟ ਹੋਣ ਲੱਗੇ, ਧਰਨੇ, ਮੁਜ਼ਾਹਰੇ, ਮੰਗ ਪੱਤਰ ਆਦਿ ਦੇਣ ਵਿੱਚ ਤੇਜ਼ੀ ਆਉਣ ਲੱਗੀ। ਫਿਰ ਪੂਰੇ ਦੇਸ਼ ਵਿੱਚ ਨੈਸ਼ਨਲ ਮੂਵਮੈਂਟ ਫਾਰ ਓਲਡ ਪੈਨਸ਼ਨ ਸਕੀਮ (NMOPS) ਤੇ ਰੇਲਵੇ ਵਿੱਚ ਫ੍ਰੰਟ ਅਗੇਂਸਟ ਐਨਪੀਐਸ ਇਨ ਰੇਲਵੇ (FANPSR) ਦੇ ਬੈਨਰ ਹੇਠ ਇਕੱਠੇ ਹੋਏ ਦੇਸ਼ ਭਰ ਦੇ ਐਨਪੀਐਸ ਕਰਮਚਾਰੀਆਂ ਨੇ 30 ਅਪ੍ਰੈਲ 2018 ਨੂੰ ਦਿੱਲੀ ਚੱਲੋ ਦਾ ਸੱਦਾ ਦੇ ਦਿੱਤਾ। ਜਿਸ ਨਾਲ ਦੇਸ਼ ਭਰ ਦੇ ਐਨਪੀਐਸ ਕਰਮਚਾਰੀਆਂ ਵਿੱਚ ਭਾਰੀ ਉਤਸ਼ਾਹ ਦੀ ਲਹਿਰ ਦੌੜ ਗਈ। 26 ਨਵੰਬਰ 2018 ਨੂੰ ਰਾਮਲੀਲਾ ਮੈਦਾਨ ਵਿਖੇ ਇੱਕ ਹੋਰ ਵੱਡੀ ਇਤਿਹਾਸਕ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਰੇਲਵੇ ਦੇ ਹਜ਼ਾਰਾਂ ਕਰਮਚਾਰੀਆਂ ਸਮੇਤ ਦੇਸ਼ ਭਰ ਦੇ ਲੱਗਭਗ 3 ਲੱਖ ਕਰਮਚਾਰੀਆਂ ਦੇ

(ਬਾਕੀ ਸਫ਼ਾ 28 'ਤੇ)

ਪ੍ਰੋ. (ਡਾ.) ਕ੍ਰਿਸ਼ਨ ਕੁਮਾਰ ਰੱਤੂ

## ਇਸ ਬਹਾਦਰ ਪੱਤਰਕਾਰ ਦੀ ਸ਼ਹਾਦਤ ਨੂੰ ਸਿਜਦਾ ਹੈ

# ਫਲਸਤੀਨ ਦੀ ਬੇਬਾਕ ਪੱਤਰਕਾਰ ਸ਼ੀਰੀਂ ਅਬੂ

**ਅਲ ਜਜੀਰਾ ਦੀ ਫਲਸਤੀਨੀ ਪੱਤਰਕਾਰ ਸ਼ਰੀਨ ਅਬੂ ਅਖਲੇਹ ਨੂੰ ਇਜਰਾਇਲੀ ਕਾਬਜ ਫੌਜਾਂ ਵੱਲੋਂ ਗੋਲੀ ਮਾਰ ਦਿੱਤੀ ਹੈ। ਸਬੰਧਿਤ ਪੱਤਰਕਾਰ ਜੈਨਿਨ ਦੇ ਵੈਸਟ ਬੈਂਕ ਟਾਊਨ ਉੱਤੇ ਕੀਤੀ ਜਾ ਰਹੀ ਇਜਰਾਇਲੀ ਫੌਜ ਦੀ ਰੇਡ ਨੂੰ ਕਵਰ ਕਰ ਰਹੀ ਸੀ।**

ਬੁੱਧਵਾਰ 11 ਮਈ ਨੂੰ ਜੈਨਿਨ (ਪੱਛਮੀ ਕਿਨਾਰਾ, ਫਲਸਤੀਨ) ਵਿਚ ਜਦੋਂ ਫਲਸਤੀਨੀਆਂ ਨਾਲ ਇਜਰਾਇਲੀ ਫੌਜ ਦੀ ਟੱਕਰ ਚੱਲ ਰਹੀ ਸੀ ਤਾਂ ਗੋਲੀ ਲੱਗਣ ਨਾਲ ਫਲਸਤੀਨ ਦੀ ਨਿਡਰ, ਬੇਬਾਕ ਰਿਪੋਰਟਰ ਤੇ ਅਲ-ਜਜੀਰਾ ਚੈਨਲ ਦੀ ਸਟਾਰ ਪੱਤਰਕਾਰ ਸ਼ੀਰੀਂ ਅਬੂ ਅਕਲੇਹ ਦੀ ਮੌਤ ਹੋ ਗਈ। ਉਸ ਦੇ ਸਿਰ ਵਿਚ ਗੋਲੀ ਲੱਗੀ ਸੀ (ਕੁਝ ਰਿਪੋਰਟਾਂ ਹਨ ਕਿ ਫੌਜ ਨੇ ਉਸ ਦੇ ਗੋਲੀ ਮਾਰੀ)।

ਪੱਤਰਕਾਰੀ ਦੀ ਦੁਨੀਆ ਵਿਚ ਉਸ ਦੀ ਮੌਤ ਦਾ ਸੋਗ ਮਨਾਇਆ ਜਾ ਰਿਹਾ ਹੈ। ਪੰਝੀ ਵਰ੍ਹਿਆਂ ਤੋਂ ਉਹ ਅਲ-ਜਜੀਰਾ ਦੀ ਐਂਕਰ ਅਤੇ ਹਰ ਮੋਰਚੇ ਤੋਂ ਰਿਪੋਰਟ ਕਰਨ ਵਾਲੀ ਪੱਤਰਕਾਰ ਸੀ। ਉਹ ਅਜਿਹੀ ਰਿਪੋਰਟਰ ਸੀ ਜਿਸ ਦੀਆਂ ਰਿਪੋਰਟਾਂ ਵਿਚੋਂ ਆਮ ਆਦਮੀ ਨੂੰ ਆਪਣੇ ਦੁੱਖ ਸੁੱਖ ਝਾਤੀਆਂ ਮਾਰਦੇ ਦਿਸਦੇ ਸਨ। ਇਸ ਹਿਸਾਬ ਉਹ ਜਸ ਖੱਟਣ ਵਾਲੀ ਸਖਸੀਅਤ (ਸਲੈਬ੍ਰਿਟੀ) ਤੋਂ ਘੱਟ ਨਹੀਂ ਸੀ। ਲੋਕ ਖੜੇ ਹੋ ਕੇ ਉਸ ਦੀ ਰਿਪੋਰਟਿੰਗ ਦੇਖਦੇ ਸਨ। ਉਸ ਦੀਆਂ ਰਿਪੋਰਟਾਂ ਵਿਚ ਅਰਬੀ ਭਾਸ਼ਾ ਦੀ ਦੀਵਾਨਗੀ ਝਲਕਦੀ ਸੀ ਅਤੇ ਉਸ ਦੀ ਰਿਪੋਰਟ ਅਦਾਇਗੀ ਵਿਚ ਅੰਤਾਂ ਦੀ ਲੈਅ ਹੁੰਦੀ ਸੀ। ਸ਼ੀਰੀਂ ਅਬੂ ਦੀ ਮੌਤ ਨੂੰ ਪੱਤਰਕਾਰਤਾ ਵਿਚ ਸੱਚਾਈ ਦੀ ਮੌਤ ਕਿਹਾ ਗਿਆ ਹੈ। ਪੂਰੀ ਦੁਨੀਆ ਵਿਚ ਇਸ ਘਟਨਾ ਨੂੰ ਪ੍ਰੈਸ ਦੀ ਅਜਾਦੀ ਤੇ ਹਮਲਾ ਤੇ ਪ੍ਰੇਮ ਵਿਸ਼ੇਸ਼ਕਰ ਟੀ.ਵੀ. ਦੀ ਆਵਾਜ ਨੂੰ ਬੰਦ ਕਰਨ ਦੀ ਕੋਸ਼ਿਸ਼ ਕਿਹਾ ਗਿਆ ਹੈ। ਅਮਰਕੀ ਪ੍ਰੈੱਸ ਤੇ ਵਾਈਟ ਹਾਊਸ ਨੇ ਇਜਰਾਇਲ ਦੀ ਇਸ ਘਟਨਾ ਦੀ ਨਿੰਦਾ ਕੀਤੀ ਹੈ। ਇਸ ਘਟਨਾ ਨੂੰ ਨਿਊਯਾਰਕ ਟਾਇਮਜ ਨੇ 'ਕੋਲਡ ਬਲੱਡ ਹੋਰੀ ਫਾਈਰਾਂ ਕ੍ਰਾਇਮ' ਤੀਕ ਕਿਹਾ ਹੈ।

ਖਬਰਾਂ ਭਾਵੇਂ ਜੰਗ ਦੇ ਮੈਦਾਨ ਦੀਆਂ ਹੋਣ ਜਾਂ ਫਲਸਤੀਨ ਦੀਆਂ ਗਲੀਆਂ ਵਿਚ ਬੰਬ ਧਮਾਕਿਆਂ ਦੀਆਂ; ਮੌਤ, ਬਾਰੂਦ ਤੇ ਧੂੰਏ ਵਿਚ ਅਲ-ਜਜੀਰਾ ਦੀ ਸਕਰੀਨ 'ਤੇ ਸ਼ੀਰੀਂ ਦਾ ਚਿਹਰਾ ਦਿਖਾਈ ਦਿੰਦਾ ਸੀ। ਉਹ ਫਲਸਤੀਨੀ ਪਛਾਣ ਦਾ ਅਜਿਹਾ ਚਿੰਨ੍ਹ ਬਣ ਗਈ ਸੀ ਕਿ ਉਸ ਨੂੰ ਫਲਸਤੀਨ ਦੇ ਹਰ ਘਰ ਵਿਚ ਪਰਿਵਾਰ ਦੇ ਜੀਅ ਵਾਂਗ ਜਾਣਿਆ ਜਾਂਦਾ ਸੀ। ਪੱਤਰਕਾਰੀ ਕਰਨ ਵਾਲੇ ਜਾਣਦੇ ਹਨ ਕਿ ਇਸ ਮੁਕਾਮ 'ਤੇ ਕੋਈ ਕਿਵੇਂ ਪਹੁੰਚਦਾ ਹੈ।




ਅੱਜ ਪੂਰੀ ਦੁਨੀਆ ਵਿਚ ਪੱਤਰਕਾਰੀ ਖਤਰਿਆਂ ਨਾਲ ਭਰੀ ਹੋਈ ਹੈ। 'ਰਿਪੋਰਟਰਜ ਵਿਦਾਊਟ ਬਾਰਡਰਜ' ਦੀ ਰਿਪੋਰਟ ਵਿਚ ਮੱਧ-ਪੂਰਬ ਦੇ ਮੁਲਕਾਂ ਖਾਸਕਰ ਫਲਸਤੀਨ, ਸੀਰੀਆ, ਇਰਾਕ, ਇਰਾਨ ਸਮੇਤ ਲੀਬੀਆ, ਤੁਰਕੀ ਆਦਿ ਤੋਂ ਬਿਨਾਂ ਹੋਰ ਕਈ ਏਸ਼ਿਆਈ ਮੁਲਕਾਂ ਵਿਚ ਹੁਣ ਪੱਤਰਕਾਰੀ ਨੂੰ ਜੋਖਿਮ ਭਰਿਆ ਪੇਸ਼ਾ ਕਰਾਰ ਦਿੱਤਾ ਗਿਆ ਹੈ ਸ਼ੀਰੀਂ ਵਰਗੇ ਪੱਤਰਕਾਰ ਜਾਨ ਦਾ ਖਤਰਾ ਉਠਾ ਕੇ ਹਰ ਸਮੇਂ ਖਬਰਾਂ 'ਤੇ ਪਹਿਰਾ ਦਿੰਦੇ ਰਹੇ ਹਨ। ਸ਼ੀਰੀਂ ਦੀ ਮੌਤ ਨੂੰ ਦਿਲ ਦਹਿਲਾ ਦੇਣ ਵਾਲਾ ਅਪਰਾਧ ਵੀ ਕਿਹਾ ਗਿਆ ਹੈ।

ਯੇਰੋਸ਼ਲਮ ਦੀ ਇਸ ਹੋਣਹਾਰ ਧੀ ਦਾ ਜਨਮ ਇਸੇ ਸ਼ਹਿਰ ਵਿਚ 3 ਜਨਵਰੀ 1971 ਨੂੰ ਪੈਦਾ ਹੋਈ ਸੀ। 51 ਵਰ੍ਹਿਆਂ ਦੀ ਸ਼ੀਰੀਂ ਕੋਲ ਅਮਰੀਕੀ ਨਾਗਰਿਕਤਾ ਸੀ ਅਤੇ ਯਾਰਮਾਊਂਕ ਯੂਨੀਵਰਸਿਟੀ (ਜਾਰਡਨ) ਤੋਂ ਪੱਤਰਕਾਰੀ ਦੀ ਡਿਗਰੀ ਲੈ ਕੇ ਆਈ ਸੀ। ਬੈਥਲਹੈਮ (ਪੱਛਮੀ ਕਿਨਾਰਾ, ਫਲਸਤੀਨ) ਵਿਚ ਪੜ੍ਹਦਿਆਂ ਉਸ ਨੇ ਜਾਰਡਨ ਵਿਚ ਪੜ੍ਹਨ ਦਾ ਸੋਚਿਆ ਤੇ ਇਹ ਸੁਪਨਾ ਪੱਤਰਕਾਰੀ ਦੀ ਡਿਗਰੀ ਨਾਲ ਪੂਰਾ ਕੀਤਾ। ਸ਼ੀਰੀਂ ਨੇ ਅਲ-ਜਜੀਰਾ ਵਿਚ ਆਉਣ ਤੋਂ ਪਹਿਲਾਂ ਵਾਇਸ ਆਫ ਪੈਲਸਟਾਈਨ ਤੇ ਰੇਡੀਓ ਮੌਂਟੇ ਕਾਰਲੋ ਵਿਚ ਵੀ ਕੰਮ ਕੀਤਾ। ਅਮਾਨ ਸੈਟੇਲਾਇਟ ਚੈਨਲ ਵਿਚ ਵੀ ਉਹ ਰਹੀ।

2018 ਤੋਂ 2022 ਤੱਕ 144 ਫਲਸਤੀਨੀ ਪੱਤਰਕਾਰਾਂ ਦੀ ਮੌਤ ਚੁੱਕੀ ਹੈ। ਇਨ੍ਹਾਂ ਅੰਕੜਿਆਂ ਵਿਚ ਹੁਣ ਸੀਰੀਂ ਵੀ ਸਾਮਿਲ ਹੋ ਗਈ ਹੈ। ਇਹ 'ਰਿਪੋਰਟਰਜ ਵਿਦਾਊਟ ਬਾਰਡਰਜ' ਦੀ ਰਿਪੋਰਟ ਹੈ। ਮੌਤ ਵੇਲੇ ਉਸ ਦੀ ਫਲੈਕ ਜੈਕਟ ਉੱਤੇ ਪ੍ਰੈੱਸ ਲਿਖਿਆ ਸਾਫ ਦਿਖਾਈ ਦਿੰਦਾ ਹੈ ਜੋ ਇਹ ਦੱਸਦਾ ਹੈ ਕਿ ਕਿਵੇਂ ਆਖਿਰੀ ਵਕਤ ਵੀ ਉਹ ਸ਼ਬਦਾਂ ਦੇ ਸੰਚਾਰ ਦੀ ਵਾਹਕ ਬਣੀ ਹੋਈ ਸੀ।

ਜੈਨਿਨ ਤੋਂ ਆਪਣੀ ਆਖਿਰੀ ਈਮੇਲ ਵਿਚ ਸ਼ੀਰੀਂ ਨੇ ਲਿਖਿਆ ਸੀ- ਇਥੇ ਧੂੰਆਂ ਹੈ ਤੇ ਗੋਲੀ ਚੱਲ ਰਹੀ ਹੈ, ਮੈਂ ਹੋਰ ਖਬਰਾਂ ਵਿਸਥਾਰ ਨਾਲ ਭੇਜਾਂਗੀ। ਤਸਵੀਰ ਥੋੜ੍ਹੀ ਸਾਫ ਹੋਣ ਦਿਉ। ਉਹ ਫਲੀਸਤੀਨੀਆਂ ਦੀ ਬੁਲੰਦ ਆਵਾਜ ਸੀ। ਉਹ ਸਹੀ ਅਰਥਾਂ ਵਿਚ ਪੱਤਰਕਾਰ ਸੀ। ਪੱਤਰਕਾਰ ਕ੍ਰਿਸਟਾਇਨ ਰਿਵਾਨੀ ਨੇ ਕਿਹਾ- ਉਹ ਸਾਡੀ ਪਛਾਣ ਅਤੇ ਆਵਾਜ ਸੀ। ਸਾਡੇ ਲਈ ਇਹ ਕਾਲਾ ਅਤੇ ਉਦਾਸੀ ਭਰਿਆ ਦਿਨ ਹੈ।

ਸ਼ੀਰੀਂ ਬਾਰੇ ਲਿਖਦਿਆਂ ਮੈਂ ਉਦਾਸ ਹਾਂ। ਉਹ ਭਾਵੇਂ ਉਮਰ ਵਿਚ ਛੋਟੀ ਸੀ ਪਰ ਜਰਮਨ ਪੱਤਰਕਾਰ ਸੰਮੇਲਨ ਦੌਰਾਨ ਦਿੱਲੀ ਤਿੰਨ ਦਿਨਾਂ ਦੀਆਂ ਯਾਦਾਂ ਜਿਹਨ ਵਿਚ ਤਾਜਾ ਹੋ ਗਈਆਂ। ਕਦੀ ਕਦੀ ਉਸ ਨਾਲ ਵ੍ਹੱਟਸਐਪ 'ਤੇ ਗੱਲ ਹੁੰਦੀ ਸੀ ਤਾਂ ਉਹ ਆਪਣੇ ਅਤੇ ਆਪਣੇ ਰੁਝੇਵਿਆਂ ਬਾਰੇ ਦੱਸਦੀ ਹੁੰਦੀ ਸੀ। ਉਹ ਮੁਹੱਬਤ ਭਰਿਆ ਤਸੱਵੁਰ ਸੀ। ਟੈਲੀਵਿਜਨ ਬ੍ਰਾਡਕਾਸਟਿੰਗ ਦੀ ਦੁਨੀਆ ਵਿਚ ਵਿਨੋਦ ਦੂਆ ਤੋਂ ਬਾਅਦ ਉਹ ਦੂਜੀ ਅਜਿਹੀ ਪੱਤਰਕਾਰ ਹੈ ਜਿਸ ਦੇ ਤੁਰ ਜਾਣ 'ਤੇ ਉਸ ਨੂੰ ਯਾਦ ਕਰਦਿਆਂ ਅੱਖਾਂ ਭਰ ਆਈਆਂ ਹਨ। ਉਹ ਸੱਚਮੁੱਚ ਵਧੀਆ ਇਨਸਾਨ ਅਤੇ ਸਾਫਗੋ ਮਿੱਤਰ ਸੀ ਜੋ ਯੁੱਧ ਦੇ ਮੈਦਾਨ ਤੋਂ ਕਵਰੇਜ ਕਰਦੀ ਵੀ ਆਪਣੇ ਮਿੱਤਰਾਂ ਨੂੰ ਫੋਨ ਕਰ ਲੈਂਦੀ ਹੈ। ਆਪਣੀ ਇਕ ਈਮੇਲ ਵਿਚ ਉਸ ਨੇ ਲਿਖਿਆ ਸੀ- ਖਬਰ ਦਾ ਸੱਚ ਉਹ ਹੈ ਜੋ ਤੁਹਾਡੇ ਸ਼ਬਦਾਂ ਤੋਂ ਸਿੱਧਾ ਸੁਣਨ ਵਾਲੇ ਨੂੰ ਦਿਲ ਤੱਕ ਹਿਲਾ ਦੇਵੇ।

ਇਹ ਸੋਚ ਕੇ ਮੈਂ ਡਾਢਾ ਉਦਾਸ ਹਾਂ ਕਿ ਹੁਣ ਕਦੀ ਉਹਦਾ ਫੋਨ ਨਹੀਂ ਆਵੇਗਾ।... ਖੈਰ! ਇਹੀ ਜਿੰਦਗੀ ਹੈ ਤੇ ਖਬਰਾਂ ਦੀ ਦੁਨੀਆ ਹੈ। ਸ਼ੀਰੀਂ ਖਬਰਾਂ ਦੀ ਦੁਨੀਆ ਦਾ ਅਦਭੁੱਤ ਸਿਤਾਰਾ ਸੀ। ਉਹ ਪੱਤਰਕਾਰੀ ਦੀ ਦੁਨੀਆ ਵਿਚ ਮਿਸਾਲ ਬਣ ਕੇ ਜਿੰਦਾ ਰਹੇਗੀ। ਦੋਸਤੀ ਦੀ ਇਹ ਆਵਾਜ ਭਾਵੇਂ ਖਾਮੋਸ਼ ਹੋ ਗਈ ਹੈ ਪਰ ਸੰਸਾਰ ਭਰ ਦੇ ਚੈਨਲ ਤੇ ਅਖਬਾਰਾਂ ਦੀਆਂ ਸੁਰਖੀਆਂ ਦੱਸ ਰਹੀਆਂ ਹਨ ਕਿ ਉਸ ਦੀ ਪੱਤਰਕਾਰੀ ਦਾ ਚਿਹਰਾ-ਮੁਹਰਾ ਕਿੰਨਾ ਬੁਲੰਦ ਸੀ।

ਉਸ ਨੂੰ ਸ਼ਰਧਾਜਲੀ ਉਸ ਦੀ ਇਕ ਈਮੇਲ ਵਿਚੋਂ ਦਿੱਤੀ ਜਾ ਸਕਦੀ ਹੈ ਜਿਸ ਵਿਚ ਉਸ ਨੇ ਲਿਖਿਆ ਸੀ:

**ਬਾਰੂਦ ਦਾ ਧੂੰਆਂ ਤੇ ਧਮਾਕੇ**
**ਕੈਮਰਾ, ਰਾਕੇਟ, ਫੌਜੀ**
**ਦਿਲ ਕਮਬਖਤ ਖਬਰੀ ਹੋ ਗਿਆ**
**ਮੰਨਦਾ ਹੀ ਨਹੀਂ**
**ਖਬਰ ਤਾਂ ਜਿੰਦਾ ਰਹੇਗੀ**
**ਫਲੀਸਤੀਨ ਦੀ ਗਾਜਾ ਪੱਟੀ ਤੋਂ**
**ਮੈਂ ਸ਼ੀਰੀਂ ਅਬੂ ਬੋਲ ਰਹੀ ਹਾਂ...।**

**ਸੰਪਰਕ:** 94787-30156









# ਪੰਜਾਬੀ ਫਿਲਮ "ਮਾਂ" ਇੱਕ ਨਜ਼ਰ



-ਬਲਰਾਜ ਕਾਹਲੋਂ
(ਬਰੈਂਪਟਨ)

ਅੱਜ-ਕੱਲ੍ਹ "ਮਾਂ" ਮੂਵੀ ਕਾਫੀ ਚਰਚਾ ਅਤੇ ਪੈਸਾ ਬਟੋਰ ਰਹੀ ਹੈ। ਭਾਵੁਕ ਹੋਏ ਲੋਕਾਂ ਦੀਆਂ ਇੰਟਰਵਿਊਆਂ ਬੰਦੇ ਵਿੱਚ ਉਤਸੁਕਤਾ ਪੈਦਾ ਕਰਦੀਆਂ ਹਨ ਕਿ ਪਤਾ ਨਹੀਂ ਫਿਲਮ ਐਡਾ ਕਿੱਡਾ ਕੁ ਸੁਨੇਹਾ ਲੈਕੇ ਆਈ ਆ ਕਿ ਲੋਕ ਕਹਿ ਰਹੇ ਹਨਕਿ ਇਹੋ ਜਿਹੀਆਂ ਫਿਲਮਾਂ ਬਣਨੀਆਂ ਚਾਹੀਦੀਆਂ ਹਨ। ਕੱਲ ਸਾਨੂੰ ਸਾਰੇ ਪਰਿਵਾਰ ਨੂੰ ਮੇਰੇ ਦੋਸਤ ਨੇ ਧੱਕੇ ਨਾਲ ਇਹ ਫਿਲਮ ਦਿਖਾ ਦਿੱਤੀ। ਸਾਰਿਆਂ ਨੂੰ ਇਹ ਸੀ ਕਿ ਮੈਂ ਫਿਲਮ ਦੇਖਦਿਆਂ ਮਾਂ ਨੂੰ ਯਾਦ ਕਰਕੇ ਭਾਵੁਕ ਹੋ ਕੇ ਰੋਣ ਲੱਗ ਪੈਣਾ। ਸਾਰੇ ਰਾਹ ਸਾਰੇ ਇਸ ਲਈ ਮੈਨੂੰ ਮਖੌਲ ਕਰਦੇ ਗਏ। ਪਰ ਫਿਲਮ ਦੇਖਣ ਉੱਤੇ ਮਨ ਮਾਯੂਸੀ ਤੇ ਗੁੱਸੇ ਨਾਲ ਭਰ ਗਿਆਕਿ ਇਹ ਕਿੰਨੀ ਕੱਚ-ਘਰੜ ਜਿਹੀ ਫਿਲਮ ਹੈ ਜਿਸ ਦਾ ਸਮਾਜ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੇ ਅਸਲ ਕਾਰਨਾਂ ਅਤੇ ਹੱਲ ਨਾਲ ਦੂਰ ਦੂਰ ਤੱਕ ਕੋਈ ਰਿਸਤਾ ਨਹੀਂ ਹੈ।

ਜਿਵੇਂ ਅਸੀਂ ਜਾਣਦੇ ਹਾਂ ਕਿ ਕਲਾ ਅਤੇ ਸਾਹਿਤ ਸਮਾਜ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਦੀ ਮੁੜ ਪੇਸ਼ਕਾਰੀ ਹੀ ਹੁੰਦੀ ਹੈ, ਪਰ ਇਹ ਪੇਸਕਾਰੀ ਇਕ ਖਾਸ ਨਜਰੀਏ ਤੋਂ ਹੁੰਦੀ ਹੈ। ਸਿਨੇਮਾ ਕਲਾ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਤੇ ਸਭ ਤੋਂ ਵਿਆਪਕ ਪਹੁੰਚ ਵਾਲਾ ਮਾਧਿਅਮ ਹੈ। ਅਸੀਂ ਜਿਸ ਸਮਾਜ ਵਿੱਚ ਜੀ ਰਹੇ ਹਾਂ, ਇਹ ਨਿੱਜੀ ਜਾਇਦਾਦ ਤੇ ਆਧਾਰਿਤ ਸਮਾਜ ਹੈ ਜਿਸ ਵਿੱਚ ਪੈਦਾਵਾਰ ਦੇ ਸਾਧਨਾਂ 'ਤੇ ਮਾਲਕੀ ਮੁੱਠੀ ਭਰ ਲੋਕਾਂ ਦੀ ਹੈ ਤੇ ਬਹੁਤ ਵੱਡੀ ਆਬਾਦੀ ਜੋ ਸੂਈ ਤੋਂ ਲੈਕੇ ਜਹਾਜ ਤੱਕ ਬਣਾਉਂਦੀ ਹੈ, ਪਰ ਉਸ ਕੋਲ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਨਾ ਹੋਣ ਕਰਕੇ  ਕੰਗਾਲੀ ਦੇ ਹਾਲਾਤਾਂ ਵਿੱਚ ਜੀਵਨ ਗੁਜਾਰਦੀ ਕਰਦੀ ਹੈ। ਇਹਨਾਂ ਮੁੱਠੀ ਭਰ ਅਮੀਰਾਂ ਦੀ ਦੌਲਤ ਦਾ ਇਕਲੌਤਾ ਸ੍ਰੋਤਇਨ੍ਹਾਂ ਮਿਹਨਤਕਸ ਲੋਕਾਂ ਦੀ ਕਿਰਤ ਦੀ ਲੁੱਟ ਹੈ। ਇਸ ਲਈ ਇਹਨਾਂ ਦੋਹਾਂ ਜਮਾਤਾਂ ਵਿੱਚ ਵਿਚਾਰਧਾਰਕ ਟਕਰਾਅ ਲਗਾਤਾਰ ਚਲਦਾ ਰਹਿੰਦਾ ਹੈ। ਮਾਲਕੀ ਦੀ ਜਮਾਤ ਆਪਣੇ ਲੁੱਟ ਦੇ ਪ੍ਰਬੰਧ ਨੂੰ ਬਚਾਈ ਰੱਖਣ ਲਈ ਹਰ ਤਾਕਤ ਝੋਕਦਿੰਦੀ ਹੈ ਤੇ ਮਜਦੂਰ ਜਮਾਤ ਇਸ ਨੂੰ ਉਖਾੜ ਸੁੱਟਣ ਲਈ ਆਪਣੀ ਖਿੱਲਰੀ ਹੋਈ ਤਾਕਤ ਨੂੰ ਇਕੱਠਾ ਕਰ ਇਸ ਪ੍ਰਬੰਧ ਦਾਭੋਗ ਪਾ ਦੇਣਾ ਚਾਹੁੰਦੀ ਹੈ। ਸਿਨੇਮਾ ਵੀ ਇਸ ਤੋਂ ਆਜਾਦ ਨਹੀਂ ਹੁੰਦਾ। ਸਿਨੇਮਾ ਰਾਹੀਂ ਪੇਸ ਕੀਤੇ ਜਾ ਰਹੇ ਵਿਚਾਰ ਦੋਹਾਂਵਿੱਚੋਂ ਹਮੇਸਾ ਹੀ ਕਿਸੇ ਇਕ ਜਮਾਤ ਦੇ ਪੱਖ ਵਿੱਚ ਭੁਗਤਦੇ ਹਨ।

ਅਸੀਂ ਇਹ ਵੀ ਜਾਣਦੇ ਹਾਂ ਕਿ ਕਿਸੇ ਵੀ ਜਮਾਤੀ ਸਮਾਜ ਵਿੱਚ ਭਾਰੂ ਵਿਚਾਰ ਸਿਆਸੀ-ਆਰਥਿਕ ਸਾਧਨਾਂ ਉੱਪਰ ਕਾਬਜ ਜਮਾਤ ਦੇ ਹੁੰਦੇ ਹਨ। ਇਸ ਲਈ ਅੱਜ ਸਿਨੇਮਾ ਵਿੱਚ ਭਾਰੂ ਵਿਚਾਰ ਵੀ ਸਰਮਾਏਦਾਰਾ ਜਮਾਤ ਦੇ ਹੀ ਹਨ। ਸਿਨੇਮਾ ਅੱਜ ਆਮ ਰਾਇ ਬਣਾਉਣ ਦਾ ਇਕ ਬਹੁਤ ਵੱਡਾ ਸਾਧਨ ਹੈ। ਸਿਨੇਮਾ ਰਾਹੀਂ ਲੋਕਾਂ ਦੇ ਅਚੇਤ ਮਨਾਂ ਵਿੱਚ ਏਨੀਬਾਰੀਕੀ ਨਾਲ ਵਿਚਾਰ ਦਾਖਿਲ ਕੀਤੇ ਜਾਂਦੇ ਹਨ ਕਿ ਲੋਕ ਸਿਨੇਮਾ ਦਾ ਲੁਤਫ ਲੈਂਦਿਆਂ ਇਸ ਨੂੰ ਮਹਿਸੂਸ ਵੀ ਨਹੀਂ ਕਰਪਾਉਂਦੇ ਤੇ ਮਾਲਕੀ ਦੀ ਜਮਾਤ ਦੇ ਉਹ ਵਿਚਾਰ ਜੋ ਉਨ੍ਹਾਂ ਦੇ ਉਲਟ ਭੁਗਤਦੇ ਹਨ ਤੇ ਸਰਮਾਏਦਾਰੀ ਪ੍ਰਬੰਧ ਨੂੰ ਬੇਦੋਸ ਸਾਬਤ ਕਰਦੇ ਹਨ ਅਤੇ ਜਿੰਨਾਂ ਨਾਲ ਧੱਕਾ ਹੋ ਰਿਹਾ ਹੁੰਦਾ ਹੈ ਉਹਨਾਂ ਨੂੰ ਹੀ ਦੋਸੀ ਬਣਾ ਕੇ ਪੇਸ ਕਰ ਦੇਣ ਵਾਲੇ ਵਿਚਾਰਾਂਦੀ ਪੰਡ ਸਿਰ ਤੇ ਧਰ ਲਿਆਉਂਦੇ ਹਨ।

ਸਿਨੇਮਾ ਸਰਮਾਏਦਾਰੀ ਪ੍ਰਬੰਧ ਵਿੱਚ ਸਰਮਾਏਦਾਰ ਜਮਾਤ ਦੇ ਵਿਚਾਰਾਂ ਦਾ ਗਲਬਾ ਸਥਾਪਿਤ ਕਰਨਦਾ ਕੰਮ ਹੀ ਕਰਦਾ ਹੈ ਅਤੇ ਸਰਮਾਏਦਾਰੀ ਦੀ ਵਿਚਾਰਧਾਰਾ ਵਿਚਾਰਵਾਦੀ ਹੁੰਦੀ ਹੈ। ਉਹ ਆਰਥਿਕ-ਸਿਆਸੀ ਤੇਸਮਾਜਿਕ ਪ੍ਰਬੰਧ ਵਿੱਚ ਦੋਸ ਕੱਢਣ ਦੀ ਬਜਾਏ ਲੋਕਾਂ ਵਿੱਚ ਦੋਸ ਕੱਢਦੀ ਹੈ। ਉਹ ਸਮਾਜਿਕ ਮਸਲਿਆਂ ਨੂੰ ਉਪਦੇਸਾਂ ਰਾਹੀਂਠੀਕ ਕਰਨਾ ਚਾਹੁੰਦੀ ਹੈ। ਉਹ ਲੋਕਾਂ ਦੇ ਨਿੱਘਰ ਗਏ ਵਿਚਾਰਾਂ ਪਿਛਲੇ ਠੋਸ ਕਾਰਨਾਂ ਦੀ ਪੜਤਾਲ ਕਰਨ ਦੀ ਬਜਾਏਲੋਕਾਂ ਨੂੰ ਗਲਤ ਸਾਬਤ ਕਰਕੇ ਇਸ ਸਭ ਲਈ ਜ਼ਿੰਮੇਵਾਰ ਪ੍ਰਬੰਧ ਦੀ ਨਾਕਾਮੀ ਤੇ ਪਰਦਾ ਪਾਉਣ ਦੀ ਕੋਸ਼ਿਸ਼ ਕਰਦੀ ਹੈ।

"ਮਾਂ" ਫਿਲਮ ਦੀ ਪੂਰੀ ਟੀਮ ਬਹੁਤ ਹੀ ਪ੍ਰੋਫੈਸਨਲ ਕਲਾਕਾਰਾਂ ਦੀ ਟੀਮ ਹੈ। ਇਹ ਟੀਮ ਆਪਣੇ ਇਸ ਮਕਸਦ ਵਿੱਚ ਕਾਫੀ ਕਾਮਯਾਬ ਰਹੀ ਹੈ। ਆਓ ਹੁਣ ਫਿਲਮ ਬਾਰੇ ਕੁੱਝ ਗੱਲਾਂ ਕਰਦੇ ਹਾਂ। ਫਿਲਮ ਵਿੱਚ ਉਠਾਇਆ ਗਿਆ ਮੁੱਖ ਮਸਲਾ ਹੈ- ਔਲਾਦ ਵੱਲੋਂ ਆਪਣੇ ਮਾਪਿਆਂ ਦੀ ਬੇਕਦਰੀ ਤੇ ਉਨ੍ਹਾਂ ਦੀ ਬੁਢੇਪੇ ਵਿੱਚ ਸਾਰ ਨਾ ਲੈਣਾ। ਬਾਕੀ ਸਾਰੀਆਂ ਘਟਨਾਵਾਂਮਾਂਵਾਂ ਦੇ ਬੱਚਿਆਂ ਪ੍ਰਤੀ ਪਿਆਰ, ਤਿਆਗ ਤੇ ਸੰਘਰਸ਼ ਨੂੰ ਉਭਾਰਨ ਲਈ ਹਨ ਤਾਂ ਜੋ ਇਹ ਵਿਖਾਇਆ ਜਾ ਸਕੇ ਕਿ ਮਾਪੇ ਤੁਹਾਡੇ ਲਈ ਕੀ ਕੁੱਝ ਕਰਦੇ ਹਨ ਤੇ ਤੁਸੀਂ ਹੋ ਕਿ ਉਨ੍ਹਾਂ ਦੀ ਭੋਰਾ ਵੀ ਸਾਰ ਨਹੀਂ ਲੈਂਦੇ। ਗੱਲ ਅੱਗੇ ਤੋਰਨ ਤੋਂ ਪਹਿਲਾਂ ਇਹਕਹਿਣਾ ਚਾਹੁੰਦਾ ਹਾਂ ਕਿ ਮਾਂਵਾਂ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਆਪਣੇ ਜ਼ਿਹਨ ਵਿੱਚ ਇਹ ਰੱਖਣਾ ਚਾਹੀਦਾ ਹੈ ਕਿ ਇਹ ਮਾਂ ਨਾ ਕੋਈ ਸਰਮਾਏਦਾਰਨੀ ਹੈ ਤੇ ਨਾਂ ਹੀ ਮਜਦੂਰ। ਇਹ ਹੈ- ਮੱਧਵਰਗੀ ਮਾਂ। ਸਰਮਾਏਦਾਰ ਮਾਂ ਨੂੰ ਬੁਢਾਪੇ ਵਿੱਚਸਾਂਭਣ ਨੂੰ ਲੈਕੇ ਕੋਈ ਨੌਬਤ ਨਹੀਂ ਆਉਂਦੀ ਅਤੇ ਨਾ ਹੀ ਉਸਦੀਆਂ ਆਪਣੇ ਬੱਚਿਆਂ ਤੋਂ ਮੱਧਵਰਗੀ ਮਾਂਵਾਂ ਵਰਗੀਆਂ ਆਸਾਂ ਹੁੰਦੀਆਂ ਹਨ। ਮਜਦੂਰ ਮਾਂ ਤੇ ਉਸਦੇ ਬੱਚੇ ਇਸ ਪ੍ਰਬੰਧ ਵਿੱਚ ਰੁਲਣ ਲਈ ਸਰਾਪੇ ਹੁੰਦੇ ਹਨ।

ਮਨਜੀਤ ਕੌਰ (ਮਾਂ) ਦਾ ਪਤੀ ਪਰਗਟ ਸਿੰਘ (ਗੁਰਪ੍ਰੀਤ ਘੁੱਗੀ) ਬਹੁਤ ਹੀ ਦਰਿਆ ਦਿਲ ਤੇ ਗਰੀਬਾਂ ਤੇਬੇਸਹਾਰਿਆਂ ਦੀ ਸਾਰ ਲੈਣ ਵਾਲਾ ਬਹੁਤ ਹੀ ਨੇਕ ਦਿਲ ਇਨਸਾਨ ਹੈ ਜੋ ਮਿਹਨਤੀ ਤੇ ਜਮੀਨ ਨਾਲ ਬਹੁਤ ਪਿਆਰਕਰਨ ਵਾਲਾ ਹੈ। ਏਸੇ ਨੇਕ-ਦਿਲੀ ਕਰਕੇ ਉਹ ਸੀਰੀ ਜੋਗੇ ਦੀ ਪਤਨੀ ਮਰ ਜਾਣ ਤੇ ਉਸ ਦੇ ਛੇ ਮਹੀਨੇ ਦੇ ਮੁੰਡੇ (ਜੋਰਾ-ਗਿੱਪੀ) ਨੂੰ ਘਰ ਚੁੱਕ ਲਿਆਉਂਦਾ ਹੈ ਤੇ ਉਸਦੀ ਪਤਨੀ ਮਨਜੀਤ ਕੌਰ ਵੀ ਉਸਨੂੰ ਖੁਸੀ ਖੁਸੀ ਆਪਣਾ ਦੁੱਧ ਪਿਆ ਕੇਜਵਾਨ ਕਰਦੀ ਹੈ। ਸੀਰੀ ਵੀ ਉਸਤੋਂ ਜਾਨ ਵਾਰਦਾ ਹੈ। ਸਰੀਕਾਂ ਨਾਲ ਅੱਗੇ ਹੋਕੇ ਲੜਦਾ ਹੈ। ਪਰਗਟ ਅਤੇ ਜੋਗਾ ਦੋਵੇਂ ਇਕੱਠੇ ਹੀ ਸਰੀਕਾਂ ਵੱਲੋਂ ਕਰਵਾਏ ਟਰੱਕ ਹਾਦਸੇ ਵਿੱਚ ਮਾਰੇ ਜਾਂਦੇ ਹਨ। ਅਜੋਕੇ ਸਰਮਾਏਦਾਰੀ ਪ੍ਰਬੰਧ ਵਿੱਚ ਕਿਸਾਨਮਜਦੂਰ ਦੀ ਇਹੋ ਜਿਹੀ ਕੋਈ ਸਾਂਝ ਨਹੀਂ ਸਗੋਂ  ਦੋਵੇਂ ਇਕ ਦੂਜੇ ਦੇ ਵਿਰੋਧੀ ਹਨ। ਛੋਟੀ ਕਿਸਾਨੀ ਜੋ ਮਜਦੂਰਾਂ ਵਰਗੀ ਹੀਹੈ ਦੀ ਨੇੜਤਾ ਹੋ ਸਕਦੀ ਹੈ, ਪਰ ਉਹ ਵੀ ਬਹੁਤ ਉੱਚ ਸਿਆਸੀ ਚੇਤਨਾ ਦੇ ਪੱਧਰ ਉੱਤੇ ਅਤੇ ਮਜਦੂਰ ਜਮਾਤ ਦਾ ਝੰਡਾ ਚੁੱਕਕੇ ਨਾ ਕਿ ਕਿਸਾਨੀ ਦਾ ਪਿੱਛਲੱਗੂ ਬਣ ਕੇ। ਜਿੱਥੇ ਪਰਗਟ ਆਪਣੀ ਪਤਨੀ ਨੂੰ ਖੇਤਾਂ ਨੂੰ ਸੰਭਾਲਣ ਦੀ ਜੁੰਮੇਵਾਰੀ ਦੇਕੇ ਇਹਕਹੇ ਕਿ ਇਹ ਖੇਤ ਅੱਜ ਤੋਂ ਤੇਰੇ ਹਨ ਅਤੇ ਮਨਜੀਤ ਕੌਰ ਸਰੀਕ ਨੂੰ ਇਹ ਕਹੇ "ਤੂੰ ਤਾਂ 20 ਸਾਲ ਪਹਿਲਾਂ ਸਾਡੇ ਅੱਠਕਿੱਲੇ ਦੱਬਣ ਦੀ ਕੋਸ਼ਿਸ਼ ਕੀਤੀ ਸੀ, ਮੈਂ ਅੱਠ ਕਿੱਲਿਆਂ ਤੋਂ ਤੀਹ ਕਿੱਲੇ ਬਣਾਏ ਨੇ, ਹੱਥਾਂ ਦੀਆਂ ਮੇਟੀਆਂ ਜਾ ਸਕਦੀਆਂ, ਪਰ ਮੱਥੇ ਦੀਆਂ ਨਹੀਂ।" ਓਥੇ ਇਹੋ ਜਿਹੀ ਸਾਂਝ ਤਾਂ ਬਿਲਕੁਲ ਹੀ ਨਹੀਂ ਹੋ ਸਕਦੀ।




ਜਦੋਂ ਮਨਜੀਤ ਗਰਭਵਤੀ ਹੁੰਦੀ ਹੈ ਤੇ ਪਰਗਟ ਢਿੱਡ ਤੇ ਹੱਥ ਰੱਖ ਕੇ ਹੋਣ ਵਾਲੇ ਬੱਚੇ ਨੂੰ ਕਹਿੰਦਾ ਹੈ ਕਿ ਬਾਹਰਦੁਨੀਆਂ ਬਹੁਤ ਸੋਹਣੀ ਹੈ, ਬੱਸ ਕੁੱਝ ਬੰਦੇ ਖਰਾਬ ਨੇ। ਉਹਨਾਂ ਤੋਂ ਬੱਚ ਕੇ ਰਹੀਂ। ਪੂਰੀ ਫਿਲਮ ਵਿੱਚ ਹੀ ਆਲੇ ਸੁਆਲੇ ਤੋਂਚੁਕੰਨੇ ਹੋ ਕੇ ਰਹਿਣਾ ਦੱਸਿਆ ਗਿਆ ਏ। ਇਸ ਗੱਲ ਨੂੰ ਬਾਰ ਬਾਰ ਦਰਸਾਇਆ ਗਿਆ ਏ ਜਦੋਂ ਵੀ ਤੁਸੀਂ ਅਵੇਸਲੇ ਹੋਏ, ਤੁਸੀਂ ਧੋਖਾ ਖਾਵੋਗੇ। ਮੁਨਾਫੇ ਆਧਾਰਿਤ ਇਸ ਸਮਾਜ ਵਿੱਚ ਹਰ ਕੋਈ ਦਾਅ ਲਾਉਣ ਨੂੰ ਫਿਰਦਾ ਹੈ ਇਸ ਲਈ ਹਰ ਮਨੁੱਖਆਪਣੇ ਆਲ ਦੁਆਲ ਨੂੰ ਸੱਕ ਨਾਲ ਦੇਖਦਾ ਹੈ। ਜਿੰਨਾਂ ਜਿਸ ਕੋਲ ਜ਼ਿਆਦਾ ਗੁਆਉਣ ਲਈ ਹੋਵੇਗਾ, ਉਹ ਉਨ੍ਹਾਂ ਹੀ ਜ਼ਿਆਦਾ ਸੱਕੀ ਹੋਵੇਗਾ। ਪਰ ਏਥੇ ਵੀ ਕਿਤੇ ਇਸ ਪ੍ਰਬੰਧ ਨੂੰ ਕਟਹਿਰੇ ਵਿੱਚ ਖੜਾ ਨਹੀਂ ਕੀਤਾ ਗਿਆ, ਸਗੋਂ ਕੁੱਝ ਲੋਕਾਂ ਨੂੰਦੋਸੀ ਠਹਿਰਾ ਕੇ ਜਾਗਰ (ਪਰਗਟ ਦਾ ਸਰੀਕ ਜੋ ਪੈਸੇ ਵਾਪਸ ਮੰਗਣ ਤੇ ਝੱਗਾ ਚੁੱਕ ਦਿੰਦਾ ਹੈ) ਵਾਂਗ ਪੱਲਾ ਝਾੜ ਦਿੱਤਾ ਗਿਆ ਹੈ।

ਪਰਗਟ ਦੇ ਸੁਪਨੇ ਨੂੰ ਪੂਰਾ ਕਰਨ ਲਈ "ਆਪਣਾ ਘਰ" ਨਾਂ ਦਾ ਬਿਰਧ ਆਸਰਮ ਬਣਾਇਆ ਗਿਆ ਹੈ ਜਿੱਥੇ ਘਰੋਂ ਕੱਢੇ ਬਜ਼ੁਰਗ ਮਰਦ ਔਰਤਾਂ ਰਹਿੰਦੇ ਹਨ। ਉਹਨਾਂ ਵਿੱਚ ਇਕ ਪਾਗਲ ਔਰਤ ਹੈ ਜਿਸਦੇ ਨੂੰਹ ਪੁੱਤ ਬਿਨਾ ਦੱਸੇ ਅਮਰੀਕਾ ਤੁਰ ਗਏ ਹਨ ਤੇ ਅਜੇ ਤੱਕ ਮੁੜੇ ਨਹੀਂ। ਬੱਸ ਇਹੀ ਬਹਾਨਾ ਲਗਾਉਂਦੇ ਹਨ ਕਿ ਜਦੋਂ ਟਿਕਟਾਂ ਸਸਤੀਆਂ ਹੋਣਗੀਆਂ, ਉਦੋਂ ਉਹ ਆਉਣਗੇ। ਇਸ ਤੋਂ ਵੀ ਇਹੀ ਸੰਦੇਸ ਜਾਂਦਾ ਹੈ ਕਿ ਵਿਦੇਸਾਂ ਵਿੱਚ ਰੋਜੀ ਰੋਟੀ ਲਈ ਰੁਲਦੇ ਹਨ, ਉਹ ਮਾਂ ਪਿਓ ਦੀਸਾਰ ਨਹੀਂ ਲੈਂਦੇ। ਉਹ ਮਾਂ ਪਿਓ ਦੇ ਉਹਨਾਂ ਲਈ ਪਿਆਰ ਤੇ ਜਾਲੇ ਜਫਰਾਂ ਨੂੰ ਭੁੱਲ ਗਏ ਹਨ। ਹਾਲਾਂਕਿ ਵਿਦੇਸਾਂ ਵੱਲ ਨੂੰ ਰੁਖ ਕਰਨਾ ਤੇ ਵਿਦੇਸਾਂ ਵਿੱਚ 16-16 ਘੰਟੇ ਕੰਮਾਂ 'ਤੇ ਰੁਲਣਾ ਕਿਤੇ ਨਹੀਂ ਵਿਖਾਇਆ ਗਿਆ। ਸਗੋਂ ਔਲਾਦ ਨੂੰ ਹੀਮੁਜਰਿਮ ਬਣਾ ਧਰਿਆ ਗਿਆ। ਉਨ੍ਹਾਂ ਦੀ ਮਜਬੂਰੀ ਦਾ ਕਿਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ।

ਇਕ ਗੱਲ ਹੋਰ ਕਿ ਤੁਹਾਡੇ ਅੰਦਰ ਡਰ ਜਾਂ ਗਲਤ ਖਿਲਾਫ ਉੱਠ ਖਲੋਣ ਦੀ ਜੁਰਅਤ ਨੂੰ ਬੱਦੂ ਕੀਤਾ ਗਿਆ ਹੈ। ਹਾਲਾਂਕਿ ਇਹ ਜਗੀਰੂ ਕਦਰਾਂ ਕੀਮਤਾਂ ਤੋਂ ਸਰਮਾਏਦਾਰਾ ਕਦਰਾਂ ਕੀਮਤਾਂ ਵੱਲ ਛਲਾਂਗ ਵੀ ਹੈ। ਕਿ ਜੇ ਕੋਈ ਤੁਹਾਡੇ ਨਾਲਕੋਈ ਧੱਕਾ ਕਰਦਾ ਹੈ ਤੇ ਜਗੀਰੂ ਢੰਗ ਨਾਲ ਉਸਦਾ ਬਦਲਾ ਨਹੀਂ ਲੈਣਾ ਚਾਹੀਦਾ ਹੈ। ਇਹਦੇ ਨਾਲ ਤੁਹਾਡਾ ਹੀ ਨੁਕਸਾਨ ਹੋਵੇਗਾ। ਪਰ ਕਿਤੇ ਇਕੱਠੇ ਹੋਕੇ ਜੁਲਮ ਖਿਲਾਫ ਨਹੀਂ ਖਲੋਣਾ ਚਾਹੀਦਾ ਸਗੋਂ ਅਗਲੇ ਨਾਲ ਹੋਰ ਭਲਾਈ ਕਰੋ। ਪਰਗਟ, ਜੋਗੇ ਅਤੇ ਜੋਰੇ ਦੇ ਕਤਲ ਬਾਰੇ ਸਭ ਕੁੱਝ ਜਾਣਦਿਆਂ ਵੀ ਮਨਜੀਤ ਕੌਰ ਜਾਗਰ ਖਿਲਾਫ ਕੁੱਝ ਨਹੀਂ ਕਰਦੀ ਸਗੋਂ ਉਸਦੇ ਮੁੰਡੇ ਦੀ ਜਾਨ ਬਚਾਉਂਦੀ ਬਚਾਉਂਦੀ ਆਪ ਜਾਨ ਤੋਂ ਹੱਥ ਧੋ ਬੈਠਦੀ ਹੈ। ਕਿਉਂਕਿ ਫਿਲਮਕਾਰ ਇਹ ਦਿਖਾਉਣਾ ਚਾਹੁੰਦਾ ਹੈ ਕਿ ਜਿਹੜਾ ਬੰਦਾ ਦੂਜਿਆਂ ਨਾਲ ਬੁਰਾ ਕਰਦਾ ਹੈ ਪਰਮਾਤਮਾ ਆਪੇ ਉਨ੍ਹਾਂ ਦਾ ਹਿਸਾਬ ਕਰ ਦਿੰਦਾ ਹੈ ਜਿਵੇਂ ਪੁਲਿਸ ਜਾਗਰ ਨੂੰ ਫੜ ਕੇ ਲੈ ਜਾਂਦੀ ਹੈ ਤੇ ਉਸਦਾ ਇਕ ਮੁੰਡਾ ਐਕਸੀਡੈਂਟ ਵਿੱਚ ਥਾਂ ਤੇ ਹੀ ਮਰ ਜਾਂਦਾ ਹੈ।


ਕੁੱਲ ਮਿਲਾ ਕੇ ਕਿਹਾ ਜਾਏ ਤੇ ਫਿਲਮ ਬਜ਼ੁਰਗਾਂ ਦੀ ਬੁਢਾਪੇ ਵਿੱਚ ਸਾਂਭ ਸੰਭਾਲ ਦੀ ਸਮੱਸਿਆ ਤੇ ਕਾਰਨਾਂ ਦੀ ਪੜਤਾਲ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਤੇ ਹੱਲ ਵਜੋਂ ਇਸ ਕੋਲ ਸਿਰਫ ਧਰਵਾਸ ਤੇ ਇਸ ਲੁੱਟ ਖਸੁੱਟ ਦੇ ਪ੍ਰਬੰਧਵਿੱਚ ਚੰਗੇ ਬਣਨ ਦਾ ਖੋਖਲਾ ਉਪਦੇਸ ਹੈ। ਬਾਕੀ ਰੱਬ ਤੇ ਛੱਡ ਦਿਓ। ਸਰਮਾਏਦਾਰੀ ਪ੍ਰਬੰਧ ਦੇ ਰਹਿੰਦਿਆਂ ਇਸ ਸਮੱਸਿਆ ਦਾ ਕੋਈ ਹੱਲ ਨਹੀਂ ਨਿਕਲ ਸਕਦਾ ਜਦੋਂ ਤੱਕ ਬੱਚਿਆਂ ਕੋਲ ਭਵਿੱਖ ਨੂੰ ਲੈਕੇ ਭਟਕਣਾ ਹੈ। ਉਹ ਮੁਨਾਫੇ ਦੇਇਸ ਪ੍ਰਬੰਧ ਵਿੱਚ ਚੰਗੇ ਧੀਆਂ ਪੁੱਤ ਨਹੀਂ ਬਣ ਸਕਣਗੇ ਤੇ ਮਾਂਵਾਂ (ਯਾਣੀ ਕਿ ਔਰਤਾਂ) ਸਮਾਜ।










# ਸਰਕਾਰ ਦੇਸ਼ 'ਚ ਫਿਰਕੂ ਏਜੰਡੇ ਰਾਹੀਂ ਫਾਸ਼ੀਵਾਦੀ ਹਮਲੇ ਕਰ ਰਹੀ ਹੈ : ਮੰਗਤ ਰਾਮ ਪਾਸਲਾ






ਜਲੰਧਰ, (ਬਲਜਿੰਦਰ ਸਿੰਘ) : ਫਾਸ਼ੀ ਹਮਲੇ ਵਿਰੋਧੀ ਫਰੰਟ ਵੱਲੋਂ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ ਵਿੱਚ ਉਸਰੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਖੇ ਸੂਬਾਈ ਪੱਧਰ ਦੀ ਕਨਵੈਨਸ਼ਨ ਵਿੱਚ ਬੋਲਦਿਆਂ ਆਰਐਮਪੀਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਮੰਗਤ ਰਾਮ ਪਾਸਲਾ, ਸੀ ਪੀ ਆਈ ਦੇ ਸੂਬਾਈ ਸਕੱਤਰ ਬੰਤ ਸਿੰਘ ਬਰਾੜ, ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕਰੇਸੀ ਦੇ ਸੁਬਾਈ ਆਗੂ ਅਜਮੇਰ ਸਿੰਘ ਸਮਰਾ ਸੀਪੀਆਈ (ਐੱਮ ਐੱਲ) ਲਿਬਰੇਸ਼ਨ ਦੇ ਪ੍ਰਮੁੱਖ ਆਗੂ ਸੁਖਦਰਸ਼ਨ ਸਿੰਘ ਨੱਤ, ਐਮ ਸੀ ਪੀ ਆਈ (ਯੂ) ਮੰਗਤ ਰਾਮ ਲੌਂਗੋਵਾਲ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਮੁਖਤਿਆਰ ਸਿੰਘ ਪੂਹਲਾ ਨੇ ਕੇਂਦਰ ਦੀ ਮੋਦੀ ਸਰਕਾਰ ਦੀ ਪੁਰਜ਼ੋਰ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਦੇਸ਼ ਵਿਚ ਫਿਰਕੂ ਏਜੰਡੇ ਤੋਂ ਅੱਗੇ ਵਧਦੀ ਹੋਈ ਫਾਸ਼ੀਵਾਦੀ ਹਮਲੇ ਕਰ ਰਹੀ ਹੈ ਜਿਸ ਨਾਲ ਹਿੰਦੁਸਤਾਨ ਤਬਾਹੀ ਦੇ ਕੰਢੇ ਤੇ ਜਾ ਖੜ੍ਹਿਆ ਹੈ। ਦੇਸ਼ ਦੇ ਲੋਕ ਅਮਨ ਚੈਨ ਨਾਲ ਭਰਾ ਮਾਰੂ ਜੰਗ ਤੋਂ ਬਚਣਾ ਚਾਹੁੰਦੇ ਹਨ ਪਰ ਮੋਦੀ ਤੇ ਆਰਐਸਐਸ ਦੀ ਨੀਤੀ ਇੰਨੀ ਜ਼ਾਲਮ ਹੈ ਕਿ ਉਹ ਹਿੰਦੁਸਤਾਨ ਨੂੰ ਤਰੱਕੀ ਨਹੀਂ ਕਰਨ ਦੇਣਾ ਚਾਹੁੰਦੇ। ਲੰਬੇ ਸਮੇਂ ਤੋਂ ਵਸਦੇ ਜੰਮੂ ਕਸ਼ਮੀਰ ਨੂੰ ਤੋੜ ਕੇ ਉਸ ਨੂੰ ਦੋ ਸੂਬਿਆਂ ਵਿੱਚ ਵੰਡ ਦਿੱਤਾ ਗਿਆ ਅਤੇ ਉਸ ਤੋਂ ਬਾਅਦ ਦੇਸ਼ ਵਿੱਚ ਅਜਿਹੇ ਜਨ ਘਾਤਕ ਕਾਨੂੰਨ ਬਣਾ ਕੇ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਭਾਈਚਾਰੇ ਵਿੱਚ ਵੰਡੀਆਂ ਪਾਈਆਂ ਜਾ ਰਹੀਆਂ ਹਨ। ਖਾਸ ਕਰਕੇ ਮੁਸਲਮਾਨ ਭਾਈਚਾਰੇ ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਮੋਦੀ ਦੇਸ਼ ਵਿਚ ਜਮਹੂਰੀਅਤ ਦਾ ਘਾਣ ਕਰ ਰਿਹਾ ਹੈ। ਜਿਹੜਾ ਜਮਹੂਰੀਅਤ ਪੱਖੀ ਵਿਚਾਰ ਪੇਸ਼ ਕਰਦਾ ਉਸ ਨੂੰ ਜੇਲ ਵਿਚ ਡੱਕ ਦਿੱਤਾ ਜਾਂਦਾ ਹੈ। ਕਈ ਅਗਾਂਹ ਵਾਧੂ ਲੇਖਕ ਜੇਲਾਂ ਵਿੱਚ ਡੱਕੇ ਹੋਏ ਹਨ ਉਨਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਭਾਖੜਾ ਡੈਮ ਚੋਂ ਪੰਜਾਬ ਦੀ ਨੁਮਾਇੰਦਗੀ ਖਤਮ ਕਰਨਾ, ਚੰਡੀਗੜ੍ਹ 'ਚੋਂ ਪੰਜਾਬ ਦੇ ਮੁਲਾਜਮਾਂ ਦੇ ਅਧਿਕਾਰ ਖਤਮ ਕਰਨਾ। ਇਹ ਸਾਰਾ ਕੁਝ ਮੋਦੀ ਸਰਕਾਰ ਇਸ ਨੀਤੀ ਤਹਿਤ ਕਰ ਰਹੀ ਹੈ ਕਿ ਦੇਸ਼ ਵਿਚ ਬੇਰੁਜਗਾਰੀ, ਗਰੀਬੀ ਤੇ ਭੁੱਖਮਰੀ ਫੈਲਣ ਵਾਲੇ ਪਾਸੇ ਤੋਂ ਲੋਕਾਂ ਦਾ ਧਿਆਨ ਹਟਾਇਆ ਜਾਵੇ। ਇਹਨਾਂ ਹਾਲਤਾਂ ਵਿੱਚ ਲੋਕਾਂ ਨੂੰ ਭਰਾ ਮਾਰੂ ਜੰਗ ਵਿੱਚ ਧੱਕਿਆ ਜਾ ਰਿਹਾ ਹੈ। ਇਕ ਸਾਲ ਦੇ ਕਰੀਬ ਕਿਸਾਨ ਦਿੱਲੀ ਦੀਆਂ ਬਰੂਹਾਂ ਤੇ ਜ਼ਿੰਦਗੀ ਮੌਤ ਦਾ ਸੰਘਰਸ਼ ਲੜਦੇ ਰਹੇ ਅਤੇ ਉਸ ਤੋਂ ਬਾਅਦ ਆਮ ਲੋਕ ਵੀ ਮੋਦੀ ਸਰਕਾਰ ਦੀਆਂ ਆਰਥਿਕ ਨੀਤੀਆਂ ਦੇ ਵਿਰੋਧੀ ਬਣ ਚੁੱਕੇ ਹਨ। ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫੇ ਦਿਵਾਉਣ ਵਾਸਤੇ ਲਗਾਤਾਰ ਲੋਕ ਵਿਰੋਧੀ ਕਾਨੂੰਨ ਬਣਾਉਂਦੀ ਆ ਰਹੀ ਹੈ। ਮੋਦੀ ਸਰਕਾਰ ਨੂੰ ਲੋਕਾਂ ਦੀਆਂ ਜ਼ਿੰਦਗੀ ਦੀ ਕੋਈ ਪਰਵਾਹ ਨਹੀਂ ਤੇ ਉਹ ਸਿਰਫ਼ ਤੇ ਸਿਰਫ਼ ਅਮੀਰਾਂ ਦੇ ਹੱਕ ਵਿਚ ਹੀ ਭੁਗਤ ਰਹੀ ਹੈ। ਇਸ ਪ੍ਰਸਥਿਤੀ ਵਿਚ ਹਾਸ਼ੀ ਹਮਲੇ ਵਿਰੋਧੀ ਫਰੰਟ ਨੇ ਫੈਸਲਾ ਕੀਤਾ ਕਿ ਪੰਜਾਬ ਵਿੱਚ ਮਾਝਾ, ਦੁਆਬਾ, ਬਠਿੰਡਾ ਅਤੇ ਪਟਿਆਲਾ ਵਿਖੇ ਜ਼ੋਨਲ ਕਨਵੈਨਸ਼ਨਾਂ ਕਰਕੇ ਲੋਕਾਂ ਨੂੰ ਜਾਗ੍ਰਿਤ ਕੀਤਾ ਜਾਏਗਾ ਅਤੇ ਉਸ ਤੋ ਬਾਅਦ ਸੁਬਾਈ ਪੱਧਰ ਤੇ ਮਹਾਂ ਰੈਲੀ ਹੋਵੇਗੀ। ਅੱਜ ਦੇ ਪ੍ਰੋਗਰਾਮ ਦੀ ਪ੍ਰਧਾਨਗੀ ਗੁਰਨਾਮ ਕੰਵਰ, ਰਤਨ ਸਿੰਘ ਰੰਧਾਵਾ, ਕੁਲਵਿੰਦਰ ਸਿੰਘ ਵੜੈਚ, ਜਸਵੰਤ ਸਿੰਘ ਜੀਰੀ, ਗੁਰਪ੍ਰੀਤ ਸਿੰਘ ਰੂੜੇਕੇ, ਗੁਰਨਾਮ ਸਿੰਘ ਬਾਲਦ ਕਲਾਂ ਨੇ ਕੀਤੀ। ਸਟੇਜ ਸਕੱਤਰ ਦੇ ਫਰਜ਼ ਨਰੈਣ ਦੱਤ ਨੇ ਬਾਖੂਬੀ ਨਿਭਾਏ।








# ਮਜ਼ਦੂਰਾਂ ਦੀਆਂ ਝੁੱਗੀਆਂ ਅਤੇ ਮਾਸੂਮ ਬਾਲੜੀ ਅੱਗ ਦੀ ਭੇਂਟ

## ਤੱਥ ਖੋਜ ਰਿਪੋਰਟ : ਪਿੰਡ ਸੁੱਡਰਾਂ, ਡੇਰਾ ਬਸੀ

ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਚੰਡੀਗੜ੍ਹ ਵੱਲੋਂ ਡੇਰਾਬੱਸੀ ਦੇ ਹਲਕੇ ਦੇ ਪਿੰਡ ਪਿੰਡ ਸੁੱਡਰਾਂ ਵਿਖੇ ਅੱਗ ਲੱਗਣ ਕਾਰਨ ਇੱਕ ਮਾਸੂਮ ਬਾਲੜੀ ਸਮੇਤ ਲਗਭੱਗ 50 ਝੁਗੀਆਂ ਸੜ ਕੇ ਸਵਾਹ ਹੋਣ ਦੀ ਖਬਰ ਮਿਲਣ ਤੋਂ ਬਾਅਦ ਇਕ ਟੀਮ ਬਣਾ ਕੇ ਤੱਥ ਖੋਜ ਕਰਨ ਦਾ ਫੈਸਲਾ ਕੀਤਾ

ਮਿਤੀ 14 ਮਈ ਨੂੰ ਸੁੰਡਰਾਂ ਪਿੰਡ ਦੇ ਨਾਲ ਲੰਘਦੀ ਨਦੀ ਦੇ ਕਿਨਾਰੇ ਤੇ 52 ਝੁਗੀਆਂ ਵਿੱਚ ਵਸੇ ਲੋਕ ਜਿਸ ਵਿੱਚ ਸਾਰੇ ਦੇ ਸਾਰੇ ਪ੍ਰਵਾਸੀ ਮਜਦੂਰ ਰਹਿੰਦੇ ਸਨ ਦੀ ਕੁੱਲ ਜਨਸੰਖਿਆ ਸੰਖਿਆ ਲਗਭਗ 250 ਦੇ ਕਰੀਬ ਹੋਵੇਗੀ, ਸਭ ਨੂੰ ਬੇਘਰ ਕਰ ਦਿੱਤਾ ਗਿਆ ਗਿਆ ਹੈ। ਇਹ ਵਹਿਸ਼ੀਆਨਾ ਕਾਰਾ ਓਦੋਂ ਕੀਤਾ ਗਿਆ ਜਦੋਂ ਸਾਰੇ ਮਜ਼ਦੂਰ ਸਮੇਤ ਮਰਦ ਔਰਤਾਂ ਖੇਤਾਂ ਵਿੱਚ ਕੰਮ ਕਰਨ ਗਏ ਹੋਏ ਸੀ। ਝੁੱਗੀਆਂ ਵਿੱਚ ਸਿਰਫ ਬੱਚੇ ਹੀ ਹਾਜ਼ਰ ਸ਼ਨ। ਜਦੋਂ ਉਹਨਾਂ ਨੂੰ ਪਤਾ ਚੱਲਿਆ ਤੇ ਦੌੜ ਕੇ ਵਾਪਸ ਪਰਤੇ ਤਾਂ ਆ ਕੇ ਆਪਣੇ ਘਰਾਂ ਨੂੰ ਸੁਆਹ ਹੋਏ ਪਾਇਆ। ਇੱਕ ਸਾਲ ਛੇ ਮਹੀਨੇ ਦੀ ਬੱਚੀ ਸਮੇਤ ਘਰੇਲੂ ਸਮਾਨ ਅਤੇ ਪਿਛਲੇ ਸਮੇਂ ਚ ਮੇਹਨਤ ਮੁਸ਼ੱਕਤ ਕਰਕੇ ਜੋੜੀ ਪਾਈ ਪਾਈ ਸਮੇਤ 3 ਮੋਟਰ ਸਾਈਕਲ, 15,20 ਸਾਈਕਲ ਸੜ ਕੇ ਸਵਾ ਹੋ ਚੁੱਕੇ ਸਨ। ਮੌਕੇ ਦਾ ਜਾਇਜ਼ਾ ਲੈਣ ਗਈ ਟੀਮ ਨੂੰ ਮਜ਼ਦੂਰਾਂ ਨੂੰ ਮਿਲ ਕੇ ਉਹਨਾਂ ਦੀ ਤਰਸਯੋਗ ਹਾਲਤ ਤੇ ਅਫਸੋਸ ਜਾਹਰ ਕਰਦੇ ਹੋਏ ਇਸ ਘਟਨਾ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਗਈ। ਸਾਰੀ ਛਾਣ ਬੀਣ ਤੋਂ ਬਾਅਦ ਟੀਮ ਇਸ ਸਿੱਟੇ ਤੇ ਪੁਹੰਚੀ ਕੇ ਜਿਵੇਂ ਪੰਜਾਬ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਕਿਸਾਨਾਂ ਵੱਲੋਂ ਆਪਣੀ ਕਣਕ ਦੇ ਨਾੜ ਨੂੰ ਅੱਗ ਲਾਉਂਦੇ ਸਮੇਂ ਗੈਰ ਕੁਦਰਤੀ ਅਤੇ ਮੰਦਭਾਗੀਆਂ ਘਟਨਾਵਾਂ ਵਾਪਰੀਆਂ, ਸੁੱਦਰਾਂ ਪਿੰਡ ਦੀ ਘਟਨਾ ਉਹਨਾਂ ਘਟਨਾਵਾਂ ਦੀ ਲਗਾਤਾਰਤਾ ਚੋਂ ਨਹੀਂ ਹੈ। ਅਸਲ 'ਚ ਬੇਘਰ ਹੋਏ ਮਜ਼ਦੂਰਾਂ ਨੇ ਦੱਸਿਆ ਕੇ ਇਹ ਕੋਈ ਘਟਨਾ ਨਹੀਂ ਹੈ ਬਲਕਿ ਜਾਣ ਬੁੱਝ ਕੇ ਕੀਤਾ ਅੱਤਿਆਚਾਰ ਹੈ। ਅਸੀਂ ਮੌਕੇ ਤੇ ਪਹੁੰਚ ਕੇ ਵੇਖਿਆ ਕੇ ਜਿਸ ਜਮੀਨ ਦੇ ਨਾੜ ਨੂੰ ਅੱਗ ਲਾਈ ਗਈ ਸੀ ਉਹ ਜਮੀਨ ਝੁਗੀਆਂ ਵਾਲੀ ਜਗ੍ਹਾ ਤੇ ਘੱਟੋ ਘੱਟ 10-15 ਫੁੱਟ ਨੀਵੀ ਹੋਊ। ਸਾਰੀਆਂ ਝੁਗੀਆਂ ਵੀ ਇੱਕ ਲਾਈਨ 'ਚ ਨਹੀਂ ਸਨ ਤੇ ਨਾ ਹੀ ਸਾਰਿਆਂ ਝੁਗੀਆਂ ਜ਼ਮੀਨ ਦੇ ਨਾਲ ਲਗਦੀਆਂ ਸਨ। ਜੋ ਝੁੱਗੀਆਂ ਜਮੀਨ ਦੇ ਕਿਨਾਰੇ ਸਨ ਉਹਨਾਂ ਝੁੱਗੀਆਂ ਤੋਂ 10 ਫੁੱਟ ਚੌੜੀ ਗਲ਼ੀ ਛੱਡ ਕਿ ਹੀ ਦੂਜਿਆਂ ਝੁੱਗੀਆਂ ਬਣੀਆਂ ਹੋਈਆਂ ਸਨ ਜੋ ਕਾਫੀ ਦੂਰ ਸਨ।

ਅੱਗ 'ਚ ਮੱਚ ਕਿ ਸੁਆਹ ਹੋਈ ਬਾਲੜੀ ਦੇ ਪਿਤਾ ਰਾਮਵੀਰ ਨਾਲ ਹੋਈ ਗੱਲਬਾਤ :-

ਰਾਮਵੀਰ ਦਾ ਕਹਿਣਾ ਸੀ ਕਿ ਜਿਸ ਜ਼ਮੀਨ ਨੂੰ ਅੱਗ ਲਾਈ ਗਈ ਸੀ ਓਹਨੂੰ ਸੋਨੂ ਵਾਉਂਦਾ ਸੀ ਜੋ ਪੰਜਾਬੀ ਜੱਟ ਸਿੱਖ ਪਰਿਵਾਰ ਨਾਲ ਸਬੰਧਿਤ ਹੈ, ਪਰ ਉਸਨੇ ਜ਼ਮੀਨ ਤਰਨਜੀਤ ਤੋਂ ਠੇਕੇ ਤੇ ਲਈ ਹੋਈ ਆ। ਤਰਨਜੀਤ ਜੋ ਕੇ ਕਾਂਗਰਸੀ ਸਾਬਕਾ ਐੱਮ. ਐੱਲ. ਏ. ਦਾ ਬਹੁਤ ਕਰੀਬੀ ਦੱਸਿਆ ਜਾ ਰਿਹਾ ਹੈ, ਨੇ ਵੀ ਜ਼ਮੀਨ ਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ।ਅਸਲ ਵਿੱਚ ਇਹ ਜ਼ਮੀਨ ਸ਼ਾਮਲਾਟ ਦੀ ਹੈ। ਜਦ ਰਾਮਵੀਰ ਤੋਂ ਪੁੱਛਿਆ ਕੇ ਕੀ ਇਹ ਮਹਿਜ ਇੱਕ ਘਟਨਾ ਸੀ ਤਾਂ ਉਸਨੇ ਦੱਸਿਆ ਕੇ ਨਹੀਂ, ਇਹ ਘਟਨਾ ਨਹੀਂ ਹੈ, ਅਸਲ ਵਿੱਚ ਅਸੀਂ ਗੰਢੇ ਪੁੱਟਣ ਦਾ ਕੰਮ ਕਰਦੇ ਹਾਂ ਤੇ ਸਾਡੀਆਂ ਕੁੱਲ 3 ਟੋਲੀਆਂ ਹਨ। ਸੋਨੂ ਨੇ ਕੁੱਝ ਦਿਨ ਪਹਿਲਾਂ ਸਾਨੂੰ ਉਸਦੇ ਖੇਤ 'ਚ ਬੀਜੇ ਗੰਢੇ ਪੁੱਟਣ ਲਈ ਕਿਹਾ ਤੇ ਅਸੀਂ ਆਪਣਾ ਰੇਟ ਦੱਸ ਦਿੱਤਾ ਕੇ ਅਸੀਂ ਇੱਕ ਏਕੜ ਦੇ 13 ਹਜ਼ਾਰ ਰੁਪਏ ਲੈਂਦੇ ਆ ਪਰ ਸੋਨੂ ਸਾਨੂੰ ਸਿਰਫ 10 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਪੁੱਟਣ ਲਈ ਦਬਾਅ ਪਾ ਰਿਹਾ ਸੀ। ਜਦੋਂ ਅਸੀਂ ਮਨ੍ਹਾ ਕਰਤਾ ਤਾਂ ਉਹ ਕਹਿੰਦਾ ਮੰਨ ਜਾਓ ਨਹੀਂ ਤਾਂ ਤੁਹਾਡੀਆਂ ਝੁੱਗੀਆਂ ਨੂੰ ਅੱਗ ਲਾ ਦੇਵਾਂਗਾ ਅਤੇ 3 ਦਿਨ ਬਾਅਦ ਉਸਨੇ ਉਵੇਂ ਹੀ ਕੀਤਾ। ਜਿਸ ਦਿਨ ਹਵਾ ਦਾ ਤੇਜ਼ ਰੁੱਖ ਸਾਡੀਆਂ ਝੁੱਗੀਆਂ ਵੱਲ ਸੀ। ਉਸਨੇ ਝੁੱਗੀਆਂ ਕੋਲੋਂ ਜ਼ਮੀਨ ਵਾਹੇ ਬਿਨਾਂ ਹੀ ਅੱਜ ਲਾ ਦਿੱਤੀ ਜਦੋਂ ਕਿ ਹਰ ਸਾਲ ਪਹਿਲਾਂ 2,3 ਗੇੜੇ ਤਵੀਆਂ ਦੇ ਕੇ ਜ਼ਮੀਨ ਵਾਹੁਣ ਉਪਰੰਤ ਹੀ ਨਾੜ ਨੂੰ ਅੱਗ ਲਾਉਂਦਾ ਹੁੰਦਾ ਸੀ।

ਇੱਕ ਹੋਰ ਮਜਬੂਰ ਮੁਰਾਰੀ ਨਾਲ ਗੱਲਬਾਤ:-

ਮੁਰਾਰੀ ਜੋ ਕੇ 40 ਕੁ ਸਾਲ ਦੀ ਉਮਰ ਦਾ ਹੈ ਨੇ ਦੱਸਿਆ ਕੇ ਸੋਨੂ ਉਸਨੂੰ ਧਮਕੀਆਂ ਦੇ ਕੇ ਗਿਆ ਸੀ। ਅੱਗ ਉਸੇ ਨੇ ਲਾਈ ਹੈ। ਤੇ ਹੁਣ ਵੀ ਕੁੱਝ ਪਿੰਡ ਦੇ ਰਸੂਖਦਾਰ ਪਰਿਵਾਰ ਉਹਨਾਂ ਨੂੰ ਧਮਕਾ ਰਹੇ ਹਨ।

ਸੇਠੀ ਜੋ ਕੇ 35 ਕੁ ਸਾਲ ਦੀ ਉਮਰ ਦਾ ਮਜਦੂਰ ਹੈ ਨਾਲ ਹੋਈ ਗੱਲਬਾਤ:-

ਸੇਠੀ ਦਾ ਕਹਿਣਾ ਹੈ ਕੇ ਗੰਢੇ ਪੁੱਟਣ



ਦੇ ਰੇਟ ਨੂੰ ਲੈ ਕਲੇਸ਼ ਪਿਆ ਅਤੇ ਜਿਸ ਜਗ੍ਹਾ ਅਸੀਂ ਬੈਠੇ ਹਾਂ ਏਥੇ ਹੇਠਾਂ ਭਾਰੀ ਮਾਤਰਾ ਵਿੱਚ ਗਟਕਾ ਵੀ ਹੈ ਇਹ ਵੀ ਇੱਕ ਕਾਰਣ ਹੈ ਸਾਨੂੰ ਉਠਾਉਣ ਦਾ। ਸਾਡੀਆਂ ਝੁਗੀਆਂ ਦੇ ਚੁਫੇਰਿਓਂ ਮਾਈਨਿੰਗ ਕਰਕੇ ਗਟਕਾ ਕੱਢ ਲਿਆ ਗਿਆ ਹੈ ਅਤੇ ਅਗਲਾ ਨਿਸ਼ਾਨਾ ਅਸੀਂ ਸੀ। ਪਰ ਅਸੀਂ ਪਿਛਲੇ 30 ਸਾਲ ਤੋਂ ਏਥੇ ਹੀ ਵਸੇ ਹੋਏ ਹਾਂ।

ਮੌਕੇ ਤੇ ਮੌਜੂਦ ਕੁੱਝ ਔਰਤਾਂ ਨਾਲ ਗੱਲਬਾਤ:-

ਮੌਜੂਦ ਔਰਤਾਂ ਦਾ ਵੀ ਕਹਿਣਾ ਸੀ ਕਿ ਸਾਨੂੰ ਉਠਾਉਣ ਲਈ ਪਹਿਲਾਂ ਵੀ ਲਈ ਵਾਰ ਕਿਹਾ ਗਿਆ ਹੈ, ਮਾਇਨਿਗ ਵਾਲਾ ਵੀ ਇੱਕ ਮੁੱਦਾ ਹੈ। ਸੋਨੂੰ ਨੇ ਸਾਨੂੰ ਪਹਿਲਾਂ ਵੀ ਕਇ ਵਾਰ ਇਹ ਜਗ੍ਹਾ ਖਾਲੀ ਕਰਨ ਲਈ ਕਿਹਾ ਸੀ। ਉਸ ਦਿਨ ਅੱਗ ਲਾਉਣ ਵੇਲੇ ਸੋਨੂੰ ਏਥੇ ਮੌਜੂਦ ਸੀ। ਅਤੇ ਮੌਕੇ ਤੋਂ ਫਰਾਰ ਹੋਇਆ ਹੈ। ਸਾਡੀਆਂ ਝੁੱਗੀਆਂ ਸੜਨ ਤੋਂ ਬਾਅਦ ਤਰਨਜੀਤ ਸਿੰਘ ਸਾਡੇ ਕੋਲ ਆ ਕੇ ਧਮਕਾ ਕੇ ਗਿਆ ਕੇ ਕਰਲਿਓ ਜਿਹੜਾ ਕਰਨਾ ।

ਪਿੰਡ ਦੇ ਲੋਕਾਂ ਦਾ ਵਿਵਹਾਰ:-

ਇੱਕ ਮਾਜਦੂਰ ਦਾ ਕਹਿਣਾ ਸੀ ਕਿ ਪਿੰਡ ਦੇ ਕੁਝ ਲੋਕ ਸਾਨੂੰ ਹੁਣ ਵੀ ਧਮਕੀਆਂ ਦੇ ਰਹੇ ਹਨ।

ਪੁਲਿਸ ਕਾਰਵਾਈ:-

ਪੁਲਿਸ ਦੀ ਹੁਣ ਤੱਕ ਕਾਰਵਾਈ ਬਹੁਤ ਮਾੜੀ ਰਹੀ ਹੈ। ਐੱਫ. ਆਈ. ਆਰ. ਵਿੱਚ ਬਣਦੀ ਧਰਾ ਆਈ. ਪੀ. ਸੀ. 304 ਨਹੀਂ ਲਗਾਈ ਬਕਲੇ 304 ਲਗਾ ਕੇ ਸੋਨੂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ ਉਪਰੋਂ ਐੱਫ. ਆਈ. ਆਰ ਵਿੱਚ ਸੋਨੂ ਦਾ ਨਾਮ ਵੀ ਨਹੀਂ ਦਰਜ ਹੈ।

ਜਿਲ੍ਹਾ ਪ੍ਰਸਾਸ਼ਨ ਦੀ ਕਾਰਵਾਈ:-

ਜਿਲ੍ਹਾ ਪ੍ਰਸਾਸ਼ਨ ਨੇ ਹੁਣ ਤੱਕ ਗਰੀਬਾਂ



ਨੂੰ ਰਾਹਤ ਪੈਕੇਜ ਤਾਂ ਕੀ ਦੇਣਾ ਸੀ ਉਲਟਾ ਪੀਣ ਨੂੰ ਪਾਣੀ ਤੇ ਧੁੱਪ ਤੋਂ ਬਚਾਉਣ ਲਈ ਕੁੱਝ ਵੀ ਨਹੀਂ ਕੀਤਾ। ਖਾਣਾ ਪਿੰਡ ਲਾਗੇ ਗੁਰਦੁਆਰਾ ਸਾਹਿਬ ਤੋਂ ਆ ਰਿਹਾ।

84 ਘੰਟੇ ਵਾਪਰ ਚੁੱਕੇ ਹਨ ਹੁਣ ਤੱਕ ਮਜਦੂਰ ਖੁੱਲ੍ਹੇ ਅਸਮਾਨ ਚ ਸੋ ਰਹੇ ਹਨ ਤੇ ਦੁਪਹਿਰ ਵੀ ਧੁੱਪ 'ਚ ਕੱਟਣ ਲਈ ਮਜਬੂਰ ਹਨ। ਇੰਨੀ ਵੱਡੀ ਘਟਨਾ ਵਾਪਰਨ ਦੇ ਬਾਵਜੂਦ ਕੋਈ ਵੱਡਾ ਅਧਿਕਾਰੀ ਜਾਂ ਮੰਤਰੀ ਉਥੇ ਨਹੀਂ ਪਹੁੰਚਿਆ। ਅੱਜ ਸ਼ਾਮ ਨੂੰ ਸਿਰਫ ਨਾਇਬ ਤਹਿਸੀਲਦਾਰ ਆਇਆ ਤੇ ਇਹੀ ਕਹਿ ਕਿ ਚਲਾ ਗਿਆ ਕੇ ਐੱਸ.ਡੀ.ਐੱਮ. ਸਾਹਿਬ ਰਿਪੋਰਟ ਬਣਾ ਕਿ ਸੀ.ਐੱਮ. ਸਾਹਿਬ ਕੋਲ ਗਏ ਹੋਏ ਹਨ।

ਸਾਡੀਆਂ ਮੰਗਾ:-

1.ਜਮਹੂਰੀ ਅਧਿਕਾਰ ਸਭਾ, ਇਕਾਈ ਚੰਡੀਗੜ੍ਹ ਟ੍ਰਾਈ ਸਿਟੀ ਮੰਗ ਕਰਦੀ ਹੈ ਕੇ ਤੁਰੰਤ ਅੰਤਰਿਮ ਸਹਾਇਤਾ ਵਜੋਂ 50-50 ਹਜਾਰ ਰੁਪਏ ਦਿੱਤੇ ਜਾਣ।

2. ਸਭ ਨੂੰ ਘਰ ਬਣਾਉਣ ਲਈ 4,4 ਮਰਲੇ ਦੇ ਪਲਾਟ ਅਲਾਟ ਕਰਨ ਦੇ ਮਤੇ ਪੈਣ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਪੱਕੇ ਮਕਾਨ ਮਿਲਣ ਅਤੇ ਜਿੰਨਾਂ ਜਿੰਨਾ ਸਮਾਨ ਸੜ ਕੇ ਸੁਆਹ ਹੋ ਚੁੱਕਾ ਹੈ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਣ।

4. ਜਿਸ ਪਰਿਵਾਰ ਦੀ ਬੱਚੀ ਦੀ ਮੌਤ ਹੋਈ ਹੈ ਉਸ ਪਰਿਵਾਰ ਨੂੰ 15 ਲੱਖ ਰੁਪਏ ਦੀ ਸਹਾਇਤਾ ਦਿੱਤੀ ਜਾਵੇ।

3. ਮੁੱਖ ਦੋਸ਼ੀ ਸੋਨੂ ਅਤੇ ਤਰਨਜੀਤ ਨੂੰ ਜਲਦ ਤੋਂ ਜਲਦ ਐੱਫ. ਆਈ. ਆਰ. ਚ ਨਾਮਜ਼ਦ ਕਰਕੇ ਗਿਰਫ਼ਤਾਰ ਕੀਤਾ ਜਾਵੇ ਅਤੇ ਉਸਦੀ ਪਿੱਠ ਤੇ ਬੈਠੇ ਮਾਇਨਿਗ ਮਾਫੀਆ ਨੂੰ ਵੀ ਲੱਭ ਕਿ ਕੇਸ 'ਚ ਨਾਮਜ਼ਦ ਕਰਨ ਉਪਰੰਤ ਉਹਨਾਂ ਨੂੰ ਵੀ ਸਲਾਖਾਂ ਪਿੱਛੇ ਸੁੱਟਿਆ ਜਾਵੇ।

4. ਜੁਰਮ ਦੀਆਂ ਧਾਰਾਵਾਂ ਵਿਚ ਵਾਧਾ ਕਰਕੇ 304 ਧਾਰਾ ਲਾਈ ਜਾਵੇ।

5. ਜਲਦ ਤੋਂ ਜਲਦ ਪੀਣ ਵਾਲੇ ਪਾਣੀ ਦਾ ਇਕ ਟੈਂਕਰ, ਧੁੱਪ ਤੋਂ ਬਚਣ ਲਈ ਟੈਂਟ, ਖਾਣ ਨੂੰ ਰਾਸ਼ਨ ਤੇ ਬਰਤਨ ਅਤੇ ਸੌਣ ਤੇ ਪਹਿਨਣ ਲਈ ਕੱਪੜੇ ਮੁਹਾਈਆ ਕਰਵਾਏ ਜਾਣ ਕਿਉਂ ਕੇ ਸਭ ਕੁੱਝ ਸੜ ਕੇ ਸਵਾਹ ਹੋ ਚੁੱਕਾ ਹੈ।

ਅਸੀਂ ਸਮੂਹ ਇਨਸਾਫ ਪਸੰਦ ਅਧਾਰੇ ਅਤੇ ਆਮ ਜਨਤਾ ਨੂੰ ਅਪੀਲ ਕਰਦੇ ਹਾਂ ਕੇ ਇਨ੍ਹਾਂ ਗਰੀਬਾਂ ਨੂੰ ਇਨਸਾਫ਼ ਦਵਾਉਣ ਲਈ ਸਰਕਾਰ ਤੇ ਦਬਾਅ ਬਣਾਉਣ


1. ਅਜਾਇਬ ਗੁਰੂ ਐਡਵੋਕੇਟ ਪੰਜਾਬ ਅਤੇ ਹਰਿਆਣਾ ਕੋਰਟ (ਇਕਾਈ ਸਕੱਤਰ) 9781087337

2. ਮਨਦੀਪ ਸਿੰਘ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ (ਇਕਾਈ ਪ੍ਰਧਾਨ) 82642 03787

3 ਸੰਦੀਪਾ ਬੇਦੀਆ ਕਨੂੰਨ ਵਿਦਿਆਰਥੀ (ਇਕਾਈ ਖਜਾਨਚੀ)

4. ਮੇਘਾ ਸਿੰਘ ਸੇਵਾ ਮੁਕਤ ਸਹਾਇਕ ਸੰਪਾਦਕ ਪੰਜਾਬ (ਇਕਾਈ ਮੈਂਬਰ)

ਨੋਟ:- ਡਿਟੇਲ ਰਿਪੋਰਟ ਅਜੇ ਹੋਰ ਤੱਥਾਂ ਸਹਿਤ ਜਾਰੀ ਕਰੀ ਜਾਵੇਗੀ










# Alpha College students are getting organized for their rights and we stand with them



**Scarborough, Ontario**

SALUTE TO INTERNATIONAL STUDENTS FIGHTING BACK

International students protested in front of Alpha College in Scarborough. They met the director of the College, Vivian Liu, who said that the college will have some answers for them by Tuesday May 24th. Alpha College students are getting organized for their rights, and we stand with them.

STUDENTS DA EKKA ZINDABAD! Today, international students 23 May, 2022(@alpha_student_union IG) gave Alpha College & their partner St. Lawrence College a clear message: you cannot play with our futures. If you do, no matter how many barricades you place, organized international students will break past them to expose your exploitative tactics.

Tomorrow, Alpha College will provide updates on how they will address the distressing situation they've put hundreds of students in. If any student — whether in India and Canada — does not get re-enrolled after having paid their tuition, then these demonstrations of student unity will continue. All other colleges making profits off of international students should take note.

#LuttBandKaro # JusticeforAlphaStudents

# InternationalStudents #Justice4Students #AlphaCollege #StLawrenceCollege

Yesterday, International students protested day & night against Alpha College in Scarborough for being forced to take an unofficial "drop" without any advanced notice.

UNOFFICIAL DROP = EXPLOITATION OF STUDENTS

Hundreds of international students have been left in crisis after Alpha College (a private college) forced them to take an unofficial "drop."

An official "drop" is a regularly scheduled break that must be part of the college's academic calendar (eg. summer). During this time, international students can work over the 20 hour/week limit.

However, Alpha College has forced students into an "unofficial" drop without any prior notice. Students have not even been given confirmation that they will be able to stay enrolled for the September intake.

This is bad for 2 reasons:

1) Students have no choice but to work over 20 hours to survive. The unofficial nature of Alpha College's announcement means more students won't be able to "legally" work over 20hrs and will face exploitation by employers.

2) Students don't want their studies to stop, especially those close to graduating.

HOW ALPHA COLLEGE MAKES PROFITS

Alpha College has been telling students that they were unsuccessful in giving them a seat. They also claim the drop is for students who paid their tuition fees late. However, as students said on camera, the college already has a $150 penalty policy for late fees. Students who paid their tuition fees on time received the drop too.

Alpha College is constantly admitting hundreds of international students from India, reaping millions. Students report having to pay 2 semesters' worth of tuition fees from India — often by families selling their land and taking loans — only to be refused confirmation of enrolment.

Like so many private colleges, Alpha College treats international students like cash cows. They admit as many students as they can without any responsibility over students' wellbeing and studies after they arrive in Canada. This is how they make their profits.

# COVID-19 pandemic highlights the need for a living wage

**By Bethany Hastie**

With the spread of the Omicron variant of COVID-19, news stories sounding the alarm over worker shortages are once again on the rise. And, like previous waves, these news stories are focused almost exclusively on workers in low-wage, precarious jobs. These jobs service large parts of the Canadian economy that are now being recognized as "essential" in a post-pandemic society; jobs in the food supply and distribution chain, especially.



Precarious jobs tend to be characterized by part-time or casual labour, low wages, and few benefits and job protections. This includes many jobs in service sectors like retail, restaurant and food services, among others.

The first year and a half of the pandemic, in addition to recognizing the essential nature of many precarious jobs, also saw advancements for these workers in relation to job protection and sick leave. Many provinces amended employment statutes to ensure that all workers could take some form of unpaid sick leave and protected them against termination for doing so. Some, such as BC, have gone further to extend at least some entitlement to paid sick leave for these workers, as well.

The past two years of the pandemic has also highlighted numerous other issues and concerns for precarious workers, and the resulting labour shortages that have plagued service and food supply employers have not only been limited to periods of high COVID caseloads. More workers have left these industries and fewer workers have entered them. The reasons for this are well-rehearsed: lack of stability and job security, few benefits, and most often at the top of the list, insufficient wages.

For example, an individual working as a grocery store clerk in Vancouver and making minimum wage would gross just over $600 per week, or $2400 per month, working 40 hours per week. In light of the cost of rent, food and other essentials in Vancouver, this is not enough to make ends meet each month. Staying home from work when sick would be a difficult choice to make if the illness extended beyond BC's now-mandatory five days employer-paid sick leave (or if they get sick more than once in a year). And, the ability to cope with a gap in pay if the workplace was shut down would likely be insurmountable.

The pandemic has both illustrated and spurred on a demonstrated need for a living wage. A living wage is one that allows a household to "meet its basic needs". It is more than minimum wage. In Metro Vancouver, the calculated living wage for 2021 is $20.52 while the minimum wage is $15.20. And the cost of many essential goods has continued to rise since the calculation was done last year, due in part to the pandemic and its associated consequences. In 2022, for example, the cost of gas and basic groceries like milk is predicted to rise well above historical averages of inflation.

Many precarious jobs have typically paid at or near the minimum wage, with no attending benefits. However, for employers facing serious labour shortages, a living wage may be an attractive enticement for workers to enter and stay in these industries.

Since the onset of the pandemic, some employers in food services, especially, have taken a step in this direction, offering higher than minimum wages and other benefits. Others long ago took an even greater step by becoming a "living wage employer" in BC. And in unionized workplaces, achieving decent pay and working conditions, beyond the legislated minimum, is a matter of collective action and rights. In fact, since the onset of the COVID-19 pandemic, more people in precarious jobs and under-represented industries in BC, like retail, cafes and food services, have started to unionize as a means to increase their wages and working conditions.

The recognition that many precarious jobs—especially those in the food supply and distribution chains— are essential to the functioning of our economy and society should also be a top priority for employers and policy makers alike. Movement from a minimum wage to a living wage by individual employers is a good start and may help stave off the prospect of business closure amidst growing labour shortages. Legislated changes to move from a minimum wage to living-wage model under employment law would help ensure that all workers can have a measure of economic security in the long run.





11th Annual

Shaheed Bhagat Singh Memorial 5KM RUN

Sunday, June 12th, 2022

Bear Creek Park, Surrey, BC 9.00 am to 2.00 pm

REGISTRATION FEE $15 WITH T-SHIRT
CHILDREN 6 & UNDER FREE T-SHIRT

PROCEEDS GO TO SURREY FOOD BANK
PLEASE BRING NON-PERISHABLE FOODS TO THE RUN

Ror Registration or any other Information please Contact:

IQBAL PUREWAL 604-720-1652
PARMINDER SWAICH 604-760-4794
LAKHBIR KHUNKHUN 604-771-0410
KIRPAL BAINS 604-518-7676
HARBHAJAN CHEEMA 604-377-2415
SURJIT GILL 604-240-8002
MAKHAN DOSANJH 778-251-6010
SANTOKH DHESI 604-339-7439

ORGANISED BY: SHAHEED BHAGAT SINGH MEMORIAL 5K RUN SOCIETY SURREY BC

# The need for affordable child care

By Lynell Anderson and Eric Swanson



Canada is at a game changing moment when it comes to child care. Historic federal funding agreements with provinces and territories now support a vision for high-quality, accessible child care across the country.

Affordability is a top priority, with governments committing significant funds to reduce average child care fees by 50 per cent by the end of this year and $10aDay by 2026.

BC's experience with child care fee reductions to date shows those funds absolutely must have effective safeguards. Otherwise, publicly subsidized fee reductions can be quickly swallowed by large fee increases charged by some operators, and families will be no further ahead.

**Rising fees in BC**

BC introduced its first publicly subsidized fee reduction (called the Child Care Fee Reduction Initiative or CCFRI) in 2018 and since then 93 per cent1 of eligible licensed, full-day programs have been receiving a monthly rebate of up to $350 per child.2 The idea was that programs then pass this on to families, who would end up paying up to $350 less per month.

However, data from the most recent Canadian Centre for Policy Alternatives' (CCPA) annual survey of child care fees in large Canadian cities confirms that these intended savings are being eroded. For example, of the four BC cities covered by the surveys since 2018,3 fees in infant/toddler centres have increased faster than inflation: by an average of approximately four per cent per year in Vancouver, seven to eight per cent annually in Surrey and Burnaby, and by an eye-watering 20 per cent a year in Richmond.4

Figure 1 charts these annual increases in the median fees of infant/toddler child care centres over time.

The chart shows the predicted drop in fees attributed to the introduction of the CCFRI, but then an upwards trend in all four cities thereafter. Figure 1 also reflects the introduction of 2,500 $10aDay spaces province-wide—a small proportion of overall spaces, which are shown to contrast their relative affordability and stability.

In Vancouver, Surrey and Burnaby this trend of rising fees means the value of the $350 rebate for families is being eroded, although it's important to note that median 2021 fees in these three cities are still lower than they were pre-rebate.

In Richmond (orange line) the story is more drastic. Here, the benefit of the $350 rebate was eliminated in the span of a year, with fees continuing to climb until, in 2021, they ended up $220 higher than before the rebate program took effect.

Figure 2 shows a similar story for families with older children (three to five year olds) in child care centres, with fees trending upward after this age group's $100 CCFRI rebate was introduced.

In Burnaby and Vancouver, this upward trend has more or less fully eroded the $100 rebate. In Surrey, median fees are now $50 per month higher than before the rebate, and a whopping $300 a month higher in Richmond.

**What's going on here?**

First, rebates have not increased since they were introduced so some fee increases are expected to cover inflation and other cost pressures. Yet we've noted that these increases have outpaced inflation, significantly in some cases, despite the provincial government's attempts to moderate them under CCFRI.6

So if not broad-based inflation, then what?

**For-profit sector is driving fee increases**

We've seen in Figures 1 and 2 that median fees since the introduction of CCFRI in 2018 have been increasing in all four cities for both infant/toddler and 3-5 year olds programs in child care centres.

However, when you compare what's happening in non-profit vs. for-profit centres, a telling pattern emerges.

For example, Figure 3 shows that in all four cities non-profit fees in 2021 were lower than the median fees for all centres three years earlier (before the CCFRI rebate was introduced).7

By contrast, for-profit fees were 30 per cent to 51 per cent higher than the 2018 all-centre median.8,9

In other words, Figure 3 shows the for-profit sector is substantially driving the overall fee increases in these programs (i.e., driving the erosion of BC's publicly funded rebates), both in cities where for-profit centres are in the minority (e.g., in Vancouver, at 27 per cent of spaces) and where they are in the majority (e.g., in Richmond, at 81 per cent of spaces).10

Notably, the CCPA's 2021 national fee survey reveals that three BC cities (Surrey, Vancouver and Richmond) have the largest gap between non-profit and for-profit fees in the entire country, ranging from 49 per cent higher (in Richmond) to 81 per cent higher (in Surrey).11

**The way forward**

BC has confirmed it will use the existing CCFRI funding program to achieve the targeted 50 per cent fee reduction later this year. Clearly, stronger accountability mechanisms must be added with particular attention to for-profit centres with high fees. The community-led Roadmap to $10aDay recommends that additional public funding be both adequate and accountable for achieving fair educator wages and caps on fees and fee increases, with accountability strengthened by public posting of fees and enhanced financial reporting.

The real solution, however, can be found in BC's parallel and growing system of $10aDay child care, where fees are already capped and publicly funded programs can be accountable for ensuring that additional funding is used to increase quality and equitable access. Fortunately, a system of $10aDay fees is also the long-term vision of Canada's national child care system.

When it comes to making child care more affordable, BC and Canada are on the right track, but if we don't learn from BC's recent experience with CCFRI we risk costly mistakes that erode benefits for both families and the public purse.

**Notes**

1. As reported by the BC government in the Budget Backgrounder updated March 22, 2022.

2. CCFRI rebates are $350/month for group infant/toddler care (under 36 months), $200/month for family infant/toddler care (under 36 months), $100/month for group care for children aged 3 to Kindergarten, and $60/month for family care for children aged 3 to Kindergarten.

3. Kelowna was added to the CCPA surveys starting in 2019. However, in this analysis we focus on the four cities that have been included in the annual surveys since the 2018 introduction of the CCFRI.

4. Compared to a baseline calculated by taking the median monthly fees reported by child care centres programs in the 2018 CCPA survey and subtracting the CCFRI amount of $350. Between 2018 and 2021, inflation averaged 2 per cent per year.

5. In 2018, infant/toddler fees were reported separately in the fee survey. They are averaged in this analysis in order to be more consistent with remaining years, which reported a combined infant/toddler rate.

6. Through the study period, BC's CCFRI program attempted to limit annual fee increases in recipient programs by implementing a Ministry review process (e.g. as outlined on pp. 6-8 of the 2021/2022 CCFRI Funding Guidelines). Fee increases were to only receive approval if they were deemed to be (a) of a nominal amount; (b) if the facility's parent fee at the time of application was below the median fee for the facility's Service Delivery Area AND the requested fee increase(s) amount aligned with the provincial range of standard annual increases, (c) if the fee increase matched a historical pattern for that facility; or (d) reflected exceptional circumstances outlined by the facility. However, this Ministry review process hasn't historically prevented new for-profit centres from opening up and charging much higher initial fees than existing facilities, a phenomenon that may account for a significant percentage of the overall increase in median fees over the study period. BC has since released new 2022/2023 CCFRI Funding Guidelines that establishes upper limits for fee increases, and limits fees charged by new facilities to at or below the regional 70th percentile fee.

7. Compared to the 2018 median fee for all centres, fees in non-profit centres three years later in 2021 were 5% lower in Vancouver, 6% lower in Burnaby, 8% lower in Richmond, and 23% lower in Surrey.

8. Compared to the 2018 median fee for all centres, fees in for-profit centres three years later in 2021 were 30% higher in Burnaby, 37% higher in Richmond, 38% higher in Surrey and 51% higher in Vancouver.

9.We do not know for sure that all of the surveyed for-profits, captured by this city-specific data, are participating in CCFRI (for those who aren't, their reported fees would skew the results somewhat higher); however, the high overall CCFRI participation rate across BC (93%) suggests this area of uncertainty is unlikely to alter the fundamental conclusion. Furthermore, any non-participation of for-profit centres in CCFRI raises its own questions (as those families would not be benefiting from the program).

10. Data provided by David Macdonald (co-author of the CCPA annual fee surveys).

# ਭਾਰਤੀ ਗਿਰਮਿਟੀਆ (ਗੁਲਾਮਾਂ) ਦੀ ਕਦੇ ਨਾ ਭੁੱਲਣ ਵਾਲੀ ਅਣਕਹੀ ਕਹਾਣੀ



ਜਸਬੀਰ ਦੀਪ



ਇਹ ਉਸ ਸਮੇਂ ਦੀ ਗੱਲ ਹੈ ਜਦੋਂ ਦੁਨੀਆਂ ਭਰ ਵਿੱਚ ਗੁਲਾਮੀ ਦਾ ਖਾਤਮਾ ਕੀਤਾ ਗਿਆ ਸੀ। ਯੂਰਪੀ ਸਕਤੀਆਂ ਦੀਆਂ ਸਾਮਰਾਜਵਾਦੀ ਨੀਤੀਆਂ ਨੇ ਗੁਲਾਮੀ ਦਾ ਬਦਲ ਲਿਆ ਅਤੇ ਸਾਰੀਆਂ ਯੂਰਪੀ ਸਕਤੀਆਂ ਨੇ ਈਸਟ ਇੰਡੀਆ ਕੰਪਨੀ ਨਾਲ ਸਮਝੌਤਾ ਕਰਕੇ 1826 ਤੋਂ ਲੈ ਕੇ 35 ਲੱਖ ਦੇ ਕਰੀਬ ਮਰਦ, ਔਰਤਾਂ ਅਤੇ ਬੱਚੇ ਫਰਾਂਸੀਸੀ, ਡੱਚ ਅਤੇ ਅੰਗਰੇਜੀ ਬਸਤੀਆਂ ਵਿੱਚ ਕੰਮ ਕਰਨ ਲਈ ਲੈ ਗਏ। ਮਾਰੀਸਸ, ਤ੍ਰਿਨੀਦਾਦ, ਸੂਰੀਨਾਮ, ਫਿਜੀ ਆਦਿ ਵਿੱਚ ਗੰਨੇ ਦੀ ਖੇਤੀ ਦੀ ਆੜ ਵਿੱਚ ਮਜਦੂਰਾਂ ਵਜੋਂ ਲਿਆਂਦੇ ਗਏ ਭਾਰਤੀ ਉੱਤਰ ਪ੍ਰਦੇਸ ਅਤੇ ਬਿਹਾਰ ਦੇ ਸਨ। ਲੋਕ ਮਦਰਾਸ, ਪਾਂਡੀਚੇਰੀ ਅਤੇ ਕੇਰਲਾ ਤੋਂ ਵੀ ਗਏ ਸਨ। ਆਧੁਨਿਕ ਇਤਿਹਾਸ ਵਿਚ ਇੰਨੇ ਵੱਡੇ ਪੱਧਰ ’ਤੇ ਪ੍ਰਵਾਸ ਦੀ ਕੋਈ ਦੂਜੀ ਮਿਸਾਲ ਨਹੀਂ ਹੈ।ਪਰਦੇਸ ’ਚ ਇਹਨਾਂ ’ਤੇ ਹੋ ਰਹੇ ਅੱਤਿਆਚਾਰਾਂ ਦੀ ਕੋਈ ਸੁਣਵਾਈ ਨਹੀਂ ਹੋਈ। ਉਨ੍ਹਾਂ ਨੂੰ ਸਿਰਫ ‘ਹੱਥ ਨਾਲ ਚੁੱਕੋ ਅਤੇ ਮੂੰਹ ਵਿੱਚ ਪਾਓ’ ਦਾ ਭੁਗਤਾਨ ਕੀਤਾ ਗਿਆ ਸੀ। ਅੰਗਰੇਜ ਉਨ੍ਹਾਂ ਨੂੰ ਬਿਲਕੁਲ ਵੀ ਆਰਾਮ ਨਹੀਂ ਸਨ ਕਰਨ ਦਿੰਦੇ। ਔਰਤਾਂ ਦੀ ਹਾਲਤ ਹੋਰ ਵੀ ਮਾੜੀ ਸੀ। ਮਹਾਤਮਾ ਗਾਂਧੀ ਨੇ ਸਭ ਤੋਂ ਪਹਿਲਾਂ ਮਜਦੂਰਾਂ ਨਾਲ ਦੁਰਵਿਵਹਾਰ ਦਾ ਮੁੱਦਾ ਉਠਾਇਆ ਅਤੇ ਬ੍ਰਿਟਿਸ ਸਰਕਾਰ ਨੂੰ ਸ਼ਿਕਾਇਤ ਕੀਤੀ ਅਤੇ ਅੰਦੋਲਨ ਕੀਤਾ। ਉਹ ਮਾਰੀਸਸ ਵੀ ਗਏ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇੰਨੇ ਸਾਲਾਂ ਬਾਅਦ ਵੀ ਗਾਂਧੀ ਜੀ ਨੂੰ ਪ੍ਰਵਾਸੀਆਂ ਦੇ ਲੋਕ ਗੀਤਾਂ ਵਿੱਚ ਥਾਂ ਮਿਲਦੀ ਹੈ। ਗਾਂਧੀ ਜੀ ਨੇ ਦੱਖਣੀ ਅਫਰੀਕਾ ਵਿੱਚ ਇੰਡੈਂਟਰ ਦੀ ਅਣਮਨੁੱਖੀ ਪ੍ਰਥਾ ਦੇ ਵਿਰੁੱਧ ਆਪਣੀ ਆਵਾਜ ਬੁਲੰਦ ਕੀਤੀ ਸੀ। ਮਾਰੀਸਸ ਅਤੇ ਸੂਰੀਨਾਮ ਵਿੱਚ, ਗਾਂਧੀ ਜੀ ਨੇ ਆਪਣੇ ਵਿਸਵਾਸਪਾਤਰਾਂ ਨੂੰ ਭਾਰਤੀ ਸਮਾਜ ਲਈ ਮੁਫਤ ਵਕੀਲ ਨਿਯੁਕਤ ਕੀਤਾ ਅਤੇ ਗੋਰਿਆਂ ਦੁਆਰਾ ਸਤਾਏ ਭਾਰਤੀ ਸਮਾਜ ਨੂੰ ਆਪਣੇ ਹੱਕਾਂ ਲਈ ਲੜਨ ਲਈ ਨੈਤਿਕ ਤਾਕਤ ਦਿੱਤੀ। ਗਾਂਧੀ ਜੀ ਨੇ ਖੁਦ ਇਨ੍ਹਾਂ ਥਾਵਾਂ ’ਤੇ ਦੋ-ਛੇ ਮਹੀਨੇ ਰਹਿ ਕੇ ਔਰਤਾਂ ਨੂੰ ਸਿੱਖਿਆ, ਸਿਹਤ, ਸਫਾਈ, ਅਨੁਸਾਸਨ ਅਤੇ ਬੁਰਾਈਆਂ ਨਾਲ ਲੜਨ ਦਾ ਉਪਦੇਸ ਦਿੱਤਾ। ਇੱਥੇ ਭਾਰਤ ਵਿੱਚ ਗੋਪਾਲ ਕ੍ਰਿਸਨ ਗੋਖਲੇ ਨੇ ਸਾਲ 1912 ਵਿੱਚ ਇੰਪੀਰੀਅਲ ਲੈਜਿਸਲੇਟਿਵ ਕੌਂਸਲ ਵਿੱਚ ਪ੍ਰਸਤਾਵ ਪੇਸ ਕੀਤਾ ਸੀ। ਗਾਂਧੀ ਜੀ ਵੀ ਭਾਰਤ ਆਏ ਸਨ। ਸਾਲ 1916 ਦੇ ਕਾਂਗਰਸ ਸੈਸਨ ਵਿੱਚ, ਉਸਨੇ ਇੰਡੀਆ ਸਕਿਓਰਿਟੀ ਐਂਡ ਇੰਡੈਂਟਰਡ ਪ੍ਰੈਕਟਿਸ ਐਕਟ ਦਾ ਪ੍ਰਸਤਾਵ ਰੱਖਿਆ। ਸਾਲ 1917 ਵਿੱਚ ਇਸ ਪ੍ਰਥਾ ਦੇ ਵਿਰੋਧ ਵਿੱਚ ਅਹਿਮਦਾਬਾਦ ਵਿੱਚ ਇੱਕ ਵਿਸਾਲ ਮੀਟਿੰਗ ਹੋਈ, ਜਿਸ ਵਿੱਚ ਸੀ .ਐਫ ਐਂਡਰਿਊਜ ਅਤੇ ਹੈਨਰੀ ਪੋਲੌਕ ਨੇ ਵੀ ਭਾਸਣ ਦਿੱਤੇ। ਇਸ ਮੀਟਿੰਗ ਵਿੱਚ ਪੰਡਿਤ ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ ਵਰਗੇ ਬੁਲਾਰਿਆਂ ਨੇ ਵੀ ਸੰਬੋਧਨ ਕੀਤਾ। ਤੋਤਾ ਰਾਮ ਸੰਧਿਆ ਅਤੇ ਕੁੰਤੀ ਵਰਗੇ ਸੁਹਿਰਦ ਨੇਤਾਵਾਂ ਨੇ ਵੀ ਇੱਥੇ ਆਪਣੀ ਆਵਾਜ ਬੁਲੰਦ ਕੀਤੀ। ਅਜਿਹੇ ਸਖਤ ਵਿਰੋਧ ਦੇ ਸਾਹਮਣੇ ਸਰਕਾਰ ਨੂੰ ਝੁਕਣਾ ਪਿਆ। ਮਈ 1917 ਤੱਕ, ਇੰਡੈਂਟਰ ਸਿਸਟਮ ਨੂੰ ਖਤਮ ਕਰਨ ਦਾ ਅਲਟੀਮੇਟਮ ਦਿੱਤਾ ਗਿਆ ਅਤੇ ਅੰਤ ਵਿੱਚ ਮਾਰਚ 1917 ਵਿੱਚ, ਇਸ ਪ੍ਰਥਾ ਨੂੰ ਖਤਮ ਕਰ ਦਿੱਤਾ ਗਿਆ।ਗੋਰਿਆਂ ਨੇ ਸਥਾਨਕ ਠੇਕੇਦਾਰਾਂ ਰਾਹੀਂ ਬਿਹਾਰ, ਬੰਗਾਲ, ਉੱਤਰ ਪ੍ਰਦੇਸ (ਪਹਿਲਾਂ ਸੰਯੁਕਤ ਪ੍ਰਾਂਤ) ਦੇ ਪਰਦੇਸ ਵਿੱਚ ਕੰਮ ਕਰਨ ਦੀਆਂ ਲੁਭਾਉਣੀਆਂ ਪੇਸਕਸਾਂ ਕੀਤੀਆਂ। ਜਲਦੀ ਹੀ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਗੋਰਿਆਂ ਦੀ ਵਿਦੇਸ ਜਾ ਕੇ ਕਮਾਈ ਕਰਨ ਦੀ ਪੇਸਕਸ ਖਿੱਚ ਭਰਪੂਰ ਸੀ। ਬਜੁਰਗ ਡਰੇ ਹੋਏ ਸਨ, ਪਰ ਨੌਜਵਾਨਾਂ ਨੇ ਫੈਸਲਾ ਸੁਣਾ ਦਿੱਤਾ ਸੀ ਕਿ ਉਹ ਕਲਕੱਤਾ (ਹੁਣ ਕੋਲਕਾਤਾ) ਜਾਣਗੇ ਅਤੇ ਉਥੋਂ ਕੰਪਨੀ ਸਰਕਾਰ ਨਾਲ ਵਿਦੇਸ ਯਾਤਰਾ ਕਰਨਗੇ। ਕੁਝ ਇਕੱਲੇ ਤੁਰੇ ਤੇ ਕੁਝ ਪਤਨੀਆਂ ਨਾਲ। ਹੰਝੂਆਂ ਨਾਲ ਭਿੱਜੀਆਂ ਅੱਖਾਂ, ਪਿਆਰਿਆਂ ਦਾ ਵਿਛੋੜਾ ਵੀ ਉਨ੍ਹਾਂ ਨੂੰ ਰੋਕ ਨਾ ਸਕਿਆ। ਗੱਲਬਾਤ ਸਮਝੌਤੇ ਬਾਰੇ ਸੀ। ਯੂਰਪੀਅਨ ਕੰਪਨੀਆਂ ਵਿਦੇਸੀ ਲੋਕਾਂ ਨੂੰ ਜਹਾਜ ’ਤੇ ਚੜ੍ਹਨ ਤੋਂ ਪਹਿਲਾਂ ਇਕਰਾਰਨਾਮੇ ’ਤੇ ਦਸਤਖਤ ਕਰਨ ਲਈ ਕਹਿ ਰਹੀਆਂ ਸਨ। ਇਸ ਇਕਰਾਰਨਾਮੇ ਵਿਚ ਕਈ ਸਰਤਾਂ ਸਨ, ਜਿਵੇਂ ਕਿ ਪੰਜ ਸਾਲ ਤੋਂ ਪਹਿਲਾਂ ਵਾਪਸੀ ਸੰਭਵ ਨਹੀਂ ਹੋਵੇਗੀ, ਅੱਠ ਰੁਪਏ ਪ੍ਰਤੀ ਮਹੀਨਾ ਤਨਖਾਹ ਮਿਲੇਗੀ, ਓਵਰਟਾਈਮ ਲਈ ਵੱਖਰੇ ਪੈਸੇ, ਐਤਵਾਰ ਦੀ ਛੁੱਟੀ ਅਤੇ ਸਿਰਫ ਉਹੀ ਪਰਿਵਾਰਕ ਮੈਂਬਰ ਹੋਣਗੇ ਜੋ ਮਿਹਨਤ ਮਜਦੂਰੀ ਕਰ ਸਕਦੇ ਹਨ,ਉਨ੍ਹਾਂ ਨਾਲ ਜਾਣ ਦੇ ਯੋਗ। ਇਸ ਦੇ ਲਈ ਉਨ੍ਹਾਂ ਦੀ ਇੰਟਰਵਿਊ ਲਈ ਜਾਵੇਗੀ। ਉੱਥੇ ਵਿਆਹ ਨਹੀਂ ਹੋਣ ਦਿੱਤਾ ਜਾਵੇਗਾ। ਕੰਮ ਲਈ ਪੈਸੇ ਦੇਣ ਦੇ ਨਾਲ-ਨਾਲ ਜ਼ਿੰਦਗੀ ਦੇ ਬਿਹਤਰ ਮੌਕੇ ਦੇਖ ਕੇ, ਕਈਆਂ ਨੇ ਸਮਝੌਤੇ ’ਤੇ ਦਸਤਖਤ ਕੀਤੇ ਅਤੇ ਫਿਰ ਅਣਜਾਣ ਯਾਤਰਾ ’ਤੇ ਚਲੇ ਗਏ। ਜਿਨ੍ਹਾਂ ਨੇ ਅੰਗ੍ਰੇਜੀ, ਡੱਚ ਜਾਂ ਫ੍ਰੈਂਚ ਵਿਚ ਇਕਰਾਰਨਾਮੇ ’ਤੇ ਦਸਤਖਤ ਕੀਤੇ ਸਨ, ਉਨ੍ਹਾਂ ਨੂੰ ਆਪਣੇ ਮੂਲ ਦੇਸ ਵਿਚ ਇੰਡੈਂਟਰਡ ਜਾਂ ਕੰਟਰੈਕਟੀਆ ਕਿਹਾ ਜਾਂਦਾ ਸੀ। ਅੱਜ ਵੀ ਇਨ੍ਹਾਂ ਮੁਲਕਾਂ ਵਿਚ ਵਿਰਾਸਤ ਵਜੋਂ ਸੰਭਾਲੇ ਹੋਏ ਸਮਝੌਤੇ ਦੀ ਨਕਲ ਵਿਚ ਜਾਣ ਵਾਲੇ ਲੋਕਾਂ ਦੇ ਨਾਂ ਕੁਝ ਇਸ ਤਰ੍ਹਾਂ ਪੜ੍ਹੇ ਜਾ ਸਕਦੇ ਹਨ- ਰਾਮਜਨਮ ਪਿਤਾ ਰਾਮਜੀਵਨ, ਪਿੰਡ ਅਰੇੜੀ ਜ਼ਿਲ੍ਹਾ ਸੀਵਾਨ, ਰਾਮਦੀਨ, ਘੁੰਗਰੂ, ਜੀਵਨਰਾਮ, ਚੰਦਨ, ਲੱਖੀ, ਸੁੱਖੀ, ਮੰਗਰੂ, ਰਾਮਸਨੇਹ ਆਦਿ... ਸਾਡੇ ਪਿਉ-ਦਾਦਿਆਂ ਦਾ ਸਮਝੌਤਾ, ਜੋ ਸਮਝੌਤੇ ਨੂੰ ਗੁਰਮਿਤ ਕਹਿੰਦੇ ਸਨ, ਸਮਝੌਤੇ ਵਾਲੇ ਦੀ ਪਛਾਣ ਬਣ ਗਏ। ਸਮਾਜ ਇੱਕ ਸਮਾਜ ਸੀ ਅਤੇ ਕਲਕੱਤੇ ਵਿੱਚ ਭਰਤੀ ਹੋਣ ਅਤੇ ਬੰਦਰਗਾਹ ਤੋਂ ਪਰਦੇਸ ਨੂੰ ਰਵਾਨਾ ਹੋਣ ਕਾਰਨ ਜਿਨ੍ਹਾਂ ਨੇ ਚੁਣੌਤੀ ਸਵੀਕਾਰ ਕੀਤੀ ਅਤੇ ਆਪਣਾ ਪਿੰਡ ਛੱਡ ਦਿੱਤਾ, ਉਨ੍ਹਾਂ ਨੂੰ ਕਲਕੱਤਾ ਵੀ ਕਿਹਾ ਜਾਂਦਾ ਸੀ। ਫਰਾਂਸੀਸੀ ਅਤੇ ਡੱਚ ਸਰਕਾਰਾਂ ਨੇ ਇੱਕ ਵਪਾਰਕ ਸਮਝੌਤੇ ਤਹਿਤ ਭਾਰਤੀਆਂ ਨੂੰ ਉਨ੍ਹਾਂ ਦੀਆਂ ਕਾਲੋਨੀਆਂ ਵਿੱਚ ਲਿਜਾਣ ਲਈ ਬ੍ਰਿਟਿਸ ਸਰਕਾਰ ਤੋਂ ਇਜਾਜਤ ਮੰਗੀ ਸੀ। ਯੂ.ਪੀ. ਅਤੇ ਬਿਹਾਰ ਦੇ ਹਿੰਮਤੀ ਭਟਕਣ ਵਾਲੇ ਆਪਣੀ ਮਿੱਟੀ ਤੋਂ ਦੂਰ ਜਾ ਰਹੇ ਸਨ, ਪਰ ਭਾਰਤ ਦੀ ਆਤਮਾ ਨੂੰ ਆਪਣੇ ਨਾਲ ਬੰਨ੍ਹ ਕੇ ਲੈ ਜਾ ਰਹੇ ਸਨ। ਸ੍ਰੀ ਰਾਮਚਰਿਤਮਾਨਸ ਅਤੇ ਹਨੂੰਮਾਨ ਚਾਲੀਸਾ ਦੇ ਰੂਪ ਵਿੱਚ, ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਅਤੇ ਸਿੰਦੂਰ-ਟਿਕੁਲੀ ਦੇ ਰੂਪ ਵਿੱਚ, ਤੀਜ-ਤਿਉਹਾਰਾਂ ਅਤੇ ਲੋਕ ਗੀਤਾਂ ਦੇ ਰੂਪ ਵਿੱਚ... ਇਹ ਉਸਦੀ ਤਾਕਤ ਅਤੇ ਇਹ ਵਿਰਾਸਤ ਸੀ।ਸਾਲ 1829 ਵਿਚ ਪਹਿਲਾ ਜਹਾਜ ਮਾਰੀਸਸ ਲਈ ਰਵਾਨਾ ਹੋਇਆ ਸੀ ਪਰ ਇਹ ਯਾਤਰਾ ਦੁਖਦਾਈ ਤੌਰ ’ਤੇ ਅਸਫਲ ਰਹੀ, ਫਿਰ ਵੀ ਅਗਲੇ ਪੰਜ ਸਾਲਾਂ ਵਿਚ ਲਗਭਗ 25 ਹਜਾਰ ਭਾਰਤੀ ਮਾਰੀਸਸ ਪਹੁੰਚ ਗਏ। ਇਹ ਸਫਰ ਬਹੁਤ ਔਖੇ ਸਨ। ਹਫੜਾ-ਦਫੜੀ ਕਾਰਨ ਜਹਾਜ ਵਿਚ ਹੈਜਾ, ਚੇਚਕ ਵਰਗੀਆਂ ਮਹਾਂਮਾਰੀਆਂ ਫੈਲ ਗਈਆਂ। ਯਾਤਰਾ ਖਤਮ ਨਾ ਹੁੰਦੀ ਦੇਖ ਕੇ ਕਈਆਂ ਨੇ ਘਬਰਾਹਟ ਵਿਚ ਸਮੁੰਦਰ ਵਿਚ ਛਾਲ ਮਾਰ ਕੇ ਖੁਦਕੁਸੀ ਕਰ ਲਈ। ਖਾਣ-ਪੀਣ ਦੀ ਘਾਟ ਅਤੇ ਵਿਦੇਸੀ ਕੰਪਨੀਆਂ ਦੇ ਦੁਰਵਿਵਹਾਰ, ਪਿਉ-ਦਾਦੇ ਡਰੇ ਹੋਏ ਵੀ ਸਨ, ਪਰ ਬਹਾਦਰ ਸਨ। ਪਹਿਲਾ ਜਹਾਜ ਲਗਭਗ ਚਾਰ ਮਹੀਨਿਆਂ ਦੀ ਲੰਬੀ ਯਾਤਰਾ ਤੋਂ ਬਾਅਦ ਮਾਰੀਸਸ ਦੇ ਤੱਟ ’ਤੇ ਪਹੁੰਚਿਆ। ਹਿੰਦ ਮਹਾਸਾਗਰ ਵਿਚਲਾ ਖੂਬਸੂਰਤ ਟਾਪੂ ਆਪਣੀ ਪੱਥਰੀਲੀ ਧਰਤੀ ਦੀ ਬਾਂਹ ਨਾਲ ਉਨ੍ਹਾਂ ਦਾ ਸੁਆਗਤ ਕਰ ਰਿਹਾ ਸੀ। ਇਹ ਇੱਕ ਨਵੀਂ ਸਵੇਰ ਸੀ। ਭਾਰਤ ਹਜਾਰਾਂ ਮੀਲ ਪਿੱਛੇ ਰਹਿ ਗਿਆ ਸੀ, ਪਰ ਉਨ੍ਹਾਂ ਦੇ ਅੰਦਰ ਇੱਕ ਅਜਿਹਾ ਭਾਰਤ ਸਾਹ ਲੈ ਰਿਹਾ ਸੀ ਜਿਸ ਨੂੰ ਆਉਣ ਵਾਲੇ ਸਮੇਂ ਵਿੱਚ ਦੁਨੀਆ ਸਲਾਮ ਕਰੇਗੀ। ਕੈਰੇਬੀਅਨ ਟਾਪੂਆਂ ਵਿੱਚ, ਪਹਿਲੇ ਇੰਡੈਂਟਰ ਭਰਾ 1838 ਵਿੱਚ ਕਲਕੱਤੇ ਤੋਂ ਜਮਾਇਕਾ ਪਹੁੰਚੇ ਅਤੇ 30 ਮਈ, 1845 ਨੂੰ ਫਤਿਹ ਰਜਾਕ ਨਾਮ ਦਾ ਇੱਕ ਜਹਾਜ ਭਾਰਤ ਤੋਂ ਇੰਡੈਂਟਡ ਮਜਦੂਰਾਂ ਨਾਲ ਤ੍ਰਿਨੀਦਾਦ ਦੇ ਨੈਲਸਨ ਟਾਪੂ ਪਹੁੰਚਿਆ ਅਤੇ ਇਹ ਸਿਲਸਿਲਾ ਜਾਰੀ ਰਿਹਾ।ਇਹ ਮਜਦੂਰ ਜ਼ਿਆਦਾਤਰ ਪੂਰਬੀ ਉੱਤਰ ਪ੍ਰਦੇਸ ਅਤੇ ਪੱਛਮੀ ਬਿਹਾਰ ਦੇ ਸਨ। ਉਨ੍ਹਾਂ ਨੂੰ ਗੰਨੇ ਦੇ ਖੇਤਾਂ ਵਿੱਚ ਕੰਮ ਕਰਨ ਲਈ ਬਣਾਇਆ ਗਿਆ ਸੀ, ਕਿਉਂਕਿ ਉਹ ਇਸ ਵਿੱਚ ਸੰਪੂਰਨ ਸਨ। ਠੇਕੇ ਵਾਲੇ ਇਹ ਵੀ ਚਾਹੁੰਦੇ ਸਨ ਕਿ ਪੰਜ ਸਾਲਾਂ ਵਿੱਚ ਉਹ ਇੰਨੀ ਕਮਾਈ ਕਰ ਲੈਣ ਕਿ ਭਾਰਤ ਵਿੱਚ ਉਨ੍ਹਾਂ ਦੇ ਰਿਸਤੇਦਾਰਾਂ ਦੀਆਂ ਸਾਰੀਆਂ ਮੁਸਕਲਾਂ ਹੱਲ ਹੋ ਜਾਣ। ਅੰਗਰੇਜਾਂ, ਫਰਾਂਸੀਸੀ ਅਤੇ ਡੱਚ ਲੋਕਾਂ ਦੇ ਜੁਲਮ ਦਾ ਸਾਹਮਣਾ ਕਰਦੇ ਹੋਏ ਉਨ੍ਹਾਂ ਨੇ ਸਖਤ ਮਿਹਨਤ ਕਰਕੇ ਜੰਗਲਾਂ, ਪਥਰੀਲੀਆਂ ਜਮੀਨਾਂ ਅਤੇ ਦਲਦਲਾਂ ਨੂੰ ਉਪਜਾਊ ਜਮੀਨਾਂ ਵਿੱਚ ਬਦਲ ਦਿੱਤਾ, ਪਰ ਉਦੋਂ ਤੱਕ ਬੰਧਕ ਭਰਾਵਾਂ ਦੀ ਹਾਲਤ ਤਰਸਯੋਗ ਹੋ ਚੁੱਕੀ ਸੀ। ਨਾ ਤਾਂ ਉਨ੍ਹਾਂ ਨੂੰ ਪੂਰਾ ਭੋਜਨ ਮਿਲਿਆ ਅਤੇ ਨਾ ਹੀ ਉਨ੍ਹਾਂ ਨੂੰ ਜਿਊਣ ਦਾ ਮੌਲਿਕ ਅਧਿਕਾਰ ਮਿਲਿਆ। ਕੁਝ ਸਮੇਂ ਲਈ ਪੈਸਾ ਕਮਾਉਣ ਗਏ ਭਾਰਤੀ ਇਸ ਧੋਖੇ ਵਿੱਚ ਫਸ ਗਏ।ਜਦੋਂ ਮੈਂ ਤ੍ਰਿਨੀਦਾਦ ਵਿਚ ਭਾਰਤੀਆਂ ਦੇ ਪੂਰਵਜਾਂ ਦੇ ਪੁਰਾਤਨ ਰਿਕਾਰਡਾਂ ’ਤੇ ਨਜਰ ਮਾਰੀ, ਤਾਂ ਮੈਨੂੰ ਪਤਾ ਲੱਗਾ ਕਿ ਜ਼ਿਆਦਾਤਰ ਲੋਕ ਲਖਨਊ, ਲਖੀਮਪੁਰ, ਬਹਿਰਾਇਚ, ਫੈਜਾਬਾਦ, ਗੋਂਡਾ, ਜੌਨਪੁਰ, ਪ੍ਰਤਾਪਗੜ੍ਹ, ਬਾਰਾਬੰਕੀ ਅਤੇ ਉੱਤਰ ਪ੍ਰਦੇਸ ਦੇ ਗੋਰਖਪੁਰ ਦੇ ਵਸਨੀਕ ਸਨ। ਸਮਝੌਤੇ ਅਨੁਸਾਰ ਸਾਰੇ ਇੰਡੈਂਟਰ ਪਰਿਵਾਰਾਂ ਨੂੰ ਵੱਖ-ਵੱਖ ਥਾਵਾਂ ’ਤੇ ਕੰਮ ’ਤੇ ਲਾਇਆ ਗਿਆ ਸੀ। ਪਥਰੀਲੀ ਜਮੀਨ ਅਤੇ ਬੰਜਰ ਜਮੀਨ ਨੂੰ ਵਾਹੀਯੋਗ ਬਣਾਉਣ ਲਈ ਦਿਨ ਭਰ ਦੀ ਮਿਹਨਤ ਤੋਂ ਬਾਅਦ ਉਨ੍ਹਾਂ ਨੂੰ ਮੁੱਠੀ ਭਰ ਦਾਣਾ ਮਿਲ ਜਾਂਦਾ ਅਤੇ ਜੋ ਕੋਈ ਪਲ ਭਰ ਲਈ ਸਾਹ ਲੈਣ ਲਈ ਬੈਠਦਾ, ਗੋਰਾ ਮੁਖੀ ਉਨ੍ਹਾਂ ਨੂੰ ਕੋੜੇ ਮਾਰ ਕੇ ਸਾਹ ਘੁੱਟ ਦਿੰਦਾ। ਕੰਮ ਕਰਦਿਆਂ ਉਹ ਗੀਤ ਗਾ ਕੇ ਆਪਣੇ ਆਪ ਨੂੰ ਖੁਸ ਕਰਨ ਦੀ ਕੋਸ਼ਿਸ ਕਰਦਾ ਸੀ। ਅਜਿਹੀ ਸਥਿਤੀ ਵਿੱਚ ਬਾਬੂ ਰਘੂਵੀਰ ਨਰਾਇਣ ਨੇ ਸੂਰੀਨਾਮ ਵਿੱਚ ਇਹ ਕਲਾਸਿਕ ਕਿਤਾਬ ਲਿਖੀ-ਆਪਣੇ ਦੇਸ ਤੋਂ ਹਜਾਰਾਂ ਮੀਲ ਦੂਰ ਜਾ ਕੇ ਵੀ ਉਸ ਦਾ ਪਿੰਡ, ਬੋਲੀ, ਤੀਜ-ਤਿਉਹਾਰ, ਖਾਣਾ ਖਾਂਟੀ ਭਾਰਤੀ ਸੀ। ਉੱਤਰ ਪ੍ਰਦੇਸ ਅਤੇ ਬਿਹਾਰ ਦੇ ਲੋਕ-ਸੱਭਿਆਚਾਰ ਦਾ ਅਦੁੱਤੀ ਅਮਰਬੇਲ ਉਨ੍ਹਾਂ ਸਾਰਿਆਂ ਦੇ ਘਰਾਂ ਵਿੱਚ ਪਨਪਦਾ ਰਿਹਾ। ਕਈ ਰੁੱਤਾਂ ਬੀਤ ਗਈਆਂ, ਕਈ ਸਾਲ ਬੀਤ ਗਏ, ਕਈ ਪੀੜ੍ਹੀਆਂ ਬੀਤ ਗਈਆਂ ਅਤੇ ਭਗਵਾਨ ਰਾਮ ਵਿੱਚ ਉਨ੍ਹਾਂ ਦੀ ਆਸਥਾ ਹੀ ਇਸ ਸਾਰੇ ਸੰਘਰਸ ਵਿੱਚ ਸਾਮਲ ਭਰਾਵਾਂ ਦੀ ਜੀਵਨ ਸਕਤੀ ਬਣ ਗਈ। ਉਹਨਾਂ ਦੀ ਤਾਕਤ ਅਤੇ ਸੰਘਰਸ ਅੰਗਰੇਜਾਂ ਵੱਲੋਂ ਅੱਧੇ ਢਿੱਡ ਦਾ ਸ਼ਿਕਾਰ ਹੁੰਦੇ ਹੋਏ ਭਾਰਤੀਆਂ ਲਈ ਜੀਵਨ-ਰੱਖਿਅਕ ਬਣ ਗਿਆ।ਹਾਲੈਂਡ, ਮਾਰੀਸਸ, ਸੂਰੀਨਾਮ, ਤ੍ਰਿਨੀਦਾਦ, ਗੁਆਨਾ, ਫਿਜੀ ਦੇ ਸਾਡੇ ਭਾਰਤੀ ਲੋਕ ਮਹਾਤਮਾ ਗਾਂਧੀ ਦੀ ਪੂਜਾ ਕਰਦੇ ਹਨ, ਉਨ੍ਹਾਂ ਨੂੰ ਭਾਰਤ ਦਾ ਪ੍ਰਤੀਕ ਮੰਨਦੇ ਹਨ। ਅੱਜ ਵਿਦੇਸਾਂ ਵਿੱਚ ਵਸੇ ਇਹ ਅੰਗਹੀਣ ਲੋਕ ਹੁਣ ਇੱਕ ਸੁੰਦਰ, ਸਮਰੱਥ, ਸਫਲ ਜੀਵਨ ਜੀਅ ਰਹੇ ਹਨ। ਅੱਜ ਵੀ ਉਹ ਆਪਣੀ ਸੱਭਿਅਤਾ ਅਤੇ ਸੱਭਿਆਚਾਰ ਨੂੰ ਬਚਾਉਣ ਵਿੱਚ ਲੱਗੇ ਹੋਏ ਹਨ। ਉਹ ਸਿੱਖਿਆ, ਕਲਾ, ਮਨੋਰੰਜਨ ਅਤੇ ਰਾਜਨੀਤੀ ਦੇ ਹਰ ਖੇਤਰ ਵਿੱਚ ਹਨ। ਕਈ ਦੇਸਾਂ ਦੇ ਰਾਸਟਰ ਮੁਖੀ ਇਨ੍ਹਾਂ ਇੰਡੈਂਟਰ ਲੋਕਾਂ ਤੋਂ ਬਣੇ ਹਨ। ਇਕ ਵਾਰ ਦੀ ਗੱਲ ਹੈ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ, ‘ਭਾਰਤ ਛੱਡਣ ਵਾਲਾ ਹਰ ਭਾਰਤੀ ਆਪਣੇ ਨਾਲ ਇਕ ਛੋਟਾ ਜਿਹਾ ਭਾਰਤ ਲੈ ਕੇ ਜਾਂਦਾ ਹੈ। ਇਹ ਲੋਕ ਭੋਜਪੁਰੀ ਭਾਸਾ, ਭੋਜਨ, ਧਾਰਮਿਕ ਪੁਸਤਕਾਂ ਅਤੇ ਰੀਤੀ-ਰਿਵਾਜ ਆਪਣੇ ਨਾਲ ਲੈ ਗਏ ਅਤੇ ਅੱਜ ਵੀ ਉਨ੍ਹਾਂ ਦੀ ਸਾਨ ਨੂੰ ਜਗਾ ਰਹੇ ਹਨ। ਇਨ੍ਹਾਂ ਦੋ ਰੂਹਾਂ ਵਿਚ ਇਕ ਦਰਵਾਜਾ ਬਰਫ-ਤਿੰਨ ਦਰਵਾਜੇ, ਸਿੰਧੂ ਦੇਸ ਵੱਸਿਆ ਹੋਇਆ ਹੈ। ਪੁਰਖਿਆਂ ਦੀ ਧਰਤੀ ਦੀ ਯਾਤਰਾ ਇਨ੍ਹਾਂ ਭਾਰਤੀਆਂ ਦੀ ਸਭ ਤੋਂ ਵੱਡੀ ਤਾਂਘ ਹੈ।

ਨੋਟ: ਮਾਲਿਨੀ ਅਵਸਥੀ ਦੀ ਹਿੰਦੀ ਦੀ ਮੂਲ ਲਿਖਤ ਤੋਂ ਜਸਬੀਰ ਦੀਪ ਨੇ ਪੰਜਾਬੀ ਰੂਪਾਂਤਰਣ ਕੀਤਾ ਹੈ।

# ਪਾਕਿਸਤਾਨ ਦਾ ਸੰਕਟਗ੍ਰਸਤ ਭਵਿੱਖ

(ਸ਼ਫ਼ਾ 3 ਦੀ ਬਾਕੀ)

ਅਤੇ ਤਾਲਿਬਾਨਾਂ ਦੇ ਕਬਜ਼ੇ ਪਿਛੋਂ ਤਿੰਨ ਲੱਖ ਸ਼ਰਨਾਰਥੀ ਹੋਰ ਆ ਗਏ ਹਨ। ਇਮਰਾਨ ਨੇ ਤਾਲਿਬਾਨੀ ਆਗੂਆਂ ਤੋਂ ਪਾਬੰਦੀਆਂ ਹਟਾਉਣ ਅਤੇ ਹਰ ਮਦਦ ਬਿਨਾਂ ਸ਼ਰਤ ਦੇਣ ਦੀ ਗੱਲਕਹੀ। ਇਮਰਾਨ ਦੀ ਇਸ ਪਿਛੇ ਦਲੀਲ ਇਹ ਸੀ ਕਿ ਜੇ ਗੁਆਂਢੀ ਮੁਲਕ ਵਿਚ ਆਰਥਿਕਤਾ ਹੈ ਤਾਂ ਇਹ ਸਾਡੇ ਲਈ ਵੀ ਬਿਪਤਾ ਵਰਗੀ ਹੈ।” ਪਰ ਪਾਕਿਸਤਾਨ ਅੰਦਰ ਇਸ ਨੂੰ ਅੱਤਵਾਦ ਨੂੰ ਉਤਸ਼ਾਹਿਤ ਕਰਨਾ ਕਿਹਾ ਗਿਆ। ਅਮਰੀਕਾ ਜਿਹੜਾ ਅਫਗਾਨਿਸਤਾਨ ’ਚੋਂ ਬੇਆਬਰੂ ਹੋ ਕੇ ਨਿਕਲਿਆ ਸੀ, ਲਈ ਕਦੋਂ ਬਰਦਾਸ਼ਤ ਸੀ। ਫਾਇਨੈਂਸ਼ਲ ਟਾਸਕ ਫੋਰਸ ਨੇ ਵੀ ਪਾਕਿਸਤਾਨ ਵਲੋਂ ਤਾਲਿਬਾਨਾਂ ਨੂੰ ਦਿੱਤੀ ਜਾ ਰਹੀ ਹਮਾਇਤ ਦੀ ਪੜਚੋਲ ਕਰਨਾ ਜ਼ਰੂਰੀ ਨਸੀਹਤ ਵਰਗੀ ਸ਼ਰਤ ਠੋਕੀ ਤੇ ਹੁਣ ਰੂਸ ਯੂਕਰੇਨ ਜੰਗ ਦੌਰਾਨ ਪਾਕਿ ਦੀ ਦੂਰੀ ਵੀ ਅਮਰੀਕਾ ਨੂੰ ਖਟਕਦੀ ਸੀ ਤੇ ਹੈ। ਯੂ.ਐਨ.ਓ. ’ਚ ਰੂਸ ਵਿਰੋਧੀ ਮਤਿਆਂ ਸਮੇਂ ਪਾਕਿ ਨੇ ਅਮਰੀਕਾ ਦੇ ਪ੍ਰਸਤਾਵਾਂ ਨਾਲ ਸਹਿਮਤੀ ਨਹੀਂ ਜਤਾਈ ਸਗੋਂ ਅਲੱਗ ਰਿਹਾ ਅਤੇ ਰੂਸ ਨਾਲ ਰਿਸ਼ਤੇ ਵਧਾਏ। ਇਮਰਾਨ ਦੀ ਇਹ ਨੀਤੀ ਜਿਸ ’ਚ ਅਮਰੀਕਾ ਤੋਂ ਦੂਰੀ ਅਤੇ ਰੂਸ ਚੀਨ ਨਾਲ ਨੇੜਤਾ ਦਾ ਵਧਣਾ ਅਮਰੀਕਾ ਨੂੰ ਨਹੀਂ ਸੀ ਰਾਸ ਆ ਰਿਹਾ ਤੇ ਜੇ ਇਮਰਾਨ ਦੇਸ਼ ਨੂੰ ਸੰਬੋਧਨ ਕਰਦਿਆਂ ਇਹ ਰੋਣਾ ਰੋਂਦਾ ਹੈ ਕਿ “ਕੁਝ ਵਿਦੇਸ਼ੀ ਤਾਕਤ ਉਹਦੀ ਸਰਕਾਰ ਡੇਗਣੀ ਚਾਹੁੰਦੀਆਂ ਹਨ ਤਾਂ ਗਲਤ ਕੀ ਹੈ। ਇਮਰਾਨ ਨੇ ਅਸੈਂਬਲੀ ਵਿਚ ਵੀ ਕਿਹਾ ਸੀ ਕਿ ‘ਇਥੇ ਬੈਠੇ ਲੋਕ ਵਿਦੇਸ਼ੀ ਤਾਕਤਾਂ ਦੇ ਸੰਪਰਕ ਵਿਚ ਹਨ’ ਤਾਂ ਸਿੱਧਾ ਇਸ਼ਾਰਾ ਪਾਕਿਸਤਾਨ ਮੁਸਲਮ ਲੀਗ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਆਫਿਸ ਅਲੀਜ਼ਰਦਾਰੀ, ਜਮਾਇਤ-ਏ-ਉਲੇਮਾ-ਏ-ਇਸਲਾਮ ਦੇ ਮੌਲਾਨਾ ਫਜ਼ਰੁਲ ਰਹਿਮਾਨ ਵਲ ਸੀ। ਇਮਰਾਨ ਦੇ ਰੂਸ ਜਾਣ ਦੇ ਫੈਸਲੇ ਨੂੰ ਤਾਂ ਪਾਕਿਸਤਾਨੀ ਫੌਜ ਨੇ ਵੀ ਪ੍ਰਵਾਨ ਨਹੀਂ ਸੀ ਕੀਤਾ। ਸੋ ਇਮਰਾਨ ਵਿਰੁੱਧ ਸਾਰੇ ਉਹ ਕੱਟੜਪੰਥੀ ਤੇ ਫੌਜ ਦੇ ਮੁਖੀ ਵੀ ਸ਼ਾਮਲ ਸਨ ਜਿਨ੍ਹਾਂ ਨਾਲ ਅ.ਫਸਰਸ਼ਾਹੀ ਤੇ ਬਿਓਰੋਕਰੇਟ ਵੀ ਸਨ । ਸੋ ਆਉਟ ਹੋਣਾ ਲਾਜ਼ਮੀ ਸੀ।

ਆਈ.ਐਮ.ਐਫ. ਦਾ ਇਹ ਦਾਅਵਾ ਕਿ ਪਾਕਿਸਤਾਨ ਨੂੰ 600 ਅਰਬ ਰੁਪਏ ਦੇ ਨਵੇਂ ਟੈਕਸ ਲਾਉਣੇ ਪੈਣਗੇ। ਆਰਥਿਕ ਸੰਕਟ ’ਚੋਂ ਨਿਕਲਣ ਦਾ ਇਕੋ ਇਕ ਰਾਹ ਸੀ ਕਿ ਭਾਰ ਲੋਕਾਂ ਉਤੇ ਸੁੱਟ ਦਿਓ। ਅੱਜ ਹਰ ਪਾਕਿਸਤਾਨੀ ਸਿਰ 1 ਲੱਖ 75000 ਰੁਪਏ ਦਾ ਕਰਜ਼ਾ ਹੈ ਜਿਸ ’ਚੋਂ 140090 ਰੁਪਏ ਇਮਰਾਨ ਸਰਕਾਰ ਤੋਂ ਪਹਿਲੇ ਸਨ ਅਤੇ 54910 ਇਮਰਾਨ ਸਰਕਾਰ ਸਮੇਂ ਵਧ ਗਿਆ। ਕਰਜ਼ਈ ਪਾਕਿ ਆਵਾਮ ਨੂੰ ਗੁਲਾਮੀ ਦੀ ਦਲਦਲ ’ਚੋਂ ਕੱਢਣ ਵਾਲੀ ਤਾਕਤ ਅਜੇ ਕੋਈ ਨਹੀਂ। ਨਵੀਂ ਪਾਕਿ ਸਰਕਾਰ ਜਿਹਦੀ ਕਮਾਨ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦੇ ਹੱਥ ਹੈ, ਲਈ ਵੀ ਰਾਹ ਪੱਧਰਾ ਨਹੀਂ ਉਹਨੂੰ ਕੱਟੜਪੰਥੀਆਂ ਤੇ ਅਮਰੀਕਾ ਦੇ ਇਸ਼ਾਰਿਆਂ ’ਤੇ ਨੱਚਣਾ ਪਵੇਗਾ। ਜਦੋਂ ਗੁਆਂਢ ’ਚ ਅਸਥਿਰਤਾ ਹੋਵੇ ਅਤੇ ਸਾਡੇ ਵੀ ਅਸਥਿਰਤਾ ਦੀ ਜ਼ਮੀਨ ਤਿਆਰ ਕੀਤੀ ਜਾ ਰਹੀ ਹੋਵੇ ਤਾਂ ਅੱਲਾ ਦੀ ਖੈਰ ਨਹੀਂ।

# ਰੋਬੋਟੀਕਰਨ, ਮਸ਼ੀਨੀਕਰਨ ਤੇ ਮਨੁੱਖੀ ਕਿਰਤ

ਨਵਜੋਤ ਨਵੀ




ਇਸ ਸਦੀ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਹੌਲੀਵੁੱਡ ਵਿੱਚ ਰੋਬੋਟਾਂ ਨਾਲ਼ ਸਬੰਧਿਤ ਫਿਲਮਾਂ ਦਾ ਜਿਵੇਂ ਹੜ ਹੀ ਆ ਗਿਆ। ਦੁਨੀਆਂ ਦੇ ਕਈ ਹਿੱਸਿਆਂ ਵਿੱਚ ਵੀ ਰੋਬੋਟਾਂ ਨਾਲ਼ ਸਬੰਧਿਤ ਫਿਲਮਾਂ ਬਣਾਈਆਂ ਜਾਣ ਲੱਗੀਆਂ। ਨਾ ਸਿਰਫ ਫਿਲਮਾਂ ਸਗੋਂ ਕਈ ਨਵੇਂ ਨਾਵਲਾਂ, ਕਹਾਣੀਆਂ, ਸੀਰੀਅਲਾਂ ਦਾ ਵੀ ਵਿਸ਼ਾ ਵਸਤੂ ਰੋਬੋਟ ਤੇ ਇਹਨਾਂ ਦਾ ਮਨੁੱਖੀ ਜ਼ਿੰਦਗੀ ਨਾਲ਼ ਅੰਤਰਸਬੰਧ ਬਣ ਗਿਆ। ਜੇ ਇਤਿਹਾਸ ਉੱਤੇ ਇੱਕ ਝਾਤ ਮਾਰੀਏ ਤਾਂ ਸ਼ਬਦ ਰੋਬੋਟ ਵਿਗਿਆਨ ਦੇ ਖੇਤਰ ਵਿੱਚ ਨਹੀਂ ਸਗੋਂ ਕਲਾ ਦੇ ਖੇਤਰ ਵਿੱਚ ਘੜਿਆ ਗਿਆ ਹੈ। ਚੈੱਕ ਨਾਟਕਕਾਰ ਕਰੇਲ ਕਾਪੇਕ ਨੇ 1920 ਵਿੱਚ ਆਪਣੇ ਇੱਕ ਨਾਟਕ ਵਿੱਚ ਸ਼ਬਦ ਰੋਬੋਟ ਘੜਿਆ ਸੀ ਤੇ ਇਹ ਚੈੱਕ ਸ਼ਬਦ 'ਰੋਬੋਟਾ' ਤੋਂ ਆਇਆ ਹੈ ਜਿਸ ਦਾ ਮਤਲਬ ਹੈ 'ਜਬਰੀ ਕਿਰਤ'।

ਕਾਪੇਕ ਨੇ ਆਪਣੇ ਨਾਟਕ ਵਿੱਚ ਰੋਬੋਟਾਂ ਨੂੰ ਮਸ਼ੀਨ ਰੂਪੀ ਨੌਕਰਾਂ ਵਾਂਗ ਚਿਤਰਿਆ ਸੀ ਜੋ ਪੂਰੀ ਤਰ੍ਹਾਂ ਮਨੁੱਖਾਂ ਦੇ ਹੁਕਮਾਂ ਅਨੁਸਾਰ ਚਲਦੇ ਸਨ। ਨਾਟਕ ਵਿੱਚ ਇਹ ਰੋਬੋਟ ਆਪਣੇ ਮਨੁੱਖੀ ਹਾਕਮਾਂ ਖਿਲਾਫ ਵਿਦਰੋਹ ਕਰਦੇ ਹਨ ਤੇ ਭਿਅੰਕਰ ਤਬਾਹੀ ਮਚਾਉਂਦੇ ਹਨ। ਇੱਕ ਸਦੀ ਬੀਤ ਜਾਣ ਦੇ ਬਾਵਜੂਦ ਅੱਜ ਵੀ ਰੋਬੋਟਾਂ ਉੱਤੇ ਬਣ ਰਹੀਆਂ ਬਹੁਤੀਆਂ ਫਿਲਮਾਂ ਦਾ ਇਹੋ ਵਿਸ਼ਾ ਹੁੰਦਾ ਹੈ ਕਿ ਕਿਵੇਂ ਇਹ ਮਸ਼ੀਨੀ ਪੁਰਜ਼ੇ ਚੇਤਨਾ ਹਾਸਿਲ ਕਰਕੇ ਮਨੁੱਖੀ ਦੁਨੀਆਂ ਵਿੱਚ ਹੀ ਉੱਥਲ-ਪੁੱਥਲ ਮਚਾ ਦਿੰਦੇ ਨੇ ਜਾਂ ਦੁਨੀਆਂ ਉੱਤੇ ਇਹਨਾਂ ਦਾ ਹੀ ਰਾਜ ਹੋ ਜਾਂਦਾ ਹੈ। ਦੂਜੇ ਗ੍ਰਹਿ ਦੇ ਵਾਸੀਆਂ ਵੱਲੋਂ ਧਰਤੀ ਉੱਤੇ ਹਮਲਾ, ਮਸ਼ੀਨਾਂ ਵੱਲੋਂ ਮਨੁੱਖਾਂ ਉੱਤੇ ਕੰਟਰੋਲ, ਰੋਬੋਟਾਂ, ਮਸ਼ੀਨਾਂ ਦਾ ਦੁਨੀਆਂ ਉੱਤੇ ਰਾਜ ਆਦਿ ਆਦਿ ਜਹੀਆਂ ਕਾਲਪਨਕ ਫਿਲਮਾਂ, ਸੀਰੀਅਲਾਂ ਦੀ ਅੱਜ ਕੱਲ ਕੋਈ ਘਾਟ ਨਹੀਂ ਹੈ ਪਰ ਰੋਬੋਟਾਂ ਸਬੰਧੀ ਚਰਚਾ ਸਿਰਫ ਹੁਣ ਖਿਆਲੀ ਉਡਾਰੀਆਂ ਮਾਰਨ ਵਾਲ਼ੇ ਅਮਰੀਕੀ ਨਿਰਦੇਸ਼ਕਾਂ ਦੀਆਂ ਫਿਲਮਾਂ ਤੱਕ ਸੀਮਤ ਨਹੀਂ ਰਹਿ ਗਈ ਹੈ ਸਗੋਂ ਲਗਾਤਾਰ ਇਸਦਾ ਮਨੁੱਖ ਦੀ ਰੋਜ਼ਮੱਰਾ ਦੀ ਜ਼ਿੰਦਗੀ ਨਾਲ਼ ਸਬੰਧ ਬਣਦਾ ਜਾਂਦਾ ਹੈ। ਮਸ਼ੀਨੀਕਰਨ, ਤਕਨੀਕ, ਵਿਗਿਆਨ ਆਦਿ ਦੀਆਂ ਨਿੱਤ ਨਵੀਆਂ ਲੱਭਤਾਂ ਤੇ ਖੋਜਾਂ ਨਾਲ਼ ਅੱਜ ਸੱਚੀਓਂ ਰੋਬੋਟਾਂ ਤੇ 'ਬਨਾਉਟੀ ਚੇਤਨਾ' (ਆਰਟੀਫੀਸ਼ੀਅਲ ਇੰਟੈਲੀਜੇਂਸ) ਹੁਣ ਪੈਦਾਵਾਰ, ਵੰਡ ਦੇ ਖੇਤਰ ਵਿੱਚ ਕਈ ਮਨੁੱਖੀ ਕੰਮਾਂ ਨੂੰ ਮਨੁੱਖਾਂ ਤੋਂ ਤੇਜ਼ ਤੇ ਬਿਹਤਰ ਤਰੀਕੇ ਨਾਲ਼ ਕਰਨ ਦੇ ਯੋਗ ਬਣਦੀ ਜਾ ਰਹੀ ਹੈ ਜਿਸ ਨਾਲ਼ ਇੱਕ ਪੱਖ ਕਈ ਵਿਦਵਾਨਾਂ, ਵਿਗਿਆਨੀਆਂ ਤੇ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਥੋੜ੍ਹੇ ਸਾਲਾਂ ਵਿੱਚ ਹੀ ਰੋਬੋਟ ਤੇ ਮਸ਼ੀਨਾਂ ਮਨੁੱਖਾਂ ਦੇ ਬਹੁਤੇ ਕੰਮਾਂ ਨੂੰ ਕਰਨ ਦੇ ਯੋਗ ਹੋ ਜਾਣਗੀਆਂ ਜਿਸ ਨਾਲ਼ ਲੋਕ ਬਿਨਾਂ ਕੰਮ ਕੀਤੇ ਅਰਾਮ ਦੀ ਜ਼ਿੰਦਗੀ ਜੀ ਸਕਣਗੇ ਤੇ ਦੂਜੇ ਹੱਥ ਉਹ ਲੋਕ ਹਨ ਜੋ ਕਹਿੰਦੇ ਹਨ ਕਿ ਇਹ ਮਸ਼ੀਨਾਂ, ਰੋਬੋਟ ਅਥਾਹ ਬੇਰੁਜ਼ਗਾਰੀ ਨੂੰ ਜਨਮ ਦੇਣਗੇ ਜਿਸ ਨਾਲ਼ ਗਰੀਬੀ, ਭੁੱਖਮਰੀ ਦਾ ਸੰਕਟ ਵਧੇਗਾ। ਇਹਨਾਂ ਦੋਹਾਂ ਦਲੀਲਾਂ ਵਿੱਚ ਵਖਰੇਵਿਆਂ ਦੇ ਨਾਲ਼ ਜੋ ਸਾਂਝ ਹੈ ਉਹ ਇਹ ਹੈ ਕਿ ਦੋਹਾਂ ਮੱਤਾਂ ਅਨੁਸਾਰ ਰੋਬੋਟ ਮਨੁੱਖੀ ਕਿਰਤ ਨੂੰ ਲਾਂਭੇ ਕਰਨ ਦੇ ਯੋਗ ਹਨ, ਕਿ ਮਸ਼ੀਨੀਕਰਨ ਦੇ ਅਥਾਹ ਵਿਕਾਸ ਨਾਲ਼ ਮਨੁੱਖੀ ਕਿਰਤ ਦੀ ਲੋੜ ਨਹੀਂ ਰਹਿਣੀ ਤੇ ਸਭ ਕੁੱਝ ਇਹ ਮਸ਼ੀਨਾਂ ਖੁਦ ਹੀ ਕਰਨਗੀਆਂ। ਤੇ ਦੂਜੀ ਗੱਲ ਜੋ ਇਹਨਾਂ ਮੱਤਾਂ ਵਿੱਚ ਸਾਂਝੀ ਹੈ ਉਹ ਇਹ ਕਿ ਦੋਹੇਂ ਮਸ਼ੀਨੀਕਰਨ, ਰੋਬੋਟੀਕਰਨ ਦੇ ਸਿੱਟਿਆਂ ਨੂੰ ਮੌਜੂਦਾ ਢਾਂਚੇ ਜਾਣੀ ਸਰਮਾਏਦਾਰਾ ਢਾਂਚੇ ਵਿੱਚ ਹੀ ਰੱਖਕੇ ਦੇਖਦੇ ਹਨ। ਇਸ ਲੇਖ ਵਿੱਚ ਮੌਜੂਦਾ ਢਾਂਚੇ ਦੇ ਅੰਦਰ ਰੋਬੋਟੀਕਰਨ, ਮਸ਼ੀਨੀਕਰਨ ਦੇ ਸਿੱਟਿਆਂ ਨੂੰ ਘੋਖਦਿਆਂ ਹੋਇਆਂ ਇਕ ਬਦਲਵੇਂ ਸਮਾਜਿਕ ਢਾਂਚੇ, ਸਮਾਜਵਾਦ, ਅੰਦਰ ਵੀ ਮਸ਼ੀਨੀਕਰਨ, ਰੋਬੋਟੀਕਰਨ ਦੀ ਭੂਮਿਕਾ ਨੂੰ ਲਿਆ ਜਾਵੇਗਾ।

ਕੀ ਰੋਬੋਟੀਕਰਨ ਨਾਲ਼ ਮਨੁੱਖੀ ਕਿਰਤ ਦੀ ਲੋੜ ਖਤਮ ਹੋ ਜਾਵੇਗੀ?

ਇਹ ਤਰਕ ਸਾਨੂੰ ਆਮ ਹੀ ਸੁਣਨ ਨੂੰ ਮਿਲਦਾ ਹੈ ਕਿ ਮਸ਼ੀਨੀਕਰਨ, ਰੋਬੋਟੀਕਰਨ ਵੱਖੋ-ਵੱਖ ਖੇਤਰਾਂ ਵਿੱਚ ਮਨੁੱਖੀ ਕਿਰਤ ਦੀ ਲੋੜ ਨੂੰ ਹੀ ਖਤਮ ਕਰ ਦਵੇਗਾ, ਆਉਂਦੇ ਸਾਲਾਂ ਵਿੱਚ ਸਾਰੇ ਕੰਮ ਹੀ ਮਸ਼ੀਨਾਂ ਤੇ ਰੋਬੋਟਾਂ ਨਾਲ਼ ਹੋਣਗੇ ਤੇ ਇਸਦੇ ਸਿੱਟੇ ਵਜੋਂ ਅਥਾਹ ਬੇਰੁਜ਼ਗਾਰੀ ਦਾ ਫੈਲਾਅ ਹੋਵੇਗਾ। ਬਹੁਤੇ ਅੰਕੜਿਆਂ ਵਿੱਚ ਨਾ ਜਾਂਦੇ ਹੋਏ ਇਸ ਸਬੰਧੀ ਕੁਝ ਕੁ ਤੱਥਾਂ ਉੱਤੇ ਨਜ਼ਰ ਮਾਰਦੇ ਹਾਂ। ਸਦੀ ਦੀ ਸ਼ੁਰੂਆਤ ਤੋਂ ਸਭ ਤੋਂ ਵੱਧ ਰੋਬੋਟੀਕਰਨ ਦੱਖਣੀ ਕੋਰੀਆ ਵਿੱਚ ਹੋਇਆ ਪਰ ਉੱਥੇ ਕੁੱਲ ਰੁਜ਼ਗਾਰ ਘਟਣ ਦੀ ਥਾਵੇਂ ਸਗੋਂ ਵਧਿਆ ਹੈ। ਦੁਨੀਆਂ ਵਿੱਚ ਸਭ ਤੋਂ ਉੱਨਤ ਮਸ਼ੀਨਰੀ ਜਾਂ ਸਭ ਤੋਂ ਵੱਧ ਮਸ਼ੀਨੀਕਰਨ ਸੰਯੁਕਤ ਰਾਜ ਅਮਰੀਕਾ ਤੇ ਪੱਛਮੀ ਯੂਰਪ ਦੇ ਦੇਸ਼ਾਂ ਵਿੱਚ ਹੋਇਆ ਹੈ, ਪਿਛਲੀ ਇੱਕ ਸਦੀ ਵਿੱਚ ਇੱਥੇ ਮਸ਼ੀਨੀਕਰਨ ਨੇ ਕਾਫੀ ਤਰੱਕੀ ਕੀਤੀ ਹੈ। ਮਸ਼ੀਨੀਕਰਨ ਤੇ ਰੋਬੋਟੀਕਰਨ ਨਾਲ਼ ਮਨੁੱਖੀ ਕਿਰਤ ਦੀ ਲੋੜ ਦੇ ਖਤਮ ਹੋਣ ਦੇ ਤਰਕ ਅਨੁਸਾਰ ਤਾਂ ਇਹਨਾਂ ਦੇਸ਼ਾਂ ਵਿੱਚ ਕੁੱਲ ਰੁਜ਼ਗਾਰ ਵਿੱਚ ਕਾਫੀ ਗਿਰਾਵਟ ਆਉਣੀ ਚਾਹੀਦੀ ਸੀ ਪਰ ਅਸਲੀਅਤ ਇਹ ਹੈ ਕਿ ਨਾ ਸਿਰਫ ਇਹਨਾਂ ਦੇਸ਼ਾਂ ਵਿੱਚ ਕੁੱਲ ਰੁਜ਼ਗਾਰ ਵਿੱਚ ਵਾਧਾ ਹੋਇਆ ਹੈ ਸਗੋਂ ਚੰਗੇਰੀਆਂ ਜੀਵਨ ਹਾਲਤਾਂ ਦੀ ਭਾਲ ਵਿੱਚ ਘੱਟ ਵਿਕਸਤ (ਤੇ ਮਸ਼ੀਨੀਕਿਰਤ) ਦੇਸ਼ਾਂ ਦੇ ਲੋਕ ਵੀ ਇਹਨਾਂ ਇਲਾਕਿਆਂ ਵਿੱਚ ਹੀ ਪ੍ਰਵਾਸ ਕਰਨਾ ਪਸੰਦ ਕਰਦੇ ਹਨ। ਸਰਮਾਏਦਾਰੀ ਸਮਾਜ ਅੰਦਰ ਮੁੱਖ ਤੌਰ ਉੱਤੇ ਪ੍ਰਵਾਸ ਘੱਟ ਵਿਕਸਿਤ ਤੋਂ ਵੱਧ ਵਿਕਸਿਤ ਇਲਾਕਿਆਂ, ਦੇਸ਼ਾਂ ਵੱਲ ਹੀ ਹੁੰਦਾ ਹੈ। ਜੇਕਰ ਮਸ਼ੀਨੀਕਰਨ ਤੇ ਰੋਬੋਟੀਕਰਨ ਆਮ ਤੌਰ ਉੱਤੇ ਕਿਰਤ ਸ਼ਕਤੀ ਦੀ ਲੋੜ ਨੂੰ ਨਿਰਪੇਖ ਤੌਰ ਉੱਤੇ ਘਟਾਉਂਦਾ ਹੁੰਦਾ ਤਾਂ ਇਹ ਪ੍ਰਵਾਸ ਕੋਈ ਆਮ ਵਰਤਾਰਾ ਨਹੀਂ ਸੀ ਬਣ ਸਕਦਾ।

ਮਨੁੱਖੀ ਦੌਲਤ ਦੇ ਦੋ ਹੀ ਸਰੋਤ ਹਨ, ਕੁਦਰਤ ਤੇ ਮਨੁੱਖੀ ਕਿਰਤ। ਕੁਦਰਤ ਨਾਲ਼ ਰਿਸ਼ਤੇ ਦੇ ਸਬੰਧ ਵਿੱਚ ਤਕਨੀਕ ਦਾ ਪੱਧਰ ਉਸ ਹੱਦ ਦਾ ਪ੍ਰਗਟਾਵਾ ਹੈ ਜਿਸ ਹੱਦ ਤੱਕ ਮਨੁੱਖ ਕੁਦਰਤੀ ਤਾਕਤਾਂ ਉੱਤੇ ਕਾਬੂ ਪਾਉਣ ਤੇ ਕੁਦਰਤੀ ਸੋਮਿਆਂ ਨੂੰ ਆਪਣੇ ਲਈ ਵਰਤਣ ਦੇ ਕਾਬਿਲ ਹੁੰਦਾ ਹੈ। ਸ਼ਿਕਾਰ ਲਈ ਤੀਰ ਕਮਾਨ ਆਦਿ ਉਸ ਯੁੱਗ ਦੇ ਸੰਦ ਹਨ ਜਦ ਮਨੁੱਖ ਸ਼ਿਕਾਰ ਕਰਨ, ਕੰਦ-ਮੂਲ ਇਕੱਠਾ ਕਰਨ ਉੱਤੇ ਨਿਰਭਰ ਸੀ ਤੇ ਹਾਲੇ ਆਪਣੀ ਭੋਜਨ ਸਮੱਗਰੀ ਨੂੰ ਖੁਦ ਪੈਦਾ ਕਰਨ ਦੇ ਸਮਰੱਥ ਨਹੀਂ ਸੀ ਤੇ ਅੱਜ ਦਾ ਜੌਹਨ ਡੀਅਰ ਟ੍ਰੈਕਟਰ, ਆਧੁਨਿਕ ਮਸ਼ੀਨੀਕ੍ਰਿਤ ਫੈਕਟਰੀਆਂ, ਸਨਅਤੀ ਪਾਰਕ ਆਦਿ ਉਸ ਯੁੱਗ ਦੇ ਸੰਦ ਹਨ ਜਦ ਮਨੁੱਖ ਆਪਣੀ ਲੋੜ ਤੋਂ ਵੱਧ ਪੈਦਾਵਾਰ ਕਰਨ ਦੇ ਯੋਗ ਹੁੰਦਾ ਜਾ ਰਿਹਾ ਹੈ (ਇੱਥੇ ਵੀ ਲੋਕ ਭੁੱਖੇ ਮਰ ਰਹੇ ਹਨ ਪਰ ਇਸਦਾ ਕਾਰਨ ਪੁਰਾਤਨ ਯੁੱਗ ਵਾਂਗ ਅੰਨ, ਭੋਜਨ ਆਦਿ ਦੀ ਘਾਟ ਨਹੀਂ ਹੈ)। ਕੀ ਤੀਰ ਕਮਾਨ, ਹਥਿਆਰ ਤਿੱਖੇ ਕਰਨ ਲਈ ਨੁਕੀਲੇ ਪੱਥਰ ਆਦਿ ਦੇ ਸੰਦ ਤੋਂ ਲੈਕੇ ਰੋਬੋਟਾਂ ਤੱਕ ਹੋਇਆ ਮਸ਼ੀਨੀਕਰਨ ਮਨੁੱਖੀ ਕਿਰਤ ਦੀ ਲੋੜ ਨੂੰ ਲਾਂਭੇ ਕਰਦਾ ਆਇਆ ਹੈ ਜਾਂ ਕੀ ਇਹ ਕੁੱਝ ਕੰਮਾਂ ਵਿੱਚੋਂ ਕਿਰਤ ਨੂੰ ਵਿਹਲਾ ਕਰਕੇ ਮਨੁੱਖੀ ਕਿਰਤ ਲਈ ਨਵੇਂ ਤੋਂ ਨਵੇਂ ਖੇਤਰ, ਦਿਸਹੱਦੇ ਖੋਲ੍ਹਦਾ ਆਇਆ ਹੈ? ਕੀ ਮਸ਼ੀਨੀਕਰਨ ਦਾ ਇਤਿਹਾਸ ਇਹ ਦਸਦਾ ਹੈ ਕਿ ਮਨੁੱਖੀ ਕਿਰਤ ਦੀ ਲੋੜ ਖਤਮ ਹੋ ਜਾਵੇਗੀ ਜਾਂ ਇਹ ਕਿ ਕੁੱਲ ਮਿਲਾਕੇ ਇਹ ਨੀਵੇਂ, ਸਰਲ ਕੰਮਾਂ ਤੋਂ ਉਚੇਰੀਆਂ, ਗੁੰਝਲਦਾਰ ਪ੍ਰਕਿਰਿਆਵਾਂ ਵੱਲ ਵਧਦੀ ਜਾਵੇਗੀ?

ਕਈ ਲੋਕ ਮਸ਼ੀਨੀਕਰਨ ਦੇ ਸਬੰਧ ਵਿੱਚ ਤਾਂ ਇਹ ਤਰਕ ਕਬੂਲਦੇ ਹਨ ਪਰ ਉਹਨਾਂ ਦਾ ਕਹਿਣਾ ਹੈ ਕਿ ਰੋਬੋਟੀਕਰਨ ਇੱਕ ਨਵਾਂ ਵਰਤਾਰਾ ਹੈ ਤੇ ਇਹ ਅਸਲੋਂ ਹੀ ਮਨੁੱਖੀ ਕਿਰਤ ਦੀ ਲੋੜ ਨੂੰ ਖਤਮ ਕਰ ਦੇਵੇਗਾ, ਮਨੁੱਖੀ ਸਿਆਣਪ ਜਾਂ ਚੇਤਨਾ ਦੇ ਨਿਸਬਤਨ ਉਹ ਇਸ ਨੂੰ ਬਣਾਉਟੀ ਸਿਆਣਪ ਜਾਂ ਚੇਤਨਾ ਦਾ ਨਾਮ ਦਿੰਦੇ ਹਨ ਤੇ ਤਰਕ ਕਰਦੇ ਹਨ ਕਿ ਮਸ਼ੀਨਾਂ ਤੋਂ ਰੋਬੋਟਾਂ ਨੂੰ ਇਹ ਚੀਜ਼ ਅਲੱਗ ਕਰਦੀ ਹੈ ਕਿ ਇਹਨਾਂ ਕੋਲ਼ ਚੇਤਨਾ ਹੈ। ਅਸਲ ਵਿੱਚ ਰੋਬੋਟ ਲਾਜ਼ਮੀ ਹੀ ਵਧੇਰੇ ਉੱਨਤ ਮਸ਼ੀਨਾਂ ਹਨ ਤੇ ਇਹ ਕਾਫੀ ਗੁੰਝਲਦਾਰ ਕੰਮਾਂ ਨੂੰ ਵੀ ਨੇਪਰੇ ਚਾੜਨ ਦੇ ਯੋਗ ਹਨ ਪਰ ਇਹ ਗੱਲ ਸਹੀ ਨਹੀਂ ਕਿ ਇਹ ਮਸ਼ੀਨਾਂ ਤੋਂ ਵੱਖ ਹਨ ਕਿਉਂਕਿ ਇਹਨਾਂ ਕੋਲ਼ ਚੇਤਨਾ ਹੈ। ਇਹ ਮਨੁੱਖਾਂ ਵੱਲੋਂ ਹੀ ਬਣਾਈਆਂ ਗਈਆਂ ਉੱਨਤ ਮਸ਼ੀਨਾਂ ਹਨ ਜੋ ਮਨੁੱਖਾਂ ਵੱਲੋਂ ਕੀਤੇ ਕਈ ਗੁੰਝਲਦਾਰ ਕੰਮ ਕਰਨ ਦੇ ਯੋਗ ਹਨ ਤੇ ਕਈ ਪੱਖੋਂ ਮਨੁੱਖੀ ਹੋਣ ਤੇ ਚੇਤਨ ਹੋਣ ਦਾ ਭੁਲੇਖਾ ਪਾਉਂਦੀਆਂ ਹਨ ਪਰ ਇਸ ਨਾਲ਼ ਸੱਚੀਓਂ ਹੀ ਇਹਨਾਂ ਵਿੱਚ ਚੇਤਨਾ ਨਹੀਂ ਆ ਜਾਂਦੀ। ਇਹ ਮਨੁੱਖਾਂ ਵੱਲੋਂ ਹੀ ਬਣਾਏ ਗਏ ਹਨ ਤੇ ਇਹਨਾਂ ਵਿੱਚ ਦਾਖਲ ਕੀਤੇ ਪ੍ਰੋਗਰਾਮਾਂ, ਹੁਕਮਾਂ ਆਦਿ ਅਨੁਸਾਰ ਚਲਦੇ ਹਨ ਬਸ ਪਹਿਲੀਆਂ ਵਾਲ਼ੀਆਂ ਮਸ਼ੀਨਾਂ ਨਾਲ਼ੋਂ ਇਹ ਪ੍ਰੋਗਰਾਮ, ਹੁਕਮ ਤੇ ਇਹਨਾਂ ਰੋਬੋਟਾਂ ਦੀ ਬਣਾਵਟ ਉਚੇਰੀ ਪੱਧਰ ਦੀ ਹੈ। ਵਧੇਰੇ ਉੱਨਤ ਤਕਨੀਕ ਰਾਹੀਂ ਇਹਨਾਂ ਰੋਬੋਟਾਂ ਰਾਹੀਂ ਹੁਣ ਪੱਛਮੀ ਮੁਲਕਾਂ ਵਿੱਚ ਗੱਡੀਆਂ ਚਲਾਉਣਾ, ਸਾਜ਼ੋ-ਸਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ ਤੱਕ ਪਹੁੰਚਾਉਣਾ, ਮਾਲਾਂ ਆਦਿ ਵਿੱਚ ਬਿੱਲ ਕੱਟਣਾ, ਡਾਕਟਰੀ ਦੇ ਖੇਤਰ ਵਿੱਚ ਅਪ੍ਰੇਸ਼ਨ ਕਰਨੇ ਆਦਿ ਸੰਭਵ ਹੋਣ ਦੀਆਂ ਕਿਆਸਰਾਈਆਂ ਲਾਈਆਂ ਜਾ ਰਹੀਆਂ ਹਨ ਤੇ ਇਸਤੋਂ ਸਿੱਟੇ ਕੱਢੇ ਜਾਂਦੇ ਹਨ ਕਿ ਹੁਣ ਮਨੁੱਖੀ ਕਿਰਤ ਦੀ ਲੋੜ ਨਹੀਂ ਰਹੇਗੀ ਪਰ ਇਹਨਾਂ ਰੋਬੋਟਾਂ ਨੂੰ ਚਲਾਉਣਾ, ਇਹਨਾਂ ਦੀ ਬਣਾਵਟ, ਸਵਾਰਨ, ਇਹਨਾਂ ਦਾ ਪ੍ਰਬੰਧਨ, ਇਹਨਾਂ ਲਈ ਪ੍ਰੋਗਰਾਮ ਬਣਾਉਣ, ਇਸ ਤੋਂ ਵੀ ਵਧੇਰੇ ਉੱਨਤ ਰੋਬੋਟ ਬਣਾਉਣ ਆਦਿ ਆਦਿ ਵਿੱਚ ਮਨੁੱਖੀ ਕਿਰਤ ਦੀ ਲੋੜ ਬਣੀ ਰਹੇਗੀ। ਕੁੱਝ ਲੋਕ ਅਜਿਹੇ ਹਵਾਈ ਸਿਧਾਂਤ ਵੀ ਘੜਦੇ ਹਨ (ਆਮ ਕਰਕੇ ਹੌਲੀਵੁੱਡ ਫਿਲਮਾਂ ਦੇ ਪ੍ਰਭਾਵ ਅਧੀਨ) ਕਿ ਜਦ ਰੋਬੋਟਾਂ ਦੀ ਲੋੜ ਚੌਤਰਫਾ ਬਣ ਜਾਵੇਗੀ ਤਾਂ ਕਿਸੇ ਪ੍ਰੋਗਰਾਮ ਆਦਿ ਦੇ ਵਿਗਾੜ ਨਾਲ਼ ਇਹ ਮਨੁੱਖੀ ਚੇਤਨਾ ਤੋਂ ਵੱਖ ਆਪਣੀ ਚੇਤਨਾ ਨਾਲ਼ ਕੰਮ ਕਰਨ ਲੱਗਣਗੇ ਤੇ ਮਨੁੱਖਾਂ ਨੂੰ ਗੁਲਾਮ ਬਣਾ ਲੈਣਗੇ! ਹਰ ਕਿਸਮ ਦੀ ਮਸ਼ੀਨ ਵਿੱਚ ਹੀ ਵਿਗਾੜ ਆਉਂਦੇ ਰਹਿੰਦੇ ਹਨ ਤੇ ਰੋਬੋਟ ਮਨੁੱਖੀ ਦਿੱਖ ਵਾਲ਼ੀ (ਗੈਰ-ਮਨੁੱਖੀ ਦਿੱਖ ਵਾਲ਼ੇ ਵੀ) ਇੱਕ ਉੱਨਤ ਮਸ਼ੀਨ ਹੈ ਤੇ ਇਸ ਵਿੱਚ ਵਿਗਾੜ ਵੀ ਲਾਜ਼ਮੀ ਆਉਣਗੇ ਪਰ ਵਿਗਾੜ ਨਾਲ਼ ਇਹ ਖਰਾਬ ਤਾਂ ਭਾਵੇਂ ਹੋ ਜਾਵੇ ਪਰ ਇਸਦੀ ਆਪਣੀ ਚੇਤਨਾ ਵਿਕਸਿਤ ਨਹੀਂ ਹੋ ਸਕਦੀ। ਇਹ ਬਿਲਕੁਲ ਹੀ ਅਵਿਗਿਆਨਕ ਕਲਪਨਾ ਹੈ। ਸੋਚਣਾ ਦਿਮਾਗ ਦਾ ਕਾਰਜ ਹੈ, ਬਿਨ੍ਹਾਂ ਦਿਮਾਗ ਤੋਂ ਵਿਚਾਰ ਹੋਂਦ ਨਹੀਂ ਰੱਖਦੇ। ਮਨੁੱਖੀ ਚੇਤਨਾ ਸਮਾਜਿਕ ਚੇਤਨਾ ਹੁੰਦੀ ਹੈ ਜਿਸਦੀ ਜੜ੍ਹ ਤੇ ਸ਼ੁਰੂਆਤ ਪੈਦਾਵਾਰ ਦੀ ਪ੍ਰਕਿਰਿਆ ਵਿੱਚ ਪਈ ਹੈ। ਇਹ ਕਿਤੋਂ ਹਵਾ ਵਿੱਚੋਂ ਜਾਂ ਵਿਗਾੜ ਨਾਲ਼ ਇੱਕ ਮਸ਼ੀਨ (ਭਾਵੇਂ ਕਿੰਨੀ ਵੀ ਉੱਨਤ ਕਿਉਂ ਨਾ ਹੋਵੇ) ਵਿੱਚ ਪੈਦਾ ਨਹੀਂ ਹੋ ਸਕਦੀ। ਰੋਬੋਟ ਤੇ ਮਸ਼ੀਨੀਕਰਨ ਮਨੁੱਖੀ ਪੈਦਾਵਾਰ ਤੇ ਚੇਤਨਾ ਦੇ ਹੀ ਇੱਕ ਹੱਦ ਤੱਕ ਵਿਕਸਿਤ ਹੋਣ ਦੇ ਸੰਕੇਤ ਹਨ, ਨਾ ਤਾਂ ਇਹ ਮਨੁੱਖੀ ਕਿਰਤ (ਪੈਦਾਵਾਰ) ਦੀ ਲੋੜ ਨੂੰ ਲਾਂਭੇ ਕਰ ਸਕਦੇ ਹਨ (ਭਾਵੇਂ ਮਨੁੱਖੀ ਕਿਰਤ ਦਾ ਰੂਪ ਇਹ ਜ਼ਰੂਰ ਹੀ ਬਦਲਦੇ ਹਨ) ਤੇ ਨਾ ਹੀ ਇਹ ਮਨੁੱਖੀ ਚੇਤਨਾ ਦੀ ਥਾਂ ਲੈ ਸਕਦੇ ਹਨ।

ਪਰ ਇਹ ਵਿਚਾਰ ਵੀ ਕਿ ਇਹ ਰੋਬੋਟ, ਮਸ਼ੀਨਾਂ ਮਨੁੱਖੀ ਕਿਰਤ ਨੂੰ ਪੂਰੀ ਤਰ੍ਹਾਂ ਲਾਂਭੇ ਕਰ ਦੇਣਗੇ, ਅਥਾਹ ਬੇਰੁਜ਼ਗਾਰੀ ਫੈਲਾਅ ਦੇਣਗੇ ਕੀ ਕਿਸੇ ਖਲਾਅ ਵਿੱਚੋਂ ਪੈਦਾ ਨਹੀਂ ਹੁੰਦੇ। ਮਸ਼ੀਨਾਂ ਸਬੰਧੀ ਅਜਿਹੇ ਵਿਚਾਰ ਹੀ ਇੰਗਲੈਂਡ ਵਿੱਚ ਮਜ਼ਦੂਰ ਜਮਾਤ ਦੀ ਲਹਿਰ ਦੇ ਸ਼ੁਰੂਆਤੀ ਦਿਨਾਂ ਵਿੱਚ ਭਾਰੂ ਸਨ। 1811 ਤੋਂ ਇੰਗਲੈਂਡ ਦੇ ਨੌਟਿੰਗਹੈਮ ਵਿੱਚ ਸ਼ੁਰੂ ਹੋਈ 'ਲੁਡਾਈਟ' ਲਹਿਰ ਕੱਪੜਾ ਸਨਅਤ ਵਿਚਲੀ ਮਸ਼ੀਨਰੀ ਨੂੰ ਆਪਣਾ ਮੁੱਖ ਦੁਸ਼ਮਣ ਮੰਨਦੀ ਸੀ ਤੇ ਫੈਕਟਰੀਆਂ ਵਿੱਚ ਵੜਕੇ ਆਧੁਨਿਕ ਮਸ਼ੀਨਰੀ ਦੀ ਤੋੜ-ਭੰਨ ਕਰਨਾ ਇਸ ਲਹਿਰ ਦਾ ਪ੍ਰੋਗਰਾਮ ਸੀ। ਇਹਨਾਂ ਅਨੁਸਾਰ ਇਹ ਮਸ਼ੀਨਰੀ ਹੀ ਇਹਨਾਂ ਦੇ ਬੇਰੁਜ਼ਗਾਰ, ਗਰੀਬ ਹੋਣ ਦਾ ਕਾਰਨ ਸੀ। ਇੰਗਲੈਂਡ ਵਿੱਚ ਉਸ ਸਮੇਂ ਤੱਕ ਸਰਮਾਏਦਾਰਾ ਪ੍ਰਬੰਧ ਆਪਣੇ ਪੈਰ ਜਮ੍ਹਾ ਚੁੱਕਿਆ ਸੀ ਤੇ ਇਹੀ ਪ੍ਰਬੰਧ ਅੱਜ ਲਗਭਗ ਕੁੱਲ ਸੰਸਾਰ ਵਿੱਚ ਆ ਚੁੱਕਿਆ ਹੈ। ਸਰਮਾਏਦਾਰਾ ਪ੍ਰਬੰਧ ਵਿੱਚ ਪੈਦਾਵਾਰ ਦਾ ਕੇਂਦਰੀ ਨੁਕਤਾ ਮੁਨਾਫ਼ਾ ਹੁੰਦਾ ਹੈ ਤੇ ਸਰਮਾਏਦਾਰਾਂ ਵੱਲੋਂ ਮਸ਼ੀਨੀਕਰਨ ਵੀ ਆਪਣੇ ਮੁਨਾਫ਼ੇ ਵਧਾਉਣ ਲਈ ਹੀ ਕੀਤਾ ਜਾਂਦਾ ਹੈ। ਮੁਨਾਫ਼ੇ ਦੀ ਦੌੜ ਵਿੱਚ ਸਰਮਾਏਦਾਰ ਆਪਣੇ ਵਿਰੋਧੀ ਸਰਮਾਏਦਾਰਾਂ ਨੂੰ ਪਛਾੜਨ ਲਈ ਵਧੇਰੇ ਤੋਂ ਵਧੇਰੇ ਉੱਨਤ ਤਕਨੀਕ ਲੈਕੇ ਆਉਂਦੇ ਹਨ ਜਿਸ ਦਾ ਮਤਲਬ ਹੈ ਕਿ ਪਹਿਲਾਂ ਨਾਲ਼ੋਂ ਘੱਟ ਮਜ਼ਦੂਰਾਂ ਤੋਂ ਪਹਿਲਾਂ ਵਾਲ਼ੇ ਪੱਧਰ ਜਾਂ ਉਸ ਤੋਂ ਵੀ ਵੱਧ ਪੈਦਾਵਾਰ ਕਰਨੀ। ਇਸ ਰਾਹੀਂ ਵਕਤੀ ਤੌਰ ਉੱਤੇ ਸਰਮਾਏਦਾਰ ਆਪਣੇ ਵਿਰੋਧੀਆਂ ਨਾਲ਼ੋਂ ਘੱਟ ਲਾਗਤ ਉੱਤੇ ਜਿਣਸ ਪੈਦਾ ਕਰਨ ਦੇ ਯੋਗ ਹੋ ਜਾਂਦੇ ਹਨ ਤੇ ਇਸ ਰਾਹੀਂ ਵਿਰੋਧੀਆਂ ਨੂੰ ਪਛਾੜਕੇ ਮੰਡੀ ਉੱਤੇ ਕਾਬਜ਼ ਹੁੰਦੇ ਹਨ। ਫੇਰ ਵਿਰੋਧੀ ਵੀ ਇਹੀ ਜਾਂ ਇਸ ਤੋਂ ਵਧੇਰੇ ਉੱਨਤ ਤਕਨੀਕ ਲੈ ਆਉਂਦੇ ਹਨ ਤੇ ਇਹ ਮੁਕਾਬਲੇ ਦਾ ਦੌਰ ਨਿਰੰਤਰ ਚਲਦਾ ਰਹਿੰਦਾ ਹੈ।

ਉੱਨਤ ਤਕਨੀਕ ਲੈਕੇ ਆਉਣ ਨਾਲ਼ ਨਾ ਸਿਰਫ ਉਸ ਖੇਤਰ, ਫੈਕਟਰੀ ਵਿੱਚ ਮਜ਼ਦੂਰਾਂ ਦੀ ਛਾਂਟੀ ਹੁੰਦੀ ਹੈ ਸਗੋਂ ਮੁਕਾਬਲੇ ਵਿੱਚ ਨਾ ਟਿਕਣ ਸਦਕਾ ਜਿਹੜੇ ਮਾਲਕ (ਖਾਸ ਕਰ ਛੋਟੇ ਮਾਲਕ) ਉਜਾੜੇ ਦਾ ਸ਼ਿਕਾਰ ਹੁੰਦੇ ਜਾਂਦੇ ਹਨ ਉਹ ਵੀ ਮਜ਼ਦੂਰਾਂ ਦੀਆਂ ਸਫਾਂ ਵਿੱਚ ਸ਼ਾਮਿਲ ਹੁੰਦੇ ਜਾਂਦੇ ਹਨ। ਇਸ ਤਰ੍ਹਾਂ ਮੁਨਾਫ਼ੇ ਲਈ ਕੀਤਾ ਮਸ਼ੀਨੀਕਰਨ ਲਗਾਤਾਰ ਅਜਿਹੀ ਬੇਰੁਜ਼ਗਾਰੀ ਨੂੰ ਜਨਮ ਦਿੰਦਾ ਹੈ ਤੇ ਬੇਰੁਜ਼ਗਾਰਾਂ ਦੀ ਫੌਜ ਵਿੱਚ ਵਾਧਾ ਕਰਦਾ ਹੈ। ਪਰ ਸਰਮਾਏਦਾਰੀ ਵਿੱਚ ਪੈਦਾਵਾਰ ਇੱਕੋ ਪੱਧਰ ਉੱਤੇ ਨਹੀਂ ਰਹਿੰਦੀ ਸਗੋਂ ਸਰਮਾਏਦਾਰ ਇਸ ਨੂੰ ਲਗਾਤਾਰ ਵਧਾਉਣ ਦੀ ਤਾਕ ਵਿੱਚ ਰਹਿੰਦੇ ਹਨ। ਮੁਕਾਬਲੇ ਵਿੱਚ ਜੇਤੂ ਸਰਮਾਏਦਾਰ ਕੁੱਲ ਪੈਦਾਵਾਰ ਵਧਾਉਂਦੇ ਹਨ ਜਿਸ ਨਾਲ਼ ਕਿਰਤ ਸ਼ਕਤੀ ਦੀ ਮੰਗ ਪੈਦਾ ਹੁੰਦੀ ਹੈ ਤੇ ਇਸ ਨਾਲ਼ ਨਵਾਂ ਰੁਜ਼ਗਾਰ ਪੈਦਾ ਹੁੰਦਾ ਹੈ। ਬੇਰੁਜ਼ਗਾਰੀ ਇਸ ਮੁਨਾਫ਼ਾ ਕੇਂਦਰਤ ਪ੍ਰਬੰਧ ਦਾ ਲਾਜ਼ਮੀ ਹਿੱਸਾ ਹੈ ਤੇ ਇੰਝ ਬੇਰੁਜ਼ਗਾਰਾਂ ਦੀ ਫੌਜ ਵਿੱਚ ਨਵੇਂ ਬੇਰੁਜ਼ਗਾਰਾਂ ਦਾ ਜੁੜਦੇ ਰਹਿਣਾ ਤੇ ਪੁਰਾਣਿਆਂ ਨੂੰ ਕੰਮ ਮਿਲਣਾ ਲਗਾਤਾਰ ਜਾਰੀ ਰਹਿੰਦਾ ਹੈ। ਬੇਰੁਜ਼ਗਾਰਾਂ ਦੀ ਫੌਜ ਵਿੱਚ ਇਹ ਕੁੱਲ ਗਿਣਤੀ ਦਾ ਵਧਣਾ ਜਾਂ ਘਟਣਾ ਮਸ਼ੀਨੀਕਰਨ ਦੀ ਦਰ ਦੇ ਨਾਲ਼-ਨਾਲ਼ ਪੈਦਾਵਾਰ ਲਈ ਕਿਰਤ ਸ਼ਕਤੀ ਦੀ ਮੰਗ ਦੇ ਵਧਣ/ਘਟਣ ਉੱਤੇ ਨਿਰਭਰ ਕਰਦਾ ਹੈ।

ਜੇਕਰ ਮਸ਼ੀਨੀਕਰਨ ਰਾਹੀਂ ਜਿੰਨੇ ਲੋਕ ਕੰਮ ਤੋਂ ਵਿਹਲੇ ਹੁੰਦੇ ਹਨ, ਪੈਦਾਵਾਰ ਵਧਾਉਣ ਲਈ ਇਸ ਤੋਂ ਵੀ ਵੱਧ ਕਿਰਤ ਸ਼ਕਤੀ ਦੀ ਮੰਗ ਹੋਵੇ ਤਾਂ ਬੇਰੁਜਗਾਰਾਂ ਦੀ ਫੌਜ ਵਿੱਚ ਘਾਟਾ ਆਵੇਗਾ ਪਰ ਜੇਕਰ ਕਿਰਤ ਸ਼ਕਤੀ ਦੀ ਮੰਗ ਓਨੀਂ ਨਹੀਂ ਵਧਦੀ ਜਿੰਨੇ ਲੋਕ ਕੰਮ ਤੋਂ ਵਿਹਲੇ ਹੋ ਚੁੱਕੇ ਹਨ ਤਾਂ ਬੇਰੁਜ਼ਗਾਰਾਂ ਦੀ ਫੌਜ ਵਿੱਚ ਵਾਧਾ ਹੋਵੇਗਾ। ਸਰਮਾਏਦਾਰੀ ਵਿੱਚ ਇਹ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ ਤੇ ਭਾਵੇਂ ਆਮ ਹਾਲਤਾਂ ਵਿੱਚ ਇਹ ਬੇਰੁਜ਼ਗਾਰੀ ਮੁੱਖ ਤੌਰ ਉੱਤੇ ਵਕਤੀ ਹੁੰਦੀ ਹੈ ਪਰ ਕਈ ਕਿਰਤੀਆਂ ਲਈ ਇਹ ਬੇਰੁਜ਼ਗਾਰੀ ਉਹਨਾਂ ਨੂੰ ਭੁੱਖਮਰੀ, ਕਰਜ਼ੇ ਆਦਿ ਦੀ ਹਾਲਤ ਵਿੱਚ ਧੱਕਣ ਲਈ ਕਾਫੀ ਹੁੰਦੀ ਹੈ। ਦੂਜਾ ਇਹ ਬੇਰੁਜ਼ਗਾਰੀ ਵਕਤੀ ਤੋਂ ਲੰਮੇਰੇ ਸਮੇਂ ਦੀ ਬੇਰੁਜ਼ਗਾਰੀ ਦਾ ਰੂਪ ਆਰਥਿਕ ਸੰਕਟ ਸਮੇਂ ਅਖਤਿਆਰ ਕਰ ਲੈਂਦੀ ਹੈ। ਵਧੇਰੇ ਮੁਨਾਫ਼ੇ ਕਮਾਉਣ ਲਈ ਲਗਾਤਾਰ ਵਧੇਰੇ ਮਸ਼ੀਨੀਕਰਨ ਦਾ ਲੰਬੇ ਦਾਅ ਵਿੱਚ ਲਾਜ਼ਮੀ ਸਿੱਟਾ ਮੁਨਾਫ਼ੇ ਦੀ ਦਰ ਡਿੱਗਣ ਵਿੱਚ ਆਉਂਦਾ ਹੈ ਜਿਸ ਨਾਲ਼ ਅਰਥਚਾਰਾ ਸੰਕਟ ਵਿੱਚ ਫਸ ਜਾਂਦਾ ਹੈ। ਆਰਥਿਕ ਸੰਕਟ ਸਮੇਂ ਬੇਰੁਜ਼ਗਾਰੀ ਕਾਫੀ ਵੱਡੇ ਪੱਧਰ ਉੱਤੇ ਫੈਲਦੀ ਹੈ ਤੇ ਕੰਮ-ਕਾਰ ਲਗਾਤਾਰ ਠੱਪ ਹੋਣ ਨਾਲ਼ ਇਹ ਬੇਰੁਜ਼ਗਾਰੀ ਲਗਾਤਾਰ ਵਧਦੀ ਜਾਂਦੀ ਹੈ। ਮਸ਼ੀਨਾਂ, ਕੱਚਾ ਮਾਲ ਆਦਿ ਫੈਕਟਰੀਆਂ ਵਿੱਚ ਖਰਾਬ ਹੋ ਰਹੇ ਹੁੰਦੇ ਹਨ, ਫੈਕਟਰੀਆਂ ਦੇ ਬੂਹੇ ਅੱਗੇ ਲੱਖਾਂ ਹੀ ਬੇਰੁਜ਼ਗਾਰ ਕੰਮ ਦੀ ਭਾਲ ਵਿੱਚ ਖੜ੍ਹੇ ਹੁੰਦੇ ਹਨ ਪਰ ਇਹਨਾਂ ਦੋਹਾਂ ਦਾ ਆਪਸੀ ਮੇਲ ਸੰਭਵ ਨਹੀਂ ਹੋ ਪਾਉਂਦਾ ਕਿਉਂਕਿ ਮੁਨਾਫ਼ੇ ਏਨੇ ਹੇਠਾਂ ਆ ਚੁੱਕੇ ਹੁੰਦੇ ਹਨ ਕਿ ਸਰਮਾਏਦਾਰ ਪੈਦਾਵਾਰ ਬੰਦ ਕਰ ਦਿੰਦੇ ਹਨ, ਮਸ਼ੀਨਾਂ ਨੂੰ ਗਲ਼ਣ ਤੇ ਲੋਕਾਂ ਨੂੰ ਭੁੱਖੇ ਮਰਨ ਲਈ ਮਜ਼ਬੂਰ

ਕਰਦੇ ਹਨ। ਇਹ ਸਰਮਾਏਦਾਰੀ ਅਧੀਨ ਉਹ ਹਾਲਤਾਂ ਹਨ ਜਿਸ ਨਾਲ਼ ਭੁਲੇਖਾ ਪੈਂਦਾ ਹੈ ਕਿ ਮਸ਼ੀਨੀਕਰਨ ਹੀ ਬੇਰੁਜ਼ਗਾਰੀ ਦਾ ਅਸਲ ਕਾਰਨ ਹੈ ਜਦਕਿ ਬੇਰੁਜ਼ਗਾਰੀ ਦਾ ਕਾਰਨ ਮਸ਼ੀਨਾਂ ਨਹੀਂ ਸਗੋਂ ਇਹ ਸਰਮਾਏਦਾਰਾ ਢਾਂਚਾ ਹੈ ਜਿਸ ਦੇ ਕੇਂਦਰ ਵਿੱਚ ਮਨੁੱਖ ਦੀ ਥਾਵੇਂ ਸਰਮਾਏਦਾਰਾਂ ਦਾ ਮੁਨਾਫਾ ਹੈ।

ਉਤਲੇ ਪੈਰ੍ਹੇ ਤੋਂ ਹੀ ਅਸੀਂ ਰੋਬੋਟੀਕਰਨ, ਮਸ਼ੀਨੀਕਰਨ ਨਾਲ਼ ਜੁੜੇ ਦੂਜੇ ਮਸਲੇ ਉੱਤੇ ਆਉਂਦੇ ਹਾਂ। ਕਿਉਂਕਿ ਸਰਮਾਏਦਾਰਾ ਢਾਂਚੇ ਦੇ ਕੇਂਦਰ ਵਿੱਚ ਮੁਨਾਫਾ ਹੁੰਦਾ ਹੈ ਇਸੇ ਕਰਕੇ ਇੱਥੇ ਮਸ਼ੀਨੀਕਰਨ, ਰੋਬੋਟੀਕਰਨ ਆਦਿ ਰਾਹੀਂ ਪੈਦਾਵਾਰੀ ਸਮਰੱਥਾ ਵਿੱਚ ਅਥਾਹ ਵਾਧਾ ਲੋਕਾਂ ਦੀਆਂ ਸਹੂਲਤਾਂ ਵਿੱਚ ਵਾਧਾ ਕਰਨ ਦੀ ਥਾਵੇਂ ਉਹਨਾਂ ਦੀ ਲੁੱਟ ਕਰਨ ਦਾ ਹੀ ਵਧੇਰੇ ਕਾਰਗਰ ਹਥਿਆਰ ਬਣਦਾ ਹੈ। ਜਦ ਅਰਥਚਾਰਾ ਸੰਕਟਮਈ ਹਾਲਤ ਵਿੱਚ ਨਹੀਂ ਵੀ ਹੁੰਦਾ ਤਦ ਵੀ ਮਸ਼ੀਨੀਕਰਨ ਰਾਹੀਂ ਮਾਲਕ ਹਮੇਸ਼ਾਂ ਮਜ਼ਦੂਰ ਦੇ ਸਿਰ ਉੱਤੇ ਬੇਰੁਜ਼ਗਾਰੀ ਦੀ ਤਲਵਾਰ ਲਟਕਾਈ ਰੱਖਦਾ ਹੈ। ਹਰ ਖੇਤਰ ਵਿੱਚ ਸਰਮਾਏਦਾਰਾ ਜਮਾਤ ਜੋ ਛਾਂਟੀ ਨਿੱਤ-ਦਿਨ ਕਰਦੀ ਹੈ ਉਸ ਨਾਲ਼ ਨਾ ਸਿਰਫ ਬੇਰੁਜ਼ਗਾਰ ਹੀ ਭੈੜੀਆਂ ਹਾਲਤਾਂ ਵਿੱਚ ਧੱਕੇ ਜਾਂਦੇ ਹਨ ਸਗੋਂ ਸਰਮਾਏਦਾਰ ਕੰਮ ਉੱਤੇ ਲੱਗੇ ਮਜ਼ਦੂਰਾਂ ਦੀ ਵੀ ਵਧੇਰੇ ਲੁੱਟ ਕਰਦੇ ਹਨ। ਮਜ਼ਦੂਰਾਂ ਨੂੰ ਬੇਰੁਜ਼ਗਾਰੀ ਦਾ ਡਰ ਵਿਖਾਕੇ ਮਾਲਕ ਉਹਨਾਂ ਤੋਂ ਵਧੇਰੇ ਘੰਟੇ ਤੇ ਘੱਟ ਉਜ਼ਰਤ ਉੱਤੇ ਕੰਮ ਲੈਂਦੇ ਹਨ। ਨਾ ਸਿਰਫ ਬੇਰੁਜ਼ਗਾਰ ਹੀ ਸਗੋਂ ਬਾਰੁਜ਼ਗਾਰ ਮਜ਼ਦੂਰ ਵੀ ਇਸੇ ਮੁਨਾਫੇ ਦੀ ਖੇਡ ਵਿੱਚ ਆਪਣੀ ਜ਼ਿੰਦਗੀ, ਸਿਹਤ, ਖੁਸ਼ੀ ਤੋਂ ਹੱਥ ਧੋ ਬੈਠਦੇ ਹਨ। ਬੇਰੁਜ਼ਗਾਰੀ ਕਰਕੇ ਭੁੱਖਮਰੀ, ਕੰਗਾਲੀ ਨਾਲ਼ ਮਰਨਾ ਤੇ ਦਿਨ ਵਿੱਚ 12-16 ਘੰਟੇ ਹੱਡ ਭੰਨਵੀਂ ਕਿਰਤ ਸਦਕਾ ਆਪਣੇ ਸਰੀਰ ਨੂੰ ਨਿੱਤ ਗਲ਼ਦੇ ਦੇਖਣਾ ਇੱਕ ਹੀ ਪ੍ਰਕਿਰਿਆ ਦੇ ਦੋ ਪੱਖ ਹਨ। ਸਾਫ ਹੈ ਕਿ ਸਰਮਾਏਦਾਰੀ ਹੇਠ ਵਧੇਰੇ ਤੇ ਉਨੱਤ ਮਸ਼ੀਨਾਂ ਵੀ ਸਰਮਾਏਦਾਰਾ ਜਮਾਤ ਦੀ ਸੇਵਾ ਵਿੱਚ ਹੀ ਭੁਗਤਦੀਆਂ ਹਨ। ਜਦੋਂ ਅਰਥਚਾਰਾ ਹਾਲੇ ਸੰਕਟ ਵਿੱਚ ਨਹੀਂ ਹੁੰਦਾ ਤਾਂ ਨਿਰਪੇਖ ਤੌਰ ਉੱਤੇ ਭਾਵੇਂ ਗਰੀਬਾਂ ਦਾ ਜੀਵਨ ਪੱਧਰ ਵੀ ਪਹਿਲਾਂ ਨਾਲ਼ੋਂ ਉੱਚਾ ਹੋ ਸਕਦਾ ਹੈ ਪਰ ਇਹ ਸਰਮਾਏਦਾਰਾਂ ਦੇ ਜੀਵਨ ਪੱਧਰ ਦੇ ਨਿਸਬਤਨ ਵੱਧ ਤੋਂ ਵੱਧ ਪਛੜਦਾ ਜਾਂਦਾ ਹੈ, ਇਹ ਪੱਛਮ ਦੇ ਮੁਲਕਾਂ ਸਮੇਤ ਪੂਰੀ ਦੁਨੀਆਂ ਵਿੱਚ ਹੀ ਪਿਛਲੀ ਸਦੀ ਵਿੱਚ ਵਧੀ ਗੈਰਬਰਾਬਰੀ ਤੋਂ ਦੇਖਿਆ ਜਾ ਸਕਦਾ ਹੈ। ਦੂਜੇ ਹੱਥ ਆਰਥਿਕ ਸੰਕਟ ਸਮੇਂ ਤਾਂ ਗਰੀਬ ਲੋਕਾਈ ਦੀ ਹਾਲਤ ਪਹਿਲਾਂ ਵਾਲ਼ੇ ਪੱਧਰ ਤੋਂ ਵੀ ਪਤਲੀ ਹੋ ਜਾਂਦੀ ਹੈ ਤੇ ਭੁੱਖਮਰੀ, ਬੇਰੁਜ਼ਗਾਰੀ, ਕੰਗਾਲੀ ਆਮ ਵਰਤਾਰਾ ਬਣ ਜਾਂਦੇ ਹਨ। ਸਰਮਾਏਦਾਰਾ ਆਰਥਿਕ ਪ੍ਰਬੰਧ ਅਧੀਨ ਕਿੰਨੇ ਵੀ ਉਨੱਤ ਰੋਬੋਟ, ਮਸ਼ੀਨਾਂ ਆ ਜਾਣ, ਆਮ ਲੋਕਾਈ ਲਈ ਇਹ ਵਧਦੀ ਗੈਰ-ਬਰਾਬਰੀ, ਬੇਰੁਜ਼ਗਾਰੀ, ਕੰਗਾਲੀ, ਭੁੱਖਮਰੀ ਦਾ ਹੱਲ ਨਹੀਂ ਕੱਢ ਸਕਦੇ।

ਇੱਕ ਬਦਲਵੇਂ ਸਮਾਜ ਵਿੱਚ ਰੋਬੋਟੀਕਰਨ, ਮਸ਼ੀਨੀਕਰਨ ਦੇ ਮਾਇਨੇ

ਅੱਜ ਕੁੱਲ ਸੰਸਾਰ ਅਰਥਚਾਰਾ ਹੀ ਇੱਕ ਡੂੰਘੇ ਆਰਥਿਕ ਸੰਕਟ ਦਾ ਸ਼ਿਕਾਰ ਹੈ ਤੇ ਇਹ ਹਰ ਰੋਜ਼ ਵਧੇਰੇ ਸਾਫ ਹੋ ਰਿਹਾ ਹੈ ਕਿ ਸਰਮਾਏਦਾਰੀ ਅਧੀਨ ਹੋਈ ਪੈਦਾਵਾਰ, ਤਕਨੀਕ, ਗਿਆਨ ਆਦਿ ਵਿੱਚ ਉੱਨਤੀ ਨੂੰ ਲੋਕਾਈ ਦੇ ਹਿਤਾਂ ਵਿੱਚ ਵਰਤਣ ਲਈ ਜ਼ਰੂਰੀ ਹੈ ਕਿ ਇਸ ਸਰਮਾਏਦਾਰਾ ਢਾਂਚੇ ਦਾ ਭੋਗ ਪਾਇਆ ਜਾਵੇ ਜੋ ਇਸ ਦੇ ਰਾਹ ਵਿੱਚ ਰੋੜਾ ਬਣ ਰਿਹਾ ਹੈ। ਇਸ ਦੀ ਥਾਂ ਸਮਾਜਵਾਦੀ ਸਮਾਜ ਦੀ ਸਥਾਪਨਾ ਕਰਨ ਨਾਲ਼ ਹੀ ਸਾਨੂੰ ਸਰਮਾਏਦਾਰੀ ਹੇਠ ਹੁੰਦੀ ਲੁੱਟ, ਜ਼ਬਰ ਤੋਂ ਮੁਕਤੀ ਮਿਲ ਸਕਦੀ ਹੈ।

ਸਮਾਜਵਾਦ ਅਧੀਨ, ਜਿੱਥੇ ਪੈਦਾਵਾਰ ਦਾ ਕੇਂਦਰੀ ਨੁਕਤਾ ਮੁਨਾਫਾ ਨਹੀਂ ਸਗੋਂ ਮਨੁੱਖੀ ਲੋੜਾਂ ਹੋਣਗੀਆਂ ਉੱਥੇ ਮਸ਼ੀਨੀਕਰਨ, ਰੋਬੋਟੀਕਰਨ ਤੇ ਮਨੁੱਖ ਵੱਲੋਂ ਕੀਤੀ ਗਿਆਨ ਵਿੱਚ ਤਰੱਕੀ ਆਪਣੇ ਅਸਲੀ ਜਲੌਅ ਵਿੱਚ ਸਾਹਮਣੇ ਆਵੇਗੀ। ਉੱਥੇ ਮਸ਼ੀਨਾਂ ਦੇ ਵਧੇਰੇ ਉਨੱਤ ਹੋਣ ਨਾਲ਼ ਲੋਕਾਂ ਨੂੰ ਵਧੇਰੇ ਵਿਹਲ ਦਾ ਸਮਾਂ ਮਿਲੇਗਾ ਕਿਉਂਕਿ ਮੁਨਾਫਾ ਕਮਾਉਣ ਲਈ ਉੱਥੇ ਘੱਟ ਤੋਂ ਘੱਟ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਪੈਦਾਵਾਰ ਦਾ ਟੀਚਾ ਸਾਹਮਣੇ ਨਹੀਂ ਹੋਵੇਗਾ। ਇਸ ਵਿਹਲੇ ਸਮੇਂ ਨੂੰ ਲੋਕ ਵਧੇਰੇ ਸਿੱਖਿਅਤ ਹੋਣ, ਸੈਰ-ਸਪਾਟਾ ਕਰਨ, ਕਸਰਤ ਕਰਨ, ਹੋਰ ਤਰ੍ਹਾਂ ਦੇ ਮਨੋਰੰਜਨ ਆਦਿ ਵਿੱਚ ਲਾ ਸਕਣਗੇ ਜਿਸ ਨਾਲ਼ ਉਹਨਾਂ ਦਾ ਵਧੇਰੇ ਸਰਵ-ਪੱਖੀ ਵਿਕਾਸ ਸੰਭਵ ਹੋਵੇਗਾ। ਮਸ਼ੀਨੀਕਰਨ ਦੇ ਉਨੱਤ ਹੋਣ ਨਾਲ਼ ਪੈਦਾਵਾਰ ਵਿੱਚ ਜੋ ਵਾਧਾ ਹੋਵੇਗਾ ਉਹ ਗੋਦਾਮਾਂ ਵਿੱਚ, ਮਾਲਾਂ ਵਿੱਚ ਪਿਆ ਸੜ ਨਹੀਂ ਜਾਵੇਗਾ ਸਗੋਂ ਉਸ ਨੂੰ ਲੋਕਾਂ ਦੇ ਢਿੱਡ ਭਰਨ ਤੇ ਹੋਰ ਲੋੜਾਂ ਲਈ ਵਰਤਿਆ ਜਾਵੇਗਾ।

ਸਰਮਾਏਦਾਰੀ ਵਾਂਗ ਸਮਾਜਵਾਦ ਵਿੱਚ ਮੁਨਾਫਾ ਮਸ਼ੀਨੀਕਰਨ, ਰੋਬੋਟੀਕਰਨ ਆਦਿ ਦੇ ਤੇਜ ਵਿਕਾਸ ਵਿੱਚ ਰੋੜਾ ਨਹੀਂ ਬਣੇਗਾ। ਮਨੁੱਖ ਕੇਂਦਰਿਤ ਪੈਦਾਵਾਰ ਤੇ ਤੇਜ ਰਫਤਾਰ ਮਸ਼ੀਨੀਕਰਨ ਨਾਲ਼ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ, ਅਨਪੜ੍ਹਤਾ ਆਦਿ ਦਾ ਫਸਤਾ ਵੱਢਣਾ ਸੰਭਵ ਹੋਵੇਗਾ। ਪੈਦਾਵਾਰ ਵਿੱਚ ਅਥਾਹ ਵਾਧਾ ਇੱਕ ਜਮਾਤ ਰਹਿਤ ਸਮਾਜ ਦਾ ਅਧਾਰ ਤਿਆਰ ਕਰਨ ਵਿੱਚ ਮਦਦਗਾਰ ਹੋਵੇਗਾ ਜਿੱਥੇ ਜਮਾਤੀ ਸਮਾਜ ਦੇ ਹਰ ਤਰ੍ਹਾਂ ਦੀ ਲੁੱਟ, ਦਾਬੇ ਦਾ ਬੀਜਨਾਸ਼ ਹੋਵੇਗਾ ਤੇ ਮਨੁੱਖ ਅਸਲੋਂ ਹੀ ਮਨੁੱਖੀ ਜ਼ਿੰਦਗੀ ਜੀਊਣ ਯੋਗ ਹੋਵੇਗਾ।

**ਲਲਕਾਰ 'ਚੋਂ ਧੰਨਵਾਦ ਸਹਿਤ**

---

## 24 ਮਈ ਨੂੰ ਜਨਮ ਦਿਵਸ ਮੌਕੇ ਵਿਸ਼ੇਸ਼

# ਮਹਾਨ ਗ਼ਦਰੀ ਜਰਨੈਲ ਸ਼ਹੀਦ ਕਰਤਾਰ ਸਿੰਘ ਸਰਾਭਾ



ਜਸਦੇਵ ਸਿੰਘ ਲਲਤੋਂ
96464-02470

ਭਾਰਤ ਦੇਸ਼ ਦੇ ਨੂੰ ਆਜ਼ਾਦ ਕਰਵਾਉਣ ਅਤੇ ਇਸ ਦੇ ਅੰਦਰ ਅਸਲੀ ਤੇ ਖਰਾ ਕੌਮੀ ਜਮਹੂਰੀ ਰਾਜ ਪ੍ਰਬੰਧ ਕਾਇਮ ਕਰਨ ਦੀ ਹੱਕੀ ਕੌਮੀ ਜੰਗ ਅੰਦਰ ਸ਼ਹੀਦ ਕਰਤਾਰ ਸਿੰਘ ਸਰਾਭਾ ਏਡਾ ਵੱਡਾ ਯੁਗਨਾਇਕ ਹੋ ਨਿਬੜਿਆ, ਜੋ ਬਹੁਤ ਹੀ ਦੂਰਅੰਦੇਸ਼ੀ, ਜ਼ਿੰਦਾਦਿਲੀ, ਸਿਰੇ ਦੇ ਅਪਾਵਾਰੂ, ਨਿਤ ਨਵੀਂ ਪਹਿਲ-ਕਦਮੀ ਕਰਨ ਵਾਲੇ ਕਰਮਯੋਗੀ ਸਮੇਤ ਸਾਰੇ ਕਾਬਲ ਆਗੂ ਗੁਣਾਂ ਦਾ ਧਾਰਨੀ ਸੀ। ਜਿਸਨੂੰ ਗਦਰਪਾਰਟੀ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਨੇ "ਬਾਲਾ-ਜਰਨੈਲ" ਕਰਾਰ ਦਿੱਤਾ।

ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਦੀ ਕੁੱਖੋਂ, ਪਿਤਾ ਸ. ਮੰਗਲ ਸਿੰਘ ਦੇ ਘਰ ਹੋਇਆ। ਮੁੱਢਲੀ ਵਿੱਦਿਆ ਲਈ ਪਿੰਡ ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲ ਕਰਵਾਇਆ ਗਿਆ। ਆਪ ਦੇ ਪਿਤਾ ਜੀ ਇਕਲੌਤੇ ਪੁੱਤਰ ਨੂੰ 5 ਸਾਲ ਦਾ, ਮਾਤਾ ਜੀ 12 ਸਾਲ ਦਾ ਛੱਡ ਕੇ ਸਦਾ ਲਈ ਵਿਛੋੜਾ ਦੇ ਗਏ। ਆਪ ਦੀ ਪਾਲਣਾ ਅਤੇ ਪੜ੍ਹਾਈ ਦਾ ਸਾਰਾ ਜਿੰਮਾ ਦਾਦਾ ਜੀ ਸ. ਬਦਨ ਸਿੰਘ ਸਿਰ ਆ ਪਿਆ। ਉਚੱ ਵਿਦਿਆ ਲਈ ਆਪ ਨੂੰ ਲੁਧਿਆਣਾ ਦੇ ਮਿਸ਼ਨ ਸਕੂਲ ਤੇ ਬਾਅਦ 'ਚ ਚਾਚਾ ਜੀ ਬਖਸ਼ੀਸ਼ ਸਿੰਘ ਪਾਸ 1910 'ਚ ਰੈਵਨਸ਼ਾਅ ਕਾਲਜੀਏਟ ਸਕੂਲ ਕਟਕ (ਉੜੀਸਾ) 'ਚ ਨੌਵੀਂ ਜਮਾਤ 'ਚ ਦਾਖਲ ਕਰਵਾਇਆ ਗਿਆ। ਜਿੱਥੋਂ ਆਪ ਨੇ 1912 'ਚ ਮੈਟ੍ਰਿਕ ਪਾਸ ਕੀਤੀ। ਸਕੂਲ ਦੇ ਮੁੱਖੀ ਬੇਨੀ ਮਾਧਵ ਦਾਸ ਦੇ ਦੇਸ਼ ਭਗਤੀ ਵਾਲੇ ਵਿਚਾਰਾਂ ਦਾ ਆਪ ਜੀ 'ਤੇ ਪਹਿਲੀ ਵੇਰੀ ਕਾਫੀ ਡੂੰਘਾ ਅਸਰ ਪਿਆ। ਇਸ ਤੋਂ ਪਿਛੋਂ ਆਪ ਕਾਲਜ ਵਿੰਗ 'ਚ ਪੜ੍ਹਣ ਲੱਗੇ। ਸਕੂਲ ਸਮੇਂ ਤੋਂ ਹੀ ਕਰਤਾਰ ਸਿੰਘ ਨੂੰ ਬੇਹੱਦ ਹੁਸ਼ਿਆਰ, ਹੋਣਹਾਰ ਤੇ ਯੋਗ ਹੋਣ ਕਰਕੇ 'ਅਫਲਾਤੂ', ਬਹੁਤ ਹੀ ਤੇਜ਼ ਤੇ ਫੁਰਤੀਲਾ ਹੋਣ ਕਰਕੇ 'ਉਡਣਾ ਸੱਪ' ਆਦਿ ਮਖੌਲੀਆ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਉਚੱ ਵਿੱਦਿਆ ਲਈ ਬਰਕਲੇ ਯੂਨੀਵਰਸਿਟੀ ਤੋਂ ਪ੍ਰਾਪਤ ਕਰਨ ਲਈ ਆਪ ਅਮਰੀਕਾ ਪਹੁੰਚ ਗਏ ਜੁਲਾਈ 1912 'ਚ ਲੈ ਲਿਆ ਦਾਖਲਾ ਰਸਾਇਣ ਵਿੱਦਿਆ ਦੀ ਡਿਗਰੀ 'ਚ ਅਮਰੀਕਨਾਂ ਦੇ ਆਜ਼ਾਦੀ ਦੇ ਰੰਗ-ਢੰਗ ਦੇਖ ਕੇ ਅਤੇ ਭਾਰਤੀਆਂ ਨੂੰ 'ਕੁੱਤੇ', 'ਗੁਲਾਮ ਭੇਡਾਂ', 'ਕਾਲੇ ਕੁੱਲੀ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਦੇ ਸੁਣਕੇ ਅਣਖੀਲੇ ਕਰਤਾਰ ਸਿੰਘ ਅੰਦਰ ਦੇਸ਼ ਭਗਤੀ ਅਤੇ ਆਜ਼ਾਦੀ ਦਾ ਬੀਜ ਬੀਜਿਆ ਗਿਆ। ਲਾਲਾ ਹਰਦਿਆਲ, ਭਾਈ ਪਰਮਾਨੰਦ ਲਾਹੌਰ, ਜਤਿੰਦਰ ਲਹਿਰੀ ਬੰਗਾਲੀ ਵਰਗੇ ਇਨਕਲਾਬੀ ਰਾਜਨੀਤਿਕ ਚੇਤਨਾ ਦੀ ਚੰਗਿਆੜੀ ਮਘਾਉਣ ਲਈ ਪਹਿਲਾਂ ਹੀ ਉਥੇ ਜੁਟੇ ਹੋਏ ਸਨ। ਆ ਗਿਆ ਕਰਤਾਰ ਸਿੰਘ ਹੋਰਨਾਂ ਵਿਦਿਆਰਥੀਆਂ ਨਾਲ ਇਨ੍ਹਾਂ ਦੇ ਸੰਪਰਕ ਵਿੱਚ। ਲੱਗਾ ਭਾਰਤੀ ਕੌਮੀ-ਕ੍ਰਾਂਤੀਕਾਰੀਆਂ ਦੀਆਂ ਮੀਟਿੰਗਾਂ 'ਚ ਜਾਣ। ਬਣ ਗਿਆ ਪੱਕਾ ਵਿਸ਼ਵਾਸ਼ ਕਿ ਦੇਸ਼ ਨੂੰ ਵਿਦੇਸ਼ੀ ਧਾੜਵੀਆਂ ਤੋਂ ਕੇਵਲ ਹਥਿਆਰਬੰਦ ਸੰਘਰਸ਼ ਰਾਹੀਂ ਹੀ ਮੁਕਤ ਕਰਵਾਇਆ ਜਾ ਸਕਦਾ ਹੈ। ਤੇਜ਼ ਬੁੱਧੀ ਦੇ ਮਾਲਕ ਸਰਾਭਾ ਨੇ ਪੜ੍ਹੇ ਮਹਾਨ ਇਨਕਲਾਬੀ-ਮੈਜ਼ਿਨੀ, ਰੂਸੋ, ਸਨਯਾਤਸੇਨ, ਪ੍ਰਿੰਸ ਕਰੌਪਟਕਿਨ, ਲਾਲਾ ਹਰਦਿਆਲ ਤੇ ਗੁਰੂ ਗੋਬਿੰਦ ਸਿੰਘ ਜੀ।

ਦਸੰਬਰ 1912 (ਜਾਂ ਜਨਵਰੀ 13) 'ਚ ਭਾਰਤੀਆਂ ਦੀ ਅਸਟੋਰੀਆ (ਔਰੇਗਨ) 'ਚ ਸਥਾਨਕ ਮੀਟਿੰਗ 'ਚ ਪਿੰਡ ਦੇ ਵੱਡੇ ਸਾਥੀ ਰੁਲੀਆ ਸਿੰਘ ਸਰਾਭਾ ਨਾਲ ਸ਼ਾਮਲ ਹੋਏ। ਇਸ ਮੀਟਿੰਗ 'ਚ ਕੇਸਰ ਸਿੰਘ ਠੱਠਗੜ ਨੂੰ ਪ੍ਰਧਾਨ, ਬਲਵੰਤ ਸਿੰਘ ਸੰਘਵਾਲ ਨੂੰ ਸਕੱਤਰ ਚੁਣਿਆ ਗਿਆ ਅਤੇ ਹਿੰਦੁਸਤਾਨ ਐਸੋਸੀਏਸ਼ਨ ਬਣਾਈ ਗਈ। ਇਸ ਮੀਟਿੰਗ ਨੂੰ ਕਰਤਾਰ ਸਿੰਘ ਸਰਾਭਾ ਨੇ ਵੀ ਸੰਬੋਧਨ ਕੀਤਾ। ਮਾਰਚ 13 'ਚ ਅਸਟੋਰੀਆ ਵਿਖੇ ਅਮਰੀਕਾ ਪੱਧਰੀ ਮੀਟਿੰਗ ਹੋਈ ਜਿਸ ਵਿਚ ਹਿੰਦੁਸਤਾਨ ਐਸੋਸੀਏਸ਼ਨ ਆਫ ਪੈਸੀਫਿਕ ਕੋਸਟ (ਗਦਰ ਪਾਰਟੀ) ਦੀ ਬਾਕਾਇਦਾ ਸਥਾਪਨਾ ਕੀਤੀ ਗਈ ਜਿਸ ਵਿਚ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਤੇ ਲਾਲਾ ਹਰਦਿਆਲ ਨੂੰ ਸਕੱਤਰ ਤੇ ਬਾਕੀ ਅਹੁਦੇਦਾਰ ਚੁਣੇ ਗਏ। ਇਸ ਮੀਟਿੰਗ ਵਿਚ ਕਰਤਾਰ ਸਿੰਘ ਵੀ ਸ਼ਾਮਲ ਸੀ। ਰਸਮੀ ਤੌਰ 'ਤੇ ਜੱਥੇਬੰਦੀ ਦੀ ਸਥਾਪਨਾ ਦਾ ਐਲਾਨ 21 ਅਪ੍ਰੈਲ 1913 ਨੂੰ ਸਾਨਫਰਾਂਸਿਸਕੋ ਵਿੱਖੇ ਕੀਤਾ ਗਿਆ। ਜੱਥੇਬੰਦੀ ਨੇ ਹਿੰਦੁਸਤਾਨ ਵਿਚ ਗਦਰ (ਹਥਿਆਰਬੰਦ ਘੋਲ) ਰਾਹੀਂ ਅੰਗਰੇਜ਼ੀ ਹਕੂਮਤ ਦਾ ਫਸਤਾ ਵੱਢਣ ਤੇ ਨਵਾਂ ਕੌਮੀ ਜਮਹੂਰੀ ਰਾਜ ਪ੍ਰਬੰਧ ਕਰਨ ਦਾ ਮੁੱਖ ਟੀਚਾ ਮਿਥਿਆ ਗਿਆ। ਜਿਸਦੀ ਤਿਆਰੀ ਲਈ 'ਗਦਰ' ਅਖਬਾਰ ਕੱਢਣ 'ਤੇ ਧੁਰ ਹੇਠਾਂ ਤੱਕ ਜੱਥੇਬੰਦਕ ਢਾਂਚੇ ਦੀ ਉਸਾਰੀ ਦੇ ਫੈਸਲੇ ਕੀਤੇ ਗਏ। ਇਸੇ ਮੀਟਿੰਗ ਵਿੱਚ ਹੀ ਕੀਤਾ ਗਿਆ ਸੀ "ਗ਼ਦਰ" ਅਖ਼ਬਾਰ ਕੱਢਣ ਦਾ ਫੈਸਲਾ, ਜਿਸ ਵਿੱਚ ਕੁੱਝ ਮਹੀਨੇ ਦੀ ਦੇਰੀ ਹੋਈ। ਪਰੰਤੂ ਕਰਤਾਰ ਸਿੰਘ ਵੱਲੋਂ ਲਾਲਾ ਹਰਦਿਆਲ ਨੂੰ ਵਾਰ-ਵਾਰ ਲਟ-ਲਟ ਬਲਦੇ ਉਤਸ਼ਾਹ ਤੇ ਜੋਸ਼ ਨਾਲ ਕੀਤੀ ਜਾਂਦੀ ਜ਼ੋਰਦਾਰ ਮੰਗ ਹੀ ਸੀ ਕਿ ਆਖ਼ਿਰ 1 ਨਵੰਬਰ 1913 ਤੋਂ ਯੁਗਾਂਤਰ ਆਸ਼ਰਮ ਤੋਂ ਗ਼ਦਰ ਅਖ਼ਬਾਰ ਪ੍ਰਕਾਸ਼ਿਤ ਹੋਣ ਲੱਗਾ। ਲਾਲਾ ਹਰਦਿਆਲ ਨੂੰ ਐਡੀਟਰ, ਕਰਤਾਰ ਸਿੰਘ ਸਰਾਭਾ ਤੇ ਰਘਬਰ ਦਿਆਲ ਗੁਪਤਾ ਨੂੰ ਸਬ ਐਡੀਟਰ ਲਗਾਇਆ ਗਿਆ। ਹਫਤਾਵਾਰੀ ਗਦਰ ਤੋਂ ਇਲਾਵਾ ਦੇਸ਼



ਵਾਸੀਆ ਦੇ ਸੁੱਚੇ ਖੂਨ ਨੂੰ ਖੌਲਣ ਲਾਉਣ ਵਾਲੀ ਗਦਰ ਕਾਵਿ ਦਾ ਪਰਚਾ 'ਗਦਰ ਦੀ ਗੂੰਜ' ਵੀ ਸਮੇਂ ਸਮੇਂ ਸਿਰ ਛਾਪਿਆ ਜਾਂਦਾ। ਹੱਥ ਨਾਲ ਛਾਪੇ ਵਾਲੀ ਮਸ਼ੀਨ ਗੇੜ-ਗੇੜ ਹਜ਼ਾਰਾਂ ਅਖ਼ਬਾਰ ਛਾਪਣ ਤੇ ਵੱਖ-ਵੱਖ ਦੇਸ਼ਾਂ 'ਚ ਘੱਲਣ ਵਾਸਤੇ ਆਪ ਦੀ ਬੇਹੱਦ ਵੱਡੀ ਘਾਲਣਾ ਤੇ ਦੇਣ ਸੀ । ਜਦੋਂ ਮਸ਼ੀਨ ਗੇੜ-ਗੇੜ ਥੱਕ ਕੇ ਚੂਰ ਹੋ ਜਾਂਦੇ ਤਾਂ ਗਾਉਂਦੇ – "ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ ਤੇ ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ। ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ"। ਗ਼ਦਰ ਅਖ਼ਬਾਰ ਸਿੰਘ ਸਰਾਭਾ ਲਗਾਤਾਰ ਬਹੁਤ ਹੀ ਲੇਖ, ਕਵਿਤਾਵਾਂ ਆਪ ਲਿਖਦਾ, ਬੇਨਾਮੀ ਤੌਰ ਤੇ ਪ੍ਰਕਾਸ਼ਿਤ ਕਰ ਦਿੰਦਾ, ਉਰਦੂ ਤੋਂ ਪੰਜਾਬੀ 'ਚ ਲਿਖਤਾਂ ਦਾ ਤਰਜ਼ਮਾ ਕਰਦਾ।

ਇਸ ਤੋਂ ਇਲਾਵਾ ਗ਼ਦਰ ਪਾਰਟੀ ਦੇ ਫੈਸਲੇ ਅਨੁਸਾਰ ਕਰਤਾਰ ਸਿੰਘ ਸਰਾਭਾ ਨੇ ਹਵਾਈ ਜਹਾਜ਼ ਉਡਾਉਣ ਤੇ ਮੁਰਮੰਤ ਕਰਨ ਦੀ ਸਫਲ ਟ੍ਰੇਨਿੰਗ ਵੀ ਲਈ ਤਾਂ ਜੋ ਹਿੰਦ ਜਾ ਕੇ ਗ਼ਦਰ ਲਈ ਹਵਾਈ ਸੈਨਾ ਦੀ ਉਸਾਰੀ ਕੀਤੀ ਜਾ ਸਕੇ ਤੇ ਇਸਦੀ ਨਿੱਗਰ ਵਰਤੋਂ ਕੀਤੀ ਜਾ ਸਕੇ। ਪਾਰਟੀ ਦੇ ਗੁਪਤ ਕਮਿਸ਼ਨ ਦੀ ਹਦਾਇਤ 'ਤੇ ਕਰਤਾਰ ਸਿੰਘ ਨੇ 21-07-1914 ਨੂੰ ਸਾਨਫਰਾਂਸਿਸਕੋ ਤੋਂ ਯੋਕੋਹਾਮਾ ਲਈ 100 ਪਿਸਤੌਲਾ ਤੇ ਕਾਫੀ ਗੋਲੀ ਸਿੱਕਾ ਅਜੇਹੇ ਗੁਪਤ ਢੰਗ ਨਾਲ ਜਹਾਜ਼ 'ਚ ਜਾ ਟਿਕਾਇਆ ਕਿ ਖੁਫੀਆ ਤੰਤਰ ਕੋਈ ਸ਼ੱਕ ਨਾ ਹੋਇਆ ਅਤੇ ਕਾਮਯਾਬੀ ਨਾਲ ਭਕਨਾ ਜੀ ਨੂੰ ਜਹਾਜ਼ ਚੜ੍ਹਾ ਦਿੱਤਾ। 'ਗਦਰ' ਨੇ 28 ਜੁਲਾਈ ਦੇ ਅੰਕ ਰਾਹੀਂ ਦੇਸ਼ ਵਾਸੀਆ ਨੂੰ ਸੁਚੇਤ ਕੀਤਾ ਕਿ ਪਹਿਲੀ ਸੰਸਾਰ ਜੰਗ ਲਗ ਗਈ ਹੈ, ਤੁਸੀ ਆਪਣੀ ਆਜ਼ਾਦੀ ਦੀ ਜੰਗ ਲਈ ਤਿਆਰ ਹੋ ਜਾਓ। 4 ਅਗਸਤ ਦੇ ਅੰਕ ਨੇ 'ਐਲਾਨੇ ਜੰਗ' ਦਾ ਫੁਰਮਾਨ ਜਾਰੀ ਕੀਤਾ। 11 ਅਗਸਤ ਦੇ ਅੰਕ ਨੇ ਕਰਾਂਤੀਕਾਰੀ ਸੱਦਾ ਛਾਪਿਆ-

ਗਦਰ ਦੀ ਲੋੜ ਹੈ- ਨਿਡਰ ਤੇ ਦਲੇਰ ਸਿਪਾਹੀਆਂ ਦਾ
ਤਨਖਾਹ - ਮੌਤ
ਇਨਾਮ - ਸ਼ਹੀਦੀ ਤੇ ਆਜ਼ਾਦੀ
ਸਥਾਨ-ਹਿੰਦ ਦੇ ਮੈਦਾਨ ਵਿਚ

ਚਲੋ ਚਲੀਏ ਦੇਸ਼ ਨੂੰ ਯੁੱਧ ਕਰਨੇ, ਇਹੀ ਆਖਰੀ ਬਚਨ ਫਰਮਾਨ ਹੋ ਗਏ। ਇਸ ਸੱਦੇ ਅਨੁਸਾਰ 6 ਹਜ਼ਾਰ ਤੋਂ ਉਪਰ ਗਦਰੀ ਯੋਧੇ ਵੱਖ ਵੱਖ ਜਹਾਜ਼ਾ ਰਾਹੀਂ ਭਾਰਤ ਪੁੱਜੇ। ਸਤੰਬਰ 1914 'ਚ ਕਰਤਾਰ ਸਿੰਘ ਸਰਾਭਾ ਕੋਲੰਬੋ ਰਾਹੀਂ ਹੁੰਦਾ ਹੋਇਆ ਅਮਰੀਕਾ ਤੋਂ ਭਾਰਤ ਪੁੱਜਾ ਤੇ ਗੁਪਤਵਾਸ ਹੋ ਕੇ ਪੰਜਾਬ 'ਚ ਸ਼ਕਤੀ ਸ਼ਾਲੀ ਗਦਰ ਪਾਰਟੀ ਦੀ ਜੱਥੇਬੰਦੀ ਦੀ ਉਸਾਰੀ ਤੇ ਹਥਿਆਰਬੰਦ ਗ਼ਦਰ ਦੀ ਤਿਆਰੀ ਲਈ ਦਿਨ-ਰਾਤ ਇਕ ਕਰਨ ਲੱਗਾ। ਉਸਦੇ ਅੰਦਰ ਮੌਜੂਦ ਮਾਨਵਤਾ ਲਈ ਬੇਥਾਹ ਪਿਆਰ ਤੇ ਸਤਿਕਾਰ ਦਾ ਉਦੋਂ ਪਤਾ ਲੱਗਦਾ ਹੈ ਜਦੋਂ ਉਹ 'ਰੱਬੋਂ' ਪਿੰਡ ਦੇ ਡਾਕੇ ਦੌਰਾਨ ਇਕ ਲੜਕੀ ਦੀ ਬਾਂਹ ਨੂੰ ਹੱਥ ਲਾਉਣ ਵਾਲੇ ਆਪ ਦੇ ਇਕ ਸਾਥੀ ਤੇ ਪਿਸਤੌਲ ਤਾਣਦਾ ਹੈ, ਉਸਨੂੰ ਮਾਵਾਂ-ਧੀਆਂ ਦੇ ਪੈਰੀਂ ਪੈਣ ਦਾ ਹੁਕਮ ਦਿੰਦਾ ਹੈ ਓਤੇ ਉਨ੍ਹਾਂ ਨੂੰ ਧੀ ਦੇ ਵਿਆਹ ਲਈ ਜਿੰਨੇ ਮਰਜ਼ੀ ਪੈਸੇ ਰੱਖਣ ਲਈ ਪੇਸ਼ਕਸ਼ ਕਰਦਾ ਹੈ ਤੇ ਆਪ ਦੇ ਉਚੇ ਤੇ ਸੁੱਚੇ ਬੁਲੰਦ ਕਿਰਦਾਰ ਨੂੰ ਰੂਪਮਾਨ ਕਰਦਾ ਹੈ !

ਕਰਤਾਰ ਸਿੰਘ ਸਰਾਭਾ ਨੇ ਰੋਜ਼ 50-50 ਮੀਲ ਸਾਈਕਲ ਚਲਾ ਕੇ 'ਕਦੇ ਪੈਦਲ ਪਿੰਡਾਂ, ਸਕੂਲਾਂ 'ਚ ਦਬੱਲ ਕੇ ਗ਼ਦਰ ਦਾ ਪ੍ਰਚਾਰ ਤੇ ਲਾਮਬੰਦੀ ਕੀਤੀ, ਉਥੋਂ ਫਿਰੋਜ਼ਪੁਰ ਤੇ ਮੀਆਂਮੀਰ (ਲਾਹੌਰ) ਸਮੇਤ ਕਈ ਫੌਜੀ ਛਾਉਣੀਆਂ ਅੰਦਰ ਬੇਖੌਫ ਤੇ ਦਿਲੇਰਾਨਾ ਵਿਧੀ ਨਾਲ ਫੌਜ਼ੀਆਂ ਨੂੰ ਗ਼ਦਰ ਲਈ ਤਿਆਰ ਕੀਤਾ। ਪਾਰਟੀ ਵਿਚਲੇ ਗ਼ਦਾਰ-ਕਿਰਪਾਲ ਸਿੰਘ ਵੱਲੋਂ ਗ਼ਦਰ ਦੀ ਤਾਰੀਖ ਤੇ ਯੋਜਨਾ ਪਹਿਲਾਂ 21 ਫਰਵਰੀ 1915 ਫਿਰ 19 ਫਰਵਰੀ 1915 ਬਾਰੇ ਅੰਗਰੇਜ਼ ਹਕੂਮਤ ਪਾਸ ਲੀਕ ਕਰਨ ਦੇ ਸਿੱਟੇ ਵਜੋਂ ਗ਼ਦਰ ਨੂੰ ਵੱਡੀ ਸੱਟ ਵੱਜੀ ਤੇ ਪੂਰੇ ਪੰਜਾਬ 'ਚ ਗ਼ਦਰੀਆਂ ਦੀ ਫੜੋ ਫੜਾਈ ਬਹੁਤ ਹੀ ਤੇਜ਼ ਹੋ ਗਈ । ਆਪ ਦੋ ਸਾਥੀਆਂ-ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘ ਨਾਲ ਫਰੰਟੀਅਰ ਮੇਲ ਚੜ੍ਹ ਕੇ ਅਫਗਾਨਿਸਤਾਨ ਦੇ ਕਬਾਇਲੀ ਇਲਾਕੇ ਨੂੰ ਜਾਣ ਲਗੇ। ਲੇਕਿਨ ਪੇਸ਼ਾਵਰ ਉਤਰ ਕੇ ਇਕ ਰਾਤ ਬਤੀਤ ਕਰਕੇ ਫੈਸਲਾ ਕੀਤਾ ਕਿ "ਬਣੀ ਸ਼ੇਰਾਂ ਸਿਰ ਜਾਣਾ ਕੀ ਭੱਜ ਕੇ"। ਮੁੜ ਆਏ ਦੁਬਾਰਾ ਗਦਰ ਦੀ ਤਿਆਰੀ ਲਈ ਹਿੰਦ 'ਚ ਹੀ ਰਹਿ ਕੇ ਕਰਨੇ ਲਈ। ਲਹੌਰ ਨੇੜੇ ਸਰਗੋਧਾ ਦੀ ਬਾਰ ਦੇ ਚੱਕ ਨੰ: 5 ਤੋਂ ਰਾਜਿੰਦਰ ਸਿੰਘ ਪੈਨਸ਼ਨੀਏ ਦੇ ਘਰੋਂ, ਉਸ ਦੀ ਤੇ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦੀ ਗਦਾਰੀ ਤੇ ਮੁਖਬਰੀ ਦੇ ਸਿੱਟੇ ਵੱਜੋਂ ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘਵਾਲਾ 2 ਮਾਰਚ 1915 ਨੂੰ ਇਕੱਠੇ ਫੜੇ ਗਏ ਅਤੇ ਸੈਂਟਰਲ ਜੇਲ੍ਹ ਲਹੌਰ 'ਚ ਡੱਕ ਦਿੱਤੇ ਗਏ।

ਲਾਹੌਰ ਸਾਜਿਸ਼ ਕੇਸ (ਪਹਿਲਾ) ਅਧੀਨ ਚੱਲੇ ਮੁਕੱਦਮੇ ਦੌਰਾਨ ਜੱਜ ਨੇ ਕਿਹਾ "ਤੈਨੂੰ ਪਤਾ ਕਿ ਤੇਰੇ ਇਸ ਬਿਆਨ ਦਾ ਕੀ ਸਿੱਟਾ ਹੋ ਸਕਦਾ ਹੈ? ਸਰਾਭਾ ਨੇ ਕਿਹਾ, "ਤੁਸੀ ਮੈਨੂੰ ਫਾਂਸੀ ਹੀ ਲਗਾ ਦਿਉਗੇ! ਹੋਰ ਕੀ? ਅਸੀ ਇਸ ਤੋਂ ਡਰਦੇ ਨਹੀ। ਮੈਂ ਉਮਰ ਕੈਦ ਤੋਂ ਫਾਂਸੀ ਲਗਣ ਨੂੰ ਪਹਿਲ ਦੇਵਾਂਗਾ। ਤਾਂ ਜੋ ਛੇਤੀ ਦੁਬਾਰਾ ਜਨਮ ਲੈ ਕੇ, ਮੁੜ ਭਾਰਤ ਦੀ ਆਜ਼ਾਦੀ ਦੀ ਜੰਗ 'ਚ ਕੁੱਦ ਸਕਾਂ"। ਅਗਲੇ ਦਿਨ ਫਾਂਸੀ ਦੇਣ ਤੇ ਜੱਜ ਨੂੰ ਕਿਹਾ, "ਧੰਨਵਾਦ"। 13 ਸਤੰਬਰ 1915 ਨੂੰ ਸਰਾਭਾ ਜੀ ਸਮੇਤ 24 ਸਾਥੀਆਂ ਫਾਂਸੀ ਤੇ ਜਾਇਦਾਦ-ਜਬਤੀ ਦੀ ਸਜਾ ਸੁਣਾਈ ਗਈ। ਪ੍ਰੰਤੂ ਪਿਛੋਂ ਵਾਇਸਰਾਏ ਨੇ 17 ਦੀ ਸਜਾ ਬਦਲ ਕੇ ਉਮਰ ਕੈਦ ਕਾਲੇ ਪਾਣੀ ਤੇ ਜਾਇਦਾਦ ਜਬਤੀ ਕਰ ਦਿੱਤੀ। ਇਹ ਵਰਣਨ ਯੋਗ ਹੈ ਕਿ ਅਦਾਲਤ 'ਚ ਕਰਤਾਰ ਸਿੰਘ ਨੇ ਬਿਆਨ ਏਨੀ ਸਿਆਣਪ ਤੇ ਦੂਰਅੰਦੇਸ਼ੀ ਨਾਲ ਦਿੱਤੇ, ਜਿਸ ਨਾਲ ਦੁਸ਼ਮਣ ਪਾਸ ਪਹਿਲਾਂ ਹੀ ਪ੍ਰਾਪਤ ਜਾਣਕਾਰੀ ਨੂੰ ਹੀ ਦੁਹਰਾਇਆ ਜਾਵੇ, ਵਾਅਦਾ-ਮੁਆਫ ਗਦਾਰਾ ਨੂੰ ਫਸਾਇਆ ਜਾਵੇ ਅਤੇ ਖਰੇ ਗਦਰੀ ਸਾਥੀਆਂ ਦੇ ਰੋਲ ਬਾਰੇ ਗੁਪਤ ਭੇਦਾਂ ਨੂੰ ਵੱਧ ਤੋਂ ਵੱਧ ਲੁੱਕੋ ਕੇ ਰਖਿਆ ਜਾਵੇ ਤੇ ਮੌਤ ਮੂਹਰੇ ਬੁਲੰਦ ਹੌਸਲੇ ਦਾ ਪ੍ਰਗਟਾਵਾ ਕੀਤਾ ਜਾਵੇ। ਫਾਂਸੀ ਤੋਂ ਪਹਿਲਾਂ ਆਪ ਜੀ ਦਾ ਭਾਰ 5 ਕਿਲੋਂ ਵੱਧ ਚੁੱਕਾ ਸੀ। 16 ਨਵੰਬਰ 1915 ਨੂੰ 7 ਮਹਾਨ ਗਦਰੀ ਯੋਧੇ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ, ਵਿਸ਼ਨੂੰ ਗਣੇਸ਼ ਪਿੰਗਲੇ (ਪੂੰਨਾ), ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਗਿੱਲਵਾਲੀ-ਅੰਮ੍ਰਿਤਸਰ) ਸੈਂਟਰਲ ਜੇਲ੍ਹ ਲਹੌਰ ਵਿਖੇ ਹੱਸ-ਹੱਸ ਕੇ ਫਾਂਸੀ ਚੜ੍ਹ ਗਏ ਤੇ ਸਦਾ-ਸਦਾ ਲਈ ਅਮਰ ਹੋ ਗਏ ।

ਅੱਜ ਦੇਸ਼ ਪ੍ਰਦੇਸ਼ ਵਿੱਚ ਵਸਦੇ ਪੰਜਾਬੀਆਂ ਸਮੇਤ ਭਾਰਤੀ ਦੇਸ਼-ਪ੍ਰੇਮੀ ਮਿਹਨਤਕਸ਼ ਲੋਕ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਦੇ ਅਧੂਰੇ ਕਾਜ਼ ਨੂੰ ਸਮਝਣ, ਅਪਣਾਉਣ ਤੇ ਪੂਰੇ ਕਰਨ ਦੇ ਪ੍ਰਣ ਕਰਨ ਲਈ ਉਹਨਾਂ ਦੇ ਜਨਮ ਦਿਵਸ ਮੌਕੇ ਵਿਸ਼ੇਸ਼ ਸਮਾਗਮ ਜੱਥੇ ਬੰਦ ਕਰਨਗੇ।

# ਹਾਕਮਾਂ ਵਲੋਂ ਕੋਵਿਡ ਮਹਾਂਮਾਰੀ ਦੇ ਅੰਕੜਿਆਂ ’ਚ ਹੇਰਫੇਰ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਮਈ ਦੀ ਸ਼ੁਰੂ ਵਿਚ ਵਿੱਚ ਵਿਸ਼ਵ ਸਿਹਤ ਸੰਸਥਾ (ਡਬਲਯੂ ਐੱਚ ਓ) ਨੇ ਚਾਰ ਮਹੀਨਿਆਂ ਦੀ ਖਿੱਚੋਤਾਣ ਤੋਂ ਪਿੱਛੋਂ ਆਖਰ ਦੁਨੀਆ ਭਰ ਵਿਚ 2020 ਤੇ 2021 ਚ ਕੋਵਿਡ ਨਾਲ ਮਰਨ ਵਾਲਿਆਂ ਦੀ ਗਿਣਤੀ ਦੇ ਸੋਧੇ ਹੋਏ ਅਨੁਮਾਨ ਜਾਰੀ ਕਰ ਦਿੱਤੇ। ਇਸ ਅਨੁਮਾਨ ਮੁਤਾਬਿਕ ਪੂਰੀ ਦੁਨੀਆਂ ਵਿਚ ਇਸ ਅਰਸੇ ਦੌਰਾਨ ਕੁੱਲ ਕਰੀਬ ਡੇਢ ਕਰੋੜ ਲੋਕ ਮਰੇ। ਇਹ ਸਰਕਾਰ ਦੁਆਰਾ ਜਾਰੀ ਅਧਿਕਾਰਤ ਗਿਣਤੀ ਯਾਨੀ ਕਰੀਬ 60 ਲੱਖ ਤੋਂ ਢਾਈ ਗੁਣਾ ਜ਼ਿਆਦਾ ਹੈ। ਇਸ ਸੋਧੇ ਹੋਏ ਅਨੁਮਾਨ ਮੁਤਾਬਕ ਭਾਰਤ ਵਿੱਚ ਸਭ ਤੋਂ ਜ਼ਿਆਦਾ ਕਰੀਬ 47 ਲੱਖ ਮੌਤਾਂ ਹੋਈਆਂ। ਇਹ ਸਰਕਾਰੀ ਅੰਕੜੇ ਦਾ ਕਰੀਬ ਦਸ ਗੁਣਾ ਹੈ। ਇਸ ਦੇ ਅਨੁਮਾਨ ਅਨੁਸਾਰ ਦੁਨੀਆਂ ਭਰ ਵਿੱਚ ਕੋਵੁਡ-19 ਨਾਲ ਹੋਈਆਂ ਮੌਤਾਂ ਦਾ ਕਰੀਬ ਇਕ ਤਿਹਾਈ ਭਾਰਤ ਵਿੱਚ ਹੋਈਆਂ। ਪ੍ਰਸੰਗਵਸ 1918-19 ਦੀ “ਸਪੈਨਿਸ਼ ਫਲਿਊ” ਮਹਾਂਮਾਰੀ ਨਾਲ ਵੀ ਦੁਨੀਆ ਭਰ ਦੀਆਂ ਇੱਕ ਤਿਹਾਈ ਮੌਤਾਂ ਭਾਰਤ ਵਿੱਚ ਹੋਈਆਂ ਸਨ। ਵਿਸਵ ਸਿਹਤ ਸੰਗਠਨ ਦੇ ਇਸ ਅਨੁਮਾਨ ਵਿਚ ਕੇਵਲ ਭਾਰਤ ’ਚ ਹੀ ਹੋਈਆਂ ਮੌਤਾਂ ਦੀ ਗਿਣਤੀ ਵਿੱਚ ਵੀ ਭਾਰੀ ਵਾਧਾ ਨਹੀਂ ਦਿਖਾਇਆ ਗਿਆ ਬਲਕਿ ਗੁਆਂਢੀ ਮੁਲਕਾਂ ਪਾਕਿਸਤਾਨ-ਬੰਗਲਾਦੇਸ਼ ਦੇ ਮਾਮਲੇ ਵਿੱਚ ਵੀ ਇਹ 6-7 ਗੁਣਾ ਜ਼ਿਆਦਾ ਹੈ। ਮਿਸਰ ਦੇ ਮਾਮਲੇ ਵਿੱਚ ਤਾਂ ਇਹ ਬਾਰ੍ਹਾਂ ਗੁਣਾ ਜ਼ਿਆਦਾ ਹੈ। ਰੂਸ ਦੇ ਮਾਮਲੇ ਚ ਤਿੰਨ ਗੁਣਾ। ਇਸ ਦੇ ਉਲਟ ਵਿਕਸਤ ਪੱਛਮੀ ਦੇਸ਼ਾਂ ਦੇ ਮਾਮਲਿਆਂ ਵਿੱਚ ਇਹ ਵਾਧਾ ਬਹੁਤ ਘੱਟ ਹੈ ਡੇਢ ਗੁਣਾਂ ਤੋਂ ਵੀ ਘੱਟ। ਇੱਥੇ ਸੁਰੂ ਵਿੱਚ ਹੀ ਇਹ ਕਹਿ ਦੇਣਾ ਠੀਕ ਹੋਵੇਗਾ ਕਿ ਵਿਸ਼ਵ ਸਿਹਤ ਸੰਗਠਨ ਦੇ ਇਸ ਸੋਧੇ ਹੋਏ ਅਨੁਮਾਨ ਵਿੱਚ ਕੋਵਿਡ-19 ਨਾਲ ਹੋਈਆਂ “ਜ਼ਿਆਦਾਤਰ ਮੌਤਾਂ” ਨਾਮਕ ਤਕਨੀਕੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ ਹੈ। ਇਸ ਦਾ ਮਤਲਬ ਇਹ ਵੀ ਹੈ ਕਿ ਜੇ ਕੋਵਿਡ- ਉਨੀ ਮਹਾਂਮਾਰੀ ਨਾ ਹੁੰਦੀ ਤਾਂ ਇਹ ਮੌਤਾਂ ਨਾ ਹੁੰਦੀਆਂ। ਇਨ੍ਹਾਂ ਮੌਤਾਂ ਵਿਚ ਕੋਵਿਡ-19 ਬਿਮਾਰੀ ਨਾਲ ਸਿੱਧੇ ਮਰਨ ਵਾਲਿਆਂ ਦੇ ਨਾਲ ਉਹ ਮੌਤਾਂ ਵੀ ਸ਼ਾਮਲ ਹਨ ਜੋ ਇਸ ਬਿਮਾਰੀ ਕਾਰਨ ਲਾਕਡਾਊਨ ਦੌਰਾਨ ਜਾਂ ਸਿਹਤ ਸੇਵਾਵਾਂ ਦੇ ਲੜਖੜਾ ਜਾਣ ਕਰਕੇ ਹੋਰਨਾਂ ਬੀਮਾਰੀਆਂ ਨਾਲ ਵੀ ਹੋਈਆਂ ਜਾਂ ਫਿਰ ਇਸ ਨਾਲ ਪੈਦਾ ਭੁੱਖਮਰੀ ਜਾਂ ਭਾਰਤ ਵਿਚ ਲਾਕਡਾਊਨ ਦੇ ਦੌਰਾਨ ਪੈਦਲ ਚੱਲਣ ਵਾਲਿਆਂ ਦੀਆਂ ਸੜਕ ਹਾਦਸਿਆਂ ਵਿੱਚ ਹੋਈਆਂ। ਮਈ ਦੇ ਸੁਰੂ ਵਿੱਚ ਵਿਸ਼ਵ ਸਿਹਤ ਸੰਗਠਨ ਦੀ ਇਸ ਰਿਪੋਰਟ ਦੇ ਜਾਰੀ ਹੋਣ ਤੋਂ ਪਹਿਲਾਂ ਹੀ ਅਪਰੈਲ ਵਿੱਚ ਨਿਊਯਾਰਕ ਟਾਈਮਜ਼ ਨੇ ਖ਼ਬਰ ਛਪੀ ਕਿ ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਜਨਵਰੀ ਤੋਂ ਹੀ ਤਿਆਰ ਹੈ ਪਰ ਭਾਰਤ ਸਰਕਾਰ ਦੇ ਇਤਰਾਜ ਦੇ ਕਾਰਨ ਇਹ ਜਾਰੀ ਨਹੀਂ ਹੋ ਪਾ ਰਹੀ ਹੈ। ਇਸ ਰਿਪੋਰਟ ਦੇ ਸੋਧੇ ਹੋਏ ਅੰਕੜਿਆਂ ਤੇ ਕੁਝ ਹੋਰ ਦੇਸ਼ਾਂ ਦੀਆਂ ਸਰਕਾਰਾਂ ਨੇ ਵੀ ਇਤਰਾਜ਼ ਜਤਾਇਆ ਸੀ ਪਰ ਕੇਵਲ ਭਾਰਤ ਸਰਕਾਰ ਕੀ ਆਪਣੇ ਇਤਰਾਜ਼ ਤੇ ਅੜੀ ਰਹੀ। ਵਿਸ਼ਵ ਸਿਹਤ ਸੰਗਠਨ ਦੇ ਅਧਿਕਾਰੀਆਂ ਅਤੇ ਭਾਰਤ ਸਰਕਾਰ ਦੇ ਅਧਿਕਾਰੀਆਂ ਦੇ ਵਿੱਚ ਕਈ ਦੌਰ ਦੀਆਂ ਵਾਰਤਾਵਾਂ ਹੋਈਆਂ ਪਰ ਭਾਰਤ ਸਰਕਾਰ ਮੰਨਣ ਨੂੰ ਤਿਆਰ ਨਹੀਂ ਹੋਈ। ਅੰਤ ਵਿਸ਼ਵ ਸਿਹਤ ਸੰਗਠਨ ਨੂੰ ਭਾਰਤ ਸਰਕਾਰ ਦੇ ਇਤਰਾਜ਼ ਦੇ ਬਾਵਜੂਦ ਵੀ ਰਿਪੋਰਟ ਜਾਰੀ ਕਰਨੀ ਪਈ। ਜਿਵੇਂ ਕਿ ਪਹਿਲੀ ਹੀ ਉਮੀਦ ਸੀ ਭਾਰਤ ਸਰਕਾਰ ਨੇ ਰਿਪੋਰਟ ਜਾਰੀ ਹੁੰਦਿਆਂ ਹੀ ਸੋਧੇ ਹੋਏ ਅੰਕੜਿਆਂ ਦਾ ਖੰਡਨ ਕਰ ਦਿੱਤਾ। ਬਕਾਇਦਾ ਪ੍ਰੈੱਸ ਵਾਰਤਾ ਕਰਕੇ ਇਹ ਦੱਸਿਆ ਕਿ ਭਾਰਤੀ ਮੌਤਾਂ ਦਾ ਲੇਖਾ ਜੋਖਾ ਰੱਖਣ ਦਾ ਮਾਮਲਾ ਬੇਹੱਦ ਪੱਕਾ ਹੈ। ਇਸ ਲਈ ਕੋਵਿਡ-19 ਨਾਲ ਹੋਈਆਂ ਜ਼ਿਆਦਾਤਰ ਮੌਤਾਂ ਵਿੱਚ ਦੱਸ ਵੀਹ ਫੀਸਦੀ ਦਾ ਤਾਂ ਹੇਰ ਫੇਰ ਹੋ ਸਕਦਾ ਹੈ ਪਰ ਦਸ ਗੁਣਾ ਦਾ ਨਹੀਂ।

ਸਰਕਾਰ ਨੇ ਆਪਣੇ ਪੱਖ ਨੂੰ ਮਜਬੂਤ ਕਰਨ ਦੇ ਲਈ ਇਹ ਦਾਅਵਾ ਵੀ ਕਰ ਦਿੱਤਾ ਕਿ 2020 ਵਿੱਚ ਤਾਂ ਕੁੱਲ ਮੌਤਾਂ ਚੋਂ 99.9 ਫੀਸਦੀ ਦਾ ਰਿਕਾਰਡ ਹੈ। ਅੱਜ ਦੀ ਭਾਈ ਜਪਾ ਸਰਕਾਰ ਐਸੀ ਹੈ ਕਿ ਇਸ ਪ੍ਰੈੱਸ ਵਾਰਤਾ ਦੇ ਕੁਝ ਦਿਨ ਬਾਅਦ ਹੀ ਕੌਮੀ ਪਰਿਵਾਰ ਸਿਹਤ ਸਰਵੇਖਣ ਦੀ ਰਿਪੋਰਟ ਪ੍ਰਕਾਸ਼ਤ ਹੋਈ ਜੋ 2019-20 ਦੇ ਦੌਰਾਨ ਸਰਵੇਖਣ ਤੇ ਅਧਾਰਿਤ ਸੀ। ਇਸ ਦੇ ਅਨੁਸਾਰ ਦੇਸ਼ ਵਿੱਚ ਕੁੱਲ ਕਰੀਬ 70 ਫੀਸਦੀ ਮੌਤਾਂ ਹੀ ਰਜਿਸਟਰ ਹੁੰਦੀਆਂ ਹਨ ਇਹ ਵੀ ਤੁਰੰਤ ਨਹੀ। ਇਸ ਤਰ੍ਹਾਂ ਭਾਰਤ ਸਰਕਾਰ ਨੇ ਖ਼ੁਦ ਹੀ ਆਪਣਾ ਖੰਡਨ ਆਪ ਕਰ ਦਿੱਤਾ। ਇਸ ਬਾਰੇ ਹੋਰ ਮਜ਼ੇਦਾਰ ਗੱਲ ਇਹ ਰਹੀ ਕਿ ਭਾਰਤ ਸਰਕਾਰ ਦੇ ਕੁਝ ‘ਆਜਾਦ’ ਅਲੋਚਕਾਂ ਨੇ ਵੀ ਸਰਕਾਰ ਦਾ ਸਾਥ ਦਿੱਤਾ। ਇੰਡੀਅਨ ਐਕਸਪ੍ਰੈੱਸ ਅਖਬਾਰ ਨੇ ਆਪਣੇ ਸੰਪਾਦਕੀ ਵਿੱਚ ਜੋ ਇਸ ਦੇ ਸਾਬਕਾ ਸੰਪਾਦਕ ਸ਼ੇਖਰ ਗੁਪਤਾ ਨੇ ਆਪਣੇ ਵੀਡੀਓ ਸਰਵੇਖਣ ਵਿਚ ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਤੇ ਸੁਆਲ ਉਠਾਏ। ਇਨ੍ਹਾਂ ਨੇ ਭਾਰਤ ਸਰਕਾਰ ਦੇ ਅੰਕੜਿਆਂ ਦਾ ਦੋ-ਤਿੰਨ ਗੁਣਾ ਜ਼ਿਆਦਾ ਤਾਂ ਮੰਨਿਆ ਸੀ, ਪਰ ਦਸ ਗੁਣਾ ਜ਼ਿਆਦਾ ਨਹੀਂ ਲੱਗਦਾ। ਜਿਨ੍ਹਾਂ ਲੋਕਾਂ ਨੂੰ 2020-21 ਦੀ ਬੇਹੱਦ ਭਿਅੰਕਰ ਹਾਲਾਤ ਯਾਦ ਹੈ,ਖਾਸ ਕਰਕੇ 2021ਦੀ ਤੁਸੀਂ ਲਹਿਰ ਦੇ ਉਨ੍ਹਾਂ ਨੂੰ ਇਹ ਅੰਕੜੇ ਭੋਰਾ ਵੀ ਹੈਰਾਨੀਜਨਕ ਨਹੀਂ ਲੱਗਣਗੇ, “ਅਲੋਚਕਾਂ” ਨੂੰ ਭਾਵੇਂ ਜੋ ਮਰਜ਼ੀ ਲੱਗੇ। ਉਨ੍ਹਾਂ ਹਾਲਤਾਂ ਵਿੱਚ ਜਦ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਭਰਤੀ ਲਈ ਥਾਂ ਨਹੀਂ ਸੀ, ਉਦੋਂ ਨਦੀਆਂ ਵਿੱਚ ਲਾਸ਼ਾਂ ਦਾ ਤੈਰਨ ਲਗਣਾ ਜ਼ਰਾ ਵੀ ਹੈਰਾਨਕੁੰਨ ਨਹੀਂ ਸੀ, ਉਦੋਂ ਪਾਰੁਲ ਨੇ “ਸ਼ਵ ਵਹਿਨੀ ਗੰਗਾ” ਲਿਖ ਕੇ ਸਭ ਨੂੰ ਆਵਾਜ਼ ਦੇ ਦਿੱਤੀ ਸੀ। ਇਹ ਅੱਜ ਆਸਾਨੀ ਨਾਲ ਕਿਵੇਂ ਭੁਲਾਇਆ ਜਾ ਸਕਦਾ ਹੈ ਕਿ ਭਾਰਤ ਵਿੱਚ ਅਸਲੀ ਮੌਤਾਂ ਦੀ ਗਿਣਤੀ ਅਧਿਕਾਰਤ ਗਿਣਤੀ ਤੋਂ ਦੱਸ ਗੁਣਾ ਜ਼ਿਆਦਾ ਹੈ ਅਤੇ ਕੁਝ ਥਾਵਾਂ ਤੇ ਤਾਂ ਇਹ ਵੀਹ ਗੁਣਾ, ਪੱਚੀ ਗੁਣਾ ਜ਼ਿਆਦਾ ਹੈ। ਇਹ ਖਬਰ ਪਹਿਲੀ ਵਾਰ ਕਿਸੇ ਵਿਸ਼ੇਸ਼ ਦੇਸ਼ ਵਿੱਚ ਨਹੀਂ ਬਲਕਿ ਮੋਦੀ ਦੇ ਬਹੁ-ਚਰਚਿਤ ਗੁਜਰਾਤ ਮਾਡਲ ਵਾਲੇ ਗੁਜਰਾਤ ਤੋਂ ਆਈ ਸੀ ਅਤੇ ਇਹ ਵੀ ਅਫਵਾਹਾਂ ਦੇ ਰੂਪ ਵਿੱਚ ਨਹੀਂ। ਦਿਵ ਭਾਸਕਰ ਦੇ ਪੱਤਰਕਾਰਾਂ ਨੇ ਬਹੁਤ ਮਿਹਨਤ ਨਾਲ ਨਗਰਪਾਲਿਕਾ ਅਤੇ ਸਿਵਿਆਂ ਕਬਰਸਤਾਨਾਂ ਦੇ ਅੰਕੜੇ ਇਕੱਠੇ ਕਰ ਕੇ ਤਿਆਰ ਕੀਤੀ ਸੀ। ਇਸ ਤਰ੍ਹਾਂ ਦੀ ਖ਼ਬਰ ਮੱਧ ਪ੍ਰਦੇਸ਼ ਤੋਂ ਵੀ ਆਈ ਸੀ,ਉਦੋਂ ਭਾਰਤ ਸਰਕਾਰ ਨੇ ਇਨ੍ਹਾਂ ਦਾ ਕੋਈ ਅਧਿਕਾਰਤ ਖੰਡਨ ਨਹੀਂ ਕੀਤਾ, ਚੁੱਪ ਧਾਰ ਲਈ। ਇੱਥੇ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਦੂਜੀ ਲਹਿਰ ਦੇ ਜਾਣ ਪਿੱਛੋਂ ਵੀ ਮਹਾਂਮਾਰੀਆ ਨੇ ਮਾਹਰਾਂ ਲਗਾਤਾਰ ਅਨੁਮਾਨ ਲਾਉਣ ਦੀ ਕੋਸ਼ਿਸ਼ ਕਰਦੇ ਰਹੇ ਹਨ ਕਿ ਭਾਰਤ ਚ ਕੋਵਿਡ-19 ਨਾਲ ਹੋਈਆਂ ਮੌਤਾਂ ਦੇ ਅਸਲ ਅੰਕੜੇ ਕੀ ਹੋ ਸਕਦੇ ਹਨ? ਭਾਂਤ ਭਾਂਤ ਦੇ ਮਾਡਲਾਂ ਦੀ ਵਰਤੋਂ ਕਰਕੇ ਮਾਹਰ ਜਿਨ੍ਹਾਂ ਅੰਕੜਿਆਂ ਤੱਕ ਪਹੁੰਚੇ ਉਹ 2 2 ਲੱਖ ਤੋਂ 60 ਲੱਖ ਦੇ ਵਿੱਚ ਬੈਠਦੇ ਹਨ (ਸਾਲ 2020-21 ਦੇ ਲਈ) ਵਿਸ਼ਵ ਸਿਹਤ ਸੰਗਠਨ ਦਾ ਕਰੀਬ 47 ਲੱਖ ਮੌਤਾਂ ਦਾ ਅੰਕੜਾ ਇਸ ਦੇ ਵਿਚ ਬੈਠਦਾ ਹੈ। ਇਥੇ ਗੌਰ ਕਰਨ ਵਾਲੀ ਗੱਲ ਹੈ ਕਿ ਇਨ੍ਹਾਂ ਅਨੁਮਾਨਾਂ ਦਾ ਘੱਟੋ ਘੱਟ ਵੀ ਸਰਕਾਰੀ ਅੰਕੜਿਆਂ ਦੇ ਚਾਰ ਗੁਣਾ ਤੋਂ ਜ਼ਿਆਦਾ ਹੈ। ਭਾਰਤ ਸਰਕਾਰ ਦੇ ਜ਼ਮੀਨੀ ਅੰਕੜਿਆਂ ਤੇ ਬਿਲਕੁਲ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਭਲਾਂ ਕੌਣ ਵਿਸ਼ਵਾਸ ਕਰੇਗਾ ਕਿ ਦੂਜੀ ਲਹਿਰ ਦੇ ਦੌਰਾਨ ਭਾਰਤ ਵਿੱਚ ਆਕਸੀਜਨ ਦੀ ਕਮੀ ਨਾਲ ਕੋਈ ਮੌਤ ਨਹੀਂ ਹੋਈ। ਆਮ ਲੋਕਾਂ ਦੀ ਗੱਲ ਤਾਂ ਕੀ ਉਸ ਸਮੇਂ ਕੁਝ ਹਸਪਤਾਲਾਂ ਦੇ ਮਾਲਕ ਡਾਕਟਰਾਂ ਨੇ ਵੀ ਰੋਂਦੇ ਵਿਲਕਦੇ ਦੱਸਿਆ ਸੀ ਕਿ ਉਨ੍ਹਾਂ ਦੇ ਹਸਪਤਾਲ ਵਿੱਚ ਆਕਸੀਜਨ ਖ਼ਤਮ ਹੋ ਜਾਣ ਦੇ ਕਾਰਨ ਕੋਵਿਡ-19 ਦੇ ਮਰੀਜ ਮਾਰੇ ਗਏ ਸਨ ਪਰ ਇਸ ਦੇ ਬਾਵਜੂਦ ਭਾਰਤ ਸਰਕਾਰ ਨੇ ਅਦਾਲਤ ਵਿਚ ਸਹੁੰ ਖਾ ਕੇ ਬਿਆਨ ਦਿੱਤਾ ਇਹ ਉਨ੍ਹਾਂ ਦੇ ਕੋਲ ਆਕਸੀਜਨ ਦੀ ਕਮੀ ਨਾਲ ਮਰਨ ਵਾਲਿਆਂ ਦਾ ਕੋਈ ਅੰਕੜਾ ਨਹੀਂ ਹੈ ਕਿਉਂਕਿ ਰਾਜ ਸਰਕਾਰਾਂ ਨੇ ਅਜਿਹਾ ਕੋਈ ਅੰਕੜਾ ਦਿੱਤਾ ਹੀ ਨਹੀਂ ਹੈ। ਇੱਥੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਕਰੋਨਾ ਮਹਾਂਮਾਰੀ ਦੇ ਪੂਰੇ ਦੌਰ ਵਿਚ ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਬਿਨਾਂ ਕਿਸੇ ਅਪਵਾਦ ਦੇ ਸਚਾਈ ਨੂੰ ਛੁਪਾਉਣ ਦੇ ਲਈ ਅੱਡੀ ਚੋਟੀ ਦਾ ਜ਼ੋਰ ਲਾਉਂਦੀਆਂ ਰਹੀਆਂ ਹਨ। ਉਨ੍ਹਾਂ ਦਾ ਪੂਰਾ ਜ਼ੋਰ ਮਹਾਂਮਾਰੀ ਨਾਲ ਨਿੱਬੜਨ ਤੇ ਨਹੀਂ ਬਲਕਿ ਇਸ ਮਹਾਂਮਾਰੀ ਨਾਲ ਸਬੰਧਤ ਸਾਰੀਆਂ ਬੁਰੀਆਂ ਖ਼ਬਰਾਂ ਨੂੰ ਛੁਪਾਉਣ ਤੇ ਰਿਹਾ। ਕਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ ਛੁਪਾਉਣਾ ਇਸ ਤਰਜੀਹ ਵਿੱਚ ਸਭ ਤੋਂ ਉਪਰ ਸੀ। ਇਸ ਦੇ ਲਈ ਸਰਕਾਰ ਇੱਥੋਂ ਤਕ ਆ ਗਈ ਕਿ ਹਸਪਤਾਲ ਦੇ ਗੇਟ ਤੇ ਕੋਵਿਡ ਉਨੀ ਦੇ ਸਾਰੇ ਲੱਛਣਾਂ ਨਾਲ ਤੜਪ ਕੇ ਮਰ ਜਾਣ ਵਾਲੇ ਨੂੰ ਵੀ ਇਸ ਗਿਣਤੀ ਵਿੱਚ ਨਹੀਂ ਰੱਖਿਆ ਗਿਆ। ਉਨ੍ਹਾਂ ਦੀ ਕਰੋਨਾ ਜਾਂਚ ਇਸ ਲਈ ਨਹੀਂ ਹੋਈ ਕਿ ਉਹ ਮਰ ਚੁੱਕੇ ਸਨ। ਟੈਸਟ ਕਿੱਟ ਦੀ ਕਿੱਲਤ ਦੇ ਨਾਂ ਤੇ ਇਸ ਨੂੰ ਫਾਲਤੂ ਖਰਚਾ ਮੰਨਿਆ ਗਿਆ ਅਤੇ ਬਿਨਾਂ ਸਕਾਰਾਤਮਕ ਜਾਂਚ ਰਿਪੋਰਟ ਦੇ ਇਸ ਮੌਤ ਨੂੰ ਕੋਡ-ਉਨੀ ਨਾਲ ਹੋਈ ਮੌਤ ਦੀ ਸ਼੍ਰੇਣੀ ਵਿਚ ਨਹੀਂ ਪਾਇਆ ਜਾ ਸਕਿਆ ਸੀ। ਮੌਤਾਂ ਦੀ ਗਿਣਤੀ ਨੂੰ ਛੁਪਾਉਣ ਦੀ ਖੇਡ ਤਾਂ ਕੇਂਦਰ ਸਰਕਾਰ ਤੇ ਵਿਰੋਧੀ ਰਾਜ ਸਰਕਾਰਾਂ ਦੇ ਵਿੱਚ ਜੰਗ ਦਾ ਕਾਰਨ ਵੀ ਬਣੀ ਖਾਸ ਕਰਕੇ ਪੱਛਮੀ ਬੰਗਾਲ ਤੇ ਦਿੱਲੀ ਸਰਕਾਰ ਦੇ ਮਾਮਲੇ ਵਿਚ। ਘੱਟੋ ਘੱਟ ਕੇਂਦਰ ਸਰਕਾਰ ਇਸ ਵਾਕੇ ਨੂੰ ਵੀ ਯਾਦ ਰੱਖਦੀ ਤਾਂ ਸ਼ਾਇਦ ਕੁੱਝ ਸ਼ਰਮਾਉਂਦੀ।



ਕੋਵਿਡ ਮਹਾਂਮਾਰੀ ਨਾਲ ਸੰਬੰਧਿਤ ਅੰਕੜੇ ਛੁਪਾਉਣ ਦੇ ਮਾਮਲੇ ’ਚ ਭਾਰਤ ਸਰਕਾਰ ਕੋਈ ਇਕੱਲੀ ਨਹੀਂ ਸੀ ਇਹ ਅੰਕੜੇ ਸਭ ਪਿਛੜੇ ਦੇਸ਼ਾਂ ਦੀਆਂ ਸਰਕਾਰਾਂ ਨੇ ਛੁਪਾਉਣ ਦੀ ਕੋਸ਼ਿਸ਼ ਕੀਤੀ ਪਰ ਭਾਰਤ ਸਰਕਾਰ ਤਾਂ ਅਖੀਰ ਤੱਕ ਸੰਸਾਰ ਸਿਹਤ ਸੰਸਥਾ ਨਾਲ ਗੱਲਬਾਤ ਦੇ ਬਾਵਜੂਦ ਨਹੀਂ ਮੰਨੀ। ਇਸ ਲਈ ਚਾਰ ਮਹੀਨਿਆਂ ਦੀ ਦੇਰੀ ਤੋਂ ਪਿੱਛੋਂ ਭਾਰਤ ਸਰਕਾਰ ਦੇ ਇਤਰਾਜ ਦੇ ਬਾਵਜੂਦ ਰਿਪੋਰਟ ਜਾਰੀ ਕੀਤੀ ਗਈ। ਸੰਸਾਰ ਸਿਹਤ ਸੰਸਥਾ ਕੋਈ ਇੱਕ ਵਿਅਕਤੀ ਜਾਂ ਛੋਟੀ ਮੋਟੀ ਸੰਸਥਾ ਨਹੀਂ ਹੈ ਜਿਸ ਨੂੰ ਇਉਂ ਹੀ ਖਾਰਜ ਕੀਤਾ ਜਾ ਸਕਦਾ ਹੈ। ਇਹ ਦੁਨੀਆਂ ਭਰ ਦੇ ਸਿਹਤ ਦੇ ਮਾਮਲੇ ਵਿੱਚ ਸਰਵਉੱਚ ਸੰਸਥਾ ਹੈ ਅਤੇ ਭਾਰਤ ਵੀ ਇਸ ਦਾ ਮੈਂਬਰ ਹੈ। ਮਹਾਂਮਾਰੀਆਂ ਦੇ ਮਾਮਲੇ ਵਿਚ ਤਾਂ ਇਸ ਦੀ ਵਿਸ਼ੇਸ਼ ਭੂਮਿਕਾ ਬਣ ਜਾਂਦੀ ਹੈ।ਭਾਰਤ ਵਿੱਚ ਤਾਂ ਪਲਸ ਪੋਲੀਓ ਤੋਂ ਲੈ ਕੇ ਪਤਾ ਨੀ ਕਿੰਨੀਆਂ ਟੀਕਾਕਰਨ ਮੁਹਿੰਮਾਂ ਇਸ ਦੇ ਮਦਦ ਨਾਲ ਸਫਲਤਾਪੂਰਵਕ ਚੱਲ ਰਹੀਆਂ ਹਨ। ਅਜਿਹੇ ਵਿਚ ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਨੂੰ ਇਉਂ ਹੀ ਖਾਰਜ ਨਹੀਂ ਕੀਤਾ ਜਾ ਸਕਦਾ। ਇਸ ਲਈ ਮੋਦੀ ਸਰਕਾਰ ਇਸ ਤੇ ਇੰਨੀ ਬੇਸ਼ਰਮੀ ਨਾਲ ਅੜੀ ਰਹੀ ਅਤੇ ਭਲਾ ਕਿਉਂ ਨਾ ਅੜਦੀ। ਜੇ ਵਿਸ਼ਵ ਸਿਹਤ ਸਿਹਤ ਸੰਗਠਨ ਦੇ ਇਨ੍ਹਾਂ ਅੰਕੜਿਆਂ ਨੂੰ ਮੰਨ ਲਿਆ ਜਾਂਦਾ ਤਾਂ ਇਸ ਦਾ ਮਤਲਬ ਹੁੰਦਾ ਕਿ ਭਾਰਤ ਸਰਕਾਰ ਲਗਾਤਰ ਅੰਕੜੇ ਨੂੰ ਛੁਪਾਉਂਦੀ ਰਹੀ ਸੀ ਕਿ ਮਹਾਂਮਾਰੀ ਦੌਰਾਨ ਹਾਲਾਤ ਸਰਜਾਰ ਦੇ ਦਾਅਵਿਆਂ ਦੇ ਠੀਕ ਉਲਟ ਸਨ ਕਿ ਮਹਾਂਮਾਰੀ ਨਾਲ ਨਿਬੜਣ ਵਿਚ ਇਹ ਇਕ ਦਮ ਨਕਾਰਾ ਸਾਬਤ ਹੋਈ ਸੀ ਅਤੇ ਫੇਰ ਆਪਣੇ ਨਕਾਰੇਪਣ ਨੂੰ ਛੁਪਾਉਣ ਲਈ ਇਸ ਨੇ ਸਾਰੀ ਦੁਨੀਆਂ ਨੂੰ ਝੂਠ ਬੋਲਿਆ। ਇਸ ਸਭ ਦੇ ਲਈ ਪ੍ਰਧਾਨ ਮੰਤਰੀ ਮੋਦੀ ਸਿੱਧੇ ਵੀ ਜ਼ਿੰਮੇਵਾਰ ਹਨ ਕਿਉਂਕਿ ਇਸ ਮੁਹਿੰਮ ਦੀ ਕਮਾਨ ਉਨ੍ਹਾਂ ਸੰਭਾਲ ਰੱਖੀ ਸੀ।

(ਕਰਟਸੀ ਨਾਗਰਿਕ ਮਈ 22)

*ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ

# ਭਾਰਤ ’ਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਜਲਦ : ਅਮਨਪ੍ਰੀਤ ਕੌਰ

(ਬਾਕੀ 18 ਦੀ ਬਾਕੀ)

ਇਕੱਠ ਨੇ ਸੱਤਾਂ ਦੇ ਗਲਿਆਰਿਆਂ ਵਿੱਚ ਹੜਕੰਪ ਮਚਾ ਦਿੱਤਾ। ਇਸ ਰੈਲੀ ਵਿੱਚ ਸ਼੍ਰੀ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ, ਦਿੱਲੀ ਨਾ ਸਿਰਫ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਦਾ ਸਮਰਥਨ ਕਰਨ ਲਈ ਰਾਮਲੀਲਾ ਮੈਦਾਨ ਵਿੱਚ ਆਏ, ਸਗੋਂ ਉਸੇ ਦਿਨ ਦਿੱਲੀ ਵਿਧਾਨ ਸਭਾ ਵਿੱਚ ਵੀ ਦਿੱਲੀ ਰਾਜ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਮਤਾ ਵੀ ਪਾਸ ਕਰ ਕੇ ਉਪ ਰਾਜਪਾਲ ਕੋਲ ਭੇਜ ਦਿੱਤਾ।

ਕੇਂਦਰ ਸਰਕਾਰ ’ਤੇ ਸੰਘਰਸ਼ ਦੇ ਦਬਾਅ ਦਾ ਪ੍ਰਤੱਖ ਸਬੂਤ ਇਹ ਹੈ ਕਿ ਸਰਕਾਰ ਨੂੰ ਐਨਪੀਐਸ ਵਿੱਚ ਕਈ ਸੋਧਾਂ ਕਰਨ ਲਈ ਮਜਬੂਰ ਹੋਣਾ ਪੈ ਗਿਆ। ਜਿਸ ਵਿੱਚ ਐਨਪੀਐਸ ਵਿੱਚ ਸਰਕਾਰ ਦੀ ਹਿੱਸੇਦਾਰੀ 10 ਫੀਸਦੀ ਤੋਂ ਵਧਾ ਕੇ 14 ਫੀਸਦੀ ਕਰਨਾ, ਐਨਪੀਐਸ ਦੀ ਸਮੁੱਚੀ ਰਕਮ ਨੂੰ ਟੈਕਸ ਮੁਕਤ ਕਰਨਾ, ਐਨਪੀਐਸ ਖਾਤੇ ਵਿੱਚੋਂ ਪੈਸੇ ਕਢਵਾਉਣ ਦੀ ਪ੍ਰਕਿਰਿਆ ਨੂੰ ਸਰਲ ਬਣਾਉਣਾ, ਗ੍ਰੈਚੁਟੀ ਦੇ ਅਧਿਕਾਰ ਨੂੰ ਦੁਬਾਰਾ ਬਹਾਲ ਕਰਨਾ, ਬੇਵਕਤੀ ਮੌਤ ਜਾਂ ਅਪੰਗਤਾ ਦੀ ਸੂਰਤ ਵਿੱਚ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪੁਰਾਣੀ ਪੈਨਸ਼ਨ ਸਕੀਮ ਦਾ ਲਾਭ ਦੇਣਾ ਆਦਿ ਸ਼ਾਮਲ ਹਨ। ਸਪੱਸ਼ਟ ਹੈ ਕਿ ਸਾਡੀ ਮੰਗ ਉਸ ਸਮੇਂ ਅਤੇ ਅੱਜ ਵੀ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਹੈ ਤੇ ਉਦੋਂ ਤੱਕ ਰਹੇਗੀ ਜਦੋਂ ਤੱਕ ਸਾਨੂੰ ਸਾਰਿਆਂ ਨੂੰ ਪੁਰਾਣੀ ਪੈਨਸ਼ਨ ਸਕੀਮ ਦਾ ਹੱਕ ਪ੍ਰਾਪਤ ਨਹੀਂ ਹੋ ਜਾਂਦਾ।

ਹੁਣ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਸੰਘਰਸ਼ ਅਹਿਮ ਪੜਾਅ ’ਤੇ ਪਹੁੰਚ ਗਿਆ ਹੈ, ਜਦੋਂ ਕਾਂਗਰਸ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਇਸ ਦਾ ਕਾਰਨ ਉਹ ਸਵਾਲ ਹਨ, ਜਿਨ੍ਹਾਂ ਦਾ ਦੇਸ਼ ਦੀਆਂ ਸਿਆਸੀ ਪਾਰਟੀਆਂ ਕੋਲ ਕੋਈ ਜਵਾਬ ਨਹੀਂ ਹੈ। ਪਹਿਲਾ ਜਦੋਂ ਦੇਸ਼ ਦੇ ਸੰਸਦ ਮੈਂਬਰਾਂ/ ਵਿਧਾਇਕਾਂ ਦੀ ਪੈਨਸ਼ਨ ਦੇਸ਼ ਦੇ ਖਜ਼ਾਨੇ ’ਤੇ ਬੋਝ ਨਹੀਂ ਹੈ ਤਾਂ ਮੁਲਾਜ਼ਮਾਂ ਦੀ ਪੈਨਸ਼ਨ ਦਾ ਬੋਝ ਕਿਵੇਂ? ਜਦੋਂ ਕਰੋੜਾਂ ਅਰਬਾਂ ਰੁਪਏ ਦੀ ਜਾਇਦਾਦ ਦੇ ਮਾਲਕ ਰਾਜਨੀਤਿਕ ਨੇਤਾਵਾਂ ਨੂੰ ਸਮਾਜਿਕ ਸੁਰੱਖਿਆ ਦੇ ਨਾਂਅ ਤੇ ਪੈਨਸ਼ਨ ਦਿੱਤੀ ਜਾ ਸਕਦੀ ਹੈ ਤਾਂ ਸਾਧਨਾਂ ਤੋਂ ਵਾਂਝੇ ਕਰਮਚਾਰੀਆਂ ਨੂੰ ਕਿਓਂ ਨਹੀਂ? ਐਨ.ਪੀ.ਐਸ ਦੇ ਹੱਕ ਵਿੱਚ ਸਰਕਾਰਾਂ ਦੀ ਕੋਈ ਵੀ ਦਲੀਲ ਮੁਲਾਜ਼ਮਾਂ ਦੇ ਗਲੇ ਨਹੀਂ ਉਤਰ ਰਹੀ, ਪੁਰਾਣੀ ਪੈਨਸ਼ਨ ਸਕੀਮ ਦਾ ਮੁੱਦਾ ਕਾਂਗਰਸ ਤੇ ਹੋਰ ਪਾਰਟੀਆਂ ਲਈ ਸੱਤਾ ਦੀ ਪੌੜੀ ਬਣ ਚੁੱਕਿਆ ਹੈ, ਸਭ ਤੋਂ ਵੱਡੀ ਗੱਲ ਇਹ ਹੈ ਕਿ ਐਨਪੀਐਸ ਦੇ ਘੇਰੇ ਵਿੱਚ ਆਏ ਮੁਲਾਜ਼ਮਾਂ ਦੀ ਦੁਰਦਸ਼ਾ ਨੂੰ ਦੇਖਦਿਆਂ ਮੁਲਾਜ਼ਮਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਹੈ ਕਿ ਉਨ੍ਹਾਂ ਕੋਲ ਸੰਘਰਸ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ।

ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ’ਤੇ ਸੰਘਰਸ਼ ਦਾ ਦਬਾਅ ਇੰਨਾ ਵੱਧ ਚੁਕਿਆ ਹੈ ਕਿ ਪੰਜਾਬ ਦੀ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ’ਚ ਇਕ ਵਿਧਾਇਕ-ਇਕ ਪੈਨਸ਼ਨ ਦਾ ਨਿਯਮ ਲਾਗੂ ਕਰਨ ਲਈ ਮਜਬੂਰ ਹੋਣਾ ਪਿਆ ਹੈ। ਜਿੱਥੇ ਮੁਲਾਜ਼ਮਾਂ ਦੀ ਇੱਕ ਪੈਨਸ਼ਨ ਨੂੰ ਖ਼ਜ਼ਾਨੇ ’ਤੇ ਬੋਝ ਦੱਸਿਆ ਜਾ ਰਿਹਾ ਹੈ, ਉੱਥੇ ਪੰਜਾਬ ’ਚ ਇੱਕ ਵਾਰ ਬਣੇ ਵਿਧਾਇਕ ਨੂੰ 75 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕ ਹੈ ਅਤੇ ਇੱਕ ਵਾਰ ਤੋਂ ਵੱਧ ਵਾਰ ਚੁਣੇ ਜਾਣ ਉਪਰੰਤ ਹਰ ਟਰਮ ਲਈ 50 ਹਜ਼ਾਰ ਦੀ ਪੈਨਸ਼ਨ ਹੋਰ ਵਧ ਜਾਂਦੀ ਹੈ। ਇਸ ਦੇ ਨਤੀਜੇ ਵਜੋਂ 10 ਵਾਰ ਵਿਧਾਇਕ ਰਹੇ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 5.75 ਲੱਖ ਰੁਪਏ ਦੀ ਪੈਨਸ਼ਨ ਦੇ ਹੱਕਦਾਰ ਬਣ ਗਏ ਹਨ। ਹਾਲਾਂਕਿ ਲੋਕਾਂ ਦੇ ਦਬਾਅ ਕਾਰਨ ਉਸ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਸ੍ਰੀ ਪ੍ਰਕਾਸ਼ ਸਿੰਘ ਬਾਦਲ ਸੰਸਦ ਮੈਂਬਰ ਅਤੇ ਕੇਂਦਰ ਵਿੱਚ ਮੰਤਰੀ ਵੀ ਰਹਿ ਚੁੱਕੇ ਹਨ। ਉਸਦੀ ਪੈਨਸ਼ਨ ਵੱਖਰੀ ਹੈ। ਵਰਨਣਯੋਗ ਹੈ ਕਿ ਬਾਦਲ ਸਾਹਬ ਦੀ ਪੈਨਸ਼ਨ ਦੇਸ਼ ਦੇ ਰਾਸ਼ਟਰਪਤੀ ਦੀ ਤਨਖਾਹ ਨਾਲੋਂ ਕਿਤੇ ਵੱਧ ਬਣਦੀ ਹੈ।

ਤਾਜ਼ਾ ਅੰਕੜਿਆਂ ਮੁਤਾਬਕ ਐਨਪੀਐਸ ਦੇ ਅੰਤਰਗਤ ਆਉਂਦੇ ਕੁਲ ਕੇਂਦਰੀ ਕਰਮਚਾਰੀਆਂ ਦੀ ਗਿਣਤੀ 22,74,818

ਰਾਜ ਸਰਕਾਰਾਂ ਦੇ ਕਰਮਚਾਰੀਆਂ ਦੀ ਗਿਣਤੀ 55,44,628 ਹੈ। ਦੇਸ਼ ਵਿੱਚ ਹਾਲ ਹੀ ਵਿੱਚ ਹੋਈਆਂ ਪੰਜ ਰਾਜਾਂ ਦੀਆਂ ਚੋਣਾਂ ਵਿੱਚ ਪੁਰਾਣੀ ਪੈਨਸ਼ਨ ਇੱਕ ਵੱਡਾ ਅਤੇ ਸੰਵੇਦਨਸ਼ੀਲ ਮੁੱਦਾ ਬਣ ਕੇ ਉਭਰਿਆ ਹੈ ਅਤੇ ਆਉਣ ਵਾਲੀਆਂ ਸਾਰੀਆਂ ਚੋਣਾਂ ਵਿੱਚ ਇਹ ਹੋਰ ਵੀ ਵੱਡਾ ਮੁੱਦਾ ਬਣੇਗਾ। ਅਸੀਂ ਯਕੀਨ ਨਾਲ ਕਹਿ ਸਕਦੇ ਹਾਂ ਕਿ ਦੇਸ਼ ਵਿੱਚ 2024 ਵਿੱਚ ਹੋਣ ਵਾਲੀਆਂ ਆਮ ਚੋਣਾਂ ਵਿੱਚ ਸੱਤਾ ਹਾਸਲ ਕਰਨ ਲਈ ਪੈਨਸ਼ਨ ਦਾ ਇੱਕ ਅਹਿਮ ਮੁੱਦਾ ਹੋਵੇਗਾ। ਸਾਡੇ ਕੋਲ ਹੁਣ ਸੁਨਹਿਰੀ ਮੌਕਾ ਹੈ ਕਿ ਅਸੀਂ ਸਾਰੇ ਰਲ ਕੇ ਆਪਣੇ ਬੁਢਾਪੇ ਦੀ ਲਾਠੀ, ਜ਼ਿੰਦਗੀ ਦੇ ਮਾਣ-ਸਨਮਾਨ ਨੂੰ ਬਚਾਉਣ ਲਈ ਸੰਘਰਸ਼ ਤੇਜ਼ ਕਰ ਦਈਏ। ਅਸੀਂ ਸਮਝਦੇ ਹਾਂ ਕਿ ਭਾਰਤੀ ਰੇਲਵੇ ਦੇ ਕਰਮਚਾਰੀਆਂ ਦੀ ਇਸ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਹੋਵੇਗੀ ਅਤੇ ਸਾਨੂੰ ਉਮੀਦ ਹੈ ਕਿ ਸਾਡੇ ਭਾਰਤੀ ਰੇਲਵੇ ਦੇ ਸਾਥੀ ਦੇਸ਼ ਦੇ ਦੂਜੇ ਵਿਭਾਗਾਂ ਅਤੇ ਰਾਜ ਸਰਕਾਰਾਂ ਦੇ ਕਰਮਚਾਰੀਆਂ ਵਿਚਕਾਰ ਇੱਕ ਪੁਲ ਦਾ ਕੰਮ ਕਰਨਗੇ।

ਦੋਸਤੋ, ਅਸੀਂ ਜਾਣਦੇ ਹਾਂ ਕਿ ਇਹ ਲੜਾਈ ਆਸਾਨ ਵੀ ਨਹੀਂ ਹੈ। ਇਸ ਵਿਚ ਸਾਨੂੰ ਆਪੋ-ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਆਪਣੇ ਪਰਿਵਾਰ ਦਾ ਕੁਝ ਸਮਾਂ ਇਸ ਸੰਘਰਸ਼ ਨੂੰ ਦੇਣਾ ਪਵੇਗਾ ਅਤੇ ਕੁਝ ਮੁਸੀਬਤਾਂ ਅਤੇ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਵੇਗਾ। ਅਸੀਂ ਇਹ ਵੀ ਜਾਣਦੇ ਹਾਂ ਕਿ ਇਹ ਲੜਾਈ ਇੰਨੀ ਔਖੀ ਵੀ ਨਹੀਂ ਹੈ ਜਿੰਨਾ ਔਖਾ ਉਦੋਂ ਸਾਡਾ ਬੁਢਾਪਾ ਹੋਵੇਗਾ ਜਦੋਂ ਸ਼ੇਅਰ ਬਾਜ਼ਾਰ ਦੇ ਵੱਡੇ ਖਿਡਾਰੀ ਸਾਡੀ ਜ਼ਿੰਦਗੀ ਭਰ ਦੀ ਕਮਾਈ ਪੂੰਜੀ ਲੈ ਕੇ ਵਿਦੇਸ਼ਾਂ ਨੂੰ ਉਡਾਰੀ ਮਾਰ ਜਾਣਗੇ ਤੇ ਅਸੀਂ ਪੈਸੇ-ਪੈਸੇ ਨੂੰ ਮੁਹਤਾਜ ਹੋ ਜਾਵਾਂਗੇ ਉਪਰੋਂ ਸਰਕਾਰਾਂ ਨੇ ਤਾਂ ਪਹਿਲਾਂ ਹੀ ਪੱਲਾ ਝਾੜ ਲਿਆ ਹੈ। ਯਕੀਨਨ ਉਦੋਂ ਦੀਆਂ ਮੁਸ਼ਕਿਲਾਂ, ਸੰਘਰਸ਼ ਦੌਰਾਨ ਆਉਣ ਵਾਲੀਆਂ ਮੁਸ਼ਕਿਲ ਨਾਲੋਂ ਕਿਤੇ ਜ਼ਿਆਦਾ ਵੱਡੀਆਂ ਹੋਣਗੀਆਂ। ਸੋ ਆਉ ਆਪਣੇ ਬੁਢਾਪੇ ਦੀ ਲਾਠੀ ਅਤੇ ਮਾਣ ਸਤਿਕਾਰ ਰੱਖਿਆ ਲਈ ਸੰਘਰਸ਼ ਦੇ ਮੈਦਾਨ ਵਿੱਚ ਆਈਏ। ਸਾਡੇ ਚੰਗੇ ਤੇ ਖੁਸ਼ਹਾਲ ਜੀਵਨ ਦੇ ਸੁਪਨੇ ਅੱਖਾਂ ਵਿੱਚ ਸੰਜੋਏ ਫਾਂਸੀਆਂ ਤੇ ਝੂਲ ਗਏ ਸਾਡੇ ਸ਼ਹੀਦ ਅਤੇ ਸਾਡਾ ਮਲੂਕ ਜਿਹਾ ਭਵਿੱਖ-ਸਾਡੇ ਬੱਚੇ, ਇਸ ਸੰਘਰਸ਼ ਨੂੰ ਉਮੀਦ ਭਰੀਆਂ ਨਜ਼ਰਾਂ ਨਾਲ ਦੇਖ ਰਹੇ ਹਨ ਅਤੇ ਅਸੀਂ ਸਾਰੇ ਮਿਲ ਕੇ ਉਨ੍ਹਾਂ ਦੀਆਂ ਉਮੀਦਾਂ ਅਤੇ ਉਮੰਗਾਂ ’ਤੇ ਜ਼ਰੂਰ ਖਰੇ ਉਤਰਾਂਗੇ।

**ਸਾਡੇ ਅੰਗ-ਸੰਗ, ਸਾਡੇ ਸ਼ਹੀਦ ਸਾਥੋਂ ਕੁਝ ਆਸ ਕਰਦੇ ਹਨ- ਪਾਸ਼**

# ਰੂਸ ਦੇਸ਼-ਸਮਾਜਵਾਦ ਤੋਂ ਪੂਤਿਨਸ਼ਾਹੀ ਤੱਕ

ਸੁਕੀਰਤ ਆਨੰਦ



2024 ਵਿਚ ਖੇਤਰਫਲ ਪੱਖੋਂ ਦੁਨੀਆ ਦੇ ਸਭ ਤੋਂ ਵੱਡੇ ਦੇਸ ਰੂਸ ਦੇ ਅਜੋਕੇ ਮੁਖੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਓਥੇ ਲਗਾਤਾਰ ਰਾਜ ਕਰਦਿਆਂ 25 ਵਰ੍ਹੇ ਹੋ ਜਾਣਗੇ। 1917 ਵਿਚ ਰੂਸ ਵਿਚ ਜ਼ਾਰਸ਼ਾਹੀ ਦਾ ਤਖਤਾ ਪਲਟਣ ਤੋਂ ਬਾਅਦ ਜੋਜ਼ਫ਼ ਸਟਾਲਿਨ ਤੋਂ ਇਲਾਵਾ ਕੋਈ ਵੀ ਹੋਰ ਨੇਤਾ ਏਨਾ ਲੰਮਾ ਸਮਾਂ ਓਥੇ ਸਿਰਮੌਰ ਆਗੂ ਨਹੀਂ ਰਿਹਾ, ਨਾ ਸੋਵੀਅਤ ਸਮਿਆਂ ਵਿਚ, ਨਾ ਉਸ ਦੌਰ ਤੋਂ ਮਗਰੋਂ। ਛੋਟੇ ਮੋਟੇ ਦੇਸਾਂ ਵਿਚ ਏਨੇ ਲੰਮੇ ਸਮੇਂ ਤੋਂ ਰਾਜ-ਪ੍ਰਬੰਧ ਨੂੰ ਜੱਫ਼ਾ ਮਾਰੀ ਬੈਠੇ ਆਗੂਆਂ/ਤਾਨਾਸ਼ਾਹਾਂ ਦੀਆਂ ਉਦਾਹਰਣਾਂ ਭਾਵੇਂ ਹੋਰ ਵੀ ਲੱਭ ਜਾਂਦੀਆਂ ਹਨ, ਪਰ 21ਵੀਂ ਸਦੀ ਵਿਚ ਦੁਨੀਆ ਦੇ ਕਿਸੇ ਵੀ ਅਹਿਮ ਦੇਸ ਵਿਚ ਏਨੇ ਸਾਲਾਂ ਤੋਂ ਲਗਾਤਾਰ ਸੱਤਾ ਉੱਤੇ ਕਾਬਜ਼ ਕਿਸੇ ਹੋਰ ਆਗੂ ਦੀ ਮਿਸਾਲ ਨਹੀਂ ਮਿਲਦੀ। ਪੂਤਿਨ ਅਜੋਕੇ ਦੌਰ ਦਾ ਇਕੋ ਇਕ ਆਗੂ ਹੈ ਜਿਸ ਨੇ ਪੱਛਮ ਦੇ ਰਾਜਨੀਤੀ ਸ਼ਾਸਤਰੀਆਂ ਨੂੰ 'ਪੂਤਿਨਵਾਦ' ਨਾਂਅ ਦੀ ਨਵੀਂ ਕੈਟਗਰੀ ਘੜਨ ਵੱਲ ਧੱਕਿਆ ਹੈ। 'ਪੂਤਿਨਵਾਦ' ਯਾਨੀ ਰੂਸ ਵਿਚ ਪੂਤਿਨ ਦੀ ਅਗਵਾਈ ਹੇਠ ਸਥਾਪਤ ਹੋਇਆ ਨਵਾਂ ਸਿਆਸੀ ਤੰਤਰ, ਜਿਹੜਾ ਪ੍ਰਚੱਲਤ ਸਿਆਸੀ ਪ੍ਰਣਾਲੀਆਂ ਦੀ ਦਰਜਾਬੰਦੀ ਤੋਂ ਹੀ ਬਾਹਰਾ ਹੈ।

ਇਕ ਪਾਸੇ ਇਸ ਮਹੱਤਵਪੂਰਨ ਦੇਸ ਦੇ ਸਭ ਤੋਂ ਅਹਿਮ ਆਗੂ ਨੂੰ ਤਾਨਾਸ਼ਾਹ ਤੋਂ ਲੈ ਕੇ ਡਕੈਤ ਤਕ ਗਰਦਾਨਣ ਵਾਲੇ ਸਿਆਸੀ ਸਮੀਖਿਆਕਾਰਾਂ ਦੀ ਵੀ ਘਾਟ ਨਹੀਂ, ਪਰ ਦੂਜੇ ਪਾਸੇ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਰਥਿਕ ਅਤੇ ਵਿਦਿਅਕ ਪੱਧਰ ਤੋਂ ਚੋਖੇ ਵਿਕਸਿਤ ਮੁਲਕ ਰੂਸ ਦੀ ਜਨਤਾ ਨੇ ਵਾਰ ਵਾਰ ਇਸੇ ਆਗੂ ਨੂੰ ਚੁਣਿਆ ਹੈ ਅਤੇ ਇਸ ਵੇਲੇ ਉਸਦਾ ਕੋਈ ਹੋਰ ਬਦਲ ਵੀ ਨਜ਼ਰ ਨਹੀਂ ਆਉਂਦਾ। ਕਿਹੜੇ ਕਾਰਨ ਪੂਤਿਨ ਨੂੰ ਏਨੇ ਵਰ੍ਹਿਆਂ ਤੋਂ ਇਸ ਹੱਦ ਤੱਕ ਮਕਬੂਲ ਬਣਾਈ ਰੱਖਣ ਵਿਚ ਸਹਾਈ ਹੋਏ ਹਨ?

ਪੂਤਿਨ ਨਾਂਅ ਦੇ ਇਸ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਉਸਦੇ ਜੀਵਨ-ਬਿਓਰੇ ਉੱਤੇ ਇਕ ਉਡਦੀ ਝਾਤਮਾਰਨੀ ਜ਼ਰੂਰੀ ਹੋ ਜਾਂਦੀ ਹੈ। ਉਸਦਾ ਜਨਮ 1952 ਵਿਚ ਲੈਨਿਨਗ੍ਰਾਦ (ਜਿਸਨੂੰ ਹੁਣ ਸੇਂਟ ਪੀਟਰਜ਼ਬਰਗ ਕਿਹਾ ਜਾਂਦਾ ਹੈ) ਵਿਚ ਆਮ ਮੱਧ-ਵਰਗੀ ਸੋਵੀਅਤ ਸ਼ਹਿਰੀਆਂ ਦੇ ਘਰ ਹੋਇਆ। 1975 ਵਿਚ ਉਸਨੇ ਲੈਨਿਨਗ੍ਰਾਦ ਵਿਸ਼ਵਵਿਦਿਆਲੇ ਤੋਂ ਕਾਨੂੰਨ ਵਿਚ ਡਿਗਰੀ ਹਾਸਲ ਕੀਤੀ ਅਤੇ ਸੋਵੀਅਤ ਸਮਿਆਂ ਦੀ ਰਾਜ ਸੁਰੱਖਿਆ ਕਮੇਟੀ ਕੇ.ਜੀ.ਬੀ. ਵਿਚ ਭਰਤੀ ਹੋ ਗਿਆ। ਅਗਲੇ 16 ਸਾਲ ਤਕ ਉਹ ਏਸੇ ਸੰਸਥਾ ਵਿਚ ਰਿਹਾ ਅਤੇ ਇਸ ਦੌਰਾਨ 1985 ਤੋਂ 1990 ਤਕ ਉਸਨੇ ਬਤੌਰ ਵਿਦੇਸ਼ੀ ਖੁਫ਼ੀਆ ਅਧਿਕਾਰੀ ਪੂਰਬੀ ਜਰਮਨੀ ਵਿਚ ਵੀ ਲੰਮਾ ਸਮਾਂ ਕੰਮ ਕੀਤਾ। 1991 ਵਿਚ, ਜਦੋਂ ਗਰਬਾਚੋਵ ਦੀ ਅਗਵਾਈ ਹੇਠਲਾ ਸੋਵੀਅਤ ਸੰਘ ਆਪਣੀ ਹੋਂਦ ਦੇ ਆਖਰੀ ਸਾਲ ਵਿਚ ਸੀ, ਉਸਨੇ ਕੇ.ਜੀ.ਬੀ. ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਲੈਨਿਨਗ੍ਰਾਦ ਵਿਚ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ। ਉਹ ਉਥੋਂ ਦੇ ਵੇਲੇ ਦੇ ਮੇਅਰ ਅਨਾਤੋਲੀ ਸਬਚਾਕ ਦਾ ਪਹਿਲੋਂ ਸਹਾਇਕ ਅਤੇ ਪਿੱਛੋਂ, 1994 ਤੋਂ ਮਗਰੋਂ, ਉਸਦਾ ਡਿਪਟੀ ਵੀ ਰਿਹਾ। 1996 ਵਿਚ ਸਬਚਾਕ ਦੇ ਚੋਣ ਹਾਰ ਜਾਣ ਮਗਰੋਂ ਉਹ ਲੈਨਿਨਗ੍ਰਾਦ ਛੱਡ ਕੇ ਦੇਸ ਦੀ ਰਾਜਧਾਨੀ ਮਾਸਕੋ ਆ ਗਿਆ, ਜਿੱਥੇ 1998 ਵਿਚ ਉਸਨੂੰ ਸੋਵੀਅਤ ਵੇਲਿਆਂ ਵਾਲੀ ਸੰਸਥਾ ਕੇ.ਜੀ.ਬੀ. ਦੀ ਥਾਂ ਬਣਾਈ ਗਈ ਐਫ਼.ਐਸ.ਬੀ. (ਫੈਡਰਲ ਸੁਰੱਖਿਆ ਸੇਵਾ) ਦਾ ਡਾਇਰੈਕਟਰ ਥਾਪਿਆ ਗਿਆ। ਅਗਸਤ 1999 ਵਿਚ ਰੂਸ ਦੇ ਰਾਸ਼ਟਰਪਤੀ ਬੋਰਿਸ ਯੇਲਤਸਿਨਨੇ ਆਪਣੇ ਅਧੀਨ ਕੰਮ ਕਰ ਰਹੇ ਪੂਤਿਨ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਦੇ ਦਿੱਤਾ। ਇਸ ਤੋਂ ਕੁਝ ਹੀ ਮਹੀਨੇ ਬਾਅਦ, 1999 ਦੇ ਅੰਤਲੇ ਦਿਨਾਂ ਵਿਚ ਬੋਰਿਸ ਯੇਲਤਸਿਨ ਨੇ ਅਚਾਨਕ ਅਸਤੀਫ਼ਾ ਦੇ ਦਿੱਤਾ ਤੇ ਨਾਲ ਹੀ ਪੂਤਿਨ ਨੂੰ ਕਾਰਜਕਾਰੀ ਰਾਸ਼ਟਰਪਤੀ ਥਾਪ ਦਿੱਤਾ। ਕਿਹਾ ਜਾ ਸਕਦਾ ਹੈ ਕਿ ਪੂਤਿਨ ਛੜੱਪੇ ਮਾਰ ਮਾਰ ਕੇ ਸਿਆਸੀ ਅਹੁਦਿਆਂ ਦੀਆਂ ਪੌੜੀਆਂ ਚੜ੍ਹ ਰਿਹਾ ਸੀ। ਉਸ ਵੇਲੇ ਤਕ, ਪੂਤਿਨ ਦੇ ਖੁਫ਼ੀਆ ਏਜੰਸੀਆਂ ਨਾਲ ਜੁੜੇ ਪਿਛੋਕੜ ਕਾਰਨ, ਉਸ ਦੇ ਪਿਛਲੇ ਜੀਵਨ ਬਾਰੇ ਕੋਈ ਖਾਸ ਜਾਣਕਾਰੀ ਵੀ ਨਹੀਂ ਸੀ ਲੱਭਦੀ ਅਤੇ ਨਾ ਹੀ ਬਾਹਰਲੀ ਦੁਨੀਆ ਵਿਚ ਬਹੁਤੇ ਲੋਕ ਉਸਨੂੰ ਜਾਣਦੇ ਸਨ। ਮਾਰਚ 2000 ਵਿਚ ਰਾਸ਼ਟਰਪਤੀ ਦੀ ਚੋਣ ਵਿਚ 11 ਉਮੀਦਵਾਰ ਖੜੋਤੇ, ਪਰ 53 ਫੀਸਦੀ ਵੋਟਾਂ ਲੈ ਕੇ ਪੂਤਿਨ ਜੇਤੂ ਰਿਹਾ। ਯੇਲਤਸਿਨ ਦੇ ਰਾਜ-ਕਾਲ ਦੇ ਦੌਰ ਵਿਚ ਸੋਵੀਅਤ ਸੰਘ ਦੇ ਟੁੱਟਣ ਤੋਂ ਮਗਰੋਂ ਤੇਜ਼ੀ ਨਾਲ ਉਭਰੀ ਧਨਾਢ-ਜੁੰਡਲੀ (ਔਲੀਗਾਰਕੀ) ਹੀ ਅਸਲੀ ਸੱਤਾਧਾਰੀ ਬਣੀ ਰਹੀ ਅਤੇ ਪੂਤਿਨ ਨੂੰ ਉਦੋਂ ਚੋਣਾਂ ਜਿਤਾਉਣ ਵਿਚ ਵੀ ਇਨ੍ਹਾਂ ਲੋਕਾਂ ਦਾ ਹੀਵੱਡਾ ਹੱਥ ਰਿਹਾ।

7 ਮਈ 2000 ਨੂੰ ਪੂਤਿਨ ਨੇ ਪਹਿਲੀ ਵਾਰ ਰਾਸ਼ਟਰਪਤੀ ਦਾ ਅਹੁਦਾ ਸੰਭਾਲਿਆ। ਇਨ੍ਹਾਂ ਪਹਿਲੇ ਸਾਲਾਂ ਵਿਚ ਰੂਸ ਦੀ ਸਭ ਤੋਂ ਵੱਡੀ ਨਿੱਜੀ ਤੇਲ ਕੰਪਨੀ ਯੂਕੋਸ ਦੀ ਪਿਛਲੀ ਕਾਰਗੁਜ਼ਾਰੀ ਦੀ ਪੜਤਾਲ ਸ਼ੁਰੂ ਕਰਾ ਕੇ ਧਨਾਢ-ਜੁੰਡਲੀ ਦੇ ਬਾਕੀ ਸਰਗਣਿਆਂ ਨੂੰ ਚੇਤਾਵਨੀ ਦੇ ਦਿੱਤੀ ਗਈ ਕਿ ਉਹ ਚੌਕੰਨੇ ਹੋ ਜਾਣ, ਕੱਲ੍ਹ ਨੂੰ ਸਰਕਾਰੀ ਦਖਲ-ਅੰਦਾਜ਼ੀ ਦੀ ਬਿਜਲੀ ਕਿਸੇ 'ਤੇ ਵੀ ਡਿੱਗ ਸਕਦੀ ਹੈ। 2003 ਵਿਚ ਯੂਕੋਸ ਦੇ ਮਾਲਕ ਮਿਖਾਈਲ ਖਦਰਕੋਵਸਕੀ ਨੂੰ ਧੋਖਾਧੜੀ ਅਤੇ ਕਰ ਚੋਰੀ ਦੇਇਲਜ਼ਾਮ ਹੇਠ ਗ੍ਰਿਫਤਾਰ ਕਰ ਲਿਆ ਗਿਆ। ਖਦਰਕੋਵਸਕੀ ਉਸ ਵੇਲੇ ਰੂਸ ਦਾ ਸਭ ਤੋਂ ਅਮੀਰ ਆਦਮੀ ਹੀ ਨਹੀਂ ਸੀ, ਯੇਲਤਸਿਨ ਦੌਰ ਵਿਚ ਰਾਸ਼ਟਰਪਤੀ ਦਾ ਆਰਥਿਕ ਸਲਾਹਕਾਰ ਵੀ ਰਹਿ ਚੁੱਕਾ ਸੀ। ਚਾਰ ਸਾਲਾਂ ਦੇ ਇਸ ਪਹਿਲੇ ਦੌਰ ਵਿਚ ਪੂਤਿਨ ਨੇ ਇਸ ਜੁੰਡਲੀ ਦੇ ਕੁਝ ਲੋਕਾਂ ਨੂੰ ਗੁੱਠੇ ਲਾ ਦਿੱਤਾ ਅਤੇ ਕੁਝ ਹੋਰਨਾਂ ਨੂੰ ਪੱਕੀ ਤਰ੍ਹਾਂ ਆਪਣੇ ਨਾਲ ਜੋੜ ਲਿਆ। ਦੂਜੇ ਪਾਸੇ, ਏਸੇ ਦੌਰ ਵਿਚ ਪੂਤਿਨ ਦੇ ਕੁਝ ਨੇੜਲੇ ਲੋਕ ਵੀ ਇਸ ਧਨਾਢ-ਜੁੰਡਲੀ ਵਿਚ ਆਣ ਜੁੜੇ। ਯੇਲਤਸਿਨਦੇ ਰਾਜ ਦੌਰਾਨ ਮੁਲਕ ਵਿਚ ਪਲਰਦੀ ਰਹੀ ਅਰਾਜਕਤਾ ਨੂੰ ਮੁਕਾਉਣ ਦੀਆਂ ਕੋਸ਼ਿਸ਼ਾਂ ਹਿਤ ਜ਼ਮੀਨ ਦੀ ਮਾਲਕੀ ਅਤੇ ਕਰ ਸਬੰਧਤ ਮਾਮਲਿਆਂ ਲਈ ਨਵੇਂ ਕਾਨੂੰਨ ਵੀ ਘੜੇ ਅਤੇ ਲਾਗੂ ਕੀਤੇ ਗਏ। ਨਾਲ ਦੀ ਨਾਲ ਪੂਤਿਨ ਨੇ ਰੂਸ ਦੀ ਕੇਂਦਰੀ ਸੱਤਾ ਨੂੰ ਪੱਕਿਆਂ ਕਰਨ ਅਤੇ ਫੈਡਰਲ ਢਾਂਚੇ ਨੂੰ ਲਾਗੂ ਕਰਨ ਲਈ ਇਕ ਡਿਕਰੀ ਰਾਹੀਂ ਸਾਰੇ ਦੇਸ ਨੂੰ ਸੱਤ ਫੈਡਰਲ ਹਿੱਸਿਆਂ ਵਿਚ ਵੰਡ ਦਿੱਤਾ ਜਿਨ੍ਹਾਂ ਦੇ ਨਿਗਰਾਨ ਰਾਸ਼ਟਰਪਤੀ ਦੇ ਥਾਪੇ ਨੁਮਾਇੰਦੇ ਹੋਣਗੇ। ਰੂਸ ਵਿਚ ਇਕ ਦ੍ਰਿੜ ਕੇਂਦਰੀ ਸਰਕਾਰ ਦੀ ਹੋਂਦ ਦਾ ਵਾਤਾਵਰਨ ਪੈਦਾ ਕੀਤਾ ਜਾ ਚੁੱਕਾ ਸੀ।

ਮਾਰਚ 2004 ਦੀਆਂ ਅਗਲੀਆਂ ਚੋਣਾਂ ਵਿਚ ਪੂਤਿਨ 71 ਫੀਸਦੀ ਵੋਟਾਂ ਲੈ ਕੇ ਦੂਜੀ ਵਾਰ ਰਾਸ਼ਟਰਪਤੀ ਚੁਣਿਆ ਗਿਆ।

ਇਸ ਕਾਰਜਕਾਲ ਵਿਚ ਹੋਈਆਂ ਕੁਝ ਗੱਲਾਂ ਦਾ ਜ਼ਿਕਰ ਜ਼ਰੂਰੀ ਹੈ। ਕਈ ਪੜਤਾਲਾਂ ਰਾਹੀਂ ਯੂਕੋਸ ਕੰਪਨੀ ਵੱਲੋਂ ਕੀਤੀਆਂ ਗਈਆਂ ਧਾਂਦਲੀਆਂ ਦਾ ਪਰਦਾਫ਼ਾਸ਼ ਕਰਕੇ ਇਸ ਕੰਪਨੀ ਨੂੰ ਨਿਲਾਮ ਕਰ ਦਿੱਤਾ ਗਿਆ। ਨਿਲਾਮੀ ਪਿੱਛੋਂ ਇਸਦੇ ਵੱਡੇ ਹਿੱਸੇ ਦੀ ਮਾਲਕੀ ਰੂਸ ਦੀ ਕੌਮੀ ਤੇਲ ਕੰਪਨੀ ਰੋਸਨੇਫਤ ਹੇਠ ਆ ਗਈ। ਇਸ ਨਾਲ ਸਰਕਾਰੀ ਆਮਦਨ ਦੇ ਵਸੀਲਿਆਂ ਵਿਚ ਚੋਖਾ ਵਾਧਾ ਹੋਇਆ। ਰੂਸ ਵਿਚ ਖੁੰਬਾਂ ਵਾਂਗ ਉਗ ਆਏ ਹੋਰ ਕਾਰਪੋਰੇਟਾਂ ਉੱਤੇ ਵੀ ਸ਼ਿਕੰਜਾ ਕੱਸਿਆ ਗਿਆ ਅਤੇ ਉਨ੍ਹਾਂ ਹੇਠਲੀਆਂ ਕੰਪਨੀਆਂ ਵਿਚ ਸਰਕਾਰੀ ਦਖਲਅੰਦਾਜ਼ੀ ਵਧਾ ਦਿੱਤੀ ਗਈ।

2005 ਤੋਂ ਰੂਸ ਵਿਚ ਸਿਹਤ ਸੇਵਾਵਾਂ, ਵਿਦਿਆ ਪ੍ਰਬੰਧ, ਲੋਕ-ਵਸੇਬੇ ਅਤੇ ਜ਼ਰਾਇਤੀ ਮਸਲਿਆਂ ਨੂੰ ਸੁਧਾਰਨ ਲਈ ਕੌਮੀ ਤਰਜੀਹ ਪ੍ਰਾਜੈਕਟ ਸ਼ੁਰੂ ਕੀਤੇ ਗਏ। 90ਵਿਆਂ ਦੇ ਯੇਲਤਸਿਨ ਦੌਰ ਵਿਚ ਇਨ੍ਹਾਂ ਸਾਰੇ ਖੇਤਰਾਂ ਵਿਚ ਚੋਖਾ ਨਿਘਾਰ ਆਇਆ ਸੀ ਅਤੇ ਸੋਵੀਅਤ ਸਮਿਆਂ ਦਾ ਪ੍ਰਬੰਧਕੀ ਢਾਂਚਾ ਉਦੋਂ ਤੀਕ ਤਹਿਸ ਨਹਿਸ ਹੋ ਚੁੱਕਾ ਸੀ। 2006 ਵਿਚ ਸਿਹਤ ਅਤੇ ਵਿਦਿਆ ਖੇਤਰਾਂ ਨਾਲ ਜੁੜੇ ਕਾਮਿਆਂ ਦੀਆਂ ਤਨਖਾਹਾਂ ਵਿਚ ਵੀ ਚੋਖਾ ਵਾਧਾ ਕੀਤਾ ਗਿਆ।

ਪਰ ਇਨ੍ਹਾਂ ਹੀ ਸਾਲਾਂ ਵਿਚ ਮੀਡੀਏ ਉੱਤੇ ਕਸਦੇ ਜਾ ਰਹੇ ਸ਼ਿਕੰਜੇ ਦੇ ਪਰਛਾਵੇਂ ਵੀ ਸੰਘਣੇ ਹੋਣ ਲੱਗੇ। ਮੀਡੀਏ ਨਾਲ ਜੁੜੀ ਉਸ ਦੌਰ ਦੀ ਸਭ ਤੋਂ ਚਰਚਿਤ ਘਟਨਾ ਅਕਤੂਬਰ 2006 ਵਿਚ ਆਨਾ ਪਲਿਤਕੋਵਸਕਾਇਆ ਦਾ ਕਤਲ ਸੀ, ਜੋ ਨਾ ਸਿਰਫ਼ ਪੂਤਿਨ ਦੀ ਕਾਰਜ-ਸ਼ੈਲੀ ਦੀ ਤਿੱਖੀ ਆਲੋਚਕ ਸੀ ਸਗੋਂ ਪੂਤਿਨ ਦੀ ਅਗਵਾਈ ਹੇਠ ਲੜੀ ਗਈ ਦੂਜੀ ਚੇਚਨੀਆ ਲੜਾਈ ਸਮੇਂ ਰੂਸੀ ਫੌਜ ਵਿਚਲੇ ਭ੍ਰਿਸ਼ਟਾਚਾਰ ਅਤੇ ਚੇਚਨੀਆ ਵਿਚ ਵਰਤੇ ਗਏ ਹਥਕੰਡਿਆਂ ਨੂੰ ਬੇਨਕਾਬ ਕਰਨ ਵਿਚਵੀ ਉਸ ਨੇ ਅਹਿਮ ਭੂਮਿਕਾ ਨਿਭਾਈ ਸੀ। ਪੂਤਿਨ ਦੀ 'ਤਾਨਾਸ਼ਾਹੀ' ਰਾਜ-ਸ਼ੈਲੀ ਕਾਰਨ ਰੂਸ ਵਿਚ ਕੁਝ ਹੋਰ ਵਿਰੋਧੀ ਸੁਰਵੀ ਉਭਰਨ ਲੱਗੇ ਜਿਨ੍ਹਾਂ ਦਾ ਪ੍ਰਗਟਾਵਾ 2007 ਵਿਚ ਰੂਸ ਦੇ ਕਈ ਸ਼ਹਿਰਾਂ ਵਿਚ 'ਅਸਹਿਮਤੀ ਮਾਰਚਾਂ' ਰਾਹੀਂ ਹੋਇਆ।

ਸਤੰਬਰ 2007 ਵਿਚ ਪੂਤਿਨ ਨੇ ਸਰਕਾਰ ਭੰਗ ਕਰ ਦਿੱਤੀ। 2007 ਵਿਚ ਹੋਈਆਂ ਪਾਰਲੀਮਾਨੀ ਚੋਣਾਂ ਵਿਚ ਪੂਤਿਨ ਦੀ ਸਮਰਥਕ 'ਸੰਯੁਕਤ ਰੂਸ' ਪਾਰਟੀ 64 ਫੀਸਦੀ ਵੋਟਾਂ ਹਾਸਲ ਕਰਕੇ ਜੇਤੂ ਰਹੀ। ਪੂਤਿਨ ਦੇ ਆਪਹੁਦਰੇਪਣ ਕਾਰਨ ਉਸਦੇ ਆਲੋਚਕਾਂ ਦੀ ਤਾਦਾਦ ਵਧ ਰਹੀ ਸੀ, ਪਰ ਪਿਛਲੇ ਕੁਝ ਸਾਲਾਂ ਤੋਂ ਰੂਸੀ ਅਰਥਚਾਰੇ ਦਾ ਮੁੜ ਹੋਇਆ ਵਿਕਾਸ ਪੂਤਿਨ ਦੀ ਲੋਕਪ੍ਰਿਅਤਾ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੋਇਆ। ਰੂਸੀ ਸੰਵਿਧਾਨ ਮੁਤਾਬਿਕ ਪੂਤਿਨ ਲਗਾਤਾਰ ਤੀਜੀ ਵਾਰ ਰਾਸ਼ਟਰਪਤੀ ਨਹੀਂ ਸੀ ਚੁਣਿਆ ਜਾ ਸਕਦਾ। ਮਈ 2008 ਵਿਚ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ਵਿਚ ਪੂਤਿਨ ਨੇ ਮੈਦਵੇਦੇਵ ਨਾਂਅ ਦੇ ਆਪਣੇ ਸਮਰਥਕ ਨੂੰ ਰਾਸ਼ਟਰਪਤੀ ਚੁਣਵਾ ਲਿਆ ਅਤੇ ਅਗਲੇ ਹੀ ਦਿਨ ਆਪ ਪ੍ਰਧਾਨ ਮੰਤਰੀ ਚੁਣਿਆ ਗਿਆ। ਰੂਸੀ ਸੰਵਿਧਾਨ ਮੁਤਾਬਿਕ ਉਚਤਮ ਅਤੇ ਅਸਲੀ ਤਾਕਤ ਵਾਲਾ ਅਹੁਦਾ ਭਾਵੇਂ ਰਾਸ਼ਟਰਪਤੀ ਦਾਹੈ, ਪਰ ਇਸ ਪੈਂਤੜੇ ਰਾਹੀਂ ਪੂਤਿਨ ਸੱਤਾ 'ਤੇ ਫੇਰ ਵੀ ਕਾਬਜ਼ ਰਿਹਾ।

ਅਗਲਾ ਵਰ੍ਹਾ ਭਾਵ 2008 ਸੰਸਾਰ ਪੱਧਰ 'ਤੇ ਆਰਥਿਕ ਮੰਦੀ ਸ਼ੁਰੂ ਹੋਣ ਦਾ ਸਾਲ ਸੀ। ਪਰ ਪਿਛਲੇ ਕੁਝ ਵਰ੍ਹਿਆਂ ਵਿਚ ਤੇਲ ਕੀਮਤਾਂ ਵਿਚ ਵਾਧੇ ਦੌਰਾਨ ਤੇਲ ਦੇ ਵੱਡੇ ਉਤਪਾਦਕ ਦੇਸ ਰੂਸ ਕੋਲ ਚੋਖੀ ਆਰਥਿਕ ਪੂੰਜੀ ਜਮ੍ਹਾਂ ਹੋ ਚੁੱਕੀ ਸੀ। ਇਸ ਧਨ ਰਾਸ਼ੀ ਅਤੇ ਦ੍ਰਿੜ੍ਹ ਪ੍ਰਬੰਧਕੀ ਕੰਟਰੋਲ ਦੀ ਬਦੌਲਤ ਰੂਸ ਦੀ ਆਰਥਿਕਤਾ ਅਤੇ ਰੂਸੀ ਜਨਤਾ ਨੂੰ ਬਹੁਤੀ ਮਾਰ ਨਾ ਸਹਿਣੀ ਪਈ ਅਤੇ 2009 ਦੇ ਮੱਧ ਤੋਂ ਆਰਥਿਕ ਵਿਕਾਸ ਨੇ ਮੁੜ ਰਫ਼ਤਾਰ ਫੜ ਲਈ। ਏਸੇ ਦੌਰ ਵਿਚ ਸੋਵੀਅਤ ਸਮਿਆਂ ਤੋਂ ਮਗਰੋਂ ਰੂਸ ਦੀ ਘਟਦੀ ਜਾਂਦੀ ਆਬਾਦੀ ਵਿਚ ਵੀ ਸਥਿਰਤਾ ਆਉਣ ਲੱਗੀ। 2011 ਵਿਚ 'ਸੰਯੁਕਤ ਰੂਸ' ਪਾਰਟੀ ਦੇ ਸਮਾਗਮ ਦੌਰਾਨ, ਅਗਲੇ ਸਾਲ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਮੈਦਵੇਦੇਵ ਨੇ ਆਪ ਹੀ ਤਜਵੀਜ਼ ਰੱਖੀ ਕਿ 2012 ਵਿਚ ਪੂਤਿਨ ਹੀ ਫਿਰ ਰਾਸ਼ਟਰਪਤੀ ਪਦ ਦਾ ਉਮੀਦਵਾਰ ਹੋਵੇ।

ਇਸ ਤਜਵੀਜ਼ ਨੂੰ ਪੂਤਿਨ ਨੇ ਤਾਂ ਸਵੀਕਾਰ ਕਰ ਲਿਆ, ਪਰ ਉਸ ਵਿਰੋਧੀ ਮੁਜ਼ਾਹਰੇ ਚੋਣ ਪ੍ਰਚਾਰ ਦੌਰਾਨ ਜਾਰੀ ਰਹੇਜਿਨ੍ਹਾਂ ਵਿਚੋਂ ਸਭ ਤੋਂ ਅਹਿਮ 21 ਫਰਵਰੀ ਨੂੰ ਹੋਇਆ। ਰੂਸ ਵਿਚ ਚੋਣ ਘਪਲਿਆਂ ਕਾਰਨ ਵਧਦੀ ਜਾ ਰਹੀ ਲੋਕ ਬੇਵਿਸਾਹੀ ਅਤੇ ਥਾਂ ਪੁਰ ਥਾਂ ਰੋਸ ਮੁਜ਼ਾਹਰਿਆਂ ਦੇ ਬਾਵਜੂਦ 63 ਫੀਸਦੀ ਵੋਟਾਂ ਲੈ ਕੇ ਮਾਰਚ 2012 ਵਿਚ ਉਹ ਮੁੜ ਰਾਸ਼ਟਰਪਤੀ ਚੁਣਿਆ ਗਿਆ। 7 ਮਈ ਨੂੰ ਉਸਦੇ ਅਹੁਦਾ ਸੰਭਾਲਣ ਤੋਂ ਇਕ ਦਿਨ ਪਹਿਲਾਂ ਵੀ ਮਾਸਕੋ ਵਿਖੇ 12000 ਤੋਂ 15000 ਲੋਕਾਂ ਨੇ ਮੁਜ਼ਾਹਰਾ ਕੀਤਾ ਜਿਸ ਵਿਚ 80 ਲੋਕ ਫੱਟੜ ਹੋਏ ਅਤੇ 600 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਹੁਦਾ ਸੰਭਾਲਣ ਦੇ ਪਹਿਲੇ ਦਿਨ ਹੀ ਪੂਤਿਨ ਨੇ ਬਤੌਰ ਰਾਸ਼ਟਰਪਤੀ 14 ਨਿਰਦੇਸ਼ ਜਾਰੀ ਕੀਤੇ ਜਿਨ੍ਹਾਂ ਵਿਚ ਰੂਸ ਦੇ ਅਰਥਚਾਰੇ, ਵਿਦਿਅਕ ਪਸਾਰ, ਵਸੇਬੇ, ਮੁਹਾਰਤੀ ਕਾਮਿਆਂ ਦੀ ਸਿਖਲਾਈ ਅਤੇ ਯੂਰਪੀ ਯੂਨੀਅਨ ਨਾਲ ਸਬੰਧਾਂ ਦੀ ਸੇਧ ਉਲੀਕੀ ਗਈ। ਇਸੇ ਕਾਰਜ ਕਾਲ ਦੌਰਾਨ ਯੂਕਰੇਨ ਵਿਚ ਚੱਲ ਰਹੀ ਸਿਆਸੀ ਉਥਲ-ਪੁਥਲ ਸਮੇਂ ਫਰਵਰੀ-ਮਾਰਚ 2014 ਵਿਚ ਰੂਸੀ ਫ਼ੌਜੀ ਕਾਰਵਾਈ ਰਾਹੀਂ ਕ੍ਰੀਮੀਆ ਦਾ ਇਲਾਕਾ ਯੂਕਰੇਨ ਕੋਲੋਂ ਹਥਿਆ ਲਿਆ। ਕੌਮਾਂਤਰੀ ਪਿੜ ਵਿਚ ਇਸ ਕਾਰਵਾਈ ਦੀ ਚੋਖੀ ਅਤੇ ਲਗਾਤਾਰ ਆਲੋਚਨਾ ਦੇ ਬਾਵਜੂਦ ਰੂਸ ਦੀ ਬਹੁਤੀ ਜਨਤਾ ਨੇ ਇਸਦਾ ਸਮਰਥਨ ਕੀਤਾ। ਇਨ੍ਹਾਂ ਵਰ੍ਹਿਆਂ ਵਿਚ ਪੂਤਿਨ (ਅਤੇ ਰੂਸ) ਕੌਮਾਂਤਰੀ ਪਿੜ ਵਿਚ ਤਾਕਤਵਰ ਅਤੇ ਗੌਲਣਯੋਗ ਧਿਰ ਵਜੋਂ ਉਭਰੇ। ਸੀਰੀਆ ਵਿਚ ਜਾਰੀ ਘਰੇਲੂ ਜੰਗ ਦੇ ਮਾਮਲੇ ਵਿਚ ਵੀ ਰੂਸ ਉਨ੍ਹਾਂ ਵਰ੍ਹਿਆਂ ਤੋਂ ਹੀ ਅਮਰੀਕਾ ਦੇ ਮੁਕਾਬਲੇ ਵਾਲੀ ਧਿਰ ਵਿਚ ਖੜੋਤਾ ਤੁਰਿਆ ਆ ਰਿਹਾ ਹੈ ਅਤੇ ਬਸ਼ਰ-ਅਲ-ਅਸਦ ਦੀ ਹਕੂਮਤ ਦੇ ਨਾਲ ਹੈ।

ਮਾਰਚ 2018 ਦੀ ਚੋਣ ਪੂਤਿਨ ਨੇ ਆਜ਼ਾਦ ਉਮੀਦਵਾਰ ਵਜੋਂ ਲੜੀ ਪਰ ਉਸ ਨੂੰ 14 ਦਲਾਂ ਦੀ ਹਮਾਇਤ ਪ੍ਰਾਪਤ ਸੀ। ਉਹ 76 ਫ਼ੀਸਦੀ ਵੋਟਾਂ ਲੈ ਕੇ ਚੌਥੀ ਵਾਰ ਰਾਸ਼ਟਰਪਤੀ ਚੁਣਿਆ ਗਿਆ। ਉਸ ਦਾ ਇਹ ਕਾਰਜਕਾਲ 2024 ਤਕ ਚਲਣਾ ਹੈ। ਦੇਖਿਆ ਜਾਵੇ ਤਾਂ ਹਰ ਨਵੀਂ ਚੋਣ ਨਾਲ ਪੂਤਿਨ ਦਾ ਸੱਤਾ ਉੱਤੇ ਗਲਬਾ ਪਕੇਰਾ ਹੁੰਦਾ ਗਿਆ ਹੈ ਅਤੇ ਪੱਛਮੀ ਸਿਆਸੀ ਸ਼ਬਦਾਵਲੀ ਵਿਚ 'ਪੂਤਿਨਵਾਦ' ਦਾ ਨਵਾਂ ਸ਼ਬਦ ਆਣ ਰਲਿਆ ਹੈ। ਪੂਤਿਨਵਾਦ ਨਾਂਅ ਰੂਸ ਵਿਚ ਸਥਾਪਤ ਹੋਏ ਉਸ ਸਿਆਸੀ ਪ੍ਰਬੰਧ ਨੂੰ ਦਿੱਤਾ ਗਿਆ ਹੈ ਜਿਸ ਵਿਚ ਸਾਰੀ ਸਿਆਸੀ ਅਤੇ ਆਰਥਿਕ ਤਾਕਤ ਹੁਣ ਦੀਆਂ ਅਤੇ ਸਾਬਕਾ ਸੁਰੱਖਿਆ ਏਜੰਸੀਆਂ ਨਾਲ ਜੁੜੇ ਲੋਕਾਂ ਜਾਂ 'ਸੀਲਾਵਿਕੀ' ਦੇ ਹੱਥਾਂ ਵਿਚ ਕੇਂਦਰਤ ਹੈ। ਰੂਸੀ ਸ਼ਬਦ 'ਸੀਲਾਵਿਕੀ' ਦਾ ਸ਼ਾਬਦਕ ਅਰਥ ਤਾਕਤਵਰ ਲੋਕ ਹੈ, ਪਰ ਰੂਸੀ ਸਿਆਸੀ ਸ਼ਬਦਾਵਲੀ ਵਿਚ ਇਹ ਉਨ੍ਹਾਂ ਲੋਕਾਂ ਲਈ ਵਰਤਿਆ ਜਾਂਦਾ ਹੈ ਜੋ ਸਿਆਸਤ ਵਿਚ ਆਉਣ ਤੋਂ ਪਹਿਲਾਂ ਸੁਰੱਖਿਆ, ਫ਼ੌਜੀ ਜਾਂ ਖੁਫ਼ੀਆ ਏਜੰਸੀਆਂ ਵਿਚ ਕੰਮ ਕਰਦੇ ਰਹੇ (ਪੂਤਿਨ ਆਪ ਇਸਦੀ ਮਿਸਾਲ ਹੈ)। ਇਹ ਸਾਰੇ ਪਹਿਲਾਂ ਤੋਂ ਹੀ ਪੂਤਿਨ ਨਾਲ ਨੇੜਿਓਂ ਜੁੜੇ ਹੋਏ ਸਨ ਜਾਂ ਹੌਲੀ ਹੌਲੀ ਜੁੜ ਚੁੱਕੇ ਹਨ। ਇਹ ਲੋਕ ਰੂਸ ਦੀ ਅਜਿਹੀ ਮੁੱਖ ਧਨਾਢ-ਜੁੰਡਲੀ (ਔਲੀਗਾਰਕੀ) ਹਨ ਜਿਸ ਦੇ ਹੱਥਾਂ ਵਿਚ ਰੂਸੀ ਰਾਜ ਦੇ ਵਿੱਤੀ, ਪ੍ਰਬੰਧਕੀ ਅਤੇ ਮੀਡੀਆ ਸਰੋਤਾਂ ਦੀ ਕਮਾਨ ਹੈ। ਮੰਨਿਆ ਜਾਂਦਾ ਹੈ ਕਿ ਰੂਸ ਦੀ ਅਜੋਕੀ ਪ੍ਰਣਾਲੀ ਵਿਚ ਜਮਹੂਰੀ ਅਤੇ ਮਨੁੱਖੀ ਅਧਿਕਾਰ ਸੀਮਤ ਹੋ ਚੁੱਕੇ ਹਨ ਅਤੇ ਹੁਣ ਪੂਤਿਨ ਇਸ ਧਨਾਢ-ਜੁੰਡਲੀ ਦੀ ਮਦਦ ਰਾਹੀਂ ਮੁਲਕ ਉੱਤੇ ਪੂਰੀ ਤਰ੍ਹਾਂ ਕਾਬਜ਼ ਹੈ। ਬਹੁਤਾ ਕਰ ਕੇ ਇਹ ਲੋਕ ਚੰਗੀ ਵਿਦਿਆ ਪ੍ਰਾਪਤ ਅਤੇ ਵਣਜ ਮਾਮਲਿਆਂ ਵਿਚ ਤਜਰਬੇਕਾਰ ਹਨ ਜੋ ਆਪਣੇ ਆਪ ਨੂੰ ਵਿਚਾਰਧਾਰਾ-ਮੁਕਤ ਦਰਸਾਉਂਦੇ ਹਨ, ਪਰ ਅਜਿਹੇ ਸ਼ਕਤੀਸ਼ਾਲੀ ਰੂਸੀ ਰਾਜ ਦੇ ਸਮਰਥਕ ਹਨ ਜਿਸ ਵਿਚ ਅਰਾਜਕਤਾ ਦੀ ਕੋਈ ਗੁੰਜਾਇਸ਼ ਨਾ ਹੋਵੇ। ਇਨ੍ਹਾਂ ਗੱਲਾਂ ਦੇ ਆਧਾਰ ਉੱਤੇ ਕੁਝ ਟਿੱਪਣੀਕਾਰ ਕਹਿਣ ਲੱਗ ਪਏ ਹਨ ਕਿ ਰੂਸ ਹੁਣ 'ਫੈਡਰਲ ਸੁਰੱਖਿਆ ਏਜੰਸੀ' ਦੇ ਰਾਜ ਵਿਚ ਤਬਦੀਲ ਹੋ ਚੁੱਕਾ ਹੈ।

ਇਨ੍ਹਾਂ ਗੱਲਾਂ ਨੂੰ ਇਕ ਵੱਢਿਓਂ ਨਕਾਰਿਆ ਵੀ ਨਹੀਂ ਜਾ ਸਕਦਾ, ਪਰ ਪੂਤਿਨ ਦੇ ਵਰਤਾਰੇ ਜਾਂ ਲੰਮੇ ਸਮੇਂ ਤੋਂ ਰੂਸ ਵਰਗੇ ਵਿਸ਼ਾਲ ਦੇਸ ਉੱਤੇ ਉਸਦੇ ਗਲਬੇ ਨੂੰ ਨਿਰੋਲ ਇਨ੍ਹਾਂ ਤੱਥਾਂ ਦੇ ਆਧਾਰ ਉੱਤੇ ਸਮਝਿਆ ਵੀ ਨਹੀਂ ਜਾ ਸਕਦਾ। ਸੰਭਵ ਹੈ ਕਿ ਰੂਸ ਵਿਚ ਚੋਣਾਂ ਸਮੇਂ ਥੋੜ੍ਹੀ-ਬਹੁਤ ਧਾਂਦਲੀ ਹੁੰਦੀ ਹੋਵੇ, ਪਰ ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਰੂਸੀ ਲੋਕਾਂ ਦੀ ਇਕ ਵੱਡੀ ਗਿਣਤੀ ਅਜੇ ਵੀ ਉਸਦੇ ਨਾਲ ਹੈ।

ਤਕਰੀਬਨ 100 ਫ਼ੀਸਦੀ ਸਾਖਰਤਾ ਹੀ ਨਹੀਂ, ਉਚੇਰੀ ਵਿਦਿਆ ਪ੍ਰਾਪਤ ਸ਼ਹਿਰੀਆਂ ਦੀ ਭਾਰੀ ਗਿਣਤੀ ਵਾਲੇ ਇਸ ਵਿਕਸਤ ਅਤੇ ਬਹੁ-ਕੌਮੀ ਦੇਸ ਵਿਚ ਪੂਤਿਨ ਵਰਗੇ ਆਗੂ ਦੀ ਲੰਮੇ ਸਮੇਂ ਤੋਂ ਤੁਰੀ ਚੋਖੀ ਸਾਖ ਦਾ ਕੀ ਰਾਜ਼ ਹੈ? ਕਹਿੰਦੇ ਹਨ ਕਿਸੇ ਵੀ ਦੇਸ ਦੀ ਸਿਆਸਤ ਨੂੰ ਸਮਝਣ ਲਈ ਉਸਦੇ ਇਤਿਹਾਸ 'ਤੇ ਨਜ਼ਰ ਮਾਰਨੀ ਬਹੁਤ ਜ਼ਰੂਰੀ ਹੈ, ਅਤੇ ਰੂਸ ਵੀ ਇਸ ਗੱਲ ਦਾ ਅਪਵਾਦ ਨਹੀਂ।

ਵੀਹਵੀਂ ਸਦੀ ਵਿਚ ਰੂਸ ਵਰਗੇ ਵਿਸ਼ਾਲ ਦੇਸ ਨੂੰ ਦੋ ਵਾਰ ਢਹਿ ਢੇਰੀ ਹੋ ਜਾਣ ਅਤੇ ਪ੍ਰਬੰਧ ਤੰਤਰ ਦੀ ਸੰਪੂਰਨ ਟੁੱਟ-ਭੱਜ ਵਿਚੋਂ ਲੰਘਣਾ ਪਿਆ। ਪਹਿਲੀ ਵਾਰ 1917 ਵਿਚ ਅਕਤੂਬਰ ਇਨਕਲਾਬ ਸਮੇਂ ਜ਼ਾਰਸ਼ਾਹੀ ਦਾ ਤਖਤਾ ਪਲਟਣ ਸਮੇਂ ਅਤੇ ਦੂਜੀ ਵਾਰ 1991 ਵਿਚ ਸੋਵੀਅਤ ਸੰਘ ਦੇ ਖੇਰੂੰ-ਖੇਰੂੰ ਹੋ ਜਾਣ ਸਮੇਂ। ਸਾਡੀਆਂ ਵਿਚਾਰਧਾਰਕ ਐਨਕਾਂ ਜਿਹੜੇ ਮਰਜ਼ੀ ਰੰਗ ਦੀਆਂ ਹੋਣ, ਇਸ ਗੱਲ ਤੋਂ ਇਨਕਾਰ ਨਹੀਂ

ਕੀਤਾ ਜਾ ਸਕਦਾ ਕਿ ਦੋਵੇਂ ਵਾਰ ਇਸ ਮੁਲਕ ਨੇ ਆਪਣੀ ਪਿਛਲੀ 'ਪ੍ਰਭੂਸੱਤਾ' ਗਵਾਈ ਅਤੇ ਵਿਸ਼ਵ ਪੱਧਰ ਉੱਤੇ ਉਸ ਦੀ ਵੇਲੇ ਦੀ ਬਣੀ ਹੋਈ ਸਾਖ ਵੀ ਲੱਖੋਂ ਕੱਖ ਹੋਈ ਜਿਸਨੂੰ ਮੁੜ ਬਹਾਲ ਕਰਨ ਵਿਚ, ਦੋਵੇਂ ਵਾਰੀ ਹੀ, ਕਈ ਵਰ੍ਹੇ ਲੰਘੇ। ਦੋਵੇਂ ਵਾਰ ਹੀ, ਦੇਸ ਦੀ ਜਨਤਾ ਨੂੰ ਡਾਢੀਆਂ ਦੁਸ਼ਵਾਰੀਆਂ ਵਿਚੋਂ ਲੰਘਣਾ ਪਿਆ, ਉਸਦੇ ਪਿਛਲੇ ਜੀਵਨ ਵਿਚ ਵੱਡੇ ਪੱਧਰ 'ਤੇ ਉਥਲ-ਪੁਥਲ ਹੋਈ ਅਤੇ ਉਸ ਨੂੰ ਆਪਣਾ ਜੀਵਨ ਅਸਲੋਂ ਨਵੇਂ ਹਾਲਾਤ ਮੁਤਾਬਿਕ ਢਾਲਣਾ ਪਿਆ।

ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੇ ਸ਼ੁਰੂ ਯਾਨੀ 1991 ਵਿਚ, ਗਰਬਾਚੋਵ ਦੌਰ ਦੇ ਭੁਆਂਟਣੀਆਂ ਦੇਂਦੇ ਤਜਰਬਿਆਂ ਦੇ ਦੌਰ ਤੋਂ ਬਾਅਦ, ਜਦੋਂ ਸੋਵੀਅਤ ਸੰਘ ਟੋਟੇ ਟੋਟੇ ਹੋ ਕੇ ਮੁਕਿਆ ਤਾਂ ਉਸ ਵੇਲੇ ਵੀ ਇਹ ਦੁਨੀਆ ਦਾ ਸਭ ਤੋਂ ਵੱਡਾ ਦੇਸ ਸੀ। ਇਸ ਕੋਲ ਵਿਸ਼ਾਲ ਕੁਦਰਤੀ ਭੰਡਾਰਾਂ ਤੋਂ ਇਲਾਵਾ ਸਨਅਤੀ ਅਤੇ ਸਮਾਜਿਕ ਅਦਾਰਿਆਂ ਦਾ ਤੰਤਰ ਜਾਲ ਸੀ, ਬਹੁਤ ਵੱਡੀ ਫ਼ੌਜ ਸੀ, ਉੱਚ ਵਿਦਿਆ ਪ੍ਰਾਪਤ ਮਾਹਰ ਲੋਕਾਂ ਦੀ ਵੱਡੀ ਗਿਣਤੀ ਸੀ ਅਤੇ ਦੋ-ਧੁਰੀ ਦੁਨੀਆ ਵਿਚ ਇਹ ਤਾਕਤ ਦੇ ਸੰਤੁਲਨ ਦਾ ਇਕ ਸਿਰਾ ਸੀ। ਆਪਣੇ ਆਖ਼ਰੀ ਦਿਨਾਂ ਤੱਕ ਇਹ ਮਹਾਸ਼ਕਤੀ ਵਜੋਂ ਜਾਣਿਆ ਜਾਂਦਾ ਸੀ।

ਪਰ ਜਦੋਂ ਤਕ ਇਹ ਦਹਾਕਾ ਮੁੱਕਿਆ ਅਤੇ ਦੁਨੀਆ ਇੱਕੀਵੀਂ ਸਦੀ ਵਿਚ ਪੈਰ ਧਰ ਰਹੀ ਸੀ, ਉਤਰ-ਸੋਵੀਅਤ ਸਮਿਆਂ ਵਿਚ ਰੂਸ ਦੇ ਪਹਿਲੇ ਰਾਸ਼ਟਰਪਤੀ ਯੇਲਤਸਿਨ ਦੀ ਅਗਵਾਈ ਹੇਠ, ਅਰਾਜਕਤਾ ਏਥੇ ਪੂਰੀ ਤਰ੍ਹਾਂ ਘਰ ਕਰ ਚੁੱਕੀ ਸੀ। ਯੇਲਤਸਿਨ ਨੇ ਆਪਣੇ ਕਾਰਜ ਕਾਲ ਵਿਚ ਰੂਸ ਦੇ ਪਿਛਲੇ ਇਤਿਹਾਸਕ ਨਿਜ਼ਾਮ (ਸੋਵੀਅਤ ਸੰਘ) ਉੱਤੇ ਵਾਰ-ਵਾਰ ਇਹੋ ਜਿਹੇ ਵਾਰ ਕੀਤੇ ਕਿ ਦਹਾਕਿਆਂ ਤੋਂ ਉਸਾਰੀ ਗਈ ਸੋਵੀਅਤ ਅਰਥ-ਵਿਵਸਥਾ ਦੇ ਪਰਖਚੇ ਉਡ ਗਏ। ਕ੍ਰੈਮਲਿਨ, ਯਾਨੀ ਰੂਸੀ ਰਾਜ-ਸੱਤਾ ਦੀ ਗੱਦੀ ਨਾਲ ਨੇੜਿਓਂ ਜੁੜੇ ਗਿਣਤੀ ਦੇ ਧਨਾਢਾਂ ਨੇ ਉਨ੍ਹਾਂ ਸਾਲਾਂ ਵਿਚ ਅੰਨ੍ਹੀ ਲੁੱਟ ਮਚਾਈ। ਸਾਰੇ ਵੱਡੇ ਸਰਕਾਰੀ ਅਦਾਰੇ ਅਤੇ ਸਨਅਤਾਂ ਇਨ੍ਹਾਂ ਲੋਕਾਂ ਨੇ ਕੁਝ ਤਾਂ ਭੰਗ ਦੇ ਭਾੜੇ ਖਰੀਦ ਕੇ, ਤੇ ਕੁਝ ਨਿਰੋਲ ਧੋਖਾਧੜੀ ਰਾਹੀਂ ਆਪਣੇ ਕਬਜ਼ੇ ਹੇਠ ਕਰ ਲਈਆਂ। ਰੂਸ ਦੀ ਦੋ-ਤਿਹਾਈ ਜਨਤਾ ਗ਼ਰੀਬੀ ਅਤੇ ਦੁਰਦਸ਼ਾ ਵੱਲ ਧੱਕੀ ਗਈ। ਇਨ੍ਹਾਂ ਵਿਚ ਵੱਡੀ ਗਿਣਤੀ ਵਿਚ ਉਹ ਲੋਕ ਵੀ ਸ਼ਾਮਲ ਸਨ ਜੋ ਸੋਵੀਅਤ ਸਮਿਆਂ ਦਾ ਮੁਹਾਰਤ-ਸ਼ੁਦਾ, ਉੱਚ ਵਿਦਿਆ ਪ੍ਰਾਪਤ ਮੱਧ-ਵਰਗ ਸੀ। ਮੁਲਕ ਵਿਚ ਥਾਂ ਪੁਰ ਥਾਂ ਮਾਫ਼ੀਏ ਪੈਦਾ ਹੋ ਗਏ, ਫ਼ਿਰੌਤੀਆਂ ਅਤੇ ਦਿਨ ਦਿਹਾੜੇ ਕਤਲ ਹੋਣੇ ਆਮ ਵਰਤਾਰਾ ਹੋ ਗਿਆ। 1996 ਵਿਚ ਚੋਣਾਂ ਜਿੱਤਣ ਖ਼ਾਤਰ ਯੇਲਤਸਿਨ ਨੇ ਇਨ੍ਹਾਂ ਮਾਫ਼ੀਆ-ਨੁਮਾ ਧਨਾਢਾਂ ਦਾ ਹੀ ਸਹਾਰਾ ਲਿਆ। ਰੂਸ ਵਿਚ ਜਨਮ ਦਰ ਤੇਜ਼ੀ ਨਾਲ ਘਟਣੀ ਸ਼ੁਰੂ ਹੋਈ, ਨਿਰਾਸਤਾ ਦੇ ਮਾਰੇ ਹੁਨਰੀ ਨੌਜਵਾਨਾਂ-ਡਾਕਟਰਾਂ ਤੇ ਵਿਗਿਆਨੀਆਂ-ਦੀ ਹੇੜਾਂ ਨੇ ਪੱਛਮੀ ਦੇਸਾਂ ਵੱਲ ਹਿਜਰਤ ਕਰਨੀ ਸ਼ੁਰੂ ਕਰ ਦਿੱਤੀ।

ਇਹੋ ਜਿਹੇ ਦੌਰ ਵਿਚ ਪੂਤਿਨ ਰੂਸ ਦੀ ਸਿਆਸੀ ਸਟੇਜ 'ਤੇ ਦਾਖ਼ਲ ਹੋਇਆ। ਪਿੱਛਲਝਾਤ ਮਾਰਿਆਂ ਇਹ ਗੱਲ ਸਹਿਜੇ ਹੀ ਕਹੀ ਜਾ ਸਕਦੀ ਹੈ ਕਿ ਸੋਵੀਅਤ ਸਮਿਆਂ ਵਿਚ ਪ੍ਰਵਾਨ ਚੜ੍ਹੇ ਇਸ ਸਾਬਕਾ ਕੇ.ਜੀ.ਬੀ. ਅਫ਼ਸਰ ਦਾ ਤਜਰਬਾ ਅਤੇ ਸਿਖਲਾਈ ਵੀ ਉਸਦੇ ਕੰਮ ਆਏ। ਇਕ ਪਾਸੇ ਪੂਰਬੀ ਜਰਮਨੀ ਵਿਚ ਬਤੌਰ ਖ਼ੁਫ਼ੀਆ ਏਜੰਸੀ ਅਧਿਕਾਰੀ ਕੰਮ ਕਰਨ ਦੇ ਸਮੇਂ ਨੇ ਉਸ ਨੂੰ ਜਰਮਨ ਜ਼ਬਾਨ ਦੀ ਮੁਹਾਰਤ ਵੀ ਦਿੱਤੀ ਅਤੇ ਲੋੜੀਂਦਾ ਅੰਤਰ-ਰਾਸ਼ਟਰੀ ਨਜ਼ਰੀਆ ਵੀ। ਦੂਜੇ ਪਾਸੇ ਮੱਧ-ਵਰਗੀ ਸੋਵੀਅਤ ਪਰਿਵਾਰ ਵਿਚ ਪੈਦਾ ਹੋਏ ਪੂਤਿਨ ਕੋਲ ਸੋਵੀਅਤ ਜੀਵਨ ਦਾ ਜ਼ਾਤੀ ਤਜਰਬਾ ਵੀ ਸੀ ਅਤੇ ਆਪਣੇ ਮੁਲਕ ਦੇ ਇਤਿਹਾਸ ਬਾਰੇ ਤਿੱਖੀ ਸੂਝ ਵੀ।

ਮਿਸਾਲ ਵਜੋਂ ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ ਕਿ ਰੂਸ ਦੇ ਲੱਖਾਂ ਲੋਕ ਅਜੇ ਵੀ ਸੋਵੀਅਤ ਸਮਿਆਂ ਨੂੰ ਨਿੱਘ ਨਾਲ ਚੇਤੇ ਕਰਦੇ ਹਨ। ਉਸ ਨੇ ਕਈ ਵਾਰ ਸੋਵੀਅਤ ਸਮਿਆਂ ਦੀਆਂ ਵਧੀਕੀਆਂ ਅਤੇ ਉਸ ਦੇ ਪ੍ਰਬੰਧ ਵਿਚਲੇ ਵਿਕਾਰਾਂ ਦੀ ਆਲੋਚਨਾ ਕੀਤੀ ਹੈ; ਲੈਨਿਨ ਅਤੇ ਸਟਾਲਿਨ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ ਹੈ। ਪਰ ਸੋਵੀਅਤ ਸਮਿਆਂ ਵਿਚ ਵਿਗਸੀ ਆਪਣੀ ਪੀੜ੍ਹੀ ਦੇ ਬਹੁਤੇ ਲੋਕਾਂ ਵਾਂਗ ਪੂਤਿਨ ਦੀ ਸ਼ਖ਼ਸੀਅਤ ਦਾ ਇਕ ਹਿੱਸਾ ਅਜੇ ਵੀ ਸੋਵੀਅਤ ਖਾਸੇ ਵਾਲਾ ਹੈ। 2010 ਵਿਚ ਉਸ ਦੀ ਕਹੀ ਇਕ ਗੱਲ ਸਿਰਫ਼ ਉਸ ਦੀ ਹੀ ਨਹੀਂ, ਅਜੋਕੇ ਰੂਸ ਦੇ ਹੋਰ ਬਹੁਤ ਸਾਰੇ ਲੋਕਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਉਸ ਨੇ ਕਿਹਾ ਸੀ, "ਜਿਸ ਕਿਸੇ ਨੂੰ ਸੋਵੀਅਤ ਸੰਘ ਦੇ ਟੁੱਟ ਜਾਣ ਦਾ ਦੁਖ ਨਹੀਂ, ਉਸ ਦੇ ਅੰਦਰ ਦਿਲ ਨਹੀਂ ਹੈ। ਤੇ ਜਿਹੜਾ ਵੀ ਇਸ ਦੇ ਪਹਿਲਾਂ ਵਾਲੇ ਹੀ ਰੂਪ ਵਿਚ ਇਸਦਾ ਪੁਨਰ ਜਨਮ ਲੋਚਦਾ ਹੈ, ਉਸਦੇ ਕੋਲ ਦਿਮਾਗ਼ ਨਹੀਂ ਹੈ।" ਅਜਿਹੀ ਗੱਲ ਕਹਿਣ ਲਈ ਤੁਹਾਨੂੰ ਕਮਿਊਨਿਸਟ ਵਿਚਾਰਧਾਰਾ ਨੂੰ ਪਰਨਾਏ ਹੋਣ ਦੀ ਲੋੜ ਨਹੀਂ, ਸੋਵੀਅਤ ਸੰਘ ਪ੍ਰਤੀ ਸੰਵੇਦਨਸ਼ੀਲਤਾ ਹੀ ਕਾਫ਼ੀ ਹੈ।

ਬਤੌਰ ਰਾਸ਼ਟਰਪਤੀ ਪੂਤਿਨ ਦੇ ਪਹਿਲੇ ਕਾਰਜ ਕਾਲ ਵਿਚ ਰੂਸੀ ਅਰਥਚਾਰਾ ਪਹਿਲੇ 8 ਸਾਲ ਲਗਾਤਾਰ ਵਿਕਾਸ ਕਰਦਾ ਰਿਹਾ। ਲੋਕਾਂ ਦੀ ਖ਼ਰੀਦ-ਸ਼ਕਤੀ ਵਿਚ 72 ਫ਼ੀਸਦੀ ਵਾਧਾ ਹੋਇਆ। ਨਾਗਰਿਕ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ 2000 ਵਿਚ ਜਦੋਂ ਉਸ ਨੇ ਕਮਾਨ ਸੰਭਾਲੀ ਤਾਂ 75 ਫ਼ੀਸਦੀ ਰੂਸੀ ਗ਼ਰੀਬੀ ਦਾ ਜੀਵਨ ਜਿਊਂ ਰਹੇ ਸਨ। ਸੋਵੀਅਤ ਸਮਿਆਂ ਵਿਚ ਮਿਲਦੀਆਂ ਸਹੂਲਤਾਂ-ਮੁਫ਼ਤ ਸਿਹਤ ਅਤੇ ਵਿਦਿਆ ਪ੍ਰਬੰਧ, ਪੈਨਸ਼ਨਾਂ, ਉਨ੍ਹਾਂ ਵੇਲਿਆਂ ਦੀ ਜੁੜੀ ਹੋਈ ਨਿਗੂਣੀ ਪੂੰਜੀ, ਨੌਕਰੀਆਂ ਸਭ ਕੁਝ ਹਵਾ ਹੋ ਚੁੱਕਾ ਸੀ। ਮਰਦਾਂ ਦੀ ਔਸਤ ਜੀਵਨ ਅਵਧੀ 60 ਸਾਲ ਤੋਂ ਵੀ ਹੇਠਾਂ ਪਹੁੰਚ ਚੁੱਕੀ ਸੀ। ਰੂਬਲ ਦੀ ਕੀਮਤ ਰੋਜ਼ਾਨਾ ਡਿੱਗ ਰਹੀ ਸੀ ਅਤੇ ਲੋਕਾਂ ਦਾ ਦੇਸ ਦੀ ਕਰੰਸੀ ਵਿਚ ਯਕੀਨ ਬਿਲਕੁਲ ਮੁੱਕ ਚੁੱਕਾ ਸੀ। ਦੁਕਾਨਾਂ ਵਿਚ ਕੀਮਤਾਂ ਤੱਕ ਡਾਲਰਾਂ ਵਿਚ ਲਿਖੀਆਂ ਜਾਂਦੀਆਂ ਸਨ। ਪੂਤਿਨ ਤੇ ਉਸ ਦੀ ਟੀਮ ਆਪਣੀਆਂ ਸੁਘੜ ਆਰਥਿਕ ਅਤੇ ਵਿੱਤੀ ਨੀਤੀਆਂ ਸਦਕਾ ਇਸ ਹਾਲਤ ਨੂੰ ਮੋੜਾ ਦੇਣ ਵਿਚ ਸਫ਼ਲ ਹੋਏ। ਦੇਸ ਯੇਲਤਸਿਨ ਦੌਰ ਦੀ ਮੰਦੀ ਤੋਂ ਉਭਰਿਆ ਤੇ ਲੋਕਾਂ ਦੇ ਜੀਵਨ ਪੱਧਰ ਵਿਚ ਤਬਦੀਲੀ ਆਈ। ਰੂਸ ਵਿਚ ਆਰਥਿਕ ਨਿਵੇਸ਼ ਸ਼ੁਰੂ ਹੋਇਆ ਅਤੇ ਜਿਵੇਂ ਪਹਿਲੋਂ ਦੱਸਿਆ ਗਿਆ ਹੈ, ਉਨ੍ਹਾਂ ਸਾਲਾਂ ਵਿਚ ਤੇਲ ਦੀਆਂ ਵਧੀਆਂ ਕੀਮਤਾਂ ਨਾਲ ਰੂਸ ਕੋਲ ਇਹੋ ਜਿਹਾ ਵਿੱਤੀ ਜ਼ਖ਼ੀਰਾ ਵੀ ਕਾਇਮ ਹੋ ਗਿਆ ਕਿ 2008 ਦੀ ਵਿਸ਼ਵ ਆਰਥਿਕ ਮੰਦੀ ਤੋਂ ਉਠਣ ਲਈ ਉਸਨੂੰ ਬਹੁਤਾ ਸਮਾਂ ਨਾ ਲੱਗਾ।

ਦੂਜੇ ਪਾਸੇ, 1990ਵਿਆਂ ਵਿਚ ਯੇਲਤਸਿਨ ਦੇ ਚੇਚਨੀਆ ਨਾਲ ਜੰਗ ਵਿਚ ਕਈ ਸਾਲ ਖ਼ਰਾਬ ਕਰ ਲੈਣ ਤੋਂ ਬਾਅਦ ਪੂਤਿਨ ਦੇ ਕਾਰਜਕਾਲ ਦੇ ਪਹਿਲੇ ਦੌਰ ਵਿਚ ਚੇਚਨੀਆ ਨਾਲ ਦੂਜੀ ਜੰਗ ਜਿੱਤ ਲਏ ਜਾਣਾ, ਰੂਸੀ ਜਨਤਾ ਦੇ ਮਾਨਸਿਕ ਰੌਂ ਨੂੰ ਤਕੜਿਆਂ ਕਰਨ ਤੇ ਪੂਤਿਨ ਨੂੰ ਵੱਡਾ ਅਤੇ ਨਿਰਣਈ ਆਗੂ ਸਥਾਪਤ ਕਰਨ ਵਿਚ ਸਹਾਈ ਹੋਇਆ। ਰੂਸ ਵਿਚ ਤਾਕਤ ਹਮੇਸ਼ਾ ਤਕੜੀਆਂ ਸ਼ਖ਼ਸੀਅਤਾਂ ਦੇ ਹੱਥ ਦੇਖੀ ਅਤੇ ਸਮਝੀ ਜਾਂਦੀ ਰਹੀ ਹੈ, ਸੰਸਥਾਵਾਂ ਕਦੇ ਵੀ ਤਾਕਤ ਦਾ ਧੁਰਾ ਨਹੀਂ ਬਣੀਆਂ। ਪੂਤਿਨ ਦਾ ਆਪਣੇ ਦੇਸ ਅਤੇ ਇਸਦੀ ਇਤਿਹਾਸਕ ਭੂਮਿਕਾ ਬਾਰੇ ਨਜ਼ਰੀਆ, ਸੋਵੀਅਤ ਸੰਘ ਦੇ ਟੁੱਟਣ ਤੋਂ ਬਾਅਦ ਆਪਣੇ ਆਪ ਨੂੰ ਨਿਮਾਣਾ ਮਹਿਸੂਸ ਕਰਨ ਲੱਗੇ ਨਾਗਰਿਕਾਂ ਦਾ ਮਨੋਬਲ ਵਧਾਉਣ ਵਿਚ ਸਹਾਈ ਹੋਇਆ। ਪੂਤਿਨ ਦੇ ਰਾਸ਼ਟਰਪਤੀ ਵਜੋਂ ਹੁਣ ਦੇ ਦੂਜੇ ਦੌਰ ਵਿਚ ਫ਼ੌਜੀ ਕਾਰਵਾਈ ਰਾਹੀਂ ਯੂਕਰੇਨ ਦੇ ਅਧਿਕਾਰ ਹੇਠਲੇ ਕ੍ਰੀਮੀਆ ਇਲਾਕੇ ਨੂੰ ਮੁੜ ਰੂਸ ਨਾਲ ਜੋੜ ਲੈਣ ਅਤੇ ਸੀਰੀਆ ਦੇ ਗ੍ਰਹਿ ਯੁੱਧ ਵਿਚ ਅਮਰੀਕਾ ਦੇ ਟਾਕਰੇ ਦੀ ਧਿਰ ਬਣ ਕੇ ਹਿੱਸਾ ਲੈਣ ਦੇ ਅਹਿਮ ਪਰ ਜੋਖ਼ਮ ਭਰਪੂਰ ਫ਼ੈਸਲਿਆਂ ਨੇ ਵੀ ਰੂਸੀ ਜਨਤਾ ਵਿਚ ਉਸਦੀ ਲੋਕਪ੍ਰਿਅਤਾ ਨੂੰ ਵਧਾਇਆ ਹੀ; ਬਾਕੀ ਦੁਨੀਆ ਵਿਚ ਇਨ੍ਹਾਂ ਕਾਰਵਾਈਆਂ ਕਾਰਨ ਹੋਈ ਤਿੱਖੀ ਆਲੋਚਨਾ ਦੇ ਬਾਵਜੂਦ ਘਟਾਇਆ ਨਾ।

ਬਹੁਤੇ ਰੂਸੀ ਇਸ ਗੱਲ ਤੋਂ ਇਨਕਾਰੀ ਨਹੀਂ ਕਿ ਪੂਤਿਨ ਦਬਦਬੇ ਵਾਲਾ ਆਗੂ ਹੈ ਜੋ ਕਿਸੇ ਕਿਸਮ ਦੀ ਵਿਰੋਧੀ ਧਿਰ ਨੂੰ ਸਿਰ ਨਹੀਂ ਚੁੱਕਣ ਦੇਂਦਾ ਅਤੇ ਅਜੋਕੇ ਰੂਸ ਵਿਚ ਉਸਦੇ ਨੇੜਲਿਆਂ ਦੀ ਧਨਾਢ-ਜੁੰਡਲੀ ਹੀ ਸਾਰੇ ਅਰਥਚਾਰੇ ਉੱਤੇ ਕਾਬਜ਼ ਹੈ। ਨਾਲ ਹੀ ਉਹ ਇਹ ਵੀ ਆਖਦੇ ਹਨ ਕਿ ਇਹ ਜੁੰਡਲੀ 'ਭ੍ਰਿਸ਼ਟਾਚਾਰੀ' ਤਾਂ ਹੋ ਸਕਦੀ ਹੈ, ਪਰ ਪੂਤਿਨ ਅਤੇ ਉਸਦੀ ਟੀਮ ਰੂਸ ਦੇ ਅਰਥਚਾਰੇ ਨੂੰ ਪੱਕੇ ਪੈਰੀਂ ਕਰਨ ਅਤੇ ਕਾਇਮ ਰੱਖਣ ਵਿਚ ਕਾਮਯਾਬ ਜ਼ਰੂਰ ਰਹੀ ਹੈ। ਇਹੋ ਜਿਹਾ ਪ੍ਰਬੰਧ ਤੰਤਰ ਪੂਤਿਨ ਨੇ ਨਹੀਂ ਯੇਲਤਸਿਨ ਨੇ ਸ਼ੁਰੂ ਕੀਤਾ ਸੀ। ਪਰ ਯੇਲਤਸਿਨ ਦੇ ਸਮਿਆਂ ਵਿਚ ਜੁੰਡਲੀ ਰਾਸ਼ਟਰਪਤੀ ਉੱਤੇ ਗਾਲਬ ਸੀ ਜਦੋਂਕਿ ਹੁਣ ਨਿਰਣਈ ਰਾਸ਼ਟਰਪਤੀ ਇਸ ਜੁੰਡਲੀ ਉੱਤੇ ਗਾਲਬ ਹੈ ਅਤੇ ਉਨ੍ਹਾਂ ਨੂੰ ਮਨਮਾਨੀਆਂ ਨਹੀਂ ਕਰਨ ਦੇਂਦਾ ਸਗੋਂ ਦੇਸ ਦੇ ਹਿੱਤ ਵਿਚ ਵਰਤਦਾ ਹੈ।

ਪੂਤਿਨ ਦੀ ਅਗਵਾਈ ਹੇਠਲੇ ਅਜੋਕੇ ਰੂਸ ਦੇ ਕੁਝ ਖ਼ਾਸ ਲੱਛਣ ਇਹ ਕਹੇ ਜਾ ਸਕਦੇ ਹਨ: ਦੇਸ ਦੇ ਵੱਕਾਰ ਜਾਂ ਪੁਰਾਣੀ ਪ੍ਰਭੂਸੱਤਾ ਦੀ ਬਹਾਲੀ ਉੱਤੇ ਜ਼ੋਰ, ਇਸ ਆਧਾਰ ਉੱਤੇ ਨਿਰਣਈ ਅਤੇ ਦੋ-ਟੁਕ ਗੱਲ ਕਰਨ ਵਾਲੇ ਆਗੂ ਦੀ ਲੋੜ ਉੱਤੇ ਜ਼ੋਰ, ਗਿਣਤੀ ਦੇ ਕਾਰਪੋਰੇਟਾਂ ਦਾ ਅਰਥਚਾਰੇ ਅਤੇ ਮੀਡੀਆ ਉੱਤੇ ਕਬਜ਼ਾ, ਦੇਸ ਦੀਆਂ ਰਵਾਇਤੀ ਸਮਾਜਿਕ ਕਦਰਾਂ ਕੀਮਤਾਂ ਅਤੇ ਦੇਸ਼-ਭਗਤੀ ਆਧਾਰਿਤ ਲੱਫ਼ਾਜ਼ੀ ਉੱਤੇ ਜ਼ੋਰ ਅਤੇ ਆਗੂ ਦੇ ਵਿਰੋਧ ਨੂੰ ਦੇਸ-ਵਿਰੋਧੀ ਵਿਚਾਰਧਾਰਾ ਕਰਾਰ ਦੇਣ ਦੇ ਹਥਕੰਡੇ।

ਇਸ ਪੱਖੋਂ ਦੇਖਿਆ ਜਾਵੇ ਤਾਂ ਪੂਤਿਨ ਜਾਂ ਪੂਤਿਨਵਾਦ ਸਿਰਫ਼ ਰੂਸ ਦੀਆਂ ਇਤਿਹਾਸਕ ਪਰਿਸਥਿਤੀਆਂ ਦੀ ਪੈਦਾਵਾਰ ਨਹੀਂ। ਸੰਸਾਰ ਪੱਧਰ 'ਤੇ ਵੀ ਅਸੀਂ ਅਜਿਹੇ ਦੌਰ ਵਿਚੋਂ ਲੰਘ ਰਹੇ ਹਾਂ ਜਦੋਂ ਪੂੰਜੀਵਾਦ ਅਜਿਹੇ ਪੜਾਅ ਉੱਤੇ ਆਣ ਖੜੋਤਾ ਹੈ ਕਿ ਪਿਛਲੇ ਨਿਜ਼ਾਮਾਂ ਦੀਆਂ ਵਧੀਕੀਆਂ ਜਾਂ ਕਮਜ਼ੋਰੀਆਂ ਨੇ ਆਮ ਜਨਤਾ ਨੂੰ ਇਹੋ ਜਿਹੇ 'ਨਿਰਣਈ' ਆਗੂਆਂ ਵੱਲ ਧੱਕਿਆ ਹੈ। ਅਮਰੀਕਾ ਵਿਚ ਟਰੰਪ ਹੋਵੇ ਜਾਂ ਬਰਤਾਨੀਆ ਵਿਚ ਬੋਰਿਸ ਜੌਨਸਨ, ਟਰਕੀ ਵਿਚ ਐਰਦੋਜਨ ਹੋਵੇ ਜਾਂ ਹੰਗਰੀ ਵਿਚ ਓਰਬਾਨ, ਤੇ ਜਾਂ ਫੇਰ ਸਾਡੇ ਆਪਣੇ ਦੇਸ ਵਿਚ ਨਰਿੰਦਰ ਮੋਦੀ: ਸੰਸਾਰ ਦਾ ਸਿਆਸੀ ਪਿੜ ਇਹੋ ਜਿਹੇ ਘੱਟ ਜਾਂ ਵੱਧ 'ਨਿਰਣਈ ਅਤੇ ਦੋ-ਟੁਕ ਗੱਲ ਕਰਨ ਵਾਲੇ' ਅਤੇ ਆਪਣੇ ਦੇਸ ਦੀ ਜਨਤਾ ਅੰਦਰਲੇ ਰੋਹ ਨੂੰ ਆਪਣੀ ਸੱਤਾ-ਕਾਇਮੀ ਲਈ ਮੋੜਾ ਦੇ ਸਕਣ ਵਾਲੇ ਆਗੂਆਂ ਨਾਲ ਇਸ ਵੇਲੇ ਔਟਿਆ ਪਿਆ ਹੈ। ਬੇਸ਼ਕ, ਹਰ ਦੇਸ ਦੀਆਂ ਸਮੱਸਿਆਵਾਂ ਵੀ ਆਪੋ ਆਪਣੀ ਕਿਸਮ ਦੀਆਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਆਗੂਆਂ ਦੀ ਸਮਰੱਥਾ ਵੀ। ਫਿਰ ਵੀ ਪੂਤਿਨ ਇਨ੍ਹਾਂ ਸਾਰਿਆਂ ਵਿਚੋਂ ਸਿਰਕੱਢ ਹੈ, ਆਪਣੇ ਸਭ ਤੋਂ ਲੰਮੇ ਰਾਜ ਕਾਲ ਅਤੇ ਸਭ ਤੋਂ ਵੱਧ ਸਮੱਸਿਆਵਾਂ ਨਾਲ ਸਫ਼ਲ ਰਹਿ ਕੇ ਸਿੱਝਣ ਦੇ ਹਾਲੇ ਤਕ ਦੇ ਇਤਿਹਾਸ ਕਾਰਨ।

ਉਸ ਦੇ ਮੌਜੂਦਾ ਕਾਰਜ ਕਾਲ ਦੇ ਚਾਰ ਸਾਲ ਅਜੇ ਵੀ ਬਾਕੀ ਹਨ। ਪਿਛਲੇ ਤਜਰਬੇ ਦੇ ਆਧਾਰ ਉੱਤੇ ਬਹੁਤੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਭਾਵੇਂ ਅਜੋਕੇ ਰੂਸੀ ਸੰਵਿਧਾਨ ਮੁਤਾਬਿਕ ਉਹ 2024 ਵਿਚ ਮੁੜ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਨਹੀਂ ਹੋ ਸਕਦਾ, ਉਹ ਇਸ ਦਾ ਵੀ ਕੋਈ ਨਾ ਕੋਈ ਹੱਲ ਲੱਭ ਹੀ ਲਵੇਗਾ। ਇਸ ਲਈ ਅਜੋਕੇ ਪੜਾਅ ਉੱਤੇ ਪੂਤਿਨ ਦੀ ਦੇਣ ਜਾਂ ਉਸ ਦੇ ਕਾਰਜਕਾਲ ਦੀ ਬਹੁ-ਪੱਖੀ ਅਤੇ ਨਿਗਰ ਪੜਚੋਲ ਕਰਨ ਦਾ ਸਮਾਂ ਅਜੇ ਭਵਿਖ ਦੀ ਕੁੱਖ ਵਿਚ ਹੈ। ਰੂਸੀ ਲੋਕਾਂ ਵਿਚ ਇਕ ਮੁਹਾਵਰਾ ਪ੍ਰਚੱਲਿਤ ਹੈ: ਇਤਿਹਾਸ ਨੂੰ ਹੀ ਫ਼ੈਸਲਾ ਕਰਨ ਦਿਓ। ਸਿਰਫ਼ ਰੂਸ ਹੀ ਨਹੀਂ, ਸੰਸਾਰ ਦੀ ਸਿਆਸੀ ਸਟੇਜ ਉੱਤੇ ਇਸ ਵੇਲੇ ਛਾਏ ਹੋਏ ਪੂਤਿਨ ਨਾਂਅ ਦੇ ਇਸ ਵਰਤਾਰੇ ਅਤੇ ਉਸਦੀ ਭੂਮਿਕਾ ਬਾਰੇ ਅੰਤਿਮ ਫ਼ੈਸਲਾ ਵੀ ਇਤਿਹਾਸ ਹੀ ਕਰੇਗਾ; ਇਸ ਵੇਲੇ ਤਾਂ ਉਸਦੇ ਲੰਮੇ ਸਮੇਂ ਤੋਂ ਤੁਰੇ ਆਉਂਦੇ ਜਜ਼ਬੇ ਦੇ ਆਧਾਰ ਨੂੰ ਸਮਝਣ ਦੀ ਕੋਸ਼ਿਸ਼ ਹੀ ਕੀਤੀ ਜਾ ਸਕਦੀ ਹੈ।

**ਸ਼ਹੀਦੀ ਦਿਵਸ 14 ਜੂਨ 'ਤੇ ਵਿਸ਼ੇਸ਼**

## ਸ੍ਰੀ ਗੁਰੂ ਅਰਜਨ ਦੇਵ ਜੀ

ਜੂਨ ਦਾ ਮਹੀਨਾ ਗਰਮੀ ਸੀ ਕਹਿਰ ਦੀ।
ਮਘਦੀ ਸੀ ਧੁੱਪ ਸਿਰ 'ਤੇ ਦੁਪਹਿਰ ਦੀ।
ਤੱਤੀ ਤਵੀ ਉਤੇ ਗੁਰੂ ਸਾਹਿਬ ਬਹਿ ਗਏ।
ਜ਼ਾਲਮਾਂ ਦਾ ਹੋ ਜਾਏਗਾ ਨਾਸ਼ ਕਹਿ ਗਏ।
ਪਾ ਕੇ ਸ਼ਹੀਦੀ ਇਤਿਹਾਸ ਰਚ ਗਏ।
ਸੂਰਜ ਦੇ ਵਾਂਗ ਇਕ ਆਸ ਰਚ ਗਏ।
ਇਹੋ ਜਿਹਾ ਦੁਨੀਆਂ 'ਤੇ ਹੋਰ ਹੋਣਾ ਨਈਂ।
ਆਪਾ ਜ਼ਿੰਦਗਾਨੀ ਦਾ ਕਿਸੇ ਵੀ ਖੋਣਾ ਨਈਂ,
ਸਾਲ ਤਰਤਾਲੀ ਤੇ ਮਹੀਨਾ, ਸੋਲ੍ਹਾਂ ਦਿਨ।
ਸ਼ਹੀਦੀ ਨੂੰ ਉਹ ਦੇ ਗਏ ਸਦੀਆਂ ਦੇ ਛਿਣ।
ਗੁਰੂ ਰਾਮ ਦਾਸ ਜੀ ਦੇ ਘਰ ਪੈਦਾ ਹੋਏ।
ਫਿਰ ਮਾਤਾ ਭਾਨੀ ਜੀ ਦੀ ਖ਼ੁਸ਼ੀ ਨਾ ਸਮੋਏ।
ਜਨਮ ਸਥਾਨ ਸੀਗਾ ਗੋਇੰਦਵਾਲ ਜੀ,
ਨੇਕੀ ਵਾਲੇ ਫੁੱਲਾਂ ਨਾਲ ਭਰੀ ਡਾਲ ਜੀ,
ਹੋਇਆ ਸੀ ਵਿਆਹ ਮਾਤਾ ਗੰਗਾ ਨਾਲ ਜੀ,
ਪੈਦਾ ਹੋਏ ਫਿਰ ਹਰਿਗੋਬਿੰਦ ਲਾਲ ਜੀ,
ਅੰਮ੍ਰਿਤਸਰ ਪ੍ਰਚਾਰ ਦਾ ਸਥਾਨ ਸੋਹਣਾ ਸੀ।
ਵਾਤਾਵਰਨ ਕੁਦਰਤ ਦਾ ਮਨਮੋਹਣਾ ਸੀ।
ਅਨੇਕਾਂ ਹੀ ਭਾਸ਼ਾਵਾਂ ਦੇ ਗਿਆਤਾ ਹੋਏ ਨੇ।
ਗ੍ਰੰਥ ਦੀ ਸੰਪਾਦਨਾ ਦੇ ਦਾਤਾ ਹੋਏ ਨੇ।
ਚੌਦਾਂ ਸੌ ਤੀਹ ਪੰਨਿਆਂ ਨੂੰ ਸਿਰਜਿਆ।
ਸੱਚੇ ਸੁੱਚੇ ਕਵੀਆਂ ਨੂੰ ਮਾਣ ਬਖ਼ਸ਼ਿਆ।
ਭੱਟ, ਗੁਰਸਿੱਖ, ਭਗਤਾਂ ਦੀ ਬਾਣੀ ਹੈ।
ਗੁਰੂ ਜੀ ਦੀ ਬਾਣੀ ਇਸ 'ਚ ਲਾਸਾਨੀ ਹੈ।
ਜਾਤ ਪਾਤ ਰੰਗ ਰੂਪ ਨੂੰ ਤਿਆਗ ਕੇ।
ਇਨਸਾਨੀ ਕਦਰਾਂ ਤੇ ਕੀਮਤਾਂ ਪਿਆਰ ਕੇ।
ਗੁਰੂ ਜੀ ਦੇ ਦੋ ਸੌ ਸਤੱਤਰ ਸਲੋਕ ਨੇ।
ਚੰਨ ਅਤੇ ਤਾਰਿਆਂ ਦੇ ਵਾਂਗ ਬੋਲ ਨੇ।
ਉਹਨਾਂ ਦਾ ਸੀ ਯਾਰ ਮੀਆਂ ਮੀਰ ਬਾਲਮਾ।
ਉੱਚੇ ਕੋਟੀ ਵਾਲਾ ਸੀ ਫ਼ਕੀਰ 'ਬਾਲਮਾ'।
ਇਹੋ ਜਿਹੇ ਯਾਰਾਨੇ ਟਾਂਵੇਂ-ਟਾਂਵੇਂ 'ਬਾਲਮਾ'।
ਜਗਦੇ ਨੇ ਦੀਵੇ ਛਾਂਵੇਂ-ਛਾਂਵੇਂ 'ਬਾਲਮਾ'।
ਸੂਰਜ ਦਾ ਜਗਦਾ ਪੈਗਾਮ ਰਵੇਗਾ।
ਗੁਰੂ ਜੀ ਦਾ ਜੱਗ ਉਤੇ ਨਾਮ ਰਵੇਗਾ।

**ਬਲਵਿੰਦਰ 'ਬਾਲਮ'**
**ਮੋ: 98156-25409**

### 1. ਫਰਜ ਕੋਈ ਹੋਰ ਵੀ ਹੈ

ਪਾਰ ਨਿੱਜ ਤੋਂ ਫਰਜ ਕੋਈ ਹੋਰ ਵੀ ਹੈ।
ਜੋ ਜਰਾ ਹਟ ਕੇ ਤੁਰੇ ਉਹ ਤੋਰ ਵੀ ਹੈ।

ਕੈਦ ਚੰਚਲਤਾ ਫਰਜ ਦੀ ਜੇਲ ਅੰਦਰ,
ਮਚਲਦਾ ਅੰਦਰ ਮੇਰੇ ਚਿੱਤ ਚੋਰ ਵੀ ਹੈ।

ਕਰ ਲਿਆ ਵਸ ਵਿਚ ਸਮੁੰਦਰ, ਭਰਮ ਤੇਰਾ,
ਸਾਂਤ ਹੈ ਸਤਹ ਮੇਰੀ ਅੰਦਰ ਸੋਰ ਵੀ ਹੈ।

ਬੁਝ ਗਏ, ਤਾਂ ਨ੍ਹੇਰਿਆਂ ਨੇ ਰਾਜ ਕੀਤਾ,
ਬਣ ਮਸਾਲਾਂ ਹੁਣ ਬਲਨ ਦਾ ਲੋਰ ਵੀ ਹੈ।

ਭਰਮ ਅਜੇਤੂ ਜਾਬਰਾਂ ਦਾ ਤੋੜ ਦੇਣਾ,
ਲੋਕ ਰੋਹ ਵਿਚ ਲੋਹੜੇ ਦਾ ਜ਼ੋਰ ਵੀ ਹੈ।

ਸੱਚ ਦਾ ਸੂਰਜ ਉਦੈ ਹੋਣਾ ਹੈ ਲਾਜ਼ਿਮ,
ਹੋਇਆ ਕੀ ਜੇ ਘਟਾ ਘਨਘੋਰ ਵੀ ਹੈ।

ਉਤਰਦੀ ਛੱਲ ਹੈ ਲਮਕਵੀਂ ਜੰਗ ਵਰਗੀ,
ਹੌਸਲਾ ਫਿਰ ਉੱਠਣ ਦਾ ਮੂੰਹਜੋਰ ਵੀ ਹੈ

• • •

### 2. ਉਜਰ ਕੀ ਕਰਾਂ

ਉਜਰ ਕੀ ਕਰਾਂ ਮੈਂ, ਹਜ਼ਾਰ ਪੜਦੇ ਨੇ।
ਗੁਨਾਹ ਹੋਰਾਂ ਦਾ, ਮੇਰੇ ਨਾਂਅ ਮੜ੍ਹਦੇ ਨੇ।

ਗੁਹਾਰ ਕੀ ਕਰਾਂ ਮੈਂ, ਗੁਲਾਮ ਮੁਨਸਿਫ ਵੀ।
ਗੁਨਾਹਗਾਰਾਂ ਦੇ, ਨਾਲ ਨਾਲ ਖੜਦੇ ਨੇ।

ਅਗਨ ਧੁਖ ਰਹੀ ਹੈ, ਤਮਾਮ ਜਖਮਾਂ ਚੋਂ।
ਬਿਨ੍ਹਾ ਬਲਿਆਂ ਹੀ, ਕਿਤੇ ਖਾਬ ਸੜ੍ਹਦੇ ਨੇ।

ਤਿਰੀ ਸਕਲ ਮੋਮਿਨ, ਨਈਂ ਪੜ੍ਹਨਗੇ ਲੋਕ।
ਤਿਰੇ ਅਮਲਾਂ 'ਚੋਂ, ਤਿਰਾ ਕਿਰਦਾਰ ਪੜ੍ਹਦੇ ਨੇ।

ਕਦੇ ਨਾ ਝੁਕਾਂਗੇ, ਵੰਗਾਰਿਆ ਖੁਦੀ ਨੇ।
ਅਦਮ ਹੋ ਜਾਣ ਦੇ, ਔਜਾਰ ਘੜ੍ਹਦੇ ਨੇ।

ਫਨਾਹ ਕਰ ਦਿਆਂਗੇ, ਲੁੱਟਾਂ ਦੇ ਤੰਤਰ ਨੂੰ।
ਬਾਗੀ ਸੋਚਾਂ ਦੇ, ਤਿੱਖੇ ਖਾਰ ਲੜਦੇ ਨੇ।

ਡਿੱਗੇ ਪੱਤਰ ਤਾਂ ਕੀ, ਹਾਲੇ ਰੁੱਖ ਜ਼ਿੰਦਾ ਹੈ।
ਰੁੱਤ ਪਤਝੜਾਂ ਦੀ, ਹਰ ਸਾਲ ਝੜਦੇ ਨੇ।

ਤਵਾਰੀਖ ਗਵਾਹ ਹੈ, ਸਦਾ ਸੱਚ ਜਿੱਤਿਆ।
ਮਨਸੂਰ ਸੂਲੀ ਤੇ, ਵਾਰ ਵਾਰ ਚੜ੍ਹਦੇ ਨੇ।

ਅਦਮ-- ਜਿਸ ਦਾ ਦਮਨ ਨਾ ਹੋ ਸਕੇ।

• • •

### 3. ਅਮਰ ਵੇਲ

ਰੂਪ ਨਿੱਖਰੇ ਰੱਤ ਪੀਕੇ,
ਅਜਬ ਖੇਲ ਦਾ ਕੀ ਕਰੀਏ
ਜੜ੍ਹ ਹੁੰਦੀ ਤਾਂ ਪੁੱਟ ਸੁੱਟਦੇ,
ਅਮਰ ਵੇਲ ਦਾ ਕੀ ਕਰੀਏ।

ਪੈਰ ਜੰਜੀਰਾਂ ਢਿੱਡੋਂ ਭੁੱਖੇ,
ਰੁਮਕ ਨਾ ਸਕਣ ਪੱਤੇ
ਟਹਿਣੀਆਂ ਵੀ ਸੁੱਕ ਚੱਲੀਆਂ,
ਵਿਸਰੇ ਕੇਲ ਦਾ ਕੀ ਕਰੀਏ।

ਵਾਹੀ ਬੀਜੀ ਗੁੱਡੀ ਸਿੰਜੀ,
ਅਤਿ ਮੁਸੱਕਤ ਕੀਤੀ ਲੋਕਾਂ
ਤਿਲ ਦੀ ਘਾਣੀ 'ਚੋਂ ਨਿਕਲੇ,
ਕੜਵੇ ਤੇਲ ਦਾ ਕੀ ਕਰੀਏ।

ਖੇਤ ਉਦਾਸੇ ਬਾਗ ਉਜੜਗੇ,
ਤੇ ਬਦਲਗੇ ਰਾਹ ਪਰਿੰਦੇ
ਜੋ ਖਰੀਦੀ ਰਾਖੀ ਖਾਤਰ,
ਹੁਣ ਗੁਲੇਲ ਦਾ ਕੀ ਕਰੀਏ।

ਅਤਿ ਗਰੀਬੀ ਲਾੜਾ ਲੋਭੀ,
ਮੁੜ ਗਈ ਜੰਞ ਬੂਹੇ ਤੋਂ
ਚਾਅ ਦੇ ਵਿਚ ਖੀਵੇ ਹੋਏ,
ਨਾਨਕੇ ਮੇਲ ਦਾ ਕੀ ਕਰੀਏ।

ਵਿਚ ਸਿਰਾਂ ਦੇ ਬਲਦੇ ਦੀਵੇ,
ਅਣਖ ਦੀ ਲੋਅ ਮੱਧਮ ਪੈਗੀ
ਸੁਪਨਿਆਂ ਦੇ ਸੀਸੇ ਉੱਤੇ,
ਪਈ ਤਰੇਲ ਦਾ ਕੀ ਕਰੀਏ।

ਸੱਚ ਮੰਨੋ ਜੋ ਆਖੇ ਖਾਦਿਮ,
ਨਹੀਂ ਤਾਂ ਦੇਸ ਧਰੋਹੀ
ਤੋਤਿਆਂ ਨੇ ਰੱਟ ਲਾਈ,
ਇਸ ਰਖੇਲ ਦਾ ਕੀ ਕਰੀਏ।

ਪੀੜ ਨਾ ਹੁਣ ਝੱਲ ਹੁੰਦੀ,
ਬੇਕਿਰਕਿਆਂ ਦੇ ਤੁਣਕੇ ਦੀ
ਟੋਟੇ ਟੋਟੇ ਕਰ ਦੇਣੇ ਨੇ,
ਹੋਰ ਨਕੇਲ ਦਾ ਕੀ ਕਰੀਏ।

ਕੇਲ----ਕਲੋਲ
ਖਾਦਿਮ---ਸੇਵਕ

• • •

### 4. ਸਾਰਾ ਦੇਸ ਕਰਾਹ ਰਿਹਾ ਹੈ

ਸਾਰਾ ਦੇਸ ਕਰਾਹ ਰਿਹਾ ਹੈ
ਤੰਤਰ ਸੰਖ ਵਜਾ ਰਿਹਾ ਹੈ।

ਨਫਰਤੀ ਧੂੰਆਂ ਚਾਰੇ ਪਾਸੇ
ਔਖਾ ਲੈਣਾ ਸਾਹ ਰਿਹਾ ਹੈ।

ਇੱਕੋ ਰੰਗ ਵਿੱਚ ਰੰਗ ਦਿਆਂਗੇ
ਤੇਲ ਬਲਦੀ ਤੇ ਪਾ ਰਿਹਾ ਹੈ।

ਨੰਗਾ ਨਾ ਹੋਜੇ ਦੋਖੀ ਚਿਹਰਾ
ਨਵਾਂ ਸਵਾਂਗ ਰਚਾ ਰਿਹਾ ਹੈ।

ਚੋਰ ਤੇ ਕੁੱਤੀ ਰਲੇ ਹੋਏ ਨੇ
ਕਿਸ ਤੇ ਹੁਣ ਵਿਸਾਹ ਰਿਹਾ ਹੈ।

ਮੰਦਹਾਲੀ ਤੋਂ ਨਾ ਮਿਲੀ ਖਲਾਸੀ
ਕਿਰਤ ਨੂੰ ਡਾਢਾ ਖਾ ਰਿਹਾ ਹੈ।

ਗੋਦਾਮ ਆਫਰੇ ਲੋਕ ਭੁੱਖੇ ਨੇ
ਦੇਸ ਕਿਧਰ ਨੂੰ ਜਾ ਰਿਹਾ ਹੈ।

ਫਸਲਾਂ ਨਸਲਾਂ ਦਾ ਭਾਈਚਾਰਾ
ਨਫਰਤੀ ਕੰਧਾਂ ਢਾਹ ਰਿਹਾ ਹੈ।

ਹਾਕਮ ਗੂੰਗਾ ਸਮਝ ਰਹੇ ਸੀ
ਦਿੱਲੀ ਜਾਕੇ ਗਾ ਰਿਹਾ ਹੈ।

ਮੁਕਤੀ ਮਿਲਜੂ ਇਸਦਾ ਵਾਰਸ
ਸਹਿਜੇ ਸਹਿਜੇ ਆ ਰਿਹਾ ਹੈ।

**ਪ੍ਰਿੰ. ਹਰਵਿੰਦਰ ਸਿੰਘ ਸਿੱਧੂ**

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੋਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੁਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਬੇਮੁਹਾਰੀਆਂ ਅੱਗਾਂ : ਦੇਸ਼ ਦੀ ਰਾਜਧਾਨੀ ਅੰਦਰ ਜਾਰੀ ਖਾਮੋਸ਼ ਕਿਰਤੀ-ਕਤਲੇਆਮ !

ਇਸੇ ਮਹੀਨੇ 13 ਮਈ 2022 ਨੂੰ ਦਿੱਲੀ ਦੀ ਇੱਕ ਫੈਕਟਰੀ ਅੰਦਰ ਲੱਗੀ ਅੱਗ 'ਚ 30 ਮਜ਼ਦੂਰ ਮਾਰੇ ਗਏ, ਜਿਹਨਾਂ 'ਚ 22 ਔਰਤਾਂ ਸਨ ਅਤੇ 50 ਜ਼ਖ਼ਮੀ ਹੋਏ। ਇਹ ਮਜ਼ਦੂਰ 6500 ਤੋਂ 7500 ਰੁਪਏ ਮਹੀਨਾਵਾਰ ਤੇ ਕੰਮ ਕਰਦੇ ਸਨ।

2019 ਵਿਚ ਅਗਜਨੀ ਦੀਆਂ ਤਿੰਨ ਘਟਨਾਵਾਂ 'ਚ 63 ਮਜ਼ਦੂਰ ਮਾਰੇ ਗਏ ਕਰੀਬ 90 ਮਜ਼ਦੂਰ ਜਖਮੀ ਹੋਏ। 2018 'ਚ 21 ਮਜ਼ਦੂਰ, 2011 'ਚ 38 ਮਜ਼ਦੂਰ ਅਤੇ 1997 'ਚ 60 ਮਜ਼ਦੂਰ ਅੱਗ 'ਚ ਝੁਲਸ ਕੇ ਜਾਨਾਂ ਗੁਆ ਬੈਠੇ।

ਇਹ ਸਿਰਫ ਅਗਜਨੀ ਦੀਆਂ ਉੱਘੀਆਂ ਘਟਨਾਵਾਂ ਦੇ ਕੁਝ ਅੰਕੜੇ ਹਨ। ਹੋਰ ਹਾਦਸਿਆਂ 'ਚ ਮਾਰੇ ਜਾਣ ਵਾਲੇ ਜਾਂ ਗੰਭੀਰ ਜਖਮੀ ਤੇ ਉਮਰ ਭਰ ਲਈ ਨਕਾਰਾ ਹੋ ਜਾਣ ਵਾਲੇ ਮਜ਼ਦੂਰਾਂ ਦੀ ਗਿਣਤੀ ਵੱਖਰੀ ਹੈ।

ਅਤੇ ਇਹ ਸਿਰਫ ਦਿੱਲੀ ਦੀ ਤਸਵੀਰ ਹੈ। ਦਰਅਸਲ, ਦੇਸ਼ ਅੰਦਰ ਨਕਾਰਾ ਸੁਰੱਖਿਆ ਪ੍ਰਬੰਧਾਂ ਕਰਕੇ ਵੱਖ ਵੱਖ ਉਦਯੋਗਾਂ 'ਚ ਇੱਕ ਖਾਮੋਸ਼ ਕਿਰਤੀ ਕਤਲੇਆਮ ਚੱਲ ਰਿਹਾ ਹੈ।

ਇਿਹਨਾਂ ਘਟਨਾਵਾਂ ਬਾਰੇ ਪ੍ਰਧਾਨ ਮੰਤਰੀ ਮੋਦੀ ਜਾਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੇ ਬਿਆਨ ਇਹਨਾਂ ਘਟਨਾਵਾਂ ਨੂੰ ਅਫਸੋਸਨਾਕ ਕਹਿ ਕੇ ਇਸਦੇ ਜੁੰਮੇਵਾਰ ਕਾਰਪੋਰੇਟ ਜਗਤ ਨੂੰ ਮੁਜਰਮਾਨਾ ਜੁਆਬਦੇਹੀ ਤੋਂ ਬਰੀ ਕਰਨ ਵਾਲੇ ਹਨ।

ਦਿੱਲੀ ਦੀ ਤਾਜਾ ਘਟਨਾ ਵਿਚ ਫੈਕਟਰੀ ਮਾਲਕ ਵਲੋਂ ਦਿੱਲੀ ਮਿਉਂਸਪਿਲ ਕਾਰਪੋਰੇਸ਼ਨ ਬਣਦੀਆਂ ਪ੍ਰਵਾਨਗੀਆਂ ਨਹੀਂ ਲਈਆਂ ਗਈਆਂ। ਪੁਲਸ ਨੇ ਵੀ ਇਮਾਰਤ ਦੇ ਕਿਰਾਏਨਾਮੇ ਬਾਰੇ ਕੋਈ ਵੈਰੀਫਿਕੇਸ਼ਨ ਨਹੀਂ ਕੀਤੀ ਹੋਈ ਸੀ। ਨਾ ਆਪ ਸਰਕਾਰ ਦੇ ਲੇਬਰ ਮਹਿਕਮੇ ਨੇ ਕਦੇ ਫੈਕਟਰੀ ਦੀਆਂ ਕੰਮਕਾਜੀ ਹਾਲਤਾਂ ਦੀ ਇੰਸਪੈਕਸ਼ਨ ਕੀਤੀ ਨਾ ਹੀ ਇਸਦੇ ਫਾਇਰ ਡਿਪਾਰਟਮੈਂਟ ਨੇ ਫੈਕਟਰੀ ਦੀ ਅਪਰੂਵਲ ਚੈਕ ਕੀਤੀ। ਘਟਨਾ ਉਪਰੰਤ "ਮੰਦਭਾਗੀ ਘਟਨਾ" ਕਹਿ ਕੇ ਦਿਲੀ ਸਰਕਾਰ ਤੇ ਮੋਦੀ ਸਰਕਾਰ ਨੇ ਪੱਲਾ ਝਾੜ ਲਿਆ। ਦਰਅਸਲ, ਫੈਕਟਰੀ ਮਾਲਕਾਂ ਵਲੋਂ ਮਜ਼ਦੂਰਾਂ ਦੀ ਸੁਰੱਖਿਆ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ ਅਤੇ ਸਿੱਟੇ ਵਜੋਂ ਵਾਪਰਨ ਵਾਲੇ ਹਾਦਸਿਆਂ ਸਬੰਧੀ ਸਰਕਾਰਾਂ ਅਤੇ ਪ੍ਰਸ਼ਾਸਨਾਂ ਵਲੋਂ ਸਭ ਕਾਇਦੇ ਨਿਯਮ ਛਿੱਕੇ ਟੰਗ ਕੇ ਮਾਲਕਾਂ ਦਾ ਪੱਖ ਪੂਰਿਆ ਜਾਂਦਾ ਹੈ। ਜਦੋਂ ਵੱਡੇ ਹਾਦਸੇ ਵਾਪਰਦੇ ਹਨ ਤਾਂ ਛੋਟੀਆਂ ਧਾਰਾਵਾਂ ਤਹਿਤ ਕਮਜੋਰ ਪਰਚੇ ਦਰਜ ਕੀਤੇ ਜਾਂਦੇ ਹਨ ਅਤੇ ਪਬਲਿਕ ਦਾ ਧਿਆਨ ਹਟਣ ਤੋਂ ਬਾਅਦ ਕਾਨੂੰਨੀ ਚੋਰ-ਮੋਰੀਆਂ ਦਾ ਫਾਇਦਾ ਉਠਾ ਕੇ ਦੋਸ਼ੀ ਸਾਫ ਬਚ ਨਿਕਲਦੇ ਹਨ।

ਦਰਅਸਲ, ਇਹ ਹਾਦਸੇ "ਮੰਦਭਾਗੇ" ਤਾਂ ਹਨ ਪਰ ਮਜ਼ਦੂਰਾਂ ਦਾ ਇਹ ਖਾਮੋਸ਼ ਕਤਲੇਆਮ ਦਿੱਲੀ ਦੇ ਉਦੋਯੋਗ ਕੇਂਦਰ ਦੇ ਮੁਨਾਫਿਆਂ ਨੂੰ ਯਕੀਨੀ ਬਣਾਉਣ ਦੀ "ਲਾਜਮੀ ਲਾਗਤ" ਹੈ। ਉਦਯੋਗਾਂ ਅੰਦਰ ਮਜ਼ਦੂਰਾਂ ਦੀ ਸੁਰੱਖਿਆ ਨੂੰ ਭਾਰਤ ਦੀ ਵਿਕਾਸ-ਕਹਾਣੀ 'ਚ "ਅੜਿਕੇ" ਵਜੋਂ ਦੇਖਿਆ ਜਾ ਰਿਹਾ ਹੈ। ਨਵੇਂ ਕਿਰਤ ਕੋਡਾਂ ਰਾਹੀਂ ਅਜਿਹੇ "ਅੜਿਕੇ" ਦੂਰ ਕਰਕੇ "ਬਿਜਨਸ ਕਰਨ ਦੀ ਸੌਖ" (Ease of doing Business) ਨੂੰ ਸੁਨਿਸ਼ਚਤ ਕੀਤਾ ਗਿਆ ਹੈ ਅਤੇ ਮਜ਼ਦੂਰਾਂ ਵਲੋਂ ਸੰਭਾਵੀ ਵਿਰੋਧ ਵਾਸਤੇ ਸਖਤ ਕਾਲੇ ਕਾਨੂੰਨਾਂ ਦਾ ਬੰਦੋਬਸਤ ਅਲਹਿਦਾ ਮੌਜੂਦ ਹੈ।



ਇਹ ਇਕੱਲੇ ਦਿੱਲੀ ਜਾਂ ਭਾਰਤ ਦੀ ਕਹਾਣੀ ਨਹੀਂ ਹੈ। ਸਭ ਨਵ-ਬਸਤੀਆਂ, ਗਰੀਬ ਮੁਲਕਾਂ ਜਾਂ ਅਖੌਤੀ ਵਿਕਾਸਸ਼ੀਲ ਮੁਲਕਾਂ ਦਾ ਇਹੋ ਹਾਲ ਹੈ। ਢਾਕਾ ਅੰਦਰ ਸਾਲ 2012 ਵਿਚ ਅਜਿਹੇ ਹਾਦਸੇ 'ਚ 117 ਅਤੇ 2013 'ਚ 1100 ਮਜ਼ਦੂਰ ਮਾਰੇ ਗਏ ਸਨ। ਦਰਅਸਲ ਸਾਮਰਾਜੀ ਦੇਸ਼ਾਂ ਦੇ ਨਾਮਵਰ ਬਰੈਂਡਾਂ ਦੀ ਉਤਪਾਦਨ ਲੜੀ ਦਾ ਇੱਕ ਹਿੱਸਾ ਨਵਬਸਤੀਵਾਦੀ ਮੁਲਕਾਂ ਦੇ ਅਜਿਹੇ ਹੀ ਉਤਪਾਦਨ ਕੇਂਦਰਾਂ 'ਚ ਮੌਜੂਦ ਹੈ। ਬੇਹੱਦ ਸਸਤੀ ਕਿਰਤ, ਕੋਈ ਕਿਰਤ ਅਧਿਕਾਰ ਨਹੀਂ, ਕੋਈ ਕੰਮਕਾਜੀ ਸੁਰੱਖਿਆ ਨਹੀਂ, ਇਸੇ ਕਰਕੇ ਇਹਨਾਂ ਯੂਨਿਟਾਂ ਨੂੰ "ਮੁੜ੍ਹਕੇ ਦੀਆਂ ਦੁਕਾਨਾਂ" (Sweat Shops) ਕਿਹਾ ਜਾਂਦਾ ਹੈ। ਇਹਨਾਂ ਅੰਦਰ ਮਜ਼ਦੂਰ ਦੀ ਜਾਨ ਦਾ ਕੋਈ ਮੁੱਲ ਨਹੀਂ। ਹਾਦਸੇ ਉਦੋਂ ਹੀ ਸੁਰਖੀ ਬਣਦੇ ਹਨ ਜਦੋਂ ਮ੍ਰਿਤਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਹੈ। ਪਰ, ਇਹਨਾਂ ਹਾਲਤਾਂ ਦੇ ਜੁੰਮੇਵਾਰ ਵੱਡੇ ਸਾਮਰਾਜੀ ਕਾਰਪੋਰੇਟ ਨਾ ਸਿਰਫ ਕਾਨੂੰਨ ਦੇ ਦਾਇਰੇ ਤੋਂ ਬਾਹਰ ਰੰਹਿਦੇ ਹਨ, ਸਗੋਂ ਉਹਨਾਂ ਦੀ ਸਾਖ ਨੂੰ ਕੋਈ ਝਰੀਟ ਤੱਕ ਨਹੀਂ ਆਉਂਦੀ।

ਕਾਰਪੋਰੇਟ ਮੀਡੀਆ ਅਤੇ ਸਮਾਜ ਅੰਦਰ ਮੌਜੂਦ ਪ੍ਰਤੀਕਿਰਿਆਵਾਦੀ ਤਾਕਤਾਂ ਇਸ ਖਾਮੋਸ਼ ਕਤਲੇਆਮ ਤੇ ਪਰਦਾਪੋਸ਼ੀ ਕਰਨ ਵਿਚ ਤੁਰੰਤ ਅਤੇ ਹਮੇਸ਼ਾਂ ਸਰਗਰਮ ਰੰਹਿਦੀਆਂ ਹਨ। ਇਹ ਘਟਨਾਵਾਂ ਨੂੰ "ਦੁਰਘਟਨਾਵਾਂ" ਵਜੋਂ ਪੇਸ਼ ਕਰਨ, ਕਾਰਪੋਰੇਟ ਮੁਨਾਫੇ ਦੀ ਹਵਸ ਜਾਂ ਉਦਾਰਵਾਦੀ ਨੀਤੀਆਂ ਨੂੰ ਬਰੀ ਕਰਨ ਅਤੇ ਜਲਦ ਹੀ ਲੋਕਾਂ ਦੀ ਸੁਰਤ 'ਚੋਂ ਇਹਨਾਂ ਨੂੰ ਖਤਮ ਕਰਨ ਲਈ ਝੂਠੇ ਬਿਰਤਾਂਤ ਤੇ ਹਰਬੇ ਵਰਤੇ ਜਾਂਦੇ ਹਨ। ਇਹ ਉਹੀ ਤਾਕਤਾਂ ਹਨ ਜੋ ਵਾਤਾਵਰਣ ਨੂੰ ਪਲੀਤ ਕਰਨ ਜਾਂ ਹੋਰ ਹਾਦਸਿਆਂ ਲਈ ਆਮ ਕਿਰਤੀ-ਕਿਸਾਨਾਂ ਨੂੰ ਬੱਦੂ ਕਰਨ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦੀਆਂ।

ਇਸ ਨਵਉਦਾਰਵਾਦੀ ਅਤੇ ਸਾਮਰਾਜੀ ਦਾਬੇ ਦੇ ਸੰਸਾਰ ਅੰਦਰ ਕਿਰਤੀਆਂ ਨੂੰ ਕਿਸੇ ਤੋਂ ਰਹਿਮ ਲਿਹਾਜ ਦੀ ਆਸ ਨਹੀਂ। ਉਹਨਾਂ ਦੇ ਜਮਾਤੀ ਸੰਘਰਸ਼ਾਂ ਦਾ ਸ਼ਾਨਦਾਰ ਇਤਿਹਾਸ ਹੈ ਜਿਸ ਆਸਰੇ ਉਹਨਾਂ ਬਹੁਤ ਸਾਰੇ ਹੱਕ ਹਾਸਲ ਕੀਤੇ। ਅੱਜ ਫਿਰ ਇਹ ਹੱਕ ਖੋਹੇ ਜਾ ਰਹੇ ਹਨ। ਹੱਕਾਂ ਦੀ ਇਸ ਲੜਾਈ ਵਿਚ ਕਿਰਤੀ ਦਾ ਆਸਰਾ ਉਹਨਾਂ ਦੀ ਆਪਣੀ ਏਕਤਾ ਅਤੇ ਸੰਘਰਸ਼ਾਂ ਨੇ ਹੀ ਬਣਨਾ ਹੈ।

(Collective Delhi ਵਲੋਂ ਜਾਰੀ ਰਿਪੋਰਟ 'ਤੇ ਅਧਾਰਤ)


TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan (Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60, Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair & Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਜਮਹੂਰੀ ਅਧਿਕਾਰ ਸਭਾ ਦਾ ਦੋ ਦਿਨਾਂ ਸੂਬਾਈ ਇਜਲਾਸ ਸਮਾਪਤ: ਕੱਟੜਪੰਥੀ ਤਾਕਤਾਂ ਤੋਂ ਸੁਚੇਤ ਰਹਿਣ ਦਾ ਸੱਦਾ







ਸੰਗਰੂਰ, (ਬਲਜਿੰਦਰ ਸਿੰਘ) : ਜਮਹੂਰੀ ਅਧਿਕਾਰ ਸਭਾ ਦਾ ਦੋ ਦਿਨਾਂ ਸੂਬਾ ਇਜਲਾਸ ਦੇਸ਼ ਵਿਚ ਲੋਕਾਂ ਦੇ ਜਮਹੂਰੀ ਅਤੇ ਮਨੁੱਖੀ ਹੱਕਾਂ ਨੂੰ ਕੁਚਲਣ ਵਿਰੁੱਧ ਵਿਸ਼ਾਲ ਲੋਕ ਚੇਤਨਾ ਉਸਾਰਨ ਦੇ ਅਹਿਦ ਨਾਲ ਸਮਾਪਤ ਹੋ ਗਿਆ। ਇਜਲਾਸ ਦੇ ਦੂਜੇ ਦਿਨ ਗੁਰਪ੍ਰੀਤ ਕੌਰ, ਪਰਮਜੀਤ ਕੌਰ ਤੇ ਕੁਲਵੰਤ ਕੌਰ ਦੀ ਪ੍ਰਧਾਨਗੀ ਹੇਠ ਹੋਏ ਸੈਸ਼ਨ ਵਿੱਚ ਲੋਕ ਲਹਿਰਾਂ, ਵਿਚਾਰ ਪ੍ਰਗਟਾਵੇ ਅਤੇ ਪ੍ਰੈੱਸ ਦੀ ਆਜਾਦੀ ਨੂੰ ਦਰਪੇਸ਼ ਚੁਣੌਤੀਆਂ ਬਾਰੇ ਗੰਭੀਰਤਾ ਨਾਲ ਵਿਚਾਰ ਚਰਚਾ ਕੀਤੀ ਗਈ। ਇਜਲਾਸ ਵਿੱਚ ਸਰਬਸੰਮਤੀ ਨਾਲ ਪਾਸ ਕੀਤੇ ਮਤਿਆਂ ਵਿਚ ਲੋਕਾਂ ਨੂੰ ਸੁਚੇਤ ਕੀਤਾ ਗਿਆ ਕਿ ਲੋਕ ਵਿਰੋਧੀ ਕੱਟੜਪੰਥੀ ਤਾਕਤਾਂ ਭੜਕਾਊ ਮੁੱਦੇ ਖੜ੍ਹੇ ਕਰਕੇ ਲੋਕਾਂ ਦੀ ਏਕਤਾ ਨੂੰ ਸੱਟ ਮਾਰਨ ਦੀਆਂ ਚਾਲਾਂ ਚੱਲ ਰਹੀਆਂ ਹਨ, ਜੋ ਨਾ ਸਿਰਫ ਸਮਾਜਿਕ ਸਦਭਾਵਨਾ/ਏਕਤਾ ਲਈ ਖਤਰਨਾਕ ਹੈ, ਸਗੋਂ ਇਹ ਲੋਕਾਂ ਨੂੰ ਉਨ੍ਹਾਂ ਦੇ ਅਸਲ ਮੁੱਦਿਆਂ ਤੋਂ ਵੀ ਭਟਕਾਉਂਦਾ ਹੈ।

ਜਮਹੂਰੀ ਅਧਿਕਾਰ ਸਭਾ ਵੱਲੋਂ ਫੈਸਲਾ ਲਿਆ ਕਿ ਕੱਟੜਪੰਥੀ ਸਾਜਿਸਾਂ ਵਿਰੁੱਧ ਪਰਦਾਫਾਸ ਮੁਹਿੰਮਾਂ ਚਲਾ ਕੇ ਦੱਬੇ ਕੁੱਚਲੇ ਅਤੇ ਮਿਹਨਤਕਸ ਲੋਕਾਂ ਨੂੰ ਰੁਜਗਾਰ, ਸਿਹਤ, ਸਿਖਿਆ ਤੇ ਜਲ ਜੰਗਲ ਜਮੀਨ ਨੂੰ ਬਚਾਉਣ ਲਈ ਸੰਘਰਸਾਂ ਉਪਰ ਕੇਂਦਰਤ ਕਰਨ ਦਾ ਸੱਦਾ ਦਿੱਤਾ ਜਾਵੇਗਾ। ਇੱਕ ਹੋਰ ਮਤੇ ਰਾਹੀਂ ਮਤੇ ਰਾਹੀਂ ਜੰਮੂ ਕਸਮੀਰ, ਆਦਿ ਵਾਸੀ ਇਲਾਕਿਆਂ ਅਤੇ ਉਤਰ ਪੂਰਬੀ ਰਾਜਾਂ ਵਿਚ ਆਪਣੇ ਹੀ ਲੋਕਾਂ ਵਿਰੁੱਧ ਭਾਰਤੀ ਰਾਜ ਵੱਲੋਂ ਚਲਾਏ ਜਾ ਰਹੇ ਫੌਜੀ ਤੇ ਨੀਮ ਫੌਜੀ ਅਪਰੇਸਨ ਤੁਰੰਤ ਬੰਦ ਕੀਤਾ ਜਾਣ। ਇਹ ਵੀ ਮੰਗ ਕੀਤੀ ਗਈ ਕਿ ਕਿਸਾਨ ਅੰਦੋਲਨ 'ਚ ਮੰਨੀਆਂ ਮੰਗਾਂ ਤੁਰੰਤ ਲਾਗੂ ਕੀਤੀਆਂ ਜਾਣ, ਕਿਸਾਨ ਆਗੂਆਂ ਵਿਰੁੱਧ ਦਰਜ ਸਾਰੇ ਕੇਸ ਵਾਪਸ ਲਏ ਜਾਣ ਅਤੇ ਲਖੀਮਪੁਰ ਖੀਰੀ ਕਾਂਡ ਦੇ ਦੋਸੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ। ਚਾਰ ਲੇਬਰ ਕੋਡ ਰੱਦ ਕਰਕੇ ਟਰੇਡ ਯੂਨੀਅਨ ਅਤੇ ਬਿਹਤਰ ਕੰਮ ਹਾਲਤਾਂ ਲਈ ਸਮੂਹਿਕ ਸੰਘਰਸ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ। ਅਖੀਰ ਵਿਚ ਜਥੇਬੰਦੀ ਨੂੰ ਅਗਵਾਈ ਦੇਣ ਲਈ 45 ਮੈਂਬਰੀ ਸੂਬਾ ਕਮੇਟੀ ਅਤੇ 9 ਮੈਂਬਰੀ ਸੂਬਾ ਸਕੱਤਰੇਤ ਦੀ ਚੋਣ ਕੀਤੀ ਗਈ। ਸੂਬਾ ਸਕੱਤਰੇਤ ਵਿਚ ਪ੍ਰੋਫੈਸਰ ਏਕੇ ਮਲੇਰੀ, ਪ੍ਰੋਫੈਸਰ ਜਗਮੋਹਨ ਸਿੰਘ, ਡਾਕਟਰ ਪਰਮਿੰਦਰ ਸਿੰਘ, ਐਡਵੋਕੇਟ ਐੱਨਕੇ ਜੀਤ, ਨਰਭਿੰਦਰ, ਪ੍ਰਿਪਾਲ, ਤਰਸੇਮ ਲਾਲ, ਬੂਟਾ ਸਿੰਘ, ਅਮਰਜੀਤ ਸਾਸਤਰੀ ਚੁਣੇ ਗਏ ਅਤੇ ਡਾ. ਅਜੀਤਪਾਲ ਪਾਲ, ਗੁਰਪ੍ਰੀਤ ਕੌਰ ਅਤੇ ਅਜੈਬ ਸਿੰਘ ਸਪੈਸ਼ਲ ਇਨਵਾਇਟੀ ਬਣਾਏ ਗਏ।

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀਆਂ ਸਰਗਰਮੀਆਂ ਮੁੜ ਸ਼ੁਰੂ

- 5 ਜੂਨ ਨੂੰ ਕੋਸੋ ਹਾਲ 'ਚ ਹੋਵੇਗੀ ਮਾਸਿਕ ਮੀਟਿੰਗ
- ਨਾਟਕ ਸਮਾਗਮ ਦਾ ਪੋਸਟਰ ਹੋਵੇਗਾ ਰਿਲੀਜ਼

ਕੈਲਗਰੀ : ਕੋਵਿਡ ਮਹਾਂਮਾਰੀ ਦੀਆਂ ਬੰਦਿਸ਼ਾਂ ਤੋਂ ਖਹਿੜਾ ਛੁੱਟਣ ਉਪਰੰਤ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀਆਂ ਸਰਗਰਮੀਆਂ ਮੁੜ ਜ਼ੋਰ ਫੜਨ ਲੱਗੀਆਂ ਹਨ। ਐਸੋਸੀਏਸ਼ਨ ਨੇ ਮਾਸਿਕ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰਦਿਆਂ 5 ਜੂਨ 2022 ਨੂੰ ਕੋਸੋ ਦੇ ਹਾਲ 102, 3208-8 Ave ਵਿਚ ਬਾਅਦ ਦੁਪਹਿਰ 2 ਤੋਂ ਪੰਜ ਵਜੇ ਤੱਕ ਮੀਟਿੰਗ ਸੱਦੀ ਹੈ। ਜ਼ਿਕਰਯੋਗ ਹੈ ਕਿ ਕੋਰੋਨਾ ਮਹਾਂਮਾਰੀ ਤੋਂ ਪਹਿਲਾਂ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਐਸੋਸੀਏਸ਼ਨ ਦੀ ਮੀਟਿੰਗ ਹੁੰਦੀ ਸੀ। ਐਸੋਸੀਏਸ਼ਨ ਦੇ ਬੁਲਾਰੇ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ ਅਤੇ ਨਿਰਦੇਸ਼ਕ ਹਰਕੇਸ਼ ਚੌਧਰੀ ਮੀਟਿੰਗ 'ਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣਗੇ। ਉਨ੍ਹਾਂ ਦੱਸਿਆ ਕਿ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ 19 ਜੂਨ 2022 ਨੂੰ ਕਰਵਾਏ ਜਾਣ ਵਾਲੇ ਨਾਟਕ ਸਮਾਗਮ ਦਾ ਪੋਸਟਰ ਰਿਲੀਜ਼ ਕੀਤਾ ਜਾਵੇਗਾ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) 416-817-7142 | ਦੇਵਿੰਦਰ ਤੂਰ (ਟੋਰਾਂਟੋ) 416 902 9372 | ਮਾਸਟਰ ਭਜਨ (ਕੈਲਗਰੀ) 403-455-4220 | ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794 | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ 204-881-4955 | ਬਲਜਿੰਦਰ ਸਿੰਘ ਵੜੈਚ (ਪੰਜਾਬ) +91-92167-29598 |
|---|---|---|---|---|---|









# ਮਈ ਮਹੀਨੇ ਦੀ ਇਕੱਤਰਤਾ ਮਾਂ-ਦਿਵਸ ਨੂੰ ਸਮਰਪਤ



**ਕੈਲਗਰੀ/ਗੁਰਚਰਨ ਥਿੰਦ**

ਕੈਲਗਰੀ ਵੁਮੈਨ ਕਲਚਰਲ ਐਸੋਸੀਏਸ਼ਨ ਦੀ ਮਈ ਮਹੀਨੇ ਦੀ ਮੀਟਿੰਗ 21 ਮਈ ਦਿਨ ਸ਼ਨਿਚਰਵਾਰ ਨੂੰ ਵਾਈਸ ਪ੍ਰੈਜ਼ੀਡੈਂਟ ਗੁਰਦੀਸ਼ ਗਰੇਵਾਲ ਅਤੇ ਕੁਲਦੀਪ ਘਟੌੜਾ ਹੁਰਾਂ ਦੀ ਪ੍ਰਧਾਨਗੀ ਹੇਠ ਜੈਨੇਸਿਜ਼ ਸੈਂਟਰ ਵਿਖੇ ਹੋਈ। ਗੁਰਚਰਨ ਥਿੰਦ ਨੇ ਹਾਜ਼ਰ ਭੈਣਾਂ ਨੂੰ ਜੀ ਆਇਆਂ ਆਖ ਸਭ ਦਾ ਨਿੱਘਾ ਸਵਾਗਤ ਕਰਦਿਆਂ ਮੀਟਿੰਗ ਦੀ ਸ਼ੁਰੂਆਤ ਕੀਤੀ ਅਤੇ ਰਾਜਿੰਦਰ ਚੋਹਕਾ ਜੀ ਨੂੰ ਮਈ ਮਹੀਨੇ ਨਾਲ ਸਬੰਧਤ ਦਿਹਾੜਿਆਂ ਬਾਰੇ ਗੱਲ ਕਰਨ ਦਾ ਸੱਦਾ ਦਿੱਤਾ। ਚੋਹਕਾ ਜੀ ਨੇ ਮਈ ਦਿਵਸ, ਵਿਸ਼ਵ ਪ੍ਰੈੱਸ ਦਿਵਸ, ਰੈੱਡ ਕਰਾਸ ਦਿਵਸ ਅਤੇ ਲੋਕ ਇਨਕਲਾਬ ਦੇ ਮੋਢੀ ਕਾਰਲ ਮਾਰਕਸ ਦੇ ਜੀਵਨ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਅਤੇ ਮਈ ਮਹੀਨੇ ਮਾਂ-ਦਿਵਸ ਨੂੰ ਸਮਰਪਤ ਦਿਹਾੜੇ ਬਾਰੇ ਗੱਲ ਕਰਦਿਆਂ ਕਿਹਾ ਕਿ ਮਾਂ ਨੂੰ ਇੱਕ ਦਿਨ ਹੀ ਕਿਉਂ ਹਰ ਰੋਜ਼ ਸਮਰਪਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਨੇ ਪ੍ਰੋ: ਮੋਹਨ ਸਿੰਘ ਦੀ ਕਵਿਤਾ 'ਮਾਂ ਵਰਗਾ ਘਣਛਾਵਾਂ ਬੂਟਾ ਮੈਨੂੰ ਨਜ਼ਰ ਨਾ ਆਵੇ' ਦੀਆਂ ਪੰਕਤੀਆਂ ਦੁਹਰਾਉਂਦੇ ਬਲਵਿੰਦਰ ਬਾਲਮ ਹੁਰਾਂ ਦੀ ਕਵਿਤਾ, 'ਕਿਸੇ ਵੀ ਕੀਮਤ ਤੇ ਮੈਂ ਮਾਂ ਨਹੀਂ ਦੇਣੀ' ਸੁਣਾਈ ਤਾਂ ਫਿਰ ਅੱਜ ਦੀ ਬਾਕੀ ਮੀਟਿੰਗ ਮਾਂ-ਦਿਵਸ ਨੂੰ ਹੀ ਸਮਰਪਤ ਹੋ ਗਈ। ਹਰਦੇਵ ਕੌਰ, ਇਕਬਾਲ ਕੌਰ ਭੁੱਲਰ, ਸੁਰਜੀਤ ਢਿਲੋਂ ਨੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਮਿੰਦਰ, ਕੁਲਵੰਤ ਗਿੱਲ, ਗੁਰਤੇਜ ਸਿੱਧੂ, ਕੁਲਦੀਪ ਘਟੌੜਾ ਨੇ ਮਾਂ ਦੇ ਫ਼ਰਜ਼ਾਂ ਦਾ ਵਰਨਣ ਕਰਦਿਆਂ ਇਹ ਵੀ ਕਿਹਾ ਕਿ ਮਾਂ ਕਦੇ ਆਪਣੇ ਬੱਚਿਆਂ ਨੂੰ ਦੁਰਕਾਰੇ ਨਾ ਜਾਂ ਉਹਨਾਂ ਦੇ ਦਿਲ ਦੁਖਾਉਣ ਵਾਲੀ ਗੱਲ ਨਾ ਕਰੇ।

ਅਮਰਜੀਤ ਵਿਰਦੀ (ਸੈਡਲ ਰਿੱਜ), ਸੁਰਿੰਦਰ ਸੰਧੂ, ਗੁਰਤੇਜ ਸਿੱਧੂ ਨੇ ਮਾਈ ਦੀ ਬਿਮਾਰੀ ਦੀ ਹਾਸਰਸ ਕਵਿਤਾ ਸੁਣਾ ਢਿੱਡੀਂ ਪੀੜਾਂ ਪਾਈਆਂ। ਸਰਬਜੀਤ ਉੱਪਲ, ਸ਼ਵਿੰਦਰ ਨੇ 'ਜੈਸੀ ਸੰਗਤ ਤੈਸੀ ਰੰਗਤ' ਇੱਕ ਛੋਟੀ ਜਿਹੀ ਉਦਾਹਰਣ ਦੇ ਕੇ ਦਰਸਾਈ। ਜੁਗਿੰਦਰ ਪੁਰਬਾ, ਮਨਜੀਤ ਕੌਰ, ਸ਼ਿੰਦਰਪਾਲ, ਅਵਤਾਰ ਢਿਲੋਂ, ਗੁਰਮੀਤ ਸਮਰਾ ਤੇ ਰਣਜੀਤ ਕੰਗ ਹੁਰਾਂ ਮਾਵਾਂ ਧੀਆਂ ਦੇ ਪਿਆਰ, ਵਿਯੋਗ ਤੇ ਮੇਲ-ਮਿਲਾਪ ਦੀਆਂ ਬੋਲੀਆਂ ਮਾਂਵਾਂ ਦੇ ਦਿਹਾੜੇ ਨੂੰ ਸਮਰਪਤ ਕੀਤੀਆਂ। ਕਿਰਨ ਕਲਸੀ ਨੇ ਆਪਣੇ ਪ੍ਰਵਾਰ ਵਿੱਚ ਦੂਸਰੀ ਪੋਤਰੀ ਦੇ ਜਨਮ ਦੀ ਖੁਸ਼ੀ 'ਪੁੱਤ ਦੀ ਨਾ ਧੀ ਦੀ ਖੁਸ਼ੀ ਮਨਾਈਏ ਨਵੇਂ ਜੀਅ ਦੀ' ਬੋਲਾਂ ਨਾਲ ਸਾਂਝੀ ਕੀਤੀ। ਗੁਰਦੀਸ਼ ਗਰੇਵਾਲ ਨੇ ਕਿਹਾ ਕਿ ਮਾਂ ਧੀ ਅਤੇ ਪਤਨੀ ਵਿਚੋਂ ਮਾਂ ਸਭ ਤੋਂ ਸਤਿਕਾਰਤ ਹੈ। ਭਗਤ ਪੂਰਨ ਸਿੰਘ ਦੇ ਜੀਵਨ ਤੇ ਉਸਦੀ ਮਾਂ ਮਹਿਤਾਬ ਕੌਰ ਦੇ ਡੂੰਘੇ ਪ੍ਰਭਾਵ ਦਾ ਵਰਨਣ ਕਰਦਿਆਂ ਕਿਹਾ ਕਿ ਬੱਚੇ ਨੂੰ ਜਨਮ ਦੇ ਮਾਂ ਬਣ ਜਾਣਾ ਹੀ ਕਾਫ਼ੀ ਨਹੀਂ ਉਸਦੇ ਜੀਵਨ ਨੂੰ ਲੋੜੀਂਦੀ ਸੇਧ ਦੇਂਦੇ ਰਹਿਣਾ ਵੀ ਅਤੀ ਜ਼ਰੂਰੀ ਹੈ। ਨੈਪੋਲੀਅਨ ਦੇ ਕਥਨ 'ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਚੰਗੀ ਕੌਮ ਦੇਵਾਂਗਾ' ਦਾ ਹਵਾਲਾ ਦੇ ਮਾਂ ਦੇ ਕੌਮ-ਸਿਰਜਕ ਹੋਣ ਦੀ ਗੱਲ ਵੀ ਕੀਤੀ। ਅੰਤ ਵਿੱਚ ਗੁਰਚਰਨ ਥਿੰਦ ਨੇ ਜ਼ਬਰੀ ਜਾਂ ਅਣਭੋਲ ਬਣੀਆਂ ਮਾਵਾਂ ਦੀ ਬੇਵਸੀ ਬਿਆਨਦੀ ਆਪਣੀ ਕਵਿਤਾ 'ਨਾਰੀ ਮੁਕਤੀ' ਦੇ ਇਸ ਕਾਵਿ-ਟੋਟੇ ਨਾਲ ਅੱਜ ਦੀ ਮੀਟਿੰਗ ਦੀ ਸਮਾਪਤੀ ਕੀਤੀ।

**'ਤੈਨੂੰ ਪਤਾ ਤੂੰ ਹੈਂ ਆਦਮ,**
**ਮੈਨੂੰ ਪਤਾ ਮੈਂ ਹਾਂ ਹੱਵਾ,**
**ਤੂੰ ਹੈਂ ਮੇਰਾ ਪੂਰਕ ਮੈਂ ਹਾਂ ਤੇਰੀ ਪੂਰਕ,**
**ਤੇਰੀ ਮੇਰੀ ਜੋੜੀ ਰਹਿਣੀ ਅਜ਼ਲਾਂ ਤੋੜੀ,**
**ਪਰ ਸਾਡਾ ਸਾਂਝਾ ਕਰਮ ਜੇ ਕਦੇ**
**ਬਣ ਜਾਵੇ ਕੁਕਰਮ**
**ਤਾਂ ਸਜ਼ਾ ਸਿਰ.ਫ ਮੈਨੂੰ ਤੇ ਸਿਰ.ਫ**
**ਮੈਨੂੰ ਹੀ ਕਿਉਂ ?**
**ਤੂੰ ਬਚ ਜਾਵੇਂ ਕਿੰਜ ਤੂੰ ਬਚ ਜਾਵੇਂ ਕਿਉਂ ?**

ਉਪਰੰਤ ਦਾਦੀ ਮਾਂ ਅਮਰਜੀਤ ਵਿਰਦੀ ਹੁਰਾਂ ਵਲੋਂ ਆਪਣੇ ਜੁੜਵਾਂ ਪੋਤਰਿਆਂ ਦੀ ਅਠਾਰਵੀਂ ਸਾਲ-ਗਿਰਾਹ ਦੀ ਖੁਸ਼ੀ ਵਿੱਚ ਲਿਆਂਦੇ ਗਏ ਲੱਡੂਆਂ ਸਮੋਸਿਆਂ ਦਾ ਹਾਜ਼ਰ ਪੈਂਤੀ ਕੁ ਭੈਣਾਂ ਨੇ ਰਲ ਕੇ ਆਨੰਦ ਮਾਣਿਆਂ, ਉਹਨਾਂ ਦੇ ਨਾਲ ਆਏ ਪੋਤਰੇ ਨੂੰ ਆਸ਼ੀਰਵਾਦ ਦਿੱਤਾ ਅਤੇ ਵਧਾਈਆਂ ਦਾ ਅਦਾਨ ਪ੍ਰਦਾਨ ਕੀਤਾ।

# ਗੁਰਸ਼ਰਨ ਭਾਅ ਜੀ ਦੇ ਜੱਦੀ ਘਰ ਨੂੰ ਮਿਊਜ਼ੀਅਮ ਬਣਾਉਣ ਅਤੇ ਵਿਰਾਸਤੀ ਦਰਜਾ ਦੇਣ ਦੀ ਮੰਗ




ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਨੇ ਪੰਜਾਬ ਸਰਕਾਰ ਅਤੇ ਸਥਾਨਕ ਜ਼ਿਲ੍ਹਾ ਪ੍ਰਸ਼ਾਸਨ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪ੍ਰਸਿੱਧ ਇਨਕਲਾਬੀ ਨਾਟਕਕਾਰ ਅਤੇ ਸਮਾਜਿਕ ਚਿੰਤਕ ਗੁਰਸ਼ਰਨ ਭਾਅ ਜੀ (ਭਾਈ ਮੰਨਾ ਸਿੰਘ) ਦੇ ਰਣਜੀਤਪੁਰਾ, ਖਾਲਸਾ ਕਾਲਜ, ਅੰਮ੍ਰਿਤਸਰ ਵਿਖੇ ਜੱਦੀ ਘਰ ਨੂੰ ਯਾਦਗਾਰੀ ਮਿਊਜ਼ੀਅਮ ਵਜੋਂ ਸੰਭਾਲਿਆ ਜਾਵੇ ਅਤੇ ਇਸਨੂੰ ਸਭਿਆਚਾਰਕ ਵਿਰਾਸਤ ਦਾ ਦਰਜਾ ਦਿਤਾ ਜਾਵੇ।

ਇਸ ਸੰਬੰਧੀ ਨਾਮਵਰ ਵਿਦਵਾਨ ਡਾ. ਪਰਮਿੰਦਰ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਨਾਮਵਰ ਨਾਟਕਕਾਰ ਕੇਵਲ ਧਾਲੀਵਾਲ, ਡਾ. ਸਾਹਿਬ ਸਿੰਘ, ਤਰਕਸ਼ੀਲ ਆਗੂ ਸੁਮੀਤ ਸਿੰਘ, ਉੱਘੇ ਰੰਗਕਰਮੀ ਜਸਵੰਤ ਜੱਸ, ਫੋਕੋਲੋਰ ਆਗੂ ਰਮੇਸ਼ ਯਾਦਵ ਗੁਰਸਰਨ ਸਿੰਘ ਦੀਆਂ ਧੀਆਂ ਡਾ. ਨਵਸਰਨ, ਡਾ. ਅਰੀਤ ਅਤੇ ਤਰਕਸ਼ੀਲ ਆਗੂ ਜਸਪਾਲ ਬਾਸਰਕਾ ਨੇ ਕਿਹਾ ਕਿ ਪਲਸ ਮੰਚ ਦੇ ਬਾਨੀ ਪ੍ਰਧਾਨ ਗੁਰਸਰਨ ਭਾਅ ਜੀ ਦਾ ਜੱਦੀ ਘਰ, ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਆਪਣੇ ਆਪ ਵਿੱਚ ਇਤਿਹਾਸਕ ਰੰਗ ਮੰਚ ਦੀ ਅਮੁੱਲੀ ਧਰੋਹਰ ਹੈ। ਇਹ ਕੋਈ ਮਕਾਨ ਨਹੀਂ ਅਤੇ ਨਾ ਹੀ ਇਹ ਕੋਈ ਜਾਤੀਗਤ ਮਾਮਲਾ ਹੈ। ਇਹ ਸਾਡੀ ਅਮੀਰ ਵਿਰਾਸਤ ਦਾ, ਸਾਡੇ ਇਨਕਲਾਬੀ, ਲੋਕ ਪੱਖੀ ਰੰਗ ਮੰਚ ਦੀ ਇਤਿਹਾਸਕ ਕੌਮੀ ਯਾਦਗਾਰ ਹੈ। ਇਸਨੂੰ ਕਿਸੇ ਕਿਸਮ ਦੀ ਖੇਡ ਖੇਡ ਕੇ ਨਿਜੀ ਜਾਇਦਾਦ ਐਲਾਨ ਕਰ ਕੇ ਵੇਚਣ ਵੱਟਣ, ਇਸਦੇ ਮੂਲ ਸਰੂਪ ਨਾਲ ਛੇੜ ਛਾੜ ਕਰਨ ਦੀ ਕੋਈ ਵੀ ਕੋਸ਼ਿਸ਼ ਪੰਜਾਬ ਦੇ ਰੰਗ ਕਰਮੀ, ਬੁੱਧੀਜੀਵੀ, ਲੇਖਕ, ਸਾਹਿਤਕ ਸਭਿਆਚਾਰਕ, ਤਰਕਸੀਲ, ਜਮਹੂਰੀ ਸੰਸਥਾਵਾਂ ਬਿਲਕੁਲ ਬਰਦਾਸਤ ਨਹੀਂ ਕਰਨਗੀਆਂ। ਇਸਨੂੰ ਗੁਰਸ਼ਰਨ ਭਾਅ ਜੀ ਯਾਦਗਾਰੀ ਮਿਊਜੀਅਮ ਵਜੋਂ ਸੰਭਾਲਣ ਲਈ ਹਰ ਸੰਭਵ ਯਤਨ ਕੀਤਾ ਜਾਏਗਾ।

ਇਸ ਮੌਕੇ ਤਰਕਸ਼ੀਲ ਆਗੂਆਂ ਨਾਟਕਕਾਰ ਮਾਸਟਰ ਕੁਲਜੀਤ ਵੇਰਕਾ ਅਤੇ ਅਸ਼ਵਨੀ ਕੁਮਾਰ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਨੇ ਇਸ ਘਰ ਵਿਚ ਰਹਿੰਦੇ ਹੋਏ ਕਈ ਦਹਾਕੇ ਵੱਖ ਵੱਖ ਆਰਥਿਕ, ਸਮਾਜਿਕ, ਰਾਜਸੀ ਅਤੇ ਧਾਰਮਿਕ ਮੁੱਦਿਆਂ ਸੰਬੰਧੀ ਸੈਂਕੜੇ ਲੋਕਪੱਖੀ ਨਾਟਕ ਲਿਖੇ ਅਤੇ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਇਨ੍ਹਾਂ ਦੀਆਂ ਹਜ਼ਾਰਾਂ ਪੇਸ਼ਕਾਰੀਆਂ ਕੀਤੀਆਂ। ਉਨ੍ਹਾਂ ਨੇ ਪੰਜਾਬ ਵਿਚ ਦੋਮੂੰਹੀਂ ਦਹਿਸਤਗਰਦੀ ਮੌਕੇ ਪੰਜਾਬ ਵਿਚ ਪੂਰੀ ਨਿਡਰਤਾ ਅਤੇ ਨਿਰਪੱਖਤਾ ਨਾਲ ਨਾਟਕ ਖੇਡ ਕੇ ਜਿਥੇ ਧਰਮ ਦੇ ਨਾਮ ਹੇਠ ਹੁੰਦੀ ਕਤਲੋਗਾਰਤ ਦਾ ਵਿਰੋਧ ਕੀਤਾ ਉਥੇ ਹੀ ਹਕੂਮਤ ਵਲੋਂ ਝੂਠੇ ਪੁਲਿਸ ਮੁਕਾਬਲਿਆਂ ਅਤੇ ਜਬਰ ਦੇ ਖਿਲਾ.ਫ ਵੀ ਆਵਾਜ਼ ਬੁਲੰਦ ਕੀਤੀ। ਜਮਹੂਰੀ ਆਗੂਆਂ ਨੇ ਅੱਜ ਗੁਰਸ਼ਰਨ ਭਾਅ ਜੀ ਦੇ ਨਿਵਾਸ ਉਤੇ ਅਜਿਹੀ ਹਰਕਤ ਕਰਨ ਦਾ ਗੰਭੀਰ ਨੋਟਿਸ ਲਿਆ ਅਤੇ ਗੁਰਸਰਨ ਭਾਅ ਜੀ ਦੇ ਘਰ, ਗੁਰੂ ਖਾਲਸਾ ਨਿਵਾਸ ਅੰਮ੍ਰਿਤਸਰ ਦੇ ਬਾਹਰ ਇੱਕ ਦਮ ਵਿਰੋਧ ਵਿੱਚ ਜਨਤਕ ਪ੍ਰਤੀਕਿਰਿਆ ਹੋਣ ਤੇ ਪ੍ਰਸਾਸਨ ਵੱਲੋਂ ਨੋਟਿਸ ਲਗਾਕੇ ਲੋਕ ਆਵਾਜ ਦੇ ਹੱਕ ਵਿੱਚ ਸਟੇਟਸ ਕੋ ਦੇ ਹੁਕਮ ਜਾਰੀ ਕਰਨ ਨੂੰ ਚੰਗਾ ਕਦਮ ਦੱਸਿਆ।













# ਇੱਕੀਵੀਂ ਸਦੀ ਦੇ ਨਲਾਇਕ ਤੇ ਪਿੱਛਲੱਗ



ਮੌਂਟਰੀਅਲ, (ਮਨਦੀਪ) : ਅੱਜ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਵੱਲੋਂ ਪਹਿਲੀ ਵਾਰ ਮੌਂਟਰੀਅਲ ਵਿਖੇ ਪੁਸਤਕ ਪ੍ਰਦਰਸ਼ਨੀ ਲਗਾਈ ਗਈ। ਬਹੁਤ ਚੰਗਾ ਹੁੰਗਾਰਾ ਮਿਲਿਆ। ਮਾਸਟਰ ਹਰੀਸ਼ ਪੱਖੋਵਾਲ ਵਲੋਂ ਭੇਜੀਆਂ ਲੱਗਭੱਗ 90% ਕਿਤਾਬਾਂ ਹੱਥੋ-ਹੱਥ ਵਿਕ ਗਈਆਂ। ਮੌਂਟਰੀਅਲ ਵਿਦਿਆਰਥੀ ਸੰਘਰਸ਼ ਬਾਰੇ ਮੈਗਜ਼ੀਨ 'ਨੌਜਵਾਨ ਅਵਾਜ਼' ਚੰਗੀ ਗਿਣਤੀ ਵਿੱਚ ਵਿਕਿਆ। ਵਿਕਟਰ ਜਾਰਾ ਬਾਰੇ ਕਿਤਾਬ ਕੁਝ ਹੀ ਘੰਟਿਆਂ ਵਿੱਚ ਵਿਕ ਗਈ। ਗੋਰਕੀ, ਪਾਬਲੋ ਨੈਰੂਦਾ, ਬੋਰਿਸ ਪਲੇਵੋਈ...ਆਦਿ ਦਾ ਚੰਗਾ ਸਾਹਿਤ ਲੋਕਾਂ ਨੇ ਖ੍ਰੀਦਿਆ। ਅਗਾਂਹਵਧੂ ਲੋਕਾਂ ਨਾਲ ਸੰਪਰਕ ਵਧੇ।...

ਇਸ ਦੌਰਾਨ ਇਕਾ-ਦੁੱਕਾ ਕੱਟੜ ਫਿਰਕੂ ਨੌਜਵਾਨ ਬੁੱਕ ਸਟਾਲ ਕੋਲ ਆ ਧਮਕੇ। ਉਹਨਾਂ ਨੂੰ ਸਰਦਾਰਾ ਸਿੰਘ ਮਾਹਿਲ ਅਤੇ ਰਾਜਿੰਦਰ ਦੀਪ ਸਿੰਘ ਵਾਲਾ ਦੀ ਕਿਸਾਨ ਸੰਘਰਸ਼ ਬਾਰੇ ਛਪੀ ਕਿਤਾਬ ਤੋਂ ਤਕਲੀਫ ਸੀ। ਅਸਲ ਤਕਲੀਫ ਰਾਜਿੰਦਰ ਦੀਪ ਸਿੰਘ ਵਾਲਾ ਦੇ ਨਾਂ ਤੋਂ ਸੀ। ਉਹਨਾਂ ਦੇ ਰਾਜਿੰਦਰ ਨੂੰ ਲੈ ਕੇ ਕੁਝ ਤੁਅੱਸਬ ਸਨ। ਕਿਤਾਬ ਪੜ੍ਹਨਾ ਤਾਂ ਦੂਰ ਉਹਨਾਂ ਦਾ ਕਿਤਾਬਾਂ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਸੀ ਜਾਪਦਾ। ਬੁੱਕ ਸਟਾਲ ਤੇ ਖੜੇ ਕਮੇਟੀ ਮੈਂਬਰਾਂ ਨੇ ਕਿਹਾ ਕਿ ਜੇਕਰ ਤੁਹਾਨੂੰ ਕੋਈ ਪ੍ਰਾਬਲਮ ਹੈ ਤਾਂ ਰਾਜਿੰਦਰ ਨਾਲ ਗੱਲ ਕਰੋ। ਇੱਕ ਵਾਰ ਤਾਂ ਉਹ ਚਲੇ ਗਏ ਪਰ ਫਿਰ ਤਿਆਰੀ ਕਰਕੇ ਆ ਗਏ। ਅਖੇ, ਇਹ ਕਿਤਾਬ ਇੱਥੇ ਨਹੀਂ ਰੱਖ ਸਕਦੇ, ਤੁਸੀਂ ਕਾਮਰੇਡ ਹੋ, ਇਹ ਕਾਮਰੇਡੀ ਕਿਤਾਬਾਂ ਨੇ, ਕਿਸਤੋਂ ਪ੍ਰਮੀਸ਼ਨ ਲੈ ਕੇ ਸਟਾਲ ਲਾਈ ਹੈ? ਕਮੇਟੀ ਆਗੂ ਵਰੁਣ ਨੇ ਸਮਝਾਇਆ ਕਿ ਇਹ ਕਿਤਾਬ ਵੀ ਇੱਥੇ ਰਹੇਗੀ ਤੇ ਸਟਾਲ ਵੀ, ਅੱਗੇ ਹੁਣ ਤੁਸੀਂ ਦੇਖਲੋ ਕਿਵੇਂ ਕਰਨੀ ਆ? ਸਾਡਾ ਤਾਂ ਤੈਅ ਆ।

ਫਿਰ ਉਹਨਾਂ ਕਾਗਜ਼ੀ ਸ਼ੇਰਾਂ ਨੇ ਇਕ ਹੋਰ ਕਮੇਟੀ ਮੈਂਬਰ ਨੂੰ ਕਿਹਾ ਕਿ ਤੂੰ ਸਿੱਖ ਹੋ ਕੇ ਇਹਨਾਂ ਦਾ ਸਾਥ ਦੇ ਰਿਹਾ।ਤਾਂ ਉਸ ਨੌਜਵਾਨ ਨੇ ਜਵਾਬ ਦਿੱਤਾ 'ਜਦੋਂ ਮੌਂਟਰੀਅਲ ਦੇ ਤਿੰਨ ਕਾਲਜ ਬੰਦ ਸੀ ਤੇ ਅਸੀਂ ਮਿਲਕੇ ਸੰਘਰਸ਼ ਕਰ ਰਹੇ ਸਾਂ ਉਦੋਂ ਤੁਸੀਂ ਕਿੱਥੇ ਸੀ ਵੱਡੇ ਸਿੱਖੀ ਦੇ ਪਹਿਰੇਦਾਰ?' ਇਹ ਲੋਕ ਸਿੱਖ ਵਰਸਿਜ ਕਾਮਰੇਡ ਦੇ ਫੇਸਬੁੱਕੀ ਬਿਰਤਾਂਤ ਦੇ ਰੋਗੀ ਸਨ। ਕੰਗਾਲੀ ਦੀ ਕੋਈ ਹੱਦ ਨਹੀਂ। ਲਫਾਜੀਬਾਜ਼ੀ ਤੋਂ ਬਿਨ ਕੱਖ ਪੱਲੇ ਨਹੀਂ। ਧਰਮ ਦਾ ਬੁਰਕਾ ਪਹਿਨਕੇ ਹੱਕ-ਸੱਚ, ਗਿਆਨ ਦੇ ਘੋਰ ਦੁਸ਼ਮਣ। ਕਿਤਾਬਾਂ ਤੋਂ ਡਰੀ ਜਾਂਦੇ ਨੇ ਤੇ ਗੱਲਾਂ ਰਾਜ ਭਾਗ ਸਾਂਭਣ ਦੀਆਂ।

# ਪੰਜਾਬੀ ਲਿਖਾਰੀ ਸਭਾ ਕੈਲਗਰੀ ਨੇ 23 ਜੁਲਾਈ ਨੂੰ ਹੋਣ ਵਾਲੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਦਾ ਪੋਸਟਰ ਰਿਲੀਜ ਕੀਤਾ

**ਕੈਲਗਰੀ/ਜ਼ੋਰਾਵਰ ਬਾਂਸਲ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਮਈ ਮਹੀਨੇ ਦੀ ਮੀਟਿੰਗ ਸ਼ਨੀਵਾਰ ਇੱਕੀ ਮਈ ਨੂੰ ਕੋਸੋ ਦੇ ਹਾਲ ਵਿੱਚ ਹੋਈ। ਮੀਟਿੰਗ ਦਾ ਆਗਾਜ਼ ਕਰਦਿਆਂ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੇ ਪ੍ਰਧਾਨ ਦਵਿੰਦਰ ਮਲਹਾਂਸ ਤੇ ਜਮਹੂਰੀਅਤ ਹੱਕਾਂ ਦੀ ਆਵਾਜ਼ ਜਗਦੀਸ਼ ਚੋਹਕਾ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸੱਦਾ ਦਿੱਤਾ। ਸਾਹਿਰ ਲੁਧਿਆਣਵੀਂ ਦੀ ਗ਼ਜ਼ਲ 'ਖ਼ੂਨ ਅਪਨਾ ਹੋ ਜਾਂ ਪਰਾਇਆ ਹੋ, ਨਸਲ-ਏ-ਆਦਮ ਖ਼ੂਨ ਹੈ ਆਖਿਰ' ਪੜ੍ਹ ਕੇ ਰੂਸ ਯੂਕਰੇਨ ਦੀ ਜੰਗ ਦੇ ਘਾਤਕ ਸਿੱਟਿਆਂ ਦਾ ਜ਼ਿਕਰ ਕਰਦਿਆਂ ਅਲ-ਜਜ਼ੀਰਾ ਦੀ ਇੱਕ ਪ੍ਰਮੁੱਖ ਮਹਿਲਾ ਪੱਤਰਕਾਰ ਸ਼ਰੀਨ ਅਬੂ ਅਖਲੇਹ ਨੂੰ ਇਸਰਾਇਲੀ ਕਾਬਜ ਫੌਜਾਂ ਵੱਲੋਂ ਮਾਰੀ ਗਈ ਗੋਲੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਤੇ ਕੁਰਬਾਨੀ ਨੂੰ ਸਿਜਦਾ ਕੀਤਾ। ਪਰਮਜੀਤ ਕੌਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਪੂਰੇ ਜੀਵਨ ਵਿੱਚ ਵਾਪਰੀਆਂ ਘਟਨਾਵਾਂ ਦਾ ਵੇਰਵਾ ਦੇ ਕੇ ਜ਼ਿਕਰ ਕੀਤਾ ਕਿ ਉਨ੍ਹਾਂ ਜਿਹੀ ਲਾਸਾਨੀ ਕੁਰਬਾਨੀ ਦੀ ਮਿਸਾਲ ਕੋਈ ਦੂਸਰੀ ਨਹੀਂ ਮਿਲਦੀ। ਡਾ. ਹਰਭਜਨ ਢਿੱਲੋਂ ਜੋ 'ਸ਼ਬਦ ਸਾਂਝ' ਸੰਸਥਾ ਦੇ ਸੰਚਾਲਕ ਹਨ। ਇਕਬਾਲ ਰਾਮੂਵਾਲੀਆ ਜੀ ਦੇ ਜੀਵਨ ਉੱਤੇ ਆਧਾਰਤ ਸੰਪਾਦਿਤ ਸਿਮਰਤੀ ਗ੍ਰੰਥ ਬਾਰੇ ਉਨ੍ਹਾਂ ਜਾਣਕਾਰੀ ਸਾਂਝੀ ਕੀਤੀ ਤੇ ਇਹ ਸਿਮਰਤੀ ਗ੍ਰੰਥ ਸਭਾ ਨੂੰ ਭੇਟ ਕੀਤਾ ਤੇ ਆਲੋਚਕਾਂ ਬਾਰੇ ਆਪਣੇ ਵਿਚਾਰ ਵੀ ਸਾਂਝੇ ਕੀਤੇ। ਪ੍ਰਧਾਨ ਦਵਿੰਦਰ ਮਲਹਾਂਸ ਨੇ ਤੇਈ ਜੁਲਾਈ ਨੂੰ ਹੋਣ ਵਾਲੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਦੇ ਪਿਛੋਕੜ ਤੇ ਆਉਣ ਸਮਾਗਮ ਦੀ ਜਾਣਕਾਰੀ ਸਾਂਝੀ ਕੀਤੀ, ਜੋ ਬੱਚਿਆ ਨੂੰ ਆਪਣੀ ਮਾਂ ਬੋਲੀ ਨਾਲ ਜੋੜਨ ਦਾ ਖਾਸ ਉਪਰਾਲਾ ਹੈ। ਇਸ ਬਾਰੇ ਹੋਰ ਵੇਰਵਾ ਆਉਣ ਵਾਲੇ ਦਿਨਾਂ ਵਿਚ




ਸਾਂਝਾ ਕੀਤਾ ਜਾਏਗਾ। ਸਭਾ ਦੀ ਪੂਰੀ ਕਾਰਜਕਾਰੀ ਕਮੇਟੀ ਅਤੇ ਆਏ ਹੋਏ ਖਾਸ ਮਹਿਮਾਨਾਂ ਵੱਲੋਂ ਇਹ ਪੋਸਟਰ ਰਿਲੀਜ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਤੋਂ ਇਲਾਵਾ ਜਸਬੀਰ ਕਲਸੀ ਧਰਮਕੋਟ ਵਲੋਂ ਲਿਖੀਆਂ ਚਾਰ ਪੁਸਤਕਾਂ ਦੀ ਜਾਣਕਾਰੀ ਸੰਖੇਪ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਸਾਂਝੀ ਕੀਤੀ ਤੇ ਕਿਹਾ ਕਿ ਜਸਬੀਰ ਕਲਸੀ ਆਪਣੀਆਂ ਲਿਖਤਾਂ ਪ੍ਰਪੱਕਤਾ ਨਾਲ ਲਿਖਦੇ ਹਨ। ਉਨ੍ਹਾਂ ਵੱਲੋਂ ਇਹ ਕਿਤਾਬਾਂ ਸਭਾ ਲਈ ਵਿਸ਼ੇਸ਼ ਤੌਰ ਤੇ ਭੇਜੀਆਂ ਗਈਆਂ ਸਨ। ਨਵ ਡਾਲਵੀ ਨੇ ਵੀ ਉਨ੍ਹਾਂ ਨਾਲ ਬਿਤਾਏ ਹੋਏ ਪਲਾਂ ਦਾ ਜ਼ਿਕਰ ਕੀਤਾ ਅਤੇ ਆਪਣੇ ਸਵਰਗਵਾਸੀ ਪਿਤਾ ਬਹਾਦਰ ਡਾਲਵੀ ਜੀ ਦਾ ਖ਼ੂਬਸੂਰਤ ਗੀਤ 'ਦੁਨੀਆਂ ਮਤਲਬ ਦੀ, ਮਤਲਬ ਦੀ ਮੇਰੇ ਯਾਰ' ਸੁਣਾ ਕੇ ਆਪਣੇ ਪਿਤਾ ਜੀ ਦੀ ਯਾਦ ਨੂੰ ਤਾਜ਼ਾ ਕੀਤਾ। ਬਲਵੀਰ ਗੋਰਾ ਨੇ ਗੀਤ ਅਤੇ ਬਲਜਿੰਦਰ ਸੰਘਾ ਨੇ ਕਵਿਤਾ ਸੁਣਾਈ। ਮੰਗਲ ਚੱਠਾ ਨੇ ਲੋਕਾਂ ਦੀ ਦੋਹਰੀ ਤੇ ਮੌਕੇ ਮੁਤਾਬਿਕ ਬਦਲਣ ਵਾਲੀ ਵਿਚਾਰਧਾਰਾ ਉੱਤੇ ਕਟਾਕਸ਼ ਕੀਤਾ। ਜਗਜੀਤ ਸਿੰਘ ਰੈਹਸੀ, ਮਨਮੋਹਨ ਸਿੰਘ ਬਾਠ ਨੇ ਰਚਨਾਵਾਂ ਸੁਣਾਇਆ। ਸਭਾ ਦੀ ਮੀਟਿੰਗ ਵਿੱਚ ਪਹਿਲੀ ਵਾਰੀ ਹਾਜ਼ਰ ਹੋਏ ਤਲਵਿੰਦਰ ਸਿੰਘ ਟੋਨੀ ਨੇ ਮਨੁੱਖੀ ਜੀਵਨ ਵਿੱਚ ਕਿਤਾਬਾਂ ਦੇ ਪ੍ਰਭਾਵ ਦੀ ਗੱਲ ਕੀਤੀ। ਕੈਨੇਡਾ ਵਿੱਚ ਸਟੂਡੈਂਟ ਆ ਕੇ ਬਹੁਤ ਸੁਚੱਜੇ ਢੰਗ ਨਾਲ ਜ਼ਿੰਦਗੀ ਬਤੀਤ ਕਰਨ ਵਾਲੇ ਇਸ ਨੌਜਵਾਨ ਦੀ ਵਿਚਾਰਧਾਰਾ ਨੇ ਸਭ ਨੂੰ ਬਹੁਤ ਬਾਗੋ-ਬਾਗ ਕਰ ਦਿੱਤਾ। ਤਲਵਿੰਦਰ ਟੋਨੀ ਨੇ ਨਜ਼ਮ ਸੁਣਾ ਕੇ ਵਾਹ-ਵਾਹ ਖੱਟੀ। ਜਗਦੀਸ਼ ਚੌਂਹਕਾ ਨੇ ਪੰਜਾਬੀ ਲਿਖਾਰੀ ਸਭਾ ਵਿੱਚ ਵਿਚਾਰੇ ਜਾਂਦੇ ਪ੍ਰਭਾਵਸ਼ਾਲੀ ਵਿਸ਼ਿਆ ਅਤੇ ਚਰਚਾ 'ਤੇ ਖੁਸੀ ਜਾਹਿਰ ਕੀਤੀ। ਉਨ੍ਹਾਂ ਚੀਨ ਦੇ ਸੁਹਿਰਦ ਸਾਹਿਤ ਦਾ ਵੇਰਵਾ ਦਿੰਦਿਆਂ ਪੰਜਾਬੀ ਸਾਹਿਤ ਦੀ ਗੱਲ ਕਰਦਿਆਂ ਕਿਹਾ ਕਿ ਕਈ ਲੇਖਕ ਭੂਤ ਦੀ ਵਿਰਾਸਤ ਦਾ ਬੋਝ ਚੁੱਕੀ ਫਿਰਦੇ ਹਨ ਤੇ ਬਹੁਤ ਜ਼ਿਆਦਾ ਲਿਖਣ ਤੇ ਘੱਟ ਪੜਨ ਵਿੱਚ ਵਿਸਵਾਸ ਰੱਖਦੇ ਹਨ ਪਰ ਚੰਗਾ ਤੇ ਪ੍ਰਭਾਵਸ਼ਾਲੀ ਸਾਹਿਤ ਲਿਖਣ ਦੀ ਲੋੜ ਉੱਤੇ ਜ਼ੋਰ ਦਿੱਤਾ। ਇਸੇ ਸੰਦਰਭ ਵਿੱਚ ਰਾਜਿੰਦਰ ਕੌਰ ਚੋਹਕਾ ਨੇ ਆਪਣੇ ਨਿੱਜੀ ਤਜਰਬੇ ਸਾਂਝੇ ਕੀਤੇ। ਰਣਜੀਤ ਸਿੰਘ ਨੇ ਤਸਵੀਰਾਂ ਖਿੱਚਣ ਤੋਂ ਲੈ ਕੇ ਪੂਰੀ ਮੀਟਿੰਗ ਦੀ ਹਰ ਪੱਖੋਂ ਦੇਖ-ਰੇਖ ਦੀ ਜ਼ਿੰਮੇਵਾਰੀ ਨਿਭਾਈ। ਅਖੀਰ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ ਤੇ ਜ਼ੋਰਾਵਰ ਬਾਂਸਲ ਨੇ ਸਭ ਦਾ ਧੰਨਵਾਦ ਕੀਤਾ ਅਤੇ ਹਰ ਮਹੀਨੇ ਦੇ ਤੀਸਰੇ ਸ਼ਨੀਵਾਰ ਹੋਣ ਵਾਲੀ ਮਹੀਨਾਵਾਰ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਸਭ ਨੂੰ ਅਪੀਲ ਕੀਤੀ। ਅਗਲੀ ਮੀਟਿੰਗ ਅਠਾਰਾਂ ਜੂਨ ਨੂੰ ਕੋਸੋ ਹਾਲ ਵਿੱਚ ਹੀ ਹੋਵੇਗੀ। ਕਿਸੇ ਵੀ ਤਰ੍ਹਾਂ ਦੀ ਹੋਰ ਜਾਣਕਾਰੀ ਲਈ 403 993 2201ਅਤੇ 587 437 7805 'ਤੇ ਸਪੰਰਕ ਕੀਤਾ ਜਾ ਸਕਦਾ ਹੈ।










- ਹਰਜਿੰਦਰ ਕੰਗ


## ਪੰਜਾਬੀ ਗੀਤਕਾਰਾਂ ਦੀ ਗੱਲ ਤੋਰਦੀ ਕਿਤਾਬ

# "ਮਿੱਟੀ ਨੂੰ ਫਰੋਲ ਜੋਗੀਆ"

ਅਸ਼ੋਕ ਬਾਂਸਲ ਨੂੰ ਪੰਜਾਬੀ ਗੀਤਾਂ ਨਾਲ ਇਸ਼ਕ ਹੈ। ਉਹ ਗੀਤਾਂ ਤੇ ਗੀਤਕਾਰਾਂ ਨੂੰ ਲੱਭਦਾ ਆਪ ਗੁੰਮ ਹੋ ਜਾਂਦਾ ਹੈ। ਗੀਤਾਂ ਤੇ ਗੀਤਕਾਰਾਂ ਨੂੰ ਸਾਂਭਦਾ ਆਪ ਬਿਖਰ ਜਾਂਦਾ ਹੈ। ਬਹੁਤ ਕੁਝ ਬਿਖਰਿਆ ਤੇ ਵਿਸਰਿਆ ਹੋਇਆ ਉਸਨੇ ਬੜੇ ਸਲੀਕੇ ਨਾਲ ਇਸ ਕਿਤਾਬ 'ਚ ਸਾਂਭ ਲਿਆ ਹੈ। ਪੱਥਰ ਦੇ ਰਿਕਾਰਡਾਂ ਤੋਂ ਲੈ ਕੇ ਕੰਪਿਊਟਰ ਯੁੱਗ ਤੱਕ ਦੇ ਗੀਤਾਂ ਦਾ ਅਨਮੋਲ ਖਜ਼ਾਨਾ ਉਸਨੇ ਸਾਂਭਿਆ ਹੈ। ਅਸ਼ੋਕ ਬਾਂਸਲ ਪੰਜਾਬੀ ਗੀਤਾਂ ਦੀ ਐੱਚ. ਐੱਮ. ਵੀ ਹੈ। ਐੱਚ. ਐੱਮ. ਵੀ ਕੰਪਨੀ ਵਾਲਿਆਂ ਨੇ ਬਹੁਤ ਸਾਰੇ ਗੀਤ ਅਸ਼ੋਕ ਬਾਂਸਲ ਤੋਂ ਇਕੱਤਰ ਕਰਵਾ ਕੇ ਉਨ੍ਹਾਂ ਦੀਆਂ ਟੇਪਾਂ ਤੇ ਸੀ ਡੀਆਂ ਬਣਾਈਆਂ।

ਮਿੱਟੀ ਨੂੰ ਫਰੋਲ ਜੋਗੀਆ ਰਾਹੀਂ ਉਸਨੇ ਅਨਮੋਲ ਗੀਤਕਾਰ ਮਿੱਟੀ 'ਚ ਰੁਲਣੋਂ ਬਚਾ ਲਏ। ਲੋਕ ਜਿਨ੍ਹਾਂ ਗੀਤਾਂ ਨੂੰ ਲੋਕ ਗੀਤ ਸਮਝ ਕੇ ਸੁਣੀ ਜਾਂਦੇ ਨੇ ਤੇ ਬਹੁਤੀਆਂ ਕੰਪਨੀਆਂ ਦੇ ਕਵਰਾਂ, ਯੂ-ਟਿਊਬ ਤੇ ਦਰਜ ਗੀਤਾਂ ਨਾਲ ਜਾਂ ਤਾਂ ਗੀਤਕਾਰ ਦਾ ਨਾਂ ਹੈ ਹੀ ਨਹੀਂ ਜਾਂ ਠੀਕ ਨਹੀਂ ਹੁੰਦਾ। ਇਸ ਕਿਤਾਬ ਵਿੱਚ ਗਾਇਕ, ਗੀਤਕਾਰ, ਸੰਗੀਤਕਾਰ, ਕੰਪਨੀ, ਰਿਕਾਰਡ ਨੰਬਰ ਤੇ ਸਾਲ ਦੀ ਤਸਦੀਕਸ਼ੁਦਾ ਮੌਲਿਕ ਜਾਣਕਾਰੀ ਦਰਜ ਹੈ। ਜਿਸ ਨੂੰ ਹਵਾਲੇ ਵਜੋਂ ਵਰਤਿਆ ਜਾ ਸਕਦਾ ਹੈ।

ਬਾਜਰੇ ਦਾ ਸਿੱਟਾ ਅਸਾਂ ਤਲੀ ਤੇ ਮਰੋੜਿਆ, ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਅੰਦਰ ਜਾਵਾਂ ਬਾਹਰ ਜਾਵਾਂ ਲਾਲ ਚੂੜਾ ਛਣਕਦਾ, ਕੁੜਤੀ ਮੇਰੀ ਛੀਂਟ ਦੀ, ਇਹ ਸਾਰੇ ਗੀਤ (ਲੋਕ ਗੀਤ) ਗਿਆਨ ਚੰਦ ਧਵਨ ਦੇ ਹਨ। ਗਿਆਨ ਚੰਦ ਧਵਨ ਦੇ ਜੀਵਨ ਤੇ ਗੀਤਾਂ ਬਾਰੇ ਜਾਨਣ ਲਈ ਅਸ਼ੋਕ ਬਾਂਸਲ ਕਿਵੇਂ ਦੀਵਾਨਿਆਂ ਵਾਂਗ ਦਿੱਲੀ ਉਨ੍ਹਾਂ ਦੇ ਘਰ ਪਹੁੰਚਦਾ ਹੈ, ਇਹ ਬੜੀ ਦਿਲਚਸਪ ਕਹਾਣੀ ਹੈ ਜੋ ਅਸ਼ੋਕ ਬਾਂਸਲ ਦੇ ਗੀਤਾਂ ਨਾਲ ਇਸਕ ਦੀ ਗਵਾਹੀ ਦਿੰਦੀ




ਹੈ। ਅੱਖੀਆਂ 'ਚ ਤੂੰ ਵਸਦਾ, ਮਹਿਰਮ ਦਿਲਾਂ ਦੇ ਮਾਹੀ, ਲੰਮਾ ਲੰਮਾ ਬਾਜਰੇ ਦਾ ਸਿੱਟਾ, ਐਧਰ ਕਣਕਾਂ ਓਧਰ ਕਣਕਾਂ, ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ, ਆਹ ਲੈ ਮਾਏਂ ਸਾਂਭ ਕੁੰਜੀਆਂ, ਨੈਣ ਪ੍ਰੀਤੋ ਦੇ...ਤੇ ਅਨੇਕਾਂ ਹੋਰ ਐਸੇ ਗੀਤਾਂ ਦੇ ਗੀਤਕਾਰ ਕੌਣ ਨੇ? ਇਹ ਜਾਣਕਾਰੀ ਇਸ ਕਿਤਾਬ 'ਚੋਂ ਵਿਸਥਾਰ ਸਹਿਤ ਮਿਲੇਗੀ। ਗੜਵਾ ਲੈ ਦੇ ਚਾਂਦੀ ਦਾ ਗੀਤ ਨਾਲ ਜੁੜਿਆ ਕਿੱਸਾ ਵੀ ਬੜਾ ਦਿਲਚਸਪ ਹੈ। ਸਾਂਗ, ਸਬਾਂਕੀ, ਪੇਂਜੂ, ਧਾਈਆ, ਝੱਟਾ ਤੇ ਕਈ ਪੁਰਾਤਨ ਸ਼ਬਦਾਂ ਦੇ ਅਰਥ ਦੱਸ ਕੇ ਅਸ਼ੋਕ ਬਾਂਸਲ ਆਪਣੀ ਗਹਿਰ ਗੰਭੀਰ ਸੂਝ ਦਾ ਸਬੂਤ ਦਿੰਦਾ ਹੈ।

ਜੋ ਕੰਮ ਕਿਸੇ ਜ਼ਿੰਮੇਵਾਰ ਅਦਾਰੇ ਦੇ ਕਰਨ ਵਾਲਾ ਸੀ, ਉਹ ਅਸ਼ੋਕ ਬਾਂਸਲ ਨੇ ਇਕੱਲੇ ਨੇ ਬਹੁਤ ਜ਼ਿੰਮੇਵਾਰੀ ਨਾਲ ਕਰ ਵਿਖਾਇਆ। ਉਸਦੀ ਲਗਨ ਤੇ ਸ਼ਰਧਾ ਨੂੰ ਸਲਾਮ। ਲੇਖਕ ਦੀ ਮਿਹਨਤ ਤੇ ਗੀਤਕਾਰਾਂ ਦਾ ਸਨਮਾਨ ਇਸ ਵਿੱਚ ਹੈ ਕਿ ਕਿਤਾਬ ਖਰੀਦ ਕੇ ਪੜ੍ਹੀ ਜਾਵੇ, ਸਾਂਭੀ ਜਾਵੇ। ਪੱਥਰ ਦੇ ਰਿਕਾਰਡ ਟੁੱਟ ਗਏ ਹੋਣਗੇ, ਜੋ ਰਿਕਾਰਡ ਅਸ਼ੋਕ ਬਾਂਸਲ ਨੇ ਇਹ ਕਿਤਾਬ ਲਿਖ ਕੇ ਬਣਾਇਆ ਹੈ, ਉਹ ਕਦੇ ਟੁੱਟਣ ਵਾਲਾ ਨਹੀਂ ਹੈ। ਕਿਤਾਬ ਪੜ੍ਹਦਿਆਂ ਕਈ ਵਾਰ ਇੰਝ ਮਹਿਸੂਸ ਹੋਇਆ ਜਿਵੇਂ ਵਰਕੇ ਗਾ ਰਹੇ ਹੋਣ, ਕਈ ਸਾਜ ਸਤਰਾਂ ਪੜ੍ਹਦਿਆਂ ਸੁਣਾਈ ਦਿੰਦੇ ਨੇ, ਅਖਾੜੇ ਦਿਖਾਈ ਦਿੰਦੇ ਨੇ।

ਇਸ ਪਹਿਲੇ ਸੰਗ੍ਰਹਿ ਦੇ 175 ਸਫਿਆਂ ਤੇ 20 ਗੀਤਕਾਰਾਂ ਦਾ ਸੰਖੇਪ ਜੀਵਨ ਵੇਰਵਾ ਤੇ ਉਨ੍ਹਾਂ ਦੀ ਗੀਤਕਾਰੀ ਬਾਰੇ ਰੌਚਕ ਗੱਲਾਂਬਾਤਾਂ ਹਨ। ਨਾਲ 11 ਰੰਗੀਨ ਸਫੇ ਹੋਰ ਹਨ ਜਿਨ੍ਹਾਂ' ਤੇ ਗੀਤਕਾਰਾਂ ਦੇ ਰੰਗੀਨ ਸਕੈੱਚ ਤੇ ਉਨ੍ਹਾਂ ਦੇ ਮਸਹੂਰ ਗੀਤਾਂ ਦੇ ਰਿਕਾਰਡ ਦੀ ਰੰਗੀਨ ਮੂਰਤ ਹੈ। ਪਿਛਲੇ ਸਰਵਰਕਰ ਤੇ ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲੇ ਦਾ ਅਸ਼ੋਕ ਬਾਂਸਲ ਬਾਰੇ ਖੂਬਸੂਰਤ ਕਾਵਿ-ਚਿੱਤਰ ਹੈ। ਐਡੇ ਕੀਮਤੀ ਤੋਹਫੇ ਲਈ ਅਸ਼ੋਕ ਬਾਂਸਲ ਨੂੰ ਬਹੁਤ ਸਾਬਾਸੇ। ਉਸਦਾ ਇਹ ਇਸਕ ਸਲਾਮਤ ਰਹੇ।



















# ਕਾਰਲ ਮਾਰਕਸ-ਸੰਖੇਪ ਜੀਵਨ ਝਾਤ

(ਨਾਟਕੀ ਰੂਪ)

ਆਂ ਕਲੀਮ ਬੇ ਤਜਲੀ ਆਂ ਮਸੀਹ ਬੇ ਸਲੀਬ
ਨੀਸਤ ਪੈਗੰਬਰ ਵ ਲੇਕਿਨ ਦਰ ਬਗਲ ਦਾਰਦ ਕਿਤਾਬ (ਇਕਬਾਲ)

ਸਾਰੀ ਦੁਨੀਆਂ ਦੀਆਂ ਨਜ਼ਰਾਂ ਅੱਜ ਕੱਲ੍ਹ ਰੂਸ 'ਚ ਠਹਿਰਗੀਆਂ ਹੋਈਆਂ ਹਨ। ਅੱਜ ਤੋਂ ਪਹਿਲਾਂ ਵੀ ਠਹਿਰੀਆਂ ਰਹਿੰਦੀਆਂ ਸਨ ਪਰ ਇਨ੍ਹਾਂ ਨਜ਼ਰਾਂ ਵਿਚ ਮਖੌਲ ਦੀ ਇਕ ਝਲਕ ਸੀ। ਇਕ ਤਰ੍ਹਾਂ ਦੀ ਮਸ਼ਕਰੀ ਸੀ। ਯੂਰਪ ਵਿਚ ਰਾਜਨੀਤੀ ਦੀ ਟੇਢੀ ਟੋਪੀ ਪਾਉਣ ਵਾਲੇ ਬਾਂਕੇ, ਰੂਸ ਦੇ ਮਜ਼ਦੂਰਾਂ ਦੀ ਜੱਦੋ ਜਹਿਦ ਵੇਖਦੇ ਸਨ ਅਤੇ ਬੁੱਲ੍ਹਾਂ ਵਿਚ ਹੀ ਮੁਸਕਰਾਉਂਦੇ ਸਨ। ਰੂਸ ਵਿਚ ਸਦੀਆਂ ਦੇ ਗੁਲਾਮਾਂ ਨੇ ਜਦ ਆਪਣੀਆਂ ਜ਼ੰਜੀਰਾਂ ਦਾ ਲੋਹਾ ਢਾਲ ਢਾਲ ਕੇ ਇਕ ਨਵੀਂ ਸਲਤਨਤ ਦੀਆਂ ਨੀਹਾਂ ਨੂੰ ਪਿਆਉਣਾ ਸ਼ੁਰੂ ਕੀਤਾ ਤਾਂ ਆਜ਼ਾਦ ਕੌਮਾਂ ਨੇ ਕਈ ਵਾਰ ਉਨ੍ਹਾਂ ਨੂੰ ਮਖੌਲ ਕੀਤਾ। ਆਪਣਾ ਘਰ ਠੀਕ ਕਰਨ ਦੇ ਲਈ ਜਦ ਉਨ੍ਹਾਂ ਲੋਕਾਂ ਨੇ ਗਰਮਜੋਸ਼ੀ ਦਾ ਪ੍ਰਗਟਾਵਾ ਕੀਤਾ ਤਾਂ ਬਣੇ ਬਣਾਏ ਅਤੇ ਸਜੇ ਸਜਾਏ ਘਰਾਂ ਵਿਚ ਰਹਿਣ ਵਾਲੇ ਖਿੜਖਿੜਾ ਕੇ ਹੱਸਦੇ ਰਹੇ। ਉਹ ਕੋਸ਼ਿਸ਼ ਜੋ ਕਦੀ ਪਾਗਲਪਣ 'ਤੇ ਕਲਪਿਤ ਕੀਤੀ ਜਾਂਦੀ ਸੀ, ਉਹ ਕੋਸ਼ਿਸ਼ ਜੋ ਕਦੀ ਅਸੰਭਵ ਏ ਬੇਨਤੀਜਾ ਯਕੀਨ ਕੀਤੀ ਜਾਂਦੀ ਸੀ, ਉਹ ਸਲਤਨਤ ਜੋ ਕਦੀ ਮਜ਼ਦੂਰਾਂ ਦਾ ਇਕ ਕਾਲਪਨਿਕ ਸੁਪਨਾ ਸਮਝੀ ਜਾਂਦੀ ਸੀ, ਸਮੇਂ ਨਾਲ ਵਜੂਦ ਵਿਚ ਆਈ। ਸਿਆਸਤ ਦੀ ਟੇਢੀ ਟੋਪੀ ਪਾਉਣ ਵਾਲਿਆਂ, ਧਰਮ ਦਾ ਲੰਮਾ ਚੋਗਾ ਪਾਉਣ ਵਾਲਿਆਂ, ਆਜ਼ਾਦ ਅਤੇ ਗੁਲਾਮ ਕੌਮਾਂ, ਹਾਰੇ ਹੋਏ ਝੌਂਪੜਿਆਂ ਅਤੇ ਸੰਗਮਰਮਰ ਦੇ ਮਹਿਲਾਂ ਵਿਚ ਰਹਿਣ ਵਾਲਿਆਂ ਨੇ ਵੇਖਿਆ...ਉਹ ਚਮਤਕਾਰ ਆਪਣੀਆਂ ਅੱਖਾਂ ਨਾਲ ਵੇਖਿਆ ਜਿਸ ਨੂੰ 'ਸੋਵੀਅਤ ਰੂਸ' ਕਹਿੰਦੇ ਹਨ।

ਸੋਵੀਅਤ ਰੂਸ ਹੁਣ ਸੁਪਨਾ ਨਹੀਂ, ਕਾਲਪਨਿਕ ਖ਼ਿਆਲ ਨਹੀਂ, ਦੀਵਾਨਾਪਨ ਨਹੀਂ, ਇਕ ਠੋਸ ਹਕੀਕਤ ਹੈ, ਉਹ ਠੋਸ ਹਕੀਕਤ ਜੋ ਹਿਟਲਰ ਦੇ ਫੌਲਾਦੀ ਇਰਾਦਿਆਂ ਨਾਲ ਕਈ ਹਜ਼ਾਰ ਮੀਲ ਲੰਮੇ ਜੰਗਲੀ ਮੈਦਾਨਾਂ ਵਿਚ ਟਕਰਾਈ ਅਤੇ ਜਿਸ ਨੇ ਫਾਸ਼ੀਵਾਦ...ਫ਼ੌਲਾਦੀ ਫ਼ਾਸ਼ੀਵਾਦ ਦੇ ਟੁਕੜੇ ਟੁਕੜੇ ਕਰ ਦਿੱਤੇ। ਉਹ ਸਮਾਜਵਾਦ, ਜੋ ਕਦੀ ਸਿਰ ਫਿਰੇ ਮੁੰਡਿਆਂ ਦੀ ਖੇਡ ਸਮਝੀ ਜਾਂਦੀ ਸੀ, ਉਹ ਸਮਾਜਵਾਦ ਜਿਸ ਨੂੰ ਦਿਲ ਬਹਿਲਾਉਣ ਦਾ ਇਕ ਜ਼ਰੀਆ ਸਮਝਿਆ ਜਾਂਦਾ ਸੀ, ਉਹ ਸਮਾਜਵਾਦ, ਜਿਸ ਦੇ ਨਾਲ ਯੂਰਪ ਦੀਆਂ ਬਹੁਤ ਸਫ਼ਾਈ ਪਸੰਦ ਕੌਮਾਂ ਨੇ ਇਕ ਚਰਿੱਤਰਹੀਣ ਔਰਤ ਵਰਗਾ ਸਲੂਕ ਕੀਤਾ, ਉਹੀ ਸਮਾਜਵਾਦ ਜੋ ਧਰਮ ਅਤੇ ਇਨਸਾਨੀਅਤ ਨੂੰ ਵੱਟਾ ਲਾਉਣ ਵਾਲਾ ਮੰਨਿਆ ਜਾਂਦਾ ਸੀ, ਅੱਜ ਰੂਸ ਦੇ ਵਿਸ਼ਾਲ ਲੰਮੇ ਚੌੜੇ ਮੈਦਾਨਾਂ ਵਿਚ ਬੀਮਾਰ ਇਨਸਾਨੀਅਤ ਦੇ ਲਈ ਉਮੀਦ ਦੀ ਇਕ ਕਿਰਨ ਬਣ ਕੇ ਚਮਕ ਰਿਹਾ ਹੈ। ਇਹ ਉਹੀ ਸਮਾਜਵਾਦ ਹੈ ਜਿਸ ਦਾ ਨਕਸ਼ਾ ਅੱਜ ਤੋਂ ਤਕਰੀਬਨ ਡੇਢ ਸੌ ਸਾਲ ਪਹਿਲਾਂ ਕਾਰਲ ਮਾਰਕਸ ਨੇ ਤਿਆਰ ਕੀਤਾ। ਮਾਣਯੋਗ ਹੈ ਇਹ ਇਨਸਾਨ ਜਿਸ ਨੇ ਆਪਣੀ ਜਾਤ ਦੇ ਲਈ ਨਹੀਂ, ਆਪਣੀ ਕੌਮ ਦੇ ਲਈ ਨਹੀਂ, ਆਪਣੀ ਨਸਲ ਦੇ ਲਈ ਨਹੀਂ, ਆਪਣੇ ਮੁਲਕ ਦੇ ਲਈ ਨਹੀਂ, ਸਗੋਂ ਸਾਰੀ ਦੁਨੀਆਂ ਦੇ ਲਈ, ਸਾਰੀ ਇਨਸਾਨੀਅਤ ਦੇ ਲਈ ਬਰਾਬਰੀ ਅਤੇ ਭਾਈਚਾਰੇ ਦਾ ਇਕ ਢੰਗ ਤਲਾਸ਼ ਕੀਤਾ।

ਜਿਸ ਤਰ੍ਹਾਂ ਚਿੱਕੜ ਵਿਚ ਕਮਲ ਪੈਦਾ ਹੁੰਦਾ ਹੈ, ਉਸੇ ਤਰ੍ਹਾਂ ਸਰਮਾਇਆ ਪੂਜਕ ਯਹੂਦੀਆਂ ਦੇ ਇਕ ਘਰਾਣੇ ਵਿਚ ਸਰਮਾਇਆ ਭੰਜਕ ਕਾਰਲ ਮਾਰਕਸ ਪੈਦਾ ਹੋਇਆ। ਪੰਜ ਮਈ ਸੰਨ 1818 ਨੂੰ ਹਾਲੇ ਬੱਚਾ ਹੋਇਆ ਹੀ ਸੀ ਕਿ ਉਹ ਬਾਰੇ ਉਸ ਦੇ ਪਿਓ ਨੇ ਇਹ ਰਾਇ ਕਾਇਮ ਕੀਤੀ ਕਿ ਇਹ ਵੱਡਾ ਹੋ ਕੇ ਸ਼ੈਤਾਨ ਨਿਕਲੇਗਾ। ਕਾਰਲ ਮਾਰਕਸ ਵੱਡਾ ਹੋ ਕੇ ਸ਼ੈਤਾਨ ਨਿਕਲਿਆ ਜਾਂ ਫਰਿਸ਼ਤਾ, ਇਸ ਦਾ ਕੁਝ ਅੰਦਾਜ਼ਾ ਤਾਂ ਸਾਡੀਆਂ ਮੌਜੂਦਾ ਨਸਲਾਂ ਵੇਖ ਚੁੱਕੀਆਂ ਹਨ। ਹਾਲਾਂਕਿ ਫੈਸਲਾ ਆਉਣ ਵਾਲੀਆਂ ਨਸਲਾਂ ਦੇ ਹੱਥ ਵਿਚ ਹੈ। ਇਸ ਸੰਖੇਪ ਫੀਚਰ ਵਿਚ, ਜੋ ਤੁਹਾਡੀ ਸੇਵਾ ਵਿਚ ਪੇਸ਼ ਕੀਤਾ ਜਾਵੇਗਾ, ਅਸੀਂ ਉਸ ਸ਼ੈਤਾਨ ਜਾਂ ਫਰਿਸ਼ਤੇ ਦੀ ਸੰਖੇਪ ਜੀਵਨੀ ਡਰਾਮੇ ਦੀ ਸ਼ਕਲ ਵਿਚ ਪੇਸ਼ ਕਰਾਂਗੇ।

**ਪਿਓ** : ਰੱਬ ਸਾਡੇ ਹਾਲ 'ਤੇ ਰਹਿਮ ਕਰੇ, ਤੇਰੇ ਇਸ ਮੁੰਡੇ ਨੇ ਮੇਰੇ ਨੱਕ ਵਿਚ ਦਮ ਕਰ ਦਿੱਤਾ ਹੈ।

**ਮਾਂ**: ਜਿਹੋ ਜਿਹਾ ਮੇਰਾ ਹੈ, ਉਹੋ ਜਿਹਾ ਤੁਹਾਡਾ ਵੀ ਹੈ। ਇਹ ਤੁਸੀਂ ਹਰ ਵੇਲੇ ਮੈਨੂੰ ਹੀ ਕਿਉਂ ਮਿਹਣੇ ਦਿੰਦੇ ਰਹਿੰਦੇ ਹੋ।

**ਪਿਓ**: ਭਈ! ਮੈਂ ਪ੍ਰੇਸ਼ਾਨ ਹੋ ਗਿਆ ਹਾਂ। ਕੁਝ ਸਮਝ ਵਿਚ ਨਹੀਂ ਆਉਂਦਾ ਕਿ ਕੀ ਕਰਾਂ। ਬੇਅਕਲ ਹੁੰਦਾ, ਘੱਟ ਦਿਮਾਗ ਦਾ ਮਾਲਕ ਹੁੰਦਾ ਤਾਂ ਮੈਂ ਚੁੱਪ ਹੋ ਕੇ ਬੈਠ ਜਾਂਦਾ ਪਰ ਕਮਬਖ਼ਤ ਜ਼ਹੀਨ ਹੈ, ਸਿਰੇ ਦਾ ਜ਼ਹੀਨ ਹੈ। ਚਾਹੇ ਤਾਂ ਕੁਝ ਵੀ ਸਿੱਖ ਸਕਦਾ ਹੈ।

**ਮਾਂ** : ਪਰ ਉਸ ਦਾ ਦਿਲ ਵੀ ਤਾਂ ਕਿਸੇ ਪਾਸੇ ਲੱਗੇ।

**ਪਿਓ** : ਇਸੇ ਗੱਲ ਦਾ ਤਾਂ ਰੋਣਾ ਹੈ। ਸਕੂਲ ਵਿਚ ਵੀ ਉਸ ਦੇ ਇਹੀ ਚਾਲੇ ਸਨ। ਹੁਣ ਕਾਲਜ ਵਿਚ ਦਾਖ਼ਲ ਹੋ ਕੇ ਤਾਂ ਹੋਰ ਵੀ ਜ਼ਿਆਦਾ ਅਵਾਰਾਗਰਦ ਹੋ ਗਿਆ ਹੈ। ਪੜ੍ਹਨ ਵੱਲ ਤਾਂ ਧਿਆਨ ਹੀ ਨਹੀਂ ਦਿੰਦਾ। ਬਹੁਤ ਬੇਫ਼ਿਕਰੀ ਅਤੇ ਬੇਪਰਵਾਹੀ ਨਾਲ, ਇਹ ਸਮਾਂ ਜੋ ਉਸ ਦੀ ਜ਼ਿੰਦਗੀ ਵਿਚ ਬਹੁਤ ਵੱਡੀ ਅਹਿਮੀਅਤ ਰੱਖਦਾ ਹੈ, ਲੰਘਾ ਰਿਹਾ ਹੈ। ਹਜ਼ਾਰ ਵਾਰ ਸਮਝਾ ਚੁੱਕਾ ਹਾਂ ਪਰ ਸਾਹਿਬਜ਼ਾਦੇ ਦੇ ਕੰਨ 'ਤੇ ਜੂੰਅ ਤੱਕ ਨਹੀਂ ਸਰਕਦੀ। ਉਹ ਖਾਸ ਵਿਸ਼ਾ ਭਾਵ ਕਾਨੂੰਨ ਜੋ ਮੈਂ ਉਸ ਦੇ ਲਈ ਚੁਣਿਆ ਸੀ, ਉਸ ਦੇ ਵੱਲ ਸੁਣਦਾ ਹਾਂ ਕਿ ਕੋਈ ਧਿਆਨ ਹੀ ਨਹੀਂ ਦਿੰਦਾ। ਮੈਂ ਉਸ ਦੀ ਇਹ ਬੇਫਿਕਰੀ ਕਦ ਤੱਕ ਸਹਿਣ ਕਰਦਾ ਰਹਾਂਗਾ। ਸਬਰ ਦੀ ਵੀ ਇਕ ਹੱਦ ਹੁੰਦੀ ਹੈ।

**ਮਾਂ** : ਤਾਜ਼ਾ ਖ਼ਤ ਵਿਚ ਉਸ ਨੇ ਤੁਹਾਨੂੰ ਕੀ ਲਿਖਿਆ ਹੈ?

**ਪਿਓ** : (ਮਖੌਲ ਨਾਲ) ਦਿਮਾਗੀ ਉਲਝਣਾਂ ਅਤੇ ਰੂਹਾਨੀ ਪ੍ਰੇਸ਼ਾਨੀਆਂ ਦੇ ਕਾਰਨ ਉਸ ਦੀ ਸਿਹਤ ਖਰਾਬ ਹੋ ਗਈ ਸੀ। ਇਸ ਲਈ ਕੁਝ ਦਿਨ ਹਸਪਤਾਲ ਵਿਚ ਰਿਹਾ। ਉੱਥੋਂ ਵਾਪਸ ਆ ਕੇ ਜਦੋਂ ਉਸ ਦੀ ਰੂਹਾਨੀ ਜਦੋ ਜਹਿਦ ਖਤਮ ਨਾ ਹੋਈ ਤਾਂ ਮੈਨੂੰ ਲਿਖਦਾ ਹੈ, "ਪਿਤਾ ਜੀ! ਮੇਰੇ ਦਿਮਾਗ ਵਿਚ ਇਕ ਜ਼ਬਰਦਸਤ ਇਨਕਲਾਬ ਪੈਦਾ ਹੋ ਗਿਆ ਹੈ। ਇਸ ਇਨਕਲਾਬ ਦਾ ਪੂਰਾ ਵਿਸਥਾਰ ਤੁਹਾਡੇ ਸਾਹਮਣੇ ਹਾਜ਼ਰ ਹੋ ਕੇ ਹੀ ਬਿਆਨ ਕਰ ਸਕਦਾ ਹਾਂ। ਆਗਿਆ ਹੋਵੇ ਤਾਂ ਮੈਂ ਆਪਣੀ ਰੂਹ ਦਾ ਬੋਝ ਹਲਕਾ ਕਰ ਸਕਾਂ।" ਇਹ ਲਿਖਿਆ ਹੈ ਉਸ ਨੇ... (ਹੱਸਦਾ ਹੈ) ਆਪਣੀ ਰੂਹ ਦਾ ਭਾਰ ਹਲਕਾ ਕਰਨ ਦੇ ਲਈ ਬਰਖ਼ੁਰਦਾਰ ਇਥੇ ਆਉਣਾ ਚਾਹੁੰਦਾ ਹੈ ਅਤੇ ਇਸ ਦੇ ਲਈ ਆਗਿਆ ਮੰਗਦਾ ਹੈ।

**ਮਾਂ** : ਇਹ ਰੂਹ ਦਾ ਬੋਝ ਕੀ ਹੋ ਸਕਦਾ ਹੈ?

**ਪਿਓ**: ਕੋਈ ਨਵਾਂ ਇਸ਼ਕ ਲੜਾਇਆ ਹੋਵੇਗਾ ਉਸ ਨੇ ਜਾਂ ਉਹੀ ਪੁਰਾਣਾ ਹੋਵੇਗਾ ਅਤੇ ਹਸਪਤਾਲ ਵਿਚ ਫੇਰਾ ਮਾਰ ਕੇ ਆਇਆ ਹੋਵੇਗਾ।

**ਮਾਂ** : ਸੱਚਮੁੱਚ ਇਹ ਉਸ ਨੂੰ ਕੀ ਝੱਲ ਸੁਝਿਆ। ਉਸ ਜੈਨੀ ਨਾਲ, ਜੋ ਉਮਰ ਵਿਚ ਉਸ ਤੋਂ ਚਾਰ ਸਾਲ ਵੱਡੀ ਹੈ, ਵਿਆਹ ਕਰਨ 'ਤੇ ਤੁਲਿਆ ਹੋਇਆ ਹੈ।

**ਪਿਓ** : ਇਸੇ ਨੂੰ ਤਾਂ ਰੂਹਾਨੀ ਬੀਮਾਰੀ ਕਹਿੰਦੇ ਹਨ ਕਿਉਂਕਿ ਇਸ ਦਾ ਇਲਾਜ ਹਸਪਤਾਲ ਵਿਚ ਨਹੀਂ ਹੋ ਸਕਿਆ, ਇਸ ਲਈ ਇਥੇ ਤਸ਼ਰੀਫ਼ ਲਿਆਉਣਾ ਚਾਹੁੰਦਾ ਹੈ। ਜਿਵੇਂ ਮੈਂ ਆਗਿਆ ਦੇ ਦਿਆਂਗਾ ਕਿ ਜਾਓ ਮੀਆਂ, ਆਪਣੇ ਤੋਂ ਦੁਗਣੀ ਉਮਰ ਦੀ ਕੁੜੀ ਨਾਲ ਵਿਆਹ ਕਰ ਲਉ।

**ਮਾਂ** : ਪਰ ਤੁਸੀਂ ਤਾਂ ਉਸ ਨੂੰ ਜੈਨੀ ਨਾਲ ਵਿਆਹ ਕਰਨ ਦੀ ਆਗਿਆ ਦੇ ਚੁੱਕੇ ਹੋ।

**ਪਿਓ** : ਇਹ ਝੱਖ ਮੈਂ ਸਿਰਫ਼ ਇਸ ਲਈ ਮਾਰੀ ਸੀ ਕਿ ਉਹ ਜੈਨੀ ਨਾਲ ਖਤੋ-ਕਿਤਾਬਤ ਕਰਨ ਵਿਚ ਆਪਣਾ ਸਮਾਂ ਖ਼ਰਾਬ ਨਾ ਕਰੇ। ਤੈਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਸ ਨੇ ਕਾਲਜ ਦਾ ਪਹਿਲਾ ਸਾਲ ਸ਼ੇਅਰੋ ਸ਼ਾਇਰੀ ਵਿਚ ਲੰਘਾਇਆ ਹੈ। ਤਿੰਨ ਕਾਪੀਆਂ ਵਿਚ ਡੇਢ ਹਜ਼ਾਰ ਸ਼ੇਅਰ ਵੇਖ ਚੁੱਕਾ ਹਾਂ ਜੋ ਉਸ ਨੇ ਉਸ ਬਦਨਸੀਬ ਜੈਨੀ ਦੇ ਨਾਮ ਨੂੰ ਸੰਬੋਧਿਤ ਕੀਤੇ ਸਨ। ਮੈਂ ਉਸ ਨੂੰ ਆਗਿਆ ਦਿੱਤੀ ਸੀ ਤਾਂ ਕਿ ਉਹ ਇਸ਼ਕੀਆ ਸ਼ੇਅਰੋ ਸ਼ਾਇਰੀ ਅਤੇ ਖ਼ਤੋ-ਕਿਤਾਬਤ ਦਾ ਖਾਤਮਾ ਹੋ ਜਾਵੇ। ਪਰ ਹੁਣ ਮੈਂ ਸਮਝਦਾ ਹਾਂ ਕਿ ਉਹ ਨਵੀਂ ਰਿਆਇਤ ਚਾਹੁੰਦਾ ਹੈ।

**ਮਾਂ** : ਤੁਸੀਂ ਖ਼ਤ ਦਾ ਜਵਾਬ ਲਿਖ ਦਿੱਤਾ।

**ਪਿਓ** : ਹਾਂ, ਲਿਖ ਦਿੱਤਾ, ਤੂੰ ਵੀ ਸੁਣ ਲੈ। (ਖਤ ਪੜ੍ਹਦਾ ਹੈ)..."ਰੱਬ ਤੇਰੇ ਹਾਲ 'ਤੇ ਰਹਿਮ ਕਰੇ। ਤੂੰ ਸੰਤੋਖ ਤੋਂ ਬਿਲਕੁਲ ਕੰਮ ਨਹੀਂ ਲੈਂਦਾ ਅਤੇ ਗਿਆਨ ਦੇ ਵਿਭਿੰਨ ਵਿਭਾਗਾਂ ਵਿਚ ਆਵਾਰਾਗਰਦੀ ਕਰਦਾ ਫਿਰਦਾ ਹੈਂ। ਬੇਤਰਤੀਬਾ ਧਿਆਨ ਅਤੇ ਫ਼ਿਕਰ ਹਮੇਸ਼ਾ ਬੇਨਤੀਜਾ ਰਹਿੰਦਾ ਹੈ। ਬੇਤਰਤੀਬੇ ਗਿਆਨ ਵਾਲੇ ਰੁਝੇਵਿਆਂ ਨਾਲ ਸਮਾਂ ਇਸ ਤਰ੍ਹਾਂ ਲੰਘਦਾ ਹੈ, ਜਿਸ ਤਰ੍ਹਾਂ ਸ਼ਰਾਬ ਅਤੇ ਪਿਆਲੇ ਨਾਲ...ਮਾਪਿਆਂ ਦੀ ਖ਼ੁਸ਼ੀ ਵਲ



ਤੂੰ ਕਦੇ ਧਿਆਨ ਨਹੀਂ ਦਿੱਤਾ। ਇਸ ਲਈ ਕਿ ਤੂੰ ਉਸ ਨੂੰ ਬਿਲਕੁਲ ਨਿਰਾਰਥਕ ਸਮਝਦਾ ਹੈਂ। ਮੈਂ ਤੈਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਜੈਨੀ ਦੇ ਮੁਹੱਬਤ ਭਰੇ ਖ਼ਤਾਂ ਅਤੇ ਇਕ ਨੇਕ ਨੀਤ ਅਤੇ ਹਮਦਰਦ ਪਿਓ ਦੀਆਂ ਚਿੱਠੀਆਂ ਨਾਲ ਤੂੰ ਆਪਣਾ ਪਾਈਪ ਸੁਲਗਾਉਂਦਾ ਹੋਵੇਂਗਾ। ਖ਼ੈਰ ਇਹ ਵੀ ਬੁਰਾ ਨਹੀਂ ਕਿਉਂਕਿ ਇਸ ਤਰ੍ਹਾਂ ਇਹ ਖ਼ਤ ਅਣਜਾਣ ਲੋਕਾਂ ਦੇ ਹੱਥਾਂ ਵਿਚ ਪੈਣ ਤੋਂ ਬਚ ਜਾਣਗੇ। ਤੇਰੇ ਫੂਹੜਪੁਣੇ ਤੋਂ ਇਹੀ ਉਮੀਦ ਹੈ ਕਿ ਸਾੜੇ ਨਾ ਜਾਣਗੇ ਤਾਂ ਦੂਜਿਆਂ ਤੱਕ ਜ਼ਰੂਰ ਪਹੁੰਚ ਜਾਣਗੇ। ਹਾਲਾਂਕਿ ਅਮੀਰ ਤੋਂ ਅਮੀਰ ਲੜਕਾ ਵੀ ਕਾਲਜ ਵਿਚ ਪੰਜ ਸੌ ਥੇਲਰ ਖਰਚ ਕਰਦਾ ਹੈ। ਪਰ ਤੂੰ ਅਜਿਹਾ ਹੈ ਕਿ ਸੱਤ ਸੌ ਥੇਲਰ ਚਟ ਕਰ ਜਾਨਾਂ ਹੈਂ ਅਤੇ ਡਕਾਰ ਵੀ ਨਹੀਂ ਮਾਰਦਾ। ਤੂੰ ਸ਼ਾਇਦ ਸਮਝਦਾ ਹੈਂ ਕਿ ਤੇਰੇ ਲਈ ਕਾਲਜ ਦੇ ਲੈਕਚਰਾਂ ਦੀ ਕੋਈ ਅਹਿਮੀਅਤ ਨਹੀਂ। ਪਰ ਕਲਾਸ ਵਿਚ ਜੋ ਤੂੰ ਰਸਮੀ ਤੌਰ 'ਤੇ ਚਲਾ ਜਾਂਦਾ ਹੈਂ, ਜੇ ਇਹ ਜਾਰੀ ਰਹੇ ਤਾਂ ਵੀ ਚੰਗਾ ਹੈ।"

ਪਿਓ ਦੇ ਇਸ ਖ਼ਤ ਦਾ ਇਹ ਅਸਰ ਹੋਇਆ ਕਿ ਈਸਟਰ ਦੀਆਂ ਛੁੱਟੀਆਂ ਵਿਚ ਕਾਰਲ ਮਾਰਕਸ ਕਾਲਜ ਵਿਚ ਹੀ ਰਿਹਾ। ਮਾਂ ਨੂੰ ਗਿਲਾ ਰਿਹਾ ਪਰ ਪਿਓ ਖ਼ੁਸ਼ ਸੀ। ਮਾਰਕਸ ਦੀ ਖ਼ੁਸ਼ਕਿਸਮਤੀ ਕਹੀਏ ਜਾਂ ਬਦਕਿਸਮਤੀ ਕਿ ਉਸ ਦਾ ਪਿਓ ਥੋੜ੍ਹੇ ਹੀ ਅਰਸੇ ਬਾਅਦ ਬੀਮਾਰ ਪਿਆ ਅਤੇ 10 ਮਈ 1838 ਨੂੰ ਉਸ ਦਾ ਦੇਹਾਂਤ ਹੋ ਗਿਆ। ਪਿਓ ਦੀ ਮੌਤ ਤੋਂ ਬਾਅਦ ਮਾਰਕਸ ਦੀ ਸਿੱਖਿਆ ਖ਼ਰਾਬ ਢੰਗ ਨਾਲ ਜਾਰੀ ਰਹੀ। ਆਖ਼ਰਕਾਰ ਇਕ ਦਾਰਸ਼ਨਕ ਲੇਖ ਲਿਖਣ 'ਤੇ ਉਸ ਨੂੰ "ਜੈਨਾ ਯੂਨੀਵਰਸਿਟੀ" ਤੋਂ ਪੀ.ਐਚ.ਡੀ. ਦੀ ਉਪਾਧੀ ਮਿਲ ਗਈ ਭਾਵੇਂ ਕਿ ਮਾਰਕਸ ਦੇ ਅਕੀਦੇ ਦੇ ਅਨੁਸਾਰ ਗਿਆਨਅਤੇ ਅਮਲ ਇਕ ਹੀ ਸ਼ੈਅ ਦੇ ਦੋ ਪਾਸੇਹਨ। ਇਸ ਲਈ ਸਿੱਖਿਆ ਤੋਂ ਵਿਹਲੇ ਹੁੰਦਿਆਂ ਉਸ ਨੇ ਝੱਟ ਹੀ ਸਿਆਸੀ ਮੈਦਾਨ ਵਿਚ ਜੱਦੋ ਜਹਿਦ ਸ਼ੁਰੂ ਕਰ ਦਿੱਤੀ। ਜ਼ੇਟਾਂਗ ਨਾਮੀ ਇਕ ਅਖ਼ਬਾਰ ਦਾ ਸੰਪਾਦਕ ਬਣਿਆ ਅਤੇ ਹਕੂਮਤ ਦੀ ਨੀਤੀ 'ਤੇ ਇਸ ਸ਼ਿੱਦਤ ਨਾਲ ਨੁਕਤਾਚੀਨੀ ਕੀਤੀ ਕਿ ਅਖ਼ਬਾਰ ਜ਼ਬਤ ਕਰ ਲਿਆ ਗਿਆ।

**ਮਾਰਕਸ** : ਰੋਗੀ ! ਮੇਰੇ ਦੋਸਤ...ਜ਼ਬਤੀ ਦੇ ਇਸ ਹੁਕਮ 'ਤੇ ਮੈਨੂੰ ਬਿਲਕੁਲ ਹੈਰਾਨੀ ਨਹੀਂ ਹੋਈ। ਅਫ਼ਸੋਸ ਵੀ ਕੁਝ ਬਹੁਤਾ ਨਹੀਂ ਹੋਇਆ।

**ਰੋਗੀ** : ਕਿਉਂ?

**ਮਾਰਕਸ** : ਜ਼ਬਤੀ ਦਾ ਹੁਕਮ ਇਸ ਗੱਲ ਦਾ ਖੁੱਲ੍ਹਾ ਸਬੂਤ ਹੈ ਕਿ ਜਨਤਾ ਵਿਚ ਸਿਆਸੀ ਸਮਝ ਵਧ ਰਹੀ ਹੈ। ਜਦ ਕਿਸੇ ਕੌਮ ਵਿਚ ਸਿਆਸੀ ਸਮਝ ਦੇ ਲੱਛਣ ਪੈਦਾ ਹੋਣ ਲੱਗਣ ਤਾਂ ਲਿਖਤ ਤੇ ਕਿਸਮਤ 'ਤੇ ਇਸੇ ਤਰ੍ਹਾਂ ਪਾਬੰਦੀਆਂ ਲਾਗੂ ਕੀਤੀਆਂ ਜਾਂਦੀਆਂ ਹਨ। ਤੈਨੂੰ ਪਤਾ ਹੈ ਕਿ 'ਜ਼ੇਟਾਂਗ' ਬੰਦ ਹੋਣ 'ਤੇ ਸੈਂਸਰ ਅਫ਼ਸਰ ਨੇ ਕੀ ਲਿਖਿਆ ਸੀ।

**ਰੋਗੀ** : ਕੀ ਲਿਖਿਆ ਸੀ?

**ਮਾਰਕਸ** : ਮੈਂ ਖ਼ੁਸ਼ ਹਾਂ ਕਿ ਮਾਰਕਸ ਦੇ ਛੱਡ ਜਾਣ ਦਾ ਇਹ ਅਸਰ ਹੋਇਆ ਕਿ ਅੱਜ ਮੈਂ ਆਪਣਾ ਸਾਰਾ ਕੰਮ ਇਕ ਚੌਥਾਈ ਸਮੇਂ ਵਿਚ ਖਤਮ ਕਰ ਲਿਆ।

**ਰੋਗੀ** : ਤੂੰ ਨੌਕਰੀ ਤੋਂ ਅਸਤੀਫ਼ਾ ਕਿਉਂ ਦਿੱਤਾ?

**ਮਾਰਕਸ** : ਹੋਰ ਕੀ ਕਰਦਾ। ਭਾਈ ਅਜਿਹੇ ਮਾਹੌਲ ਵਿਚ ਜਿਥੇ ਪੈਰ-ਪੈਰ 'ਤੇ ਗੁਲਾਮੀ ਹੋਵੇ, ਮੇਰੇ ਤੋਂ ਕੰਮ ਨਹੀਂ ਹੋ ਸਕਦਾ। ਮੇਰਾ ਦਮ ਘੁਟਣ ਲੱਗਦਾ ਹੈ। ਆਜ਼ਾਦੀ ਦੇ ਲਈ ਸਵਿਸਾਂ ਨਾਲ ਲੜਨਾ ਮੈਨੂੰ ਪਸੰਦ ਨਹੀਂ। ਮੈਂ ਹਾਕਮ ਤਬਕੇ ਦੀ ਬੇਰਹਿਮੀ ਅਤੇ ਬੇਵਕੂਫ਼ੀ ਅਤੇ ਆਪਣੇ ਸਮਕਾਲੀਆਂ ਦੀ ਜੀ ਹਜ਼ੂਰੀ, ਚਾਪਲੂਸੀ, ਬਹਾਨੇਬਾਜ਼ੀ ਅਤੇ ਬੇਕਾਰ ਦੇ ਬਹਿਸ ਮੁਬਾਹਸੇ ਤੋਂ ਤੰਗ ਆ ਗਿਆ ਹਾਂ। ਜਰਮਨੀ ਵਿਚ ਰਹਿ ਕੇ ਮੈਂ ਕੁਝ ਨਹੀਂ ਕਰ ਸਕਦਾ। ਰੱਬ ਦੀ ਸਹੁੰ ਕੁਝ ਨਹੀਂ ਕਰ ਸਕਦਾ। ਇਸ ਦੇਸ਼ ਵਿਚ ਰਹਿਣਾ ਆਪਣੀ ਤੌਹੀਨ ਹੈ, ਬੇਇੱਜ਼ਤੀ ਹੈ।

**ਰੋਗੀ** : ਤਾਂ ਹੁਣ ਤੂੰ ਕੀ ਕਰਨਾ ਚਾਹੁੰਦਾ ਹੈਂ?

**ਮਾਰਕਸ** : ਸੋਚ ਰਿਹਾ ਹਾਂ ਕਿ ਕੋਈ ਰਸਤਾ ਨਿਕਲ ਆਏ। ਅੱਜ ਕੱਲ੍ਹ ਮੁਫ਼ਤ ਦੀ ਪ੍ਰੇਸ਼ਾਨੀ ਅਤੇ ਖ਼ਾਹਮਖ਼ਾਹ ਦੀਆਂ ਬਹਿਸਾਂ ਵਿਚ ਸਮਾਂ ਖ਼ਰਾਬ ਹੋ ਰਿਹਾ ਹੈ। ਇਧਰ ਮੇਰੇ ਕੁਨਬੇ ਵਾਲੇ ਬੇਕਾਰ ਮੇਰੇ ਵਿਆਹ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰ ਰਹੇ ਹਨ। ਕੋਈ ਉਨ੍ਹਾਂ ਨੂੰ ਸਮਝਾਏ ਤਾਂ ਕਿਵੇਂ ਸਮਝਾਏ? ਇਸ਼ਕੀਆਂ ਜਜ਼ਬਾਤ ਵੱਖਰੇ। ਮੈਂ ਤੈਨੂੰ ਯਕੀਨ ਦਿਵਾਉਂਦਾ ਹਾਂ ਕਿ ਮੈਨੂੰ ਆਪਣੀ ਹੋਣ ਵਾਲੀ ਪਤਨੀ ਨਾਲ ਅਥਾਹ ਮੁਹੱਬਤ ਹੈ। ਅੱਜ ਮੰਗਣੀ ਹੋਏ ਸੱਤ ਸਾਲ ਹੋ ਚੁੱਕੇ ਹਨ। ਉਹ ਵਿਚਾਰੀ ਆਪਣੇ ਅਤੇ ਮੇਰੇ ਅਜ਼ੀਜ਼ਾਂ ਨੂੰ ਰਾਜ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਪਰ ਉਹ ਅਜਿਹੇ ਖ਼ੁਰ ਦਿਮਾਗ ਹਨ ਕਿ ਟਸ ਤੋਂ ਮਸ ਨਹੀਂ ਹੁੰਦੇ।

**ਰੋਗੀ** : ਜੈਨੀ ਦੇ ਰਿਸ਼ਤੇਦਾਰ ਇਸ ਵਿਆਹ ਦਾ ਵਿਰੋਧ ਕਿਉਂ ਕਰਦੇ ਹਨ?

**ਮਾਰਕਸ** : ਤੂੰ ਇਹ ਵੀ ਨਹੀਂ ਸਮਝਦਾ। ਭਈ, ਉਹ ਲੋਕ ਬਰਲਿਨ ਦੀ ਹਕੂਮਤ ਦੀ ਉਸੇ ਤਰ੍ਹਾਂ ਇੱਜ਼ਤ ਕਰਦੇ ਹਨ ਜਿਵੇਂ ਆਪਣੇ ਆਸਮਾਨੀ ਪਿਓ ਦੀ ਅਤੇ ਮੈਂ ਹਕੂਮਤ ਦਾ ਵੈਰੀ। ਬਹੁਤ ਵੱਡਾ ਦੁਸਮਣ ਹਾਂ ਉਸ ਢੋਂਗ ਦਾ। ਰਹੇ ਮੇਰੇ ਅਜ਼ੀਜ਼ ਤਾਂ ਉਹ ਵੀ ਆਪਣੇ ਫਾਇਦਿਆਂ ਨੂੰ ਸਾਹਮਣੇ ਰੱਖਦਿਆਂ ਇਸ ਰਿਸ਼ਤੇ ਦੇ ਵਿਰੁੱਧ ਹਨ। ਕਈ ਸਾਲਾਂ ਤੋਂ ਮੈਂ ਅਤੇ ਜੈਨੀ ਇਸ ਵਿਆਹ ਦੇ ਮਾਮਲੇ ਵਿਚ ਆਪਣੇ ਤੋਂ ਤਿਗਣੀ ਉਮਰ ਵਾਲਿਆਂ ਨਾਲ ਬਹਿਸ ਕਰ ਰਹੇ ਹਾਂ। ਪਰ ਬੁੱਢਿਆਂ ਦੀ ਉਸ ਦਲੀਲ ਦਾ ਕੀ ਕੀਤਾ ਜਾਵੇ ਜਿਹੜੀ ਉਹ ਹਰ ਗੱਲ ਵਿਚ ਲੈ ਆਉਂਦੇ ਹਨ। "ਇਹ ਸਾਡੀ ਜ਼ਿੰਦਗੀ ਦਾ ਤਜਰਬਾ ਹੈ। ਜਦ ਤੁਸੀਂ ਸਾਡੀ ਉਮਰ ਵਿਚ ਪਹੁੰਚੋਗੇ ਉਸ ਵੇਲੇ ਸਮਝੋਗੇ।" ਇਸ ਦਾ ਮਤਲਬ ਇਹ ਹੈ ਕਿ ਮੈਂ ਉਸ ਦੀ ਉਮਰ ਤੱਕ ਪਹੁੰਚ ਕੇ ਜੈਨੀ ਨਾਲ ਵਿਆਹ ਕਰਾਂ।

**ਰੋਗੀ** : ਮੈਂ ਸੋਚ ਰਿਹਾ ਹਾਂ ਕਿ ਇਥੋਂ ਇਕ ਅਖ਼ਬਾਰ ਜਾਰੀ ਕਰਾਂ। ਜੇ ਇਹ ਸਕੀਮ ਪੂਰੀ ਹੋ ਗਈ ਤਾਂ ਮੈਂ ਸਮਝਦਾ ਹਾਂ ਕਿ ਤੇਰੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਦਾ ਖਾਤਮਾ ਹੋ ਜਾਵੇਗਾ।

ਮਾਰਕਸ ਦੇ ਦੋਸਤ ਰੋਗੀ ਦੀ ਸਕੀਮ ਨੇ ਅਮਲੀਨਾਮਾ ਪਾ ਹੀ ਲਿਆ। ਉਸ ਨੇ ਹੋਰ ਅਖ਼ਬਾਰ ਕੱਢਿਆ ਅਤੇ ਮਾਰਕਸ ਨੂੰ ਪੰਜ ਸੌ ਥੇਲਰ ਮਹੀਨੇਵਾਰ 'ਤੇ ਇਸ ਦਾ ਐਡੀਟਰ ਬਣਾ ਦਿੱਤਾ। ਰੋਜ਼ੀ ਦੀ ਫ਼ਿਕਰ ਤੋਂ ਬੇਫ਼ਿਕਰਾ ਹੋਇਆ ਤਾਂ ਮਾਰਕਸ ਨੇ 19 ਜੁਲਾਈ 1843 ਵਿਚ ਜੈਨੀ ਨਾਲ ਵਿਆਹ ਕਰ ਲਿਆ ਅਤੇ ਪੈਰਿਸ ਚਲਾ ਗਿਆ। ਇਥੇ ਇਕ ਕੁੜੀ ਪੈਦਾ ਹੋਈ। ਮਾਰਕਸ ਨੇ ਗੁਜ਼ਾਰੇ ਦੇ ਲਈ ਇਕ ਅਖ਼ਬਾਰ ਦੇ ਅਦਾਰੇ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਥੇ ਉਸ ਦੀ ਮੁਲਾਕਾਤ ਮਸ਼ਹੂਰ ਸ਼ਾਇਰ ਹਾਇਨੇ ਨਾਲ ਹੋਈ। ਹਾਇਨੇ ਭਾਵੇਂ ਕਿ ਉਹ ਜਰਮਨ ਸੀ ਪਰ ਫਰਾਂਸੀਸੀ ਉਸ ਨੂੰ ਆਪਣਾ ਕੋਮੀ ਕਵੀ ਮੰਨਦੇ ਸਨ। ਜਦ ਕਵੀ ਨੇ ਪਰੂਸ਼ਾ ਦੀ ਹਕੂਮਤ ਦੇ ਜ਼ੁਲਮਾਂ ਅਤੇ ਜਬਰ ਦੇ ਖਿਲਾਫ਼ ਇਕ ਤੋਂ ਬਾਅਦ ਇਕ ਗਿਆਰਾਂ ਨਜ਼ਮਾਂ ਛਪਵਾਈਆਂ ਤਾਂ ਪਰੂਸ਼ੀਆਂ ਦੀ ਹਕੂਮਤ ਨੇ ਫਰਾਂਸ 'ਤੇ ਪ੍ਰਭਾਵ ਪਾ ਕੇ ਅਖਬਾਰ ਦੇ ਸੰਪਾਦਕਾਂ ਵਿਰੁੱਧ, ਜਿਨ੍ਹਾਂ ਵਿਚ ਮਾਰਕਸ ਵੀ ਸ਼ਾਮਲ ਸੀ, ਨੂੰ ਜਲਾਵਤਨ ਕਰਨ ਦਾ ਹੁਕਮ ਕਰਵਾ ਦਿੱਤਾ। ਮਾਰਕਸ ਆਪਣੀ ਪਤਨੀ ਨਾਲ ਬ੍ਰਸਲਜ਼ ਚਲਾ ਗਿਆ।

**ਪਤਨੀ** : ਹੁਣ ਇਥੇ ਗੁਜ਼ਾਰੇ ਦਾ ਕੀ ਹਾਲ ਹੋਵੇਗਾ? ਇਹ ਲੋਕ ਸਾਨੂੰ ਕਿਤੇ ਵੀ ਚੈਨ ਨਹੀਂ ਲੈਣ ਦਿੰਦੇ।

**ਮਾਰਕਸ** : ਕੁਝ ਫਿਕਰ ਨਾ ਕਰ। ਰੱਬ ਨੇ ਬੰਦੋਬਸਤ ਕਰ ਦਿੱਤਾ ਹੈ। ਇਹ ਵੇਖ, ਹੁਣੇ-ਹੁਣੇ ਮੇਰੇ ਪਿਆਰੇ ਦੋਸਤ ਫਰੈਡਰਿਕ ਏਂਗਲਜ਼ ਦੀ ਚਿੱਠੀ ਆਈ ਹੈ।

**ਪਤਨੀ** : (ਖ਼ੁਸ਼ ਹੋ ਕੇ) ਕੀ ਲਿਖਦਾ ਹੈ?

**ਮਾਰਕਸ** : (ਚਿੱਠੀ ਖੋਲ੍ਹਦਾ ਹੈ) ਚੰਦਾ ਜਮ੍ਹਾ ਕਰਕੇ ਉਸ ਨੇ ਕੁਝ ਰੁਪਿਆ ਭੇਜਿਆ ਹੈ। ਪਤਾ ਨਹੀਂ ਕਿੰਨਾ? ਅੱਜ ਜਾਂ ਕੱਲ੍ਹ ਮਿਲ ਜਾਵੇਗਾ।..ਹਾਂ ਤਾਂ ਚਿੱਠੀ ਵਿਚ ਲਿਖਦਾ ਹੈ....'ਪਤਾ ਨਹੀਂ ਇਹ ਰਕਮ ਬ੍ਰਸਲਜ਼ ਵਿਚ ਤੇਰੇ ਗੁਜ਼ਾਰੇ ਦੇ ਲਈ ਕਾਫ਼ੀ ਹੋਵੇਗੀ ਵੀ ਜਾਂ ਨਹੀਂ। ਪਰ ਤੁਸੀਂ ਕੁਝ ਫਿਕਰ ਨਾ ਕਰੋ। ਮੇਰੀ ਅੰਗਰੇਜ਼ੀ ਦੀ ਲਿਖਤ ਦਾ ਜੋ ਵੀ ਮੁਆਵਜ਼ਾ ਮਿਲੇਗਾ, ਮੈਂ ਤੁਹਾਨੂੰ ਝੱਟ ਹੀ ਭਿਜਵਾ ਦਿਆਂਗਾ। ਮੈਨੂੰ ਖਰਚ ਦੇ ਸੰਬੰਧ ਵਿਚ ਲੋੜ ਨਹੀਂ ਅਤੇ ਜੇ ਹੋਈ ਵੀ ਤਾਂ ਇਥੋਂ ਰੁਪਿਆ ਮਿਲਦਾ ਰਹੇਗਾ। ਦਰਅਸਲ ਮੈਂ ਨਹੀਂ ਚਾਹੁੰਦਾ ਕਿ ਤੁਹਾਡੇ ਦੁਸ਼ਮਣ ਇਸ ਗੱਲ ਤੋਂ ਖ਼ੁਸ਼ ਹੋਣ ਕਿ ਮਾਲੀ ਮੁਸ਼ਕਲਾਂ ਤੋਂ ਤੁਹਾਨੂੰ ਪ੍ਰੇਸ਼ਾਨੀ ਹੋਈ।"

**ਪਤਨੀ** : ਰੱਬ ਤੁਹਾਡੇ ਇਸ ਪਿਆਰੇ ਦੋਸਤ ਨੂੰ ਰਹਿੰਦੀ ਦੁਨੀਆ ਤੱਕ ਸਲਾਮਤ ਰੱਖੇ। ਤੁਹਾਡੀ ਕਿੰਨੀ ਖ਼ੈਰ ਮੰਗਦਾ ਹੈ।

**ਮਾਰਕਸ** : ਬੇਗਮ, ਏਂਗਲਜ਼ ਨੂੰ ਸਿਰਫ਼ ਮੇਰਾ ਦੋਸਤ ਕਹਿਣਾ ਉਸ ਦੀ ਅਤੇ ਮੇਰੀ ਅਸਾਂ ਦੋਵਾਂ ਦੀ ਬੇਇੱਜ਼ਤੀ ਹੈ। ਅਸੀਂ ਦੋਵੇਂ ਇਕ ਹਾਂ। ਸਾਡੀ ਜ਼ਿੰਦਗੀ ਇਕ ਦੂਜੇ ਨਾਲ ਇਸ ਤਰ੍ਹਾਂ ਘੁਲ ਮਿਲ ਚੁੱਕੀ ਹੈ ਕਿ ਅਸੀਂ ਦੋਵੇਂ ਰੂਹਾਨੀ ਤੌਰ 'ਤੇ ਇਕ ਹੋ ਚੁੱਕੇ ਹਾਂ। ਏਂਗਲਜ਼ ਮੇਰਾ ਅਤੇ ਮੈਂ ਉਸ ਦਾ ਹਮਜ਼ਾਦ (ਜੁੜਵਾਂ) ਹਾਂ।

**ਪਤਨੀ** : ਉਸ ਨਾਲ ਤੁਹਾਡੀ ਪਹਿਲੀ ਮੁਲਾਕਾਤ ਸ਼ਾਇਦ ਜ਼ੇਟਾਂਗ ਅਖ਼ਬਾਰ ਦੇ ਦਫ਼ਤਰ ਵਿਚ ਹੋਈ ਸੀ।

**ਮਾਰਕਸ** : ਤੂੰ ਠੀਕ ਆਖਦੀ ਹੈਂ। ਪਰ ਸਾਡੀ ਦੋਸਤੀ ਦਾ ਆਗਾਜ਼ ਉਸ ਸਮੇਂ ਹੋਇਆ ਜਦੋਂ ਏਂਗਲਜ਼ ਨੇ ਆਪਣੀ ਪਹਿਲੀ ਕਿਤਾਬ ਲਿਖੀ ਅਤੇ ਮੈਂ ਉਸ ਦੀ ਬਹੁਤ ਪ੍ਰਸ਼ੰਸਾ ਕੀਤੀ। ਸੱਚ ਤਾਂ ਇਹ ਹੈ ਕਿ ਆਰਥਿਕਤਾ ਦੇ ਮੈਦਾਨ ਵਿਚ ਏਂਗਲਜ਼ ਦੀ ਨਜ਼ਰ ਬਹੁਤ ਵਸੀਹ ਹੈ। ਹਾਲਾਂਕਿ ਉਹ ਹਮੇਸ਼ਾ ਇਹੀ ਕਹਿੰਦਾ ਹੈ ਕਿ ਮਾਰਕਸ ਮੇਰੇ ਮੁਕਾਬਲੇ ਜ਼ਿਆਦਾ ਦੂਰ, ਜ਼ਿਆਦਾ ਡੂੰਘਾ ਅਤੇ ਜ਼ਿਆਦਾ ਜਲਦੀ ਵੇਖਦਾ ਹੈ। ਉਸ ਦਾ ਆਪਣਾ ਹੀ ਕਿਤਾਬ ਹੈ।

ਏਂਗਲਜ਼ ਅਤੇ ਮਾਰਕਸ ਦੀ ਜ਼ਿੰਦਗੀ ਸੱਚੀ ਹੀ ਇਕ ਦੂਜੇ ਨਾਲ ਹੱਦ ਦਰਜੇ ਤੱਕ ਸਬੰਧਤ ਸੀ। ਬਾਵਜੂਦ ਏਂਗਲਜ਼ ਦੇ ਆਪਣੇ ਆਪ ਨੂੰ ਘਟੀਆ ਕਹਿਣ ਦੇ, ਇਹ ਮੰਨਣਾ ਪੈਂਦਾ ਹੈ ਅਤੇ ਜਿਹਾ ਕਿ ਖ਼ੁਦ ਮਾਰਕਸ ਮੰਨਦਾ ਹੈ, ਸ਼ੁਰੂ ਵਿਚ ਆਰਥਿਕਤਾ ਦੇ ਮੈਦਾਨ ਵਿਚ ਏਂਗਲਜ਼ ਨੇ ਦਿੱਤਾ ਅਤੇ ਮਾਰਕਸ ਨੇ ਲਿਆ। ਦੋਵੇਂ ਇਕ ਜਾਨ ਦੋ ਸਰੀਰ ਸਨ। ਖ਼ੈਰ....ਬ੍ਰਸਲਜ਼ ਉਸ ਜ਼ਮਾਨੇ ਵਿਚ ਅੰਤਰਰਾਸ਼ਟਰੀ ਬੁਰਜੁਆਜ਼ੀ ਰੁਚੀਆਂ ਦਾ ਕੇਂਦਰ ਸੀ ਅਤੇ ਇਸ ਲਈ ਕਮਿਊਨਿਜ਼ਮ ਦੀਆਂ ਪੁਸਤਕਾਂ ਦੀ ਪ੍ਰਕਾਸ਼ਨਾ ਦੇ ਲਈ ਢੁਕਵੀਂ ਜਗ੍ਹਾ ਸੀ। ਇਥੇ ਮਾਰਕਸ ਨੇ ਆਪਣਾ ਕੰਮ ਸ਼ੁਰੂ ਕੀਤਾ ਹੀ ਸੀ ਕਿ 24 ਫਰਵਰੀ 1848 ਨੂੰ ਫਰਾਂਸ ਵਿਚ ਇਨਕਲਾਬ ਹੋ ਗਿਆ। ਬਾਦਸ਼ਾਹ ਫਰਾਂਸ ਨਾਲ ਜੋ ਹਾਦਸੇ ਹੋਏ, ਉਨ੍ਹਾਂ ਨੇ ਯੂਰਪ ਦੇ ਤਾਜਦਾਰਾਂ ਨੂੰ ਡਰਾ ਦਿੱਤਾ। ਭਾਵੇਂਕਿ ਬੈਲਜੀਅਮ ਦੇ ਬਾਦਸ਼ਾਹ ਦੇ ਹੁਕਮ ਨਾਲ ਮਾਰਕਸ ਅਤੇ ਉਸ ਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਪਰ ਦੂਜੇ ਦਿਨ ਰਿਹਾਈ ਮਿਲੀ ਤਾਂ ਨਾਲ ਹੀ ਜਲਾਵਤਨੀ ਦਾ ਹੁਕਮ ਜਾਰੀ ਹੋ ਗਿਆ। ਮਾਰਕਸ ਨੇ ਫਿਰ ਪੈਰਿਸ ਦਾ ਰੁੱਖ ਕੀਤਾ ਅਤੇ ਆਪਣੇ ਕੁਝ ਇਨਕਲਾਬੀ ਦੋਸਤਾਂ ਦੀ ਸਹਾਇਤਾ ਨਾਲ ਅਖ਼ਬਾਰ ਕੱਢਿਆ ਜਿਸ ਨਾਲ ਉਸਦੀ ਪ੍ਰਸਿੱਧੀ ਆਮ ਹੋ ਗਈ। ਪਰ ਉਸ ਤੂਫ਼ਾਨ ਵਿਚ ਇਹ ਚਿਰਾਗ ਕਦ ਤੱਕ ਬਲਦਾ ਰਹਿ ਸਕਦਾ ਸੀ। ਜਲਦੀ ਹੀ ਹਕੂਮਤ ਦਾ ਤਸ਼ੱਦਦ ਸ਼ੁਰੂ ਹੋ ਗਿਆ। ਅਖ਼ਬਾਰ ਦੇ ਹਿੱਸੇਦਾਰਾਂ ਨੇ ਡਰ ਦੇ ਮਾਰੇ ਮਾਲੀ ਸਹਾਇਤਾ ਤੋਂ ਇਨਕਾਰ ਕਰ ਦਿੱਤਾ। ਪਰ ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ ਮਾਰਕਸ ਨੇ ਅਖ਼ਬਾਰ ਬੰਦ ਨਾ ਕੀਤਾ। ਪਿਓ ਦੇ ਮਰਨ ਮਗਰੋਂ ਜੋ ਸੱਤ ਹਜ਼ਾਰ ਥੇਲਰ ਮਿਲੇ ਸਨ, ਉਸ ਵਿਚ ਲਗਾ ਦਿੱਤੇ ਪਰ ਦੋ ਚਾਰ ਦਿਨਾਂ ਵਿਚ ਹੀ ਨਿਕਲਣ ਦਾ ਹੁਕਮ ਆ ਗਿਆ। 19 ਮਈ ਨੂੰ ਮਾਰਕਸ ਨੇ ਆਖ਼ਰੀ ਇਨਕਲਾਬ ਨੰਬਰ ਕੱਢਿਆ ਅਤੇ ਅਖ਼ਬਾਰ ਬੰਦ ਕਰ ਦਿੱਤਾ।

**ਮਾਰਕਸ** : ਸਾਨੂੰ ਸਤਾਉਣ ਦੇ ਲਈ ਹਕੂਮਤ

ਬਹਾਨੇ ਕਿਉਂ ਬਣਾਉਂਦੀ ਹੈ? ਝੂਠ ਅਤੇ ਤੁਹਮਤਾਂ ਦੇ ਪੁਲ ਕਿਉਂ ਬੰਨ੍ਹਦੀ ਹੈ। ਅਸੀਂ ਤਾਂ ਆਪ ਜੱਲਾਦ ਹਾਂ। ਇਸ ਲਈ ਦੂਸਰੇ ਤੋਂ ਰਹਿਮ ਦੀ ਉਮੀਦ ਨਹੀਂ ਰੱਖਦੇ। ਜਦ ਸਾਡੇ ਦਿਨ ਫਿਰਨਗੇ ਤਾਂ ਅਸੀਂ ਆਪਣੇ ਤਸ਼ੱਦਦ ਦੇ ਬਹਾਨੇ ਅਤੇ ਹੀਲੇ ਨਹੀਂ ਬਣਾਵਾਂਗੇ।

**ਦੋਸਤ** : ਅਖ਼ਬਾਰ ਬੰਦ ਹੋਣਾ ਸੀ, ਸੋ ਗਿਆ। ਹੁਣ ਤੁਹਾਡਾ ਇਰਾਦਾ ਕੀ ਹੈ?

**ਮਾਰਕਸ** : ਇਰਾਦਾ ਕੀ ਹੈ? ਦਿਮਾਗ ਵਿਗੜਿਆ ਹੋਇਆ ਹੈ, ਹੋਸ਼ ਕਾਇਮ ਨਹੀਂ, ਕਰਜ਼ ਮੰਗਣ ਵਾਲਿਆਂ ਤੋਂ ਕੁਝ ਛੁਟਕਾਰਾ ਮਿਲੇ ਤਾਂ ਕੁਝ ਸੋਚਾਂ ਵੀ। ਮਜ਼ਦੂਰਾਂ ਅਤੇ ਕਲਰਕਾਂ ਦੀਆਂ ਤਨਖਾਹਾਂ ਦਿੰਦਿਆਂ-ਦਿੰਦਿਆਂ ਮੇਰਾ ਕਚੂਮਰ ਨਿਕਲ ਗਿਆ ਹੈ। ਪਤਨੀ ਦੇ ਕੁਝ ਗਹਿਣੇ ਰਹਿ ਗਏ ਸਨ, ਉਨ੍ਹਾਂ ਨੂੰ ਗਹਿਣੇ ਰੱਖ ਕੇ ਇੰਨੇ ਦਿਨ ਗੁਜ਼ਾਰਾ ਕੀਤਾ ਹੈ। ਇਕ ਦੋਸਤ ਨੂੰ ਮਾਲੀ ਸਹਾਇਤਾ ਕਰਨ ਦੇ ਲਈ ਲਿਖਿਆ ਸੀ ਉਸ ਨੇ ਚੰਦਾ ਜਮ੍ਹਾ ਕਰਨਾ ਸ਼ੁਰੂ ਕਰ ਦਿੱਤਾ ਹੈ।

**ਦੋਸਤ** : ਤਾਂ ਕੀ ਹੋਇਆ? ਰੁਪਿਆ ਕਿਸੇ ਤਰ੍ਹਾਂ ਤਾਂ ਆਉਣਾ ਚਾਹੀਦਾ ਹੈ।

**ਮਾਰਕਸ** : ਨਹੀਂ ਭਾਈ। ਮੈਨੂੰ ਇਹ ਤਰੀਕਾ ਮਨਜ਼ੂਰ ਨਹੀਂ। ਮੈਂ ਹਰ ਦੁਸ਼ਵਾਰੀ ਝੱਲਣ ਦੇ ਲਈ ਤਿਆਰ ਹਾਂ ਪਰ ਲੋਕਾਂ ਤੋਂ ਭੀਖ ਮੰਗਣਾ ਕਿਸੇ ਵੀ ਤਰ੍ਹਾਂ ਗਵਾਰਾ ਨਹੀਂ ਕਰ ਸਕਦਾ। ਜਦੋਂ ਮੈਂ ਇਹ ਸੁਣਿਆ ਕਿ ਉਹ ਮੇਰੀ ਖ਼ਾਤਰ ਚੰਦਾ ਜਮ੍ਹਾ ਕਰ ਰਿਹਾ ਹੈ ਤਾਂ ਰੱਬ ਦੀ ਸਹੁੰ, ਮੈਨੂੰ ਬਹੁਤ ਦੁਖ ਹੋਇਆ। ਮੈਂ ਝੱਟ ਲਿਖਿਆ ਕਿ ਅਜਿਹੀ ਸਹਾਇਤਾ ਮੈਨੂੰ ਨਹੀਂ ਚਾਹੀਦੀ। ਮੈਂ ਉਸ ਤੋਂ ਮੰਗਿਆ ਸੀ। ਦੂਜਿਆਂ ਤੋਂ ਮੰਗਣ ਦੇ ਲਈ ਨਹੀਂ ਕਿਹਾ ਸੀ।

**ਦੋਸਤ** : ਕੀ ਪੈਰਿਸ ਵਿਚ ਰਹਿਣ ਦਾ ਇਰਾਦਾ ਹੈ?

**ਮਾਰਕਸ** : ਨਹੀਂ, ਬਿਲਕੁਲ ਨਹੀਂ, ਜਿਉਂ ਹੀ ਰਾਹ ਖ਼ਰਚ ਦਾ ਪ੍ਰਬੰਧ ਹੋਇਆ, ਮੈਂ ਇਥੋਂ ਲੰਦਨ ਚਲਾ ਜਾਵਾਂਗਾ।

23 ਅਗਸਤ ਨੂੰ ਮਾਰਕਸ ਨੇ ਫਰਾਂਸ ਨੂੰ ਅਲਵਿਦਾ ਕਹਿ ਦਿੱਤਾ ਅਤੇ ਲੰਦਨ ਚਲਾ ਆਇਆ। ਇਥੇ ਉਸ ਦੇ ਘਰ ਮੁੰਡਾ ਪੈਦਾ ਹੋਇਆ ਜੋ ਗਰੀਬੀ ਦੇ ਕਾਰਨ ਇਕ ਸਾਲ ਦੇ ਅੰਦਰ ਹੀ ਮਰ ਗਿਆ। ਚਾਰੇ ਪਾਸੇ ਮੁਸੀਬਤਾਂ ਹੀ ਮੁਸੀਬਤਾਂ ਸਨ। ਪਰ ਉਨ੍ਹਾਂ ਦੀ ਮੌਜੂਦਗੀ ਵਿਚ ਵੀ ਮਾਰਕਸ ਨੇ ਆਪਣੇ ਗਿਆਨ ਬਾਰੇ ਸਰਗਰਮੀਆਂ ਜਾਰੀ ਰੱਖੀਆਂ। ਸਵੇਰੇ ਨੌਂ ਵਜੇ ਲੰਦਨ ਦੀ ਲਾਇਬ੍ਰੇਰੀ ਵਿਚ ਚਲਾ ਜਾਂਦਾ ਸੀ ਅਤੇ ਸ਼ਾਮ ਦੇ ਸੱਤ ਵਜੇ ਮੁੜਦਾ ਸੀ। ਉਹ ਆਪਣੀ ਮਸ਼ਹੂਰ ਕਿਤਾਬ "ਆਰਥਿਕਤਾ ਦੀ ਪੜਚੋਲ" ਲਿਖ ਰਿਹਾ ਸੀ। ਉਸ ਜ਼ਮਾਨੇ ਵਿਚ ਕਿਸਮਤ ਕੁਝ ਮੁਸਕਰਾਈ ਤਾਂ ਇਕ ਦੋਸਤ ਦੇ ਵਸੀਲੇ ਨਾਲ ਅਮਰੀਕਾ ਦੇ ਇਕ ਅਖ਼ਬਾਰ ਦੀ ਰਿਪੋਰਟਰੀ ਮਿਲ ਗਈ ਅਤੇ ਕੁਝ ਮੁਆਵਜ਼ਾ ਮਿਲਣ ਲੱਗਾ ਪਰ ਥੋੜ੍ਹੇ ਹੀ ਸਮੇਂ ਬਾਅਦ ਮਾਰਕਸ ਸਖ਼ਤ ਬੀਮਾਰ ਹੋਇਆ।

**ਮਾਰਕਸ** : ਕਿਸੇ ਬੀਮਾਰੀ ਨੇ ਮੈਨੂੰ ਇੰਨਾ ਕਮਜ਼ੋਰ ਨਹੀਂ ਕੀਤਾ ਜਿੰਨਾ ਕਿ ਇਸ ਨਾ-ਮੁਰਾਦ ਬੀਮਾਰ ਨੇ ਕੀਤਾ ਹੈ। ਮਰਦਾ ਮਰਦਾ ਬਚਿਆ ਹਾਂ।

**ਦੋਸਤ** : ਹੁਣ ਤੁਹਾਡੀ ਹਾਲਤ ਕਿਹੋ ਜਿਹੀ ਹੈ।

**ਮਾਰਕਸ** : (ਮੁਸਕਰਾ ਕੇ) ਹਾਲਤ ਹੁਣ ਅਜਿਹੀ ਤਸੱਲੀਬਖਸ਼ ਮੰਜ਼ਿਲ 'ਤੇ ਪਹੁੰਚ ਗਈ ਹੈ ਕਿ ਨਾ ਬਾਹਰ ਜਾ ਸਕਦਾ ਹਾਂ ਕਿਉਂਕਿ ਸਾਰੇ ਕੱਪੜੇ ਗਹਿਣੇ ਪਏ ਹਨ ਨਾ ਗੋਸ਼ਤ ਖਾ ਸਕਦਾ ਹਾਂ ਕਿਉਂਕਿ ਜੋ ਬਚੀ-ਖੁਚੀ ਰਕਮ ਸੀ, ਉਹ ਇਸ ਬੀਮਾਰੀ ਨੇ ਖਤਮ ਕਰ ਦਿੱਤੀ ਹੈ।

**ਦੋਸਤ** : ਛੋਟੀ ਕੁੜੀ ਦਾ ਕੀ ਹਾਲ ਹੈ?

**ਮਾਰਕਸ** : ਵਿਚਾਰੀ ਕਈ ਦਿਨਾਂ ਤੋਂ ਖਾਂਸੀ ਅਤੇ ਬੁਖ਼ਾਰ ਨਾਲ ਜੂਝ ਰਹੀ ਹੈ। ਬਹੁਤ ਕਮਜ਼ੋਰ ਹੋ ਗਈ ਹੈ। ਸ਼ਾਇਦ ਹੀ ਬਚੇ ਕਿਉਂਕਿ ਦਵਾ ਦਾਰੂ ਦੇ ਲਈ ਇਕ ਪੈਸੇ ਵੀ ਕੋਲ ਨਹੀਂ।

**ਦੋਸਤ** : ਰੱਬ ਰਹਿਮ ਕਰੇ।

**ਮਾਰਕਸ** : ਹਾਂ, ਰੱਬ ਹੀ ਰਹਿਮ ਕਰੇ। ਪਤਨੀ ਬੀਮਾਰ, ਬੇਟੀ ਬੀਮਾਰ, ਮੁੰਡੇ ਨੂੰ ਬੁਖ਼ਾਰ, ਰੁਪਿਆ ਪੈਸਾ ਕੋਲ ਨਹੀਂ। ਹਫ਼ਤੇ ਤੋਂ ਸਿਰਫ਼ ਰੋਟੀ ਅਤੇ ਆਲੂ 'ਤੇ ਗੁਜ਼ਾਰਾ ਕਰ ਰਿਹਾ ਹਾਂ। ਸ਼ਾਇਦ ਹੁਣ ਇਹ ਵੀ ਨਾ ਮਿਲੇ ਅਤੇ ਭੁੱਖੇ ਮਰਨਾ ਪਵੇ। ਕਾਗਜ਼ ਖਰੀਦਣ ਲਈ ਵੀ ਪੈਸੇ ਨਹੀਂ ਕਿ ਲੇਖ ਲਿਖੇ ਕੇ ਅਖ਼ਬਾਰ ਨੂੰ ਭੇਜ ਸਕਾਂ। ਹੁਣ ਸਿਰਫ਼ ਇਹ ਹੋਣਾ ਬਾਕੀ ਹੈ ਕਿ ਮਕਾਨ ਮਾਲਕ ਘਰੋਂ ਕੱਢ ਦੇਵੇ ਕਿਉਂਕਿ ਉਸ ਦੇ ਬਾਈ ਪੌਂਡ ਮੇਰੇ ਵਲ ਨਿਕਲਦੇ ਹਨ।

**ਦੋਸਤ** : ਜੇ ਉਸ ਨੇ ਸੱਚੀ ਹੀ ਕੱਢ ਦਿੱਤਾ?

**ਮਾਰਕਸ** : ਤਾਂ ਬਹੁਤ ਹੀ ਚੰਗਾ ਹੋਏਗਾ। ਇਨ੍ਹਾਂ 22 ਪੌਂਡਾਂ ਦਾ ਬੋਝ ਤਾਂ ਮੇਰੇ ਦਿਲ ਤੋਂ ਉਤਰੇਗਾ। ਪਰ ਮਕਾਨ ਮਾਲਕ ਇਹ ਕਿਰਪਾ ਮੇਰੇ 'ਤੇ ਕਿਉਂ ਕਰਨ ਲੱਗਾ। ਰੋਟੀ ਵਾਲੇ, ਦੁੱਧ ਵਾਲੇ, ਸਬਜ਼ੀ ਵਾਲੇ, ਕਸਾਈ, ਪਰਚੂਨ ਵਾਲੇ, ਇਨ੍ਹਾਂ ਸਭਨਾਂ ਦਾ ਕਰਜ਼ਾ ਵੱਧ ਰਿਹਾ। ਸਮਝ ਵਿਚ ਨਹੀਂ ਆਉਂਦਾ ਕਿ ਇਹ ਮੁਸੀਬਤਾਂ ਕਦੋਂ ਖਤਮ ਹੋਣਗੀਆਂ। ਬਹੁਤ ਸ਼ਰਮ ਦੀ ਗੱਲ ਹੈ ਪਰ ਕੁਝ ਦਿਨਾਂ ਤੋਂ ਮਜ਼ਦੂਰਾਂ ਤੋਂ ਕਰਜ਼ ਲੈ ਲੈ ਕੇ ਗੁਜ਼ਾਰਾ ਕਰ ਰਿਹਾ ਹਾਂ। ਕੀ ਕਰਾਂ ਉਨ੍ਹਾਂ ਤੋਂ ਵੀ ਨਾ ਮੰਗਾਂ ਤਾਂ ਭੁੱਖਾ ਮਰ ਜਾਵਾਂ।

**ਦੋਸਤ** : ਇਹ ਤੁਹਾਡੀ ਹੀ ਹਿੰਮਤ ਹੈ ਕਿ ਮੁਸ਼ਕਲਾਂ ਦੀ ਇਸ ਭੀੜ ਵਿਚ ਵੀ ਆਪਣਾ ਕੰਮ ਕਰੀ ਜਾ ਰਹੇ ਹੋ।

**ਮਾਰਕਸ** : ਬੁਰਜੁਆਜ਼ੀ ਤਬਕਾ ਮੈਨੂੰ ਆਪਣੇ ਮਕਸਦ ਤੋਂ ਹਟਾ ਕੇ ਸੋਨਾ ਕਮਾਉਣ ਦੀ ਚਾਹਤ ਦੇਣਾ ਚਾਹੁੰਦਾ ਹੈ। ਮੈਂ ਉਨ੍ਹਾਂ ਨੂੰ ਦੱਸ ਚੁੱਕਾ ਹਾਂ ਕਿ ਉਹ ਮੈਨੂੰ ਕਦੀ ਸਿੱਕੇ ਬਣਾਉਣ ਦੀ ਮਸ਼ੀਨ ਵਿਚ ਤਬਦੀਲ ਨਹੀਂ ਕਰ ਸਕਣਗੇ। ਮੈਂ ਹਰ ਮੁਸੀਬਤ ਵਿਚ ਆਪਣਾ ਕੰਮ ਕਰਦਾ ਰਹਾਂਗਾ।

**ਦੋਸਤ** : ਪਰ ਰੁਪਿਆ ਕਮਾਉਣਾ ਵੀ ਤਾਂ ਜ਼ਰੂਰੀ ਹੈ।

**ਮਾਰਕਸ** : ਰੁਪਿਆ ਕਮਾਉਣਾ ਚਾਹੀਦਾ ਹੈ ਕਿ ਅਸੀਂ ਜਿਉਂਦੇ ਰਹੀਏ ਅਤੇ ਕੁਝ ਲਿਖ ਸਕੀਏ। ਪਰ ਰੁਪਿਆ ਕਮਾਉਣ ਦੇ ਲਈ ਸਾਨੂੰ ਜਿਉਂਦੇ ਰਹਿਣਾ ਅਤੇ ਲਿਖਣਾ ਬਿਲਕੁਲ ਨਹੀਂ ਚਾਹੀਦਾ। ਗਰੀਬੀ ਦਾ ਇਹ ਆਲਮ, ਪਰ ਆਪਣੇ ਨਜ਼ਰਾਂ ਸਾਹਮਣੇ ਰਹਿਣ ਵਾਲੇ ਮਕਸਦ ਤੋਂ ਇਕ ਪਲ ਦੇ ਲਈ ਵੀ ਮਾਰਕਸ ਦੀਆਂ ਨਜ਼ਰਾਂ ਨਾ ਹਟੀਆਂ। ਉਹ ਇਕ ਮੋਮਨ ਬੰਦੇ ਵਾਂਗ ਸੱਚ ਦੇ ਐਲਾਨ ਵਿਚ ਲੱਗਾ ਰਿਹਾ। ਸਖ਼ਤ ਤੋਂ ਸਖ਼ਤ ਇਮਤਿਹਾਨ ਵਿਚੋਂ ਉਸ ਨੂੰ ਲੰਘਣਾ ਪਿਆ ਪਰ ਉਹ ਸਾਬਤ ਕਦਮ ਰਿਹਾ। ਉਸ ਦੀ ਜਾਨੋ ਵੱਧ ਪਿਆਰੀ ਬੱਚੀ ਸਾਹਮਣੇ ਦਮ ਤੋੜ ਰਹੀ ਸੀ, ਆਪ ਫ਼ਾਕਿਆਂ ਨਾਲ ਨਿਢਾਲ ਸੀ ਪਰ ਮਜਾਲ ਹੈ ਕਿ ਉਸ ਦੇ ਅਡੋਲ ਪੈਰ ਜ਼ਰਾ ਜਿਹੇ ਵੀ ਡਗਮਗਾਏ ਹੋਣ।

**ਪਤਨੀ** : (ਭੈਅਭੀਤ ਹੋ ਕੇ) ਨਿੱਕੀ ਨੇ ਦਮ ਤੋੜ ਦਿੱਤਾ।

**ਮਾਰਕਸ** : ਮਰ ਗਈ ਵਿਚਾਰੀ?

**ਪਤਨੀ** : ਤਿੰਨ ਦਿਨਾਂ ਤੱਕ ਜ਼ਾਲਮ ਮੌਤ ਨਾਲ ਲੜਦੀ ਰਹੀ ਹੈ। ਨਿੱਕੀ ਜਿਹੀ ਜਾਨ ਸੀ। ਕਦ ਤੱਕ ਮੁਕਾਬਲਾ ਕਰਦੀ? ਮੇਰੇ ਤੋਂ ਤਾਂ ਰੋਇਆ ਵੀ ਨਹੀਂ ਜਾਂਦਾ। ਅੱਖਾਂ ਵਿਚ ਹੰਝੂ ਵੀ ਨਹੀਂ ਆਉਂਦੇ। ਮੈਨੂੰ ਕੀ ਹੋ ਗਿਆ ਹੈ? ਕੀ ਸੱਚਮੁੱਚ ਹੀ ਨਿੱਕੀ ਮਰ ਗਈ ਹੈ। ਤੁਸੀਂ ਜਾ ਕੇ ਵੇਖੋ ਸ਼ਾਇਦ ਜਿਉਂਦੀ ਹੋਵੇ।

**ਮਾਰਕਸ** : ਸਬਰ ਕਰ ਮੇਰੀ ਜਾਨ! ਰੱਬ ਦੀ ਇਹੀ ਮਰਜ਼ੀ ਸੀ। ਮੈਂ ਇਥੇ ਜ਼ਮੀਨ 'ਤੇ ਬਿਸਤਰਾ ਲਗਾ ਦਿੰਦਾ ਹਾਂ। ਤੂੰ ਲੰਮੇ ਪੈ ਜਾ, ਤੇਰੀ ਸਿਹਤ ਠੀਕ ਨਹੀਂ। ਆਪਣੀ ਜਾਨ ਨੂੰ ਹੋਰ ਨਾ ਥਕਾਓ। ਜੋ ਹੋਣਾ ਸੀ, ਸੋ ਹੋ ਗਿਆ। ਹਰ ਹਾਲਤ ਵਿਚ ਰੱਬ ਦਾ ਸ਼ੁਕਰ ਕਰਨਾ ਚਾਹੀਦਾ ਹੈ।

**ਪਤਨੀ** : ਹਾਇ ਮੇਰੀ ਹੂਰ ਕਿਸ ਤਰ੍ਹਾਂ ਠੰਢੀ ਅਤੇ ਚੁੱਪਚਾਪ ਲੇਟੀ ਹੋਈ ਹੈ। ਮੈਨੂੰ ਯਕੀਨ ਨਹੀਂ ਆਉਂਦਾ। ਮੈਨੂੰ ਬਿਲਕੁਲ ਯਕੀਨ ਨਹੀਂ ਆਉਂਦਾ। (ਧਾਹਾਂ ਮਾਰ ਕੇ ਰੋਣਾ ਸ਼ੁਰੂ ਕਰ ਦਿੰਦੀ ਹੈ।)

**ਮਾਰਕਸ** : ਰੱਬ ਦਾ ਵਾਸਤਾ, ਹਿੰਮਤ ਤੋਂ ਕੰਮ ਲੈ। ਤੂੰ ਇਸ ਤਰ੍ਹਾਂ ਰੋਵੇਂਗੀ ਤਾਂ ਮੇਰੀ ਕੀ ਹਾਲ ਹੋਵੇਗਾ.....ਸਬਰ ਕਰ। ਕਿੰਨੇ ਦੁੱਖ ਬਰਦਾਸ਼ਤ ਕੀਤੇ ਹਨ। ਇਕ ਇਹ ਵੀ ਸਹੀ।

**ਪਤਨੀ** : ਮਾਂ ਹਾਂ! ਕਿਵੇਂ ਆਪਣਾ ਦਿਲ ਪੱਥਰ ਦਾ ਕਰ ਲਵਾਂ, ਮੇਰੀ ਨੰਨੀ....

**ਮਾਰਕਸ** : ਹੁਣ ਉਸ ਦੇ ਕਫ਼ਨ-ਦਫ਼ਨ ਦੀ ਕੁਝ ਫ਼ਿਕਰ ਕਰਨੀ ਚਾਹੀਦੀ ਹੈ। ਸਾਡੇ ਕੋਲ ਤਾਂ ਜ਼ਹਿਰ ਖਾਣ ਨੂੰ ਵੀ ਕੁਝ ਨਹੀਂ। (ਠੰਢਾ ਹੌਕਾ ਭਰਦਾ ਹੈ) ਵਿਚਾਰੀ ਮਰ ਗਈ...ਹਾਂ ਤਾਂ ਹੁਣ ਕੀ ਕਰਨਾ ਚਾਹੀਦਾ ਹੈ। (ਵਕਫ਼ੇ ਮਗਰੋਂ) (ਧੀ ਦੀ ਮ੍ਰਿਤਕ ਦੇਹ ਨੂੰ ਚੁੱਕ ਕੇ ਦੂਜੇ ਕਮਰੇ ਵਿਚ ਰੱਖ ਦਿੰਦਾ ਹੈ ਅਤੇ ਖ਼ੁਦ ਉਸ ਜਲਾਵਤਨ ਫਰਾਂਸੀਸੀ ਦੇ ਕੋਲ ਜਾਂਦਾ ਹੈ ਜੋ ਉਸ ਦੇ ਗੁਆਂਢ ਵਿਚ ਰਹਿੰਦਾ ਹੈ।) ਇਕ ਦੋ ਵਾਰ ਉਸ ਨਾਲ ਮੁਲਾਕਾਤ ਹੋਈ ਸੀ ਤਾਂ ਬਹੁਤ ਖ਼ੁਸ਼ੀ ਨਾਲ ਮਿਲਿਆ ਸੀ। ਜ਼ਰੂਰਤ ਦਾ ਪ੍ਰਗਟਾਵਾ ਕਰਾਂਗਾ ਤਾਂ ਕਫ਼ਨ-ਦਫ਼ਨ ਦੇ ਲਈ ਕੁਝ ਦੇ ਦੇਵੇ।

**ਪਤਨੀ** : ਜਦ ਵਿਚਾਰੀ ਪੈਦਾ ਹੋਈ ਸੀ, ਉਸ ਵੇਲੇ ਵੀ ਉਸਨੂੰ ਕੋਈ ਪੰਘੂੜਾ ਨਸੀਬ ਨਾ ਹੋਇਆ ਤੇ ਅੱਜ ਵਿਦਾ ਹੋ ਰਹੀ ਹੈ ਤਾਂ ਤਾਬੂਤ ਨਹੀਂ...।

ਅਜਿਹੇ ਕਈ ਝਟਕੇ ਮਾਰਕਸ ਨੇ ਸਹੇ। ਪਰ ਸਾਬਤ ਕਦਮ ਰਿਹਾ। ਲੰਡਨ ਵਿਚਲੇ ਵਾਸ ਦੌਰਾਨ ਕੁਝ ਸਕੂਨ ਪੈਦਾ ਹੋਣਾ ਸ਼ੁਰੂ ਹੋਇਆ ਸੀ ਕਿ ਉਸ ਦਾ ਇਕਲੌਤਾ ਮੁੰਡਾ ਮਰ ਗਿਆ। ਉਸ ਦੀ ਜੁਦਾਈ ਦਾ ਦੁੱਖ ਕਿਆਮਤ ਸੀ। ਮਾਰਕਸ ਨੂੰ ਉਸ ਨਾਲ ਬਹੁਤ ਮੁੱਹਬਤ ਸੀ। ਹਕੀਕਤ ਤਾਂ ਇਹ ਹੈ ਕਿ ਉਸ ਦੇ ਮੁੰਡੇ ਦੀ ਮੌਤ 'ਤੇ ਪਹਿਲੀ ਵਾਰ ਉਸ ਨੂੰ ਮਹਿਸੂਸ ਹੋਇਆ ਕਿ ਸਦਮਾ ਕੀ ਹੁੰਦਾ ਹੈ। ਇਸ ਹਾਦਸੇ ਦੇ ਬਾਰੇ ਵਿਚ ਉਸ ਨੇ ਆਪਣੇ ਇਕ ਦੋਸਤ ਨੂੰ ਖ਼ਤ ਲਿਖਿਆ ਅਤੇ ਕਿਹਾ, "ਹੀਊਗੋ ਕਹਿੰਦਾ ਹੈ ਕਿ ਦੁਨੀਆ ਵਿਚ ਜੋ ਸੱਚੀ ਹੀ ਵੱਡੇ ਆਦਮੀ ਹੁੰਦੇ ਹਨ, ਉਹ ਹਕੀਕਤ ਦੀ ਤਲਾਸ਼ ਵਿਚ ਇਸ ਤਰ੍ਹਾਂ ਰੁਝੇ ਹੁੰਦੇ ਹਨ ਕਿ ਕੋਈ ਜਾਤੀ ਨੁਕਸਾਨ ਜਾਂ ਸਦਮਾ ਉਨ੍ਹਾਂ ਨੂੰ ਪ੍ਰਭਾਵਤ ਨਹੀਂ ਕਰ ਸਕਦਾ। ਮੈਨੂੰ ਅਫਸੋਸ ਹੈ ਕਿ ਮੈਂ ਉਸ ਤਰ੍ਹਾਂ ਦਾ ਵੱਡਾ ਆਦਮੀ ਨਹੀਂ ਹਾਂ। ਮੁੰਡੇ ਦੀ ਮੌਤ ਨੇ ਮੇਰੀ ਰੂਹ ਅਤੇ ਮੇਰੇ ਜਿਸਮ ਨੂੰ ਹਿਲਾ ਕੇ ਰੱਖ ਦਿੱਤਾ ਹੈ।" ਜਿਸਮ ਅਤੇ ਰੂਹ ਪੂਰੀ ਤਰ੍ਹਾਂ ਝੰਜੋੜੇ ਜਾਣ ਦੇ ਬਾਵਜੂਦ ਉਸ ਨੇ ਆਪਣੀ ਕਿਤਾਬ ਲਿਖਣ ਦਾ ਕੰਮ ਜਾਰੀ ਰੱਖਿਆ। ਉਹ ਇਕ ਦਿਨ ਬਹੁਤ ਵੱਡੀ ਹਕੀਕਤ ਨੂੰ ਬੇਨਕਾਬ ਕਰਨਾ ਚਾਹੁੰਦਾ ਸੀ। ਉਸ ਦਾ ਦਿਲ ਸਿਆਸੀ ਹੰਗਾਮਿਆਂ ਤੋਂ ਉਕਤਾ ਗਿਆ ਸੀ। ਉਹ ਆਪਣੇ ਆਰਥਿਕ ਨਜ਼ਰੀਏ ਨੂੰ ਕਿਤਾਬੀ ਸ਼ਕਲ ਵਿਚ ਪੇਸ਼ ਕਰਨਾ ਚਾਹੁੰਦਾ ਸੀ। ਇਹ ਕਿਤਾਬ ਮੁਕੰਮਲ ਹੋਈ ਤਾਂ ਮਾਰਕਸ ਦੀ ਗਰੀਬੀ ਆਖਰੀ ਹੱਦ ਤੱਕ ਪਹੁੰਚ ਚੁੱਕੀ ਸੀ। 21 ਜਨਵਰੀ ਸੰਨ 1859 ਨੂੰ "ਆਰਥਿਕਤਾ ਦੀ ਪੜਚੋਲ" ਦਾ ਖਰੜਾ ਬਿਲਕੁਲ ਤਿਆਰ ਸੀ ਪਰ....

**ਮਾਰਕਸ** : ਅਮਰੀਕਾ ਦੀ ਆਰਥਿਕ ਮੰਦੀ ਦਾ ਬਹੁਤ ਹੀ ਬੁਰਾ ਅਸਰ ਪਿਆ ਹੈ। ਪਹਿਲਾਂ ਇਹ ਟ੍ਰਿਬਿਊਨ ਅਖ਼ਬਾਰ ਦੋ ਲੇਖ ਲੈਂਦਾ ਸੀ, ਹੁਣ ਕਮਬਖ਼ਤ ਇਕ ਹੀ ਲੈਂਦਾ ਹੈ।

**ਪਤਨੀ** : ਉਹ ਪਿਆ ਜੋ ਮਾਂ ਦੇ ਮਰਨ ਤੋਂ ਬਾਅਦ ਜੋ ਕੁਝ ਮਿਲਿਆ ਸੀ, ਇਕ ਸਾਲ ਦੇ ਅੰਦਰ ਅੰਦਰ ਹੀ ਖਤਮ ਹੋ ਗਿਆ।

**ਮਾਰਕਸ** : ਭਈ, ਅਣਗਿਣਤ ਕਰਜ਼ੇ ਅਦਾ ਕਰਨੇ ਸਨ। ਅੱਧਾ ਤਾਂ ਉਨ੍ਹਾਂ ਵਿਚ ਹੀ ਚਲਾ ਗਿਆ ਹੋਵੇਗਾ। ਖ਼ੈਰ! ਪਰ ਹੁਣ ਸੋਚਣਾ ਇਹ ਹੈ ਕਿ ਇਸ ਖਰੜੇ ਦਾ ਕੀ ਕੀਤਾ ਜਾਵੇ।

**ਪਤਨੀ** : ਕੋਈ ਨਾ ਕੋਈ ਛਾਪ ਦੇਵੇਗਾ। ਤੁਸੀਂ ਕਿਉਂ ਇੰਨੀ ਫਿਕਰ ਕਰਦੇ ਹੋ?

**ਮਾਰਕਸ** : ਫਿਕਰ ਇਸ ਲਈ ਕਰਦਾ ਹਾਂ ਕਿ ਖਰੜਾ ਭੇਜਣ ਦੇ ਲਈ ਪੈਸੇ ਕਿਥੇ ਹਨ? ਟਿਕਟਾਂ ਬਗੈਰ ਭੇਜ ਦਿਆਂ?

**ਪਤਨੀ** : (ਹੱਸਦੀ ਹੈ) ਟਿਕਟਾਂ ਦਾ ਤਾਂ ਭੁੱਲ ਹੀ ਗਈ ਸੀ।

ਉਸ ਨੂੰ ਕਿਹਾ ਹੈ ਕਿ ਭਈ, ਮਸੌਦਾ ਭੇਜਣ ਦੇ ਲਈ ਟਿਕਟਾਂ ਚਾਹੀਦੀਆਂ ਹਨ। ਕੁਝ ਭੇਜ ਦਿਓ ਤਾਂ ਕਿ ਇਹ ਕੰਮ ਅਟਕਿਆ ਨਾ ਰਹੇ। (ਹੱਸਦਾ ਹੈ) ਹੱਦ ਹੋ ਗਈ ਹੈ। ਸ਼ਾਇਦ ਹੀ ਕੋਈ ਐਸਾ ਲੇਖਕ ਹੋਵੇਗਾ ਜਿਸ ਨੇ ਦੌਲਤ 'ਤੇ ਕਿਤਾਬ ਲਿਖੀ ਹੋਵੇ ਅਤੇ ਖ਼ੁਦ ਦੌਲਤ ਤੋਂ ਵਾਂਝਾ ਰਿਹਾ ਹੋਵੇ। ਇਸ ਕਿਤਾਬ ਦੀ ਛਪਾਈ ਦਾ ਪ੍ਰਬੰਧ ਹੋ ਜਾਵੇ ਤਾਂ ਇਰਾਦਾ ਹੈ ਕਿ ਅੰਗਰੇਜ਼ੀ ਰੇਲਵੇ ਕੰਪਨੀ ਵਿਚ ਮੁਲਾਜ਼ਮ ਹੋ ਜਾਵਾਂ।

**ਪਤਨੀ** : ਤੁਹਾਡੇ ਤੋਂ ਇਹ ਮੁਲਾਜ਼ਮ ਨਹੀਂ ਹੋ ਸਕੇਗੀ।

**ਮਾਰਕਸ** : ਤਾਂ ਇਕ ਸੂਰਤ ਹੋਰ ਹੈ, ਉਹ ਇਹ ਕਿ ਆਪਣੇ ਆਪ ਨੂੰ ਦੀਵਾਲੀਆ ਐਲਾਨ ਦਿਆਂ। ਦੋ ਲੜਕੀਆਂ ਹਨ, ਉਨ੍ਹਾਂ ਨੂੰ ਤੁਸੀਂ ਕਿਸੇ ਅਮੀਰ ਦੇ ਬੱਚਿਆਂ ਨੂੰ ਖਿਡਾਉਣ ਦਾ ਕੰਮ ਦਿਵਾ ਦਿਓ ਅਤੇ ਅਸੀਂ ਦੋਵੇਂ ਕਿਸੇ 'ਵਰਕ ਹਾਊਸ' ਵਿਚ ਚਲੇ ਜਾਈਏ।

**ਪਤਨੀ** : ਇਹ ਤੁਸੀਂ ਕਹਿ ਰਹੇ ਹੋ?

**ਮਾਰਕਸ** : ਕੀ ਕਹਿ ਰਿਹਾ ਹਾਂ "ਵਰਕ ਹਾਊਸ" ਸਾਡੇ ਵਰਗੇ ਨਿਤਾਣੇ ਮਨੁੱਖਾਂ ਦੇ ਲਈ ਹੀ ਤਾਂ ਬਣਾਏ ਗਏ ਹਨ ਅਤੇ ਮਾਰਕਸ ਦੀਆਂ ਕੁੜੀਆਂ ਅਤੇ ਖਿਡਾਰੀਆਂ ਵਿਚ ਕੀ ਫਰਕ ਹੈ ਜੋ ਕਈ ਅਮੀਰ ਘਰਾਣਿਆਂ ਵਿਚ ਨਜ਼ਰ ਆਉਂਦੀਆਂ ਹਨ।

"ਵਰਕ ਹਾਊਸ" ਵਿਚ ਜਾਣ ਅਤੇ ਕੁੜੀਆਂ ਨੂੰ ਖਿਡਾਵੀ ਬਣਾਉਣ ਦੀ ਨੌਬਤ ਹੀ ਨਾ ਆਈ ਕਿਉਂਕਿ ਸੰਨ 1860 ਵਿਚ ਏਂਗਲਜ਼ ਦੇ ਪਿਓ ਦਾ ਦੇਹਾਂਤ ਹੋ ਗਿਆ। ਵਸੀਅਤ ਦੀ ਵਜ੍ਹਾ ਨਾਲ ਉਹ ਆਪਣੇ ਪਿਓ ਦੀ ਫਰਮ ਦਾ ਮਾਲਕ ਬਣ ਗਿਆ ਅਤੇ ਇਸ ਯੋਗ ਹੋ ਗਿਆ ਕਿ ਉਹ ਆਪਣੇ ਦੋਸਤ ਮਾਰਕਸ ਨੂੰ ਜ਼ਿਆਦਾ ਤੋਂ ਜ਼ਿਆਦਾ ਸਹਾਇਤਾ ਦੇ ਸਕੇ। ਇਸ ਦੌਰਾਨ ਮਾਰਕਸ ਦੀ ਮਾਂ ਦਾ ਦੇਹਾਂਤ ਹੋ ਗਿਆ। ਉਸ ਨੇ ਵੀ ਆਪਣੇ ਪਿਛੇ ਕੁਝ ਵਿਰਾਸਤ ਛੱਡੀ। ਫਿਰ ਮਾਰਕਸ ਦੇ ਦੋਸਤ ਵਲਹੇਮ ਵੂਲਫ਼ ਦਾ ਵੀ ਦਿਹਾਂਤ ਹੋ ਗਿਆ। ਉਸ ਨੇ ਵੀ ਮਾਰਕਸ ਦੇ ਲਈ ਕੁਝ ਛੱਡਆ। ਗਰਜ਼ ਇਹ ਕਿ ਗਰੀਬੀ ਦਾ ਦੌਰ ਥੋੜ੍ਹੇ ਅਰਸੇ ਦੇ ਲਈ ਖਤਮ ਹੋ ਗਿਆ। ਹੁਣ ਕੁਝ ਬੇਫਿਕਰੀ ਹੋਈ ਤਾਂ ਉਸ ਨੇ 1864 ਵਿਚ ਇੰਟਰਨੈਸ਼ਨਲ ਦੀ ਨੀਂਹ ਰੱਖੀ। ਸਾਰੀ ਦੁਨੀਆ ਦੇ ਮਜ਼ਦੂਰਾਂ ਨੂੰ ਇਕ ਲੜੀ ਵਿਚ ਪਿਰੋਣਾ ਸੌਖਾ ਕੰਮ ਨਹੀਂ ਸੀ। ਮਾਰਕਸ ਨੂੰ ਇਸ ਸਿਲਸਿਲੇ ਵਿਚ ਬਹੁਤ ਸਿਰਦਰਦੀ ਸਹਿਣੀ ਪਈ ਕਿਉਂਕਿ ਇਸ ਕੰਮ ਵਿਚ ਪੈ ਕੇ ਉਹ ਆਮਦਨੀ ਵਲੋਂ ਬਿਲਕੁਲ ਬੇਪ੍ਰਵਾਹ ਹੋ ਗਿਆ ਸੀ। ਇਸ ਲਈ ਗਰੀਬੀ ਅਤੇ ਬੀਮਾਰੀ ਨੇ ਉਸ ਦੇ ਦਰਵਾਜ਼ੇ 'ਤੇ ਫਿਰ ਆਣ ਦਸਤਕ ਦਿੱਤੀ।

**ਪਤਨੀ** : ਮੇਰੀ ਤੁਹਾਡੇ ਦੋਸਤ ਏਂਗਲਜ਼ ਨਾਲ ਪੂਰੀ ਪੂਰੀ ਸਹਿਮਤੀ ਹੈ। ਉਸ ਦਾ ਇਹ ਕਹਿਣਾ ਬਿਲਕੁਲ ਸਹੀ ਹੈ ਕਿ ਇਹ ਕਮਬਖ਼ਤ ਕਿਤਾਬ 'ਸਰਮਾਇਆ' ਹੀ ਸਾਰੀਆਂ ਆਫ਼ਤਾਂ ਦਾ ਸੱਬਬ ਬਣੀ ਹੈ।

**ਮਾਰਕਸ** : ਪਰ ਹੁਣ ਤਾਂ ਮੈਂ ਉਸ ਨੂੰ ਖਤਮ ਕਰ ਚੁੱਕਾ ਹਾਂ। ਮੈਨੂੰ ਪੂਰੀ ਪੂਰੀ ਉਮੀਦ ਹੈ ਕਿ ਇਸ ਸਾਲ ਦੇ ਅੰਤ ਤੱਕ ਮੇਰੀ ਮਾਲੀ ਹਾਲਤ ਚੰਗੀ ਹੋ ਜਾਵੇਗੀ। ਮੈਂ ਆਪਣੇ ਪੈਰਾਂ 'ਤੇ ਖੜ੍ਹਾ ਹੋ ਜਾਵਾਂਗਾ। ਮੈਨੂੰ ਦਰਅਸਲ ਅਫ਼ਸੋਸ ਇਸ ਗੱਲ ਦਾ ਹੈ ਕਿ ਮੇਰੀ ਵਜ੍ਹਾ ਕਰਕੇ ਵਿਚਾਰਾ ਏਂਗਲਜ਼ ਬਹੁਤ ਪ੍ਰੇਸ਼ਾਨ ਰਿਹਾ। ਮੇਰੀ ਖਾਤਰ ਉਸ ਨੂੰ ਕਾਰੋਬਾਰੀ ਦੁਨੀਆਂ ਵਿਚ ਬਹੁਤ ਤੰਗੀ ਨਾਲ ਕੰਮ ਕਰਨਾ ਪਿਆ। ਸੱਚ ਤਾਂ ਇਹ ਹੈ ਬੇਗਮ ਜੇ ਏਂਗਲਜ਼ ਸਹਾਇਤਾ ਨਾ ਕਰਦਾ ਤਾਂ ਇਹ ਕਿਤਾਬ ਮੈਂ ਕਦੀ ਨਾ ਲਿਖ ਸਕਦਾ।

**ਪਤਨੀ** : ਹੁਣ ਤੁਸੀਂ ਫਿਰ ਉਸ ਨੂੰ ਤਕਲੀਫ਼ ਦਿੱਤੀ ਹੈ।

**ਮਾਰਕਸ** : ਯਕੀਨ ਮੰਨੋ, ਜੇ ਅੱਜ ਨਾ ਹੁੰਦੀ ਤਾਂ ਮੈਂ ਉਸ ਨੂੰ ਕਦੀ ਖੇਚਲ ਨਾ ਦਿੰਦਾ। ਆਪਣੀਆਂ ਉਂਗਲੀਆਂ ਕੱਟ ਦਿੰਦਾ ਜਿਨ੍ਹਾਂ ਨੇ ਉਸ ਨੂੰ ਇਹ ਖਤ ਲਿਖਿਆ ਅਤੇ ਸਹਾਇਤਾ ਮੰਗੀ। ਦੂਸਰਿਆਂ ਨੂੰ ਤਕਲੀਫ਼ ਦੇ ਕੇ ਜ਼ਿੰਦਗੀ ਦੇ ਦਿਨ ਪੂਰੇ ਕਰਦੇ ਰਹਿਣਾ ਸੱਚੀ ਹੀ ਬਹੁਤ ਵੱਡੀ ਬੇਇੱਜ਼ਤੀ ਹੈ। ਪਰ ਇਹ ਖ਼ਿਆਲ ਇਸ ਬੇਇੱਜ਼ਤੀ ਨੂੰ ਦੂਰ ਕਰ ਦਿੰਦਾ ਹੈ ਕਿ ਏਂਗਲਜ਼ ਅਤੇ ਮੈਂ ਦੋਵੇਂ ਇਕ ਕੰਮ ਵਿਚ ਬਰਾਬਰ ਦੇ ਸ਼ਰੀਕ ਹਾਂ।

**ਪਤਨੀ** : ਤੁਸੀਂ ਇਕ ਵਾਰ ਕਿਹਾ ਸੀ ਕਿ ਮਜ਼ਦੂਰਾਂ ਵਰਗੀ ਰਿਹਾਇਸ਼ ਧਾਰਨ ਕਰ ਲਓਗੇ....

**ਮਾਰਕਸ** : ਮੈਂ ਉਸ 'ਤੇ ਬਹੁਤ ਧਿਆਨ ਦਿੰਦਾ। ਤੂੰ ਆਪ ਹੁਣ ਮੇਰੀ ਉਸ ਰਾਇ ਨਾਲ ਸਹਿਮਤ ਹੋਵੇਂਗੀ ਕਿ ਬਿਲਕੁਲ ਮਜ਼ਦੂਰਾਂ ਵਰਗੀ ਰਿਹਾਇਸ਼ ਸਾਡੇ ਮੌਜੂਦਾ ਹਾਲਾਤ ਵਿਚ ਭਲਾਈ ਦੇ ਵਿਰੁੱਧ ਹੈ। ਜੇ ਦੋ ਜਵਾਨ ਕੁੜੀਆਂ ਦੀ ਥਾਂ ਦੋ ਮੁੰਡੇ ਹੁੰਦੇ ਤਾਂ ਰੱਬ ਕਰਕੇ ਮੈਨੂੰ ਅਜਿਹੀ ਰਿਹਾਇਸ਼ ਰੱਖਣ ਵਿਚ ਕੋਈ ਪ੍ਰੇਸ਼ਾਨੀ ਨਾ ਹੁੰਦੀ।

**ਪਤਨੀ** : ਤੁਹਾਡੀ ਸਿਹਤ ਬਹੁਤ ਖ਼ਰਾਬ ਹੋ ਗਈ ਹੈ।

**ਮਾਰਕਸ** : ਨਹੀਂ ਤਾਂ।

**ਪਤਨੀ** : ਨਹੀਂ ਤਾਂ ਕੀ। ਕਈ ਵਾਰ ਤੁਸੀਂ ਕਹਿ ਚੁੱਕੇ ਹੋ ਕਿ ਲੱਤਾਂ ਵਿਚ ਬਹੁਤ ਕਮਜ਼ੋਰੀ ਮਹਿਸੂਸ ਹੁੰਦੀ ਹੈ। ਡਾਕਟਰ ਵੀ ਤੁਹਾਨੂੰ ਇਹੀ ਕਹਿ ਚੁੱਕੇ ਹਨ ਕਿ ਤੁਹਾਡੀ ਸਿਹਤ ਬਹੁਤ ਵਿਗੜ ਗਈ ਹੈ। ਹੁਣ ਤੁਸੀਂ ਰੱਬ ਕਰਕੇ ਰਾਤ ਦਾ ਕੰਮ ਬੰਦ ਕਰ ਦਿਓ।

**ਮਾਰਕਸ** : ਰਾਤ ਦਾ ਕੰਮ ਬੰਦ ਕਰਾਂ ਤਾਂ ਖਾਵਾਂ ਕਿਥੋਂ?

**ਪਤਨੀ** : ਇਹੀ ਤਾਂ ਆਫ਼ਤ ਹੈ। ਬਗੈਰ ਕੰਮ ਕੀਤੇ ਇਕ ਪੈਸਾ ਵੀ ਨਹੀਂ ਮਿਲ ਸਕਦਾ।

**ਮਾਰਕਸ** : ਕਿਤਾਬ ਛਪ ਜਾਵੇ ਤਾਂ ਮੇਰੇ ਸਭ ਦੁੱਖ ਦੂਰ ਹੋ ਜਾਣਗੇ। ਇਸ ਹਾਲ ਵਿਚ ਜਦੋਂ ਕਿ ਖਰੜਾ ਘਰ ਵਿਚ ਪਿਆ ਹੈ, ਮੈਂ ਮੌਤ ਦੀ ਇੱਛਾ ਵੀ ਤਾਂ ਹੀਂ ਕਰ ਸਕਦਾ।

**ਪਤਨੀ** : ਕਿਹੋ ਜਿਹੀਆਂ ਗੱਲਾਂ ਮੂੰਹੋਂ ਕੱਢਦੇ ਹੋ?

**ਮਾਰਕਸ** : ਉਹ ਕਿਤਾਬ, ਜਿਸ ਦੇ ਈ ਮੈਂ ਆਪਣੀ ਸਿਹਤ, ਆਪਣੀ ਖ਼ੁਸ਼ੀ ਅਤੇ ਆਪਣੀ ਪਤਨੀ, ਬੱਚਿਆਂ ਤੱਕ ਨੂੰ ਕੁਰਬਾਨ ਕਰ ਦਿੱਤਾ, ਜੇ ਮੇਰੀ ਮੌਤ ਤੋਂ ਬਾਅਦ ਛਪੇ ਤਾਂ ਕੀ ਮੈਨੂੰ ਅਫ਼ਸੋਸ ਨਹੀਂ ਹੋਵੇਗਾ। ਤੂੰ ਚੰਗੀ ਤਰ੍ਹਾਂ ਜਾਣਦੀ ਏਂ ਕਿ ਬਹੁਤ ਸਾਰੇ ਆਦਮੀ ਜੋ ਆਪਣੇ ਆਪ ਨੂੰ ਅਮਲੀ ਕਹਿੰਦੇ ਹਨ, ਮੇਰੇ ਇਸ ਗਿਆਨਮਈ ਰੁਝੇਵੇਂ ਨੂੰ ਅਸਫ਼ਲ ਅਤੇ ਬੇਕਾਰ ਕਹਿੰਦੇ ਰਹੇ ਹਨ, ਮੈਂ ਉਨ੍ਹਾਂ ਦੀ ਇਸ ਬੇਵਕੂਫ਼ੀ 'ਤੇ ਹੱਸਦਾ ਰਿਹਾ ਹਾਂ। ਮੇਰਾ ਹੱਸਣਾ ਸਿਰਫ਼ ਉਸੇ ਸੂਰਤ ਵਿਚ ਕਾਮਯਾਬ ਹੋਵੇਗਾ ਜੇ ਇਹ ਕਿਤਾਬ ਛਪ ਗਈ।

**ਪਤਨੀ** : ਅਸਲ ਵਿਚ ਇਹ ਲੋਕ, ਜੋ ਆਪਣੇ ਆਪ ਨੂੰ ਅਮਲ ਵਾਲੇ ਆਦਮੀ ਕਹਿੰਦੇ ਹਨ, ਬਹੁਤ ਵੱਡੇ ਬੇਅਮਲ ਹਨ।

**ਮਾਰਕਸ** : ਜੇ ਮੈਂ "ਸਰਮਾਇਆ" ਨੂੰ ਛਾਪੇ ਬਗੈਰ ਮਰ ਜਾਂਦਾ ਤਾਂ ਆਪਣੇ ਆਪ ਨੂੰ ਇਨ੍ਹਾਂ ਹੀ ਬੇਅਮਲ ਆਦਮੀਆਂ ਦੇ ਸਾਥੀਆਂ ਵਿਚ ਗਿਣਦਾ। ਪਰ ਮੇਰੇ ਜਿਹੇ ਹਸਾਸ ਇਨਸਾਨ ਲਈ ਅਸੰਭਵ ਸੀ ਕਿ ਇਨਸਾਨੀਅਤ ਦੀ ਚੀਕ ਸੁਣਦਾ ਅਤੇ ਚੁੱਪ ਰਹਿੰਦਾ। ਸਿਰਫ਼ ਉਹੀ ਇਨਸਾਨ ਦੂਜੇ ਇਨਸਾਨਾਂ ਦੇ ਦੁੱਖ-ਦਰਦ ਤੋਂ ਬੇਪ੍ਰਵਾਹ ਰਹਿ ਸਕਦਾ ਹੈ ਜਿਸ ਦੀ ਚਮੜੀ ਮੋਟੀ ਹੋਵੇ।

ਬੀਮਾਰੀ ਤੋਂ ਨਿਜਾਤ ਮਿਲ ਗਈ ਤਾਂ 1867 ਵਿਚ ਕਾਰ ਮਾਰਕਸ ਆਪ ਆਪਣੀ ਲਿਖਤ "ਸਰਮਾਇਆ" ਦਾ ਖਰੜਾ ਲੈ ਕੇ ਹੈਮਬਰਗ ਗਿਆ। 16 ਅਗਸਤ ਨੂੰ "ਸਰਮਾਇਆ" ਦੀਆਂ ਕਾਪੀਆਂ ਦੀ ਸੋਧ ਦਾ ਕੰਮ ਖਤਮ ਹੋਇਆ। ਪਹਿਲੀ ਜਿਲਦ ਆਈ। ਦੂਜੀ ਅਤੇ ਤੀਜੀ ਜਿਲਦ ਵਿਚ ਸੋਧ ਅਤੇ ਕੱਟ-ਵੱਢ ਦਾ ਕੰਮ ਹੁੰਦਾ ਰਿਹਾ। ਪਰ ਕਾਰਲ ਮਾਰਕਸ ਦੇ ਹੱਥੋਂ ਕੁਦਰਤ ਨੇ ਜੋ ਕੰਮ ਕਰਾਉਣਾ ਸੀ, ਕਰੀਬ ਕਰੀਬ ਖਤਮ ਹੋ ਗਿਆ ਸੀ। ਹੁਣ ਉਸ ਦੀ ਦੁਨੀਆਂ ਵਿਚ ਲੋੜ ਨਹੀਂ ਰਹੀ ਸੀ, ਸੋ, ਪਹਿਲਾਂ ਉਸ ਦੀ ਪਤਨੀ ਦਾ ਦੋ ਦਸੰਬਰ ਨੂੰ ਦੇਹਾਂਤ ਹੋਇਆ ਅਤੇ ਉਹ ਖ਼ੁਦ 14 ਮਾਰਚ ਨੂੰ ਇਸ ਜਹਾਨ ਤੋਂ ਰੁਖ਼ਸਤ ਹੋਇਆ। 17 ਮਾਰਚ ਨੂੰ ਉਸ ਨੂੰ ਦਫ਼ਨ ਕੀਤਾ। ਏਂਗਲਜ਼ ਨੇ ਉਸ ਦੀ ਕਬਰ 'ਤੇ ਤਕਰੀਰ ਕਰਦਿਆਂ ਕਿਹਾ :

**ਏਂਗਲਜ਼** : 14 ਮਾਰਚ ਦੁਪਹਿਰ ਨੂੰ ਪੌਣੇ ਤਿੰਨ ਵਜੇ ਦੁਨੀਆਂ ਦਾ ਸਭ ਤੋਂ ਵੱਡਾ ਦਿਮਾਗ ਚਲਾ ਗਿਆ। ਉਸ ਦੀ ਮੌਤ ਨਾਲ ਪਰੋਲੇਤਾਰੀ ਜੱਦੋ ਜਹਿਦ ਅਤੇ ਇਤਿਹਾਸ ਦੀਆਂ ਘਟਨਾਵਾਂ ਨੂੰ ਵੇਖਣ ਦੇ ਨਜ਼ਰੀਏ ਨੂੰ ਜੋ ਸਦਮਾ ਲੱਗਾ ਹੈ, ਉਸ ਦਾ ਅੰਦਾਜ਼ਾ ਲਗਾਉਣਾ ਬਹੁਤ ਮੁਸ਼ਕਿਲ ਹੈ। ਡਾਰਵਿਨ ਨੇ ਜੇ ਕੁਦਰਤ ਦੇ ਵਿਕਾਸ ਦੇ ਕਾਨੂੰਨ ਦਾ ਪਤਾ ਲਗਾਇਆ ਹੈ ਤਾਂ ਮਾਰਕਸ ਨੇ ਸਮਾਜ ਦੇ ਵਿਕਾਸ ਦਾ ਕਾਨੂੰਨ ਪਤਾ ਲਗਾਇਆ। ਉਸ ਨੇ ਮੌਜੂਦਾ ਸਰਮਾਏਦਾਰ ਅਤੇ ਬੁਰਜੁਆ ਸਮਾਜ ਦੇ ਪ੍ਰਯੋਜਨ ਦੱਸੇ ਹਨ। ਉਸ ਨੇ ਸਾਨੂੰ ਸਮਝਾਇਆ ਹੈ ਕਿ ਇਨਸਾਨ ਨੂੰ ਸਿਆਸਤ, ਗਿਆਨ, ਕਲਾ ਅਤੇ ਧਰਮ ਵੱਲ ਆਪਣਾ ਧਿਆਨ ਲਗਾਉਣ ਤੋਂ ਪਹਿਲਾਂ ਖਾਣ-ਪੀਣ, ਪਹਿਨਣ ਅਤੇ ਰਹਿਣ ਦੀ ਲੋੜ ਹੁੰਦੀ ਹੈ। ਹਰ ਮੁਲਕ ਦੇ ਗਿਆਨ ਅਤੇ ਕਲਾ ਦੇ ਦਸਤੂਰ, ਅਸੂਲ ਅਤੇ ਕਾਨੂੰਨ ਅਤੇ ਇਕ ਹੱਦ ਤੱਕ ਉਸ ਦੇ ਬਾਸ਼ਿੰਦਿਆਂ ਦੇ ਰਹਿਣ ਸਹਿਣ ਦੇ ਬੁਨਿਆਦੀ ਅਸੂਲ ਉਸ ਦੇ ਸਮਾਜ ਦੇ ਆਰਥਿਕ ਹਾਲਾਤ ਵਿਚ ਲੁਕੇ ਹੁੰਦੇ ਹਨ ਅਤੇ ਜੇ ਕਿਸੇ ਮੁਲਕ ਦੇ ਸੰਵਿਧਾਨ ਤੇ ਕਾਨੂੰਨ ਅਤੇ ਧਰਮੀ ਖਿਆਲਾਂ ਦੇ ਬਾਰੇ ਪਤਾ ਕਰਨਾ ਹੋਵੇ ਕਿ ਉਹ ਕਿਉਂ ਅਤੇ ਕਿਸ ਤਰ੍ਹਾਂ ਪੈਦਾ ਹੋਏ ਤਾਂ ਉਸ ਮੁਲਕ ਦੇ ਆਰਥਿਕ ਇਤਿਹਾਸ 'ਤੇ ਨਜ਼ਰ ਮਾਰਨੀ ਚਾਹੀਦੀ ਹੈ। ਕਿਉਂਕਿ ਜ਼ਮਾਨੇ ਦੇ ਆਰਥਿਕ ਹਾਲਾਤ ਹੀ ਉਨ੍ਹਾਂ ਖਿਆਲਾਂ ਦਾ ਸੋਮਾ ਹੁੰਦੇ ਹਨ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

HOMELIFE HIGHER STANDARDS

# HOMELIFE SILVERCITY

REALTY INC.,BROKERAGE

(Independently Owned and Operated)

# #7 CANADA WIDE

## BROKERAGE WITH HOMELIFE BRAND

## 2017 GROSS COMMISSION WISE

**New Head Office**

**905-913-8500**

50 COTTRELLE BLVD., UNIT 29, BRAMPTON

TEAM OF OVER 600 REALTORS

HOMELIFE HIGHER STANDARDS

# HOMELIFE SILVERCITY

REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS

*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY

# 905.913.8500

www.HomelifeSilvercityTeam.com

**BALJIT GARCHA**
BROKER OF RECORD
**647.500.6500**

**AJIT GARCHA**
BROKER / PRESIDENT
**647.204.9500**

Address:
11775 Bramalea Rd. Brampton






Be Rationalist — Human progress through education science and technology — Have Scientific Outlook

# PROGRESSIVE CULTURAL ASSOCIATION CALGARY (REGD.)

## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)



## 11ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

# ਨਾਟਕ ਸਮਾਗਮ

**Sunday June 19th 2022 4:00 pm to 7:00 pm (Door Opens 3:30 pm)**

**RCCG House of Praise, Calgary 5, Redstone Hts. NE CALGARY, AB T3N 0T6**

ਪਹਿਲਾ ਨਾਟਕ: ਪਰਿੰਦੇ ਭਟਕ ਗਏ,
(ਜੋ ਨੌਜਵਾਨਾਂ 'ਚ ਜਾਨ ਲੇਵਾ ਨਸ਼ਿਆਂ ਬਾਰੇ), ਲੇਖਕ ਹਰਕੇਸ਼ ਚੌਧਰੀ
ਦੂਜਾ ਨਾਟਕ: ਕਨੇਡਾ ਦੀਆਂ ਸਮੱਸਿਆਵਾਂ ਬਾਰੇ
ਬੱਚਿਆਂ ਦੀ ਟੀਮ ਵਲੋਂ ਦੋ ਕੋਰਿਓਗ੍ਰਾਫੀਆਂ

ਪੇਸ਼ਕਸ਼ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ
ਪ੍ਰੋਗਰਾਮਾਂ ਵਿਚ ਭਾਗ ਲੈਣ ਲਈ ਸੰਪਰਕ ਕਰੋ
ਕਮਲਪ੍ਰੀਤ ਪੰਧੇਰ: 403-479-4220

| | | | | |
|---|---|---|---|---|
| Amar Development<br>Rani Duhra & Manjit Duhra | Reliance Legal Group<br>Taranjit Aujla | Baljinder Sangha<br>Realtor | Harpinder Sidhu<br>Punjab Insurance | Punjabi Akhbaar<br>Harbans Buttar |
| Desjardins Insurance<br>Romi Sidhu | Harcharan S. Parhar<br>Realtor | Sidhu Accounting<br>Iqbal Sidhu | Syndicate Transport<br>Kuldeep Sandhu | Desjardins Insurance<br>Paramjit Plaha |

Ok General Food Store
Chinook Bottle Deopt
Rajneesh Aery (Mortgage Broker)
Punjabi Sweets & Restaurant
Aman Brar & Associate
Highway Cleaning Services
Asia Pacific Immigration
Advance Auto Repair
Raghbir Basati (Realtor)
Gurprit Sidhu Rana (Realtor)

3C Car Care
A-Avon Appliance
India Palace Restaurant
City Carpet Ltd.
Manjit Jaswal (Realtor)
Bains Vision Centre
Bhatia Cloth House
Dr. Jasbir S. Mundi
Harpreet Parmar (Accountant)
Taranjit Mand (Realtor)

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪ੍ਰਮੁੱਖ ਬੁਲਾਰੇ ਮਾਸਟਰ ਰਜਿੰਦਰ ਭਦੌੜ ਵਿਸ਼ੇਸ਼ ਤੌਰ ਤੇ ਪੁੱਜ ਰਹੇ ਹਨ। ਮਾ. ਸੁਰਜੀਤ ਦੌਧਰ ਜੋਤਿਸ਼ ਦੇ ਪਾਖੰਡ ਦਾ ਪਰਦਾਫਾਸ਼ ਕਰਨਗੇ।

**ਟਿਕਟ ਸਿਰਫ 10 ਡਾਲਰ**

**SPECIAL THANKS TO ALL SPONSORS, PRINT & ELECTRONIC MEDIA**

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਮਾ: ਭਜਨ ਸਿੰਘ 403-455-4220 ਜਾਂ ਹਰਚਰਨ ਸਿੰਘ ਪਰਹਾਰ 403-681-8689
ਵਲੋਂ: ਐਗਜ਼ੈਕਟਿਵ ਕਮੇਟੀ, ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ

**ਵਿਸ਼ੇਸ਼ ਸਹਿਯੋਗ: ਅਦਾਰਾ ਸਿੱਖ ਵਿਰਸਾ (ਮਾਸਿਕ ਮੈਗਜ਼ੀਨ)**